# ਲਾਮ

(ਕਹਾਣੀ ਸੰਗ੍ਰਹਿ)

## ਮਿੱਤਰ ਸੈਨ ਮੀਤ

ਪ੍ਰਕਾਸ਼ਕ :-

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ

(1)

LAAM

© ਲੇਖਕ

LAAM (Short Stories)
By Mitter Sain Meet

ਲਾਮ
ਪਹਿਲੀ ਵਾਰ : 1988
ਦੂਜੀ ਵਾਰ : 2010

ਠੋਸ ਸਬੂਤ
ਪਹਿਲੀ ਵਾਰ : 1992
ਦੂਜੀ ਵਾਰ : 2010

ਮੁੱਲ : 125-00

ਪ੍ਰਕਾਸ਼ਕ:-
**ਭਾ. ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)
ਫੋਨ : 91-183-2542346,2547974
ਫੈਕਸ : 91-183-5017488
E.Mail : csjssales@hotmail.com
csjspurchase@yahoo.com
csjsexports@vsnl.com
Web site : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

## ਤਰਤੀਬ


*ਲਾਮ*

ਵਿਰਾਸਤ / 7
ਖ਼ਾਨਾ-ਪੂਰੀ / 17
ਦਹਿਸ਼ਤਗਰਦ / 26
ਅਪਰਾਧ / 35
ਸਟਾਰ / 46
ਬਦਲੀ / 56
ਕੌਰਵ ਸਭਾ / 62
ਨੀਲ ਕੰਠ / 64
ਸਰਘੀ ਵੇਲੇ ਦਾ ਸੁਫਨਾ / 71
ਸ਼ਨਾਖ਼ਤ / 80
ਪਲ ਪਲ ਵਧਦਾ ਫਾਸਲਾ / 90
ਲਾਮ / 100

*ਠੋਸ ਸਬੂਤ*

ਦੌੜ / 111
ਛੁਰੀ / 120
ਸ਼ਾਰਕ / 130
ਬਲਾਤਕਾਰ / 140
ਵਾ-ਵਰੋਲਾ / 151
ਠੋਸ ਸਬੂਤ / 160
ਕੰਜਰਖ਼ਾਨਾ / 166
ਸੱਚਾ ਸੌਦਾ / 167




## ਪ੍ਰਮੁੱਖ ਮਾਨ ਸਨਮਾਨ

1. ਸਾਹਿਤ ਅਕਾਡਮੀ ਪੁਰਸਕਾਰ, 2008
2. ਕੇਂਦਰੀ ਸਰਕਾਰ ਦੇ ਪੁਲਿਸ ਵਿਭਾਗ
   ਦਾ ਗੋਬੱਲਭ ਪੰਤ ਪੁਰਸਕਾਰ, 2008

**ਲੇਖਕ ਦੀਆਂ ਹੋਰ ਰਚਨਾਵਾਂ :**

**ਨਾਵਲ :** ਅੱਗ ਦੇ ਬੀਜ,ਕਾਫ਼ਲਾ,ਤਫ਼ਤੀਸ਼,ਕੌਰਵ ਸਭਾ,ਸੁਧਾਰ ਘਰ

**ਕਹਾਣੀ ਸੰਗ੍ਰਹਿ :** ਪੁਨਰਵਾਸ

**ਲੇਖਕ ਸਬੰਧੀ ਰਚੀਆਂ ਗਈਆਂ ਪੁਸਤਕਾਂ :**

1. ਤਫ਼ਤੀਸ਼ ਦਾ ਵਿਸ਼ਲੇਸ਼ਣ
   ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
2. ਨਾਵਲਕਾਰ : ਮਿੱਤਰ ਸੈਨ ਮੀਤ
   ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
3. ਕੌਰਵ ਸਭਾ : ਅਲੋਚਨਾਤਮਕ ਅਧਿਐਨ
   ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
4. ਪ੍ਰਸੰਗ ਕੌਰਵ ਸਭਾ :
   ਅਮਰਜੀਤ ਸਿੰਘ ਗਰੇਵਾਲ
5. ਕੌਰਵ ਸਭਾ ਦੀਆਂ ਪਰਤਾਂ
   ਸੰਪਾਦਕ : ਡਾ. ਹਰਭਜਨ ਸਿੰਘ ਭਾਟੀਆ
6. ਸੰਵਾਦ ਦਰ ਸੰਵਾਦ
   ਸੰਪਾਦਕ : ਡਾ. ਐਸ. ਤਰਸੇਮ
7. Fiction of Mitter Sain Meet
   Dr. T. R. Vinod

# ਦੂਜੇ ਐਡੀਸ਼ਨ ਦੇ ਸ਼ੁਭ ਮੌਕੇ : ਕੁਝ ਸ਼ਬਦ

ਲਿਖਣਾ ਮੈਂ ਕਹਾਣੀ ਤੋਂ ਸ਼ੁਰੂ ਕੀਤਾ ਸੀ। ਪਹਿਲੇ ਦੌਰ ਵਿਚ (1968 ਤੋਂ 1973) ਛਪੀਆਂ ਕੁਝ ਕਹਾਣੀਆਂ ਰਾਤ ਦੇ ਸੂਰਜ ਅਤੇ ਹਲਾਂ ਦੇ ਮੁੰਨੇ ਆਦਿ ਨੂੰ ਨਕਸਲੀ ਦੌਰ ਦੀਆਂ ਪ੍ਰਤੀਨਿਧ ਕਹਾਣੀਆਂ ਹੋਣ ਦਾ ਮਾਣ ਪ੍ਰਾਪਤ ਹੋਇਆ। ਉਸ ਸਮੇਂ ਮੈਨੂੰ ਇਹ ਮਹਿਸੂਸ ਹੋਇਆ ਕਿ ਕਹਾਣੀ ਨਾਲੋਂ ਨਾਵਲ ਵਿਚ ਗੱਲ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਆਖੀ ਜਾ ਸਕਦੀ ਹੈ। ਇਸ ਵਿਚਾਰ ਤਹਿਤ 1971 ਦੇ ਅਖ਼ੀਰ ਵਿਚ ਨਾਵਲ ਅੱਗ ਦੇ ਬੀਜ ਦੀ ਸਿਰਜਣਾ ਹੋਈ। ਇਸ ਨਾਵਲ ਨੂੰ ਵੀ ਬਣਦਾ ਮਾਨ ਸਨਮਾਨ ਮਿਲਿਆ।

ਦੂਜਾ ਦੌਰ (1983 ਤੋਂ 1993) ਫੇਰ ਕਹਾਣੀ ਤੋਂ ਸ਼ੁਰੂ ਹੋਇਆ। ਇਸ ਦੌਰ ਵਿਚ ਲਿਖੀਆਂ ਕਰੀਬ 20 ਕਹਾਣੀਆਂ ਵਿਚੋਂ ਕੁਝ (ਲਾਮ, ਦਹਿਸ਼ਤਗਰਦ ਖ਼ਾਨਾਪੂਰੀ ਅਤੇ ਵਿਰਾਸਤ) ਕਹਾਣੀਆਂ ਨੇ ਪੰਜਾਬੀ ਕਹਾਣੀ ਵਿਚ ਆਪਣੀ ਥਾਂ ਬਣਾਈ। ਇਕ ਵਾਰ ਫੇਰ ਮਹਿਸੂਸ ਹੋਇਆ ਕਿ ਪ੍ਰਭਾਵਸ਼ਾਲੀ ਗੱਲ ਨਾਵਲ ਰਾਂਹੀ ਹੀ ਆਖੀ ਜਾ ਸਕਦੀ ਹੈ। ਨਤੀਜੇ ਵਜੋਂ ਪੁਲਿਸ-ਸੱਭਿਆਚਾਰ ਨੂੰ ਸਮੁੱਚ ਵਿਚ ਪੇਸ਼ ਕਰਦਾ ਨਾਵਲ ਤਫ਼ਤੀਸ਼ ਸਿਰਜਿਆ। ਇਸ ਨਾਵਲ ਨੂੰ ਲਿਖਣ ਤੋਂ ਬਾਅਦ ਮਨ ਨੂੰ ਬਹੁਤ ਸਕੂਨ ਮਿਲਿਆ। ਮੁੜ ਕਹਾਣੀ ਤੇ ਕਲਮ ਨਾ ਚੱਲੀ। ਲਗਾਤਾਰ ਤਿੰਨ ਹੋਰ ਨਾਵਲਾਂ (ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ) ਦੀ ਸਿਰਜਣਾ ਹੋਈ।

ਲੋਕ/ਪਾਠਕ (ਅਤੇ ਮੈਂ ਖ਼ੁਦ ਵੀ) ਇਹ ਭੁੱਲ ਗਏ ਕਿ ਮੈਂ ਕਹਾਣੀਕਾਰ ਵੀ ਹਾਂ।

ਫੌਜਦਾਰੀ ਨਿਆਂ-ਪ੍ਰਬੰਧ ਦਾ ਆਪਣਾ ਸਾਰਾ ਅਨੁੱਭਵ ਨਾਵਲ ਵਿਚ ਪੇਸ਼ ਕਰਨ ਬਾਅਦ ਜਾਪਦਾ ਹੈ ਕਿ ਮੇਰਾ ਅੰਦਰ ਖ਼ਾਲੀ ਹੋ ਗਿਆ ਹੈ। ਨੇੜੇ ਭਵਿੱਖ ਵਿਚ ਕਿਸੇ ਨਾਵਲ ਦੀ ਸਿਰਜਣਾ ਸੰਭਵ ਨਹੀਂ ਹੈ। ਦੂਜੇ ਪਾਸੇ ਆਲੇ-ਦੁਆਲੇ ਬਹੁਤ ਸਾਰਾ ਅਜਿਹਾ ਕੁਝ ਘਟ ਰਿਹਾ ਹੈ ਜਿਸ ਦੀ ਪੇਸ਼ਕਾਰੀ ਸਾਹਿਤ ਵਿਚ ਹੋਣੀ ਚਾਹੀਦੀ ਹੈ। ਪਰ ਇਹ ਘਟਨਾਵਾਂ ਨਾਵਲ ਦਾ ਵਿਸ਼ਾ ਨਹੀਂ ਬਣ ਸਕਦੀਆਂ। ਮੁੜ ਮਹਿਸੂਸ ਹੋ ਰਿਹਾ ਹੈ ਕਿ ਛੋਟੀਆਂ ਘਟਨਾਵਾਂ ਵਿਚ ਛੁਪੇ ਵੱਡੇ ਮਸਲੇ ਕਹਾਣੀ ਰਾਂਹੀ ਹੀ ਪੇਸ਼ ਹੋ ਸਕਦੇ ਹਨ। ਮਨ ਮੁੜ ਕਹਾਣੀ ਲਿਖਣ ਲਈ ਤਿਆਰ ਹੁੰਦਾ ਜਾ ਰਿਹਾ ਹੈ।

ਮੈਨੂੰ ਜਾਪਦਾ ਹੈ ਕਿ ਕਿਸੇ ਨਾਵਲ ਦੀ ਸਿਰਜਣਾ ਤੋਂ ਪਹਿਲਾਂ ਜੇ ਲੇਖਕ ਕੋਲ ਕਹਾਣੀ



ਦਾ ਤਜ਼ਰਬਾ ਹੋਵੇ ਤਾਂ ਉਹ ਵਧੀਆਂ ਨਾਵਲ ਰਚ ਸਕਦਾ ਹੈ। ਸ਼ਾਇਦ ਮੇਰੇ ਛੇਆਂ ਨਾਵਲਾਂ ਦੇ ਲੋਕ-ਪ੍ਰਵਾਨਿਤ ਹੋਣ ਦਾ ਇਕ ਕਾਰਣ ਮੇਰਾ ਪਹਿਲਾਂ ਕਹਾਣੀਕਾਰ ਹੋਣਾ ਹੋਵੇ। ਸ਼ਾਇਦ, ਅਗਲੇ ਨਾਵਲ ਦੇ ਬੀਜ਼ ਵੀ ਨਵੀਆਂ ਕਹਾਣੀਆਂ ਵਿਚ ਛੁਪੇ ਹੋਣ।

ਭੁੱਲੇ ਪਾਠਕਾਂ ਨੂੰ ਆਪਣੇ ਕਹਾਣੀਕਾਰ ਹੋਣ ਦੀ ਯਾਦ ਦਿਵਾਉਣ ਲਈ ਅਤੇ ਭਵਿੱਖ ਵਿਚ ਨਵੀਆਂ ਕਹਾਣੀਆਂ ਸਿਰਜਣ ਦੇ ਵਾਅਦੇ ਨਾਲ ਲਾਮ ਅਤੇ ਠੋਸ ਸਬੂਤ ਕਹਾਣੀ-ਸੰਗ੍ਰਿਹਾਂ ਦਾ ਨਵਾਂ ਸਾਂਝਾ ਐਡੀਸ਼ਨ ਪੇਸ਼ ਕਰਨ ਦੀ ਖ਼ੁਸ਼ੀ ਹਾਸਲ ਕਰ ਰਿਹਾ ਹਾਂ।

ਮਿਤੀ : 29-6-2010 ਮਿੱਤਰ ਸੈਨ ਮੀਤ

Mitter Sain Meet
#297, Street No.5, Upkar Nagar,
Civil Lines, Ludhiana
Phone M. 098556-31777
E-mail: mittersainmeet@hotmail.com

# ਵਿਰਾਸਤ

ਦਿਨ ਉਗਣ ਤੋਂ ਪਹਿਲਾਂ ਹੀ ਰਾਮ ਦਿਆਲ ਨੂੰ ਉਦਾਸੀ ਦੇ ਬੱਦਲਾਂ ਨੇ ਆ ਘੇਰਿਆ।

ਉਸ ਵਰਗੇ ਮੰਨੇ ਪਰਮੰਨੇ ਜੱਜ ਦੀ ਪਤਨੀ ਸਵੇਰੇ ਹੀ ਬਣ ਸੰਵਰ ਕੇ ਗੇਟ 'ਤੇ ਖੜੋਵੇ। ਸਸਤੇ ਜਿਹੇ ਗਿਫਟਾਂ ਲਈ ਘਟੀਆ ਜਿਹੇ ਬੰਦਿਆਂ ਨੂੰ ਉਡੀਕੇ ਇਹ ਉਸ ਨੂੰ ਪਸੰਦ ਨਹੀਂ ਸੀ। ਪਰ ਦਿਨ ਚੜ੍ਹਦਿਆਂ ਹੀ ਤੇਜੋ ਨੇ ਇਹ ਡਰਾਮਾ ਕਰਨਾ ਸੀ। ਇਸ ਬਾਰੇ ਸੋਚਦਿਆਂ ਉਹ ਸਾਰੀ ਰਾਤ ਸੌਂ ਨਹੀਂ ਸਕਿਆ।

ਜਿਹੜੇ ਲੋਕ ਲਕਸ਼ਮੀ ਦੇ ਕਿਸੇ ਰੂਪ ਨਾਲ ਵੀ ਉਸ ਨੂੰ ਮੋਹ ਨਹੀਂ ਸਕੇ ਉਹਨਾਂ ਨੇ ਪੰਜ ਚਾਰ ਸੌ ਬਦਲੇ ਉਸ ਦੀ ਪਤਨੀ ਨੂੰ ਮੋਹ ਲੈਣਾ ਸੀ ਤੇ ਅਗਲੇ ਦਿਨ ਹਿੱਕ ਤਾਣ ਕੇ ਕਚਹਿਰੀ ਵਿਚ ਖੜੋਨਾ ਸੀ। ਸਾਥੀ ਜੱਜਾਂ ਨੂੰ ਉਸ ਦੀ ਇਮਾਨਦਾਰੀ 'ਤੇ ਨਿਹੋਰੇ ਕੱਸਣ ਲਈ ਏਨੀ ਗੱਲ ਹੀ ਕਾਫੀ ਸੀ।

ਕਾਸ਼ ! ਉਸ ਦੀ ਪਤਨੀ ਉਸ ਦੇ ਕਿੱਤੇ ਦੀਆਂ ਪੇਚੀਦਗੀਆਂ ਨੂੰ ਸਮਝ ਸਕਦੀ। ਉਸ ਨੂੰ ਗਿਲਾ ਹੈ ਕਿ ਉਹ ਦੀਵਾਲੀ ਵਾਲੇ ਦਿਨ ਹੀ ਪਿੰਡ ਕਿਉਂ ਜਾਂਦੇ ਹਨ ? ਪਿਛੋਂ ਉਹ ਲੁਟੀ-ਪੁੱਟੀ ਜਾਂਦੀ ਹੈ। ਦੀਵਾਲੀ ਦੀਆਂ ਸ਼ੁਭ ਕਾਮਨਾਵਾਂ ਦੇਣ ਆਏ ਲੋਕ ਜਿੰਦਰੇ ਨੂੰ ਹੀ ਸਲੂਟ ਮਾਰ ਕੇ ਮੁੜ ਜਾਂਦੇ ਨੇ। ਗੁਆਂਢੀ ਜੱਜਾਂ ਦੇ ਗਿਫਟਾਂ ਨਾਲ ਭਰੇ ਕਮਰੇ ਦੇਖ ਕੇ ਉਸ ਦੇ ਸੱਤੀਂ ਕੱਪੜੀਂ ਅੱਗ ਲੱਗਦੀ। ਗੁਆਂਢੀਆਂ ਨਾਲੋਂ ਉਹ ਕਿਹੜੀ ਗੱਲੋਂ ਘੱਟ ਹਨ ? ਰਾਮ ਦਿਆਲ ਉਹਨਾਂ ਤੋਂ ਕਈ ਸਟੈਪ ਸੀਨੀਅਰ ਹੈ। ਸ਼ਹਿਰ ਦਾ ਸਾਰਾ ਇਲਾਕਾ ਉਸ ਦੇ ਅਧੀਨ। ਵੱਡੇ ਵੱਡੇ ਸੇਠ ਉਸ ਨਾਲ ਗੱਲ ਕਰਨ ਨੂੰ ਤਰਸਦੇ ਹਨ। ਫੇਰ ਜੇ ਗੁਆਂਢੀਆਂ ਦੇ ਨੌਕਰਾਂ ਨੂੰ ਮਹੀਨਾ ਮਹੀਨਾ ਮਠਿਆਈ ਨਹੀਂ ਮੁੱਕਦੀ, ਜੇ ਉਹਨਾਂ ਦੇ ਘਰੋਂ ਮੰਗਤੇ ਵੀ ਰੱਜ ਰੱਜ ਨਿਕਲਦੇ ਨੇ ਅਤੇ ਜੇ ਘਟੀਆ ਸ਼ਰਾਬ ਪੀਣ ਵਾਲੇ ਗਰੇਵਾਲ ਦੇ ਘਰ ਕਈ ਕਈ ਮਹੀਨੇ ਮੈਕਡਾਵਲ ਅਤੇ ਪੀਟਰਸਕਾਟ ਦੇ ਦੌਰ ਚਲਦੇ ਹਨ ਤਾਂ ਉਹਨਾਂ ਦੇ ਤਾਂ ਚੀਜ਼ਾਂ ਰੱਖਣ ਨੂੰ ਥਾਂ ਵੀ ਨਹੀਂ ਲੱਭਣੀ ਚਾਹੀਦੀ।

ਤੇਜੋ ਨੂੰ ਬਥੇਰਾ ਸਮਝਾਇਆ ਉਸ ਦਾ ਸ਼ਹਿਰ ਦੇ ਸੇਠਾਂ ਕੋਲ ਬਹੁਤਾ ਆਉਣ ਜਾਣ ਨਹੀਂ। ਨਾ ਉਹ ਸ਼ਰਮਾ ਹੈ ਨਾ ਗਰੇਵਾਲ। ਉਸ ਵਿਚ ਕਿਸੇ ਉੱਚੇ ਖ਼ਾਨਦਾਨ ਦਾ ਖ਼ੂਨ ਵੀ ਨਹੀਂ। ਆਪਣੇ ਨਾਂ ਨੂੰ ਤੋੜ ਮਰੋੜ ਕੇ ਭਾਵੇਂ ਉਸ ਨੇ ਆਰ. ਦਿਆਲ ਬਣਾ ਲਿਐ ਫੇਰ ਵੀ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਰਾਮੂ ਸਾਂਸੀ ਹੀ ਹੈ। ਰਾਮੂ ਜੋ ਸ਼ਰਮਿਆਂ ਅਤੇ ਗਰੇਵਾਲਾਂ ਦੀ ਹੀ ਨਹੀਂ ਸਗੋਂ ਉਹਨਾਂ ਦੇ ਕੰਮੀਆਂ ਦੀ ਜੂਠ ਵੀ ਖਾਂਦਾ ਰਿਹੈ। ਸ਼ਰਮੇ ਦੀ ਮਾਂ ਜੋ ਹਾਲੇ ਵੀ ਲੋਕਾਂ ਦੇ ਘਰੋਂ ਰੋਟੀਆਂ ਲੈ ਕੇ ਆਉਂਦੀ ਹੈ ਤਾਂ ਕੀ ਹੋਇਆ ? ਗਰੇਵਾਲ ਦੇ ਬਾਪ ਤੋਂ ਜੇ ਹਾਲੇ ਤਕ ਗਹਿਣੇ ਪਈ ਜ਼ਮੀਨ ਨਹੀਂ ਛੁਡਾਈ ਗਈ ਤਾਂ ਕੀ ਫਰਕ ਪੈਂਦੇ ? ਉਹਨਾਂ ਦੀਆਂ ਨਸਾਂ ਵਿਚ ਖ਼ਾਨਦਾਨੀ ਖ਼ੂਨ ਤਾਂ ਦੌੜਦੈ। ਉਹਨਾਂ ਨੂੰ ਪਤਵੰਤੇ ਸੱਜਣਾਂ ਨਾਲ ਉਠਣ ਬੈਠਣ ਅਤੇ ਮੇਲ ਜੋਣ ਬਣਾਉਣ ਦੀ ਸੂਝ ਤਾਂ ਹੈ। ਉਹ ਆਪਣੀ ਜਾਤ ਦਾ



ਪੱਖ ਪੂਰਦੇ ਹਨ। ਬਦਲੇ ਵਿਚ ਉਹਨਾਂ ਦੀ ਜਾਤ ਵਾਲੇ ਨਜ਼ਰਾਨਿਆਂ ਨਾਲ ਉਹਨਾਂ ਦਾ ਸਵਾਗਤ ਕਰਦੇ ਹਨ। ਉਹ ਸਾਂਸੀਆਂ ਦੀ ਔਲਾਦ। ਨੰਗਾਂ ਮਲੰਗਾਂ ਬਾਰੇ ਸੋਚਣ ਵਾਲਾ। ਸੇਠਾਂ ਤੋਂ ਕੀ ਭਾਲਦੈ ?

ਕੋਈ ਕੁਝ ਵੀ ਆਖੇ ਰਾਮ ਦਿਆਲ ਨੂੰ ਕਦੇ ਕਿਸੇ ਵਿਚੋਂ ਜਾਤ ਦੀ ਬੂ ਨਹੀਂ ਆਉਂਦੀ। ਲੋਕਾਂ ਦੇ ਭਾਂਡੇ ਮਾਂਜ ਮਾਂਜ ਹੱਥਾਂ ਦੀਆਂ ਰੇਖਾਵਾਂ ਮਿਟਾ ਚੁਕੀ ਹਰ ਔਰਤ ਉਸ ਦੀ ਮਾਂ ਹੈ ਅਤੇ ਟਾਕੀਆਂ ਵਾਲੇ ਹਰ ਕੁੜਤੇ ਵਾਲਾ ਉਸ ਦਾ ਬਾਪ, ਜੇ ਉਹ ਸ਼ਰਮੇ ਜਾਂ ਗਰੇਵਾਲ ਵਾਂਗ ਸੋਚਦਾ ਤਾਂ ਕਦੇ ਵੀ ਬਿਰਜੂ, ਪੰਡਤ ਨੂੰ ਬਰੀ ਨਾ ਕਰ ਸਕਦਾ। ਉਸ ਨੂੰ ਪਤੈ ਬਿਰਜੂ ਦੀ ਜ਼ਿੰਦਗੀ ਦੇ ਹੁਸੀਨ ਵਰ੍ਹੇ ਕਾਰਖ਼ਾਨਿਆਂ ਦੀਆਂ ਭੱਠੀਆਂ ਵਿਚ ਸੁਆਹ ਹੋ ਗਏ ਹਨ। ਬੁਢਾਪੇ 'ਚ ਭੁੱਖਾ ਮਰਦਾ ਜੇ ਨਜਾਇਜ਼ ਸ਼ਰਾਬ ਕੱਢ ਕੇ ਢਿੱਡ ਭਰਨ ਲਗਿਐ ਤਾਂ ਉਸ ਦਾ ਕੀ ਕਸੂਰ ? ਜੇ ਉਹ ਗਰੇਵਾਲ ਵਾਂਗ ਸੋਚਦਾ ਤਾਂ ਉਸ ਦੀ ਕਲਮ ਕਦੋਂ ਦੀ ਰਾਜਪੂਤ ਮੁਜਾਰਿਆਂ ਨੂੰ ਬੇਦਖਲ ਕਰ ਚੁਕੀ ਹੁੰਦੀ। ਪਰ ਉਸ ਨੂੰ ਤਾਂ ਚੌਧਰੀਆਂ ਵਰਗੇ ਚਮਾਰਾਂ ਵਿਚੋਂ ਵਿਸਵੇਦਾਰਾਂ ਦੀ ਹੀ ਝਲਕ ਪੈਂਦੀ ਸੀ। ਫੇਰ ਵੀ ਜੋ ਲੋਕ ਉਸ ਨੂੰ ਚੂਹੜੇ-ਚਮਾਰਾਂ ਦਾ ਨੁਮਾਇੰਦਾ ਕਹਿੰਦੇ ਹਨ ਤਾਂ ਉਹਨਾਂ ਦੀ ਮਰਜ਼ੀ। ਉਸ ਨੂੰ ਕਿਸੇ ਦੀ ਪਰਵਾਹ ਨਹੀਂ, ਪਰ ਜੇ ਉਸ ਦੀ ਪਤਨੀ ਵੀ ਇਹੋ ਸੋਚੇ ਤਾਂ ਉਹ ਕੀ ਕਰੇ ?

ਸਾਰੀ ਰਾਤ ਉਹ ਉਸ ਘੜੀ ਨੂੰ ਕੋਸਦਾ ਰਿਹਾ ਜਦੋਂ ਉਸ ਨੇ ਤੇਜੋ ਅੱਗੇ ਝੁਕ ਕੇ ਇਸ ਵਾਰ ਪਿੰਡ ਨਾ ਜਾਣ ਦਾ ਫ਼ੈਸਲਾ ਕੀਤਾ ਸੀ। ਉਹ ਹੈਰਾਨ ਸੀ ਸਭ ਕੁਝ ਜਾਣਦਿਆਂ ਬੁਝਦਿਆਂ ਵੀ ਉਹ ਕੌਰਵਾਂ ਦੀ ਚਾਲ ਵਿਚ ਕਿਵੇਂ ਆ ਗਿਆ ? ਤੇਜੋ ਨੂੰ ਉਸ ਦੀ ਪੰਦਰਾਂ ਸਾਲਾਂ ਦੀ ਕਮਾਈ ਦਾਅ 'ਤੇ ਲਾਉਣ ਲੱਗੀ ਨੂੰ ਕੋਈ ਝਿਜਕ ਨਹੀਂ ਹੋ ਰਹੀ।

ਸਵੇਰੇ ਨਹਾ ਧੋ ਕੇ ਤਿਆਰ ਹੁੰਦੀ ਅਤੇ ਮਸਤੀ ਵਿਚ ਗੁਣਗੁਣਾਉਂਦੀ ਦੀ ਤੇਜੋ ਉਸ ਨੂੰ ਜ਼ਹਿਰ ਵਰਗੀ ਲੱਗ ਰਹੀ ਸੀ। ਇਸ ਸਮੇਂ ਉਸ ਤੇ ਲਕਸ਼ਮੀ ਦਾ ਭੂਤ ਸਵਾਰ ਸੀ। ਕਿਸੇ ਵੀ ਤਰਕ ਵਾਲੀ ਗੱਲ ਸੁਣਨ ਲਈ ਉਸ ਦੇ ਕੰਨ ਬੰਦ ਹਨ।

ਮੰਜੀ ਵਿਚ ਵਿਚ ਤਰਲੋ-ਮੱਛੀ ਹੋ ਰਹੇ ਰਾਮ ਦਿਆਲ ਨੂੰ ਵਾਰ ਵਾਰ ਘਾਚੀ, ਬੇਅੰਤ, ਰਾਜ ਅਤੇ ਪਿਆਰੇ ਦੀ ਯਾਦ ਆ ਰਹੀ ਸੀ। ਕਿੰਨਾ ਚਾਨਣ ਵੰਡਿਆ ਸੀ ਉਹਨਾਂ ਸਾਂਸੀਆਂ ਦੀਆਂ ਕੁੱਲੀਆਂ ਵਿਚ ! ਰਾਮ ਦਿਆਲ ਨੂੰ ਉਹ ਕਿਓਂ ਕਿਥੇ ਲੈ ਆਏ ਸਨ। ਪੰਦਰਾਂ-ਪੰਦਰਾਂ ਵਰ੍ਹੇ ਹੋ ਗਏ ਹਨ ਨਕਸਲੀ ਦੋਸਤਾਂ ਨੂੰ ਸ਼ਹੀਦ ਹੋਇਆਂ। ਪਰ ਉਹ ਰਾਮ ਦਿਆਲ ਦੇ ਜ਼ਿਹਨ ਵਿਚ ਅੱਜ ਵੀ ਜ਼ਿੰਦਾ ਹਨ। ਉਹਨਾਂ ਦੀ ਸੋਚ ਨੇ ਕਦੇ ਉਸ ਨੂੰ ਡਿੱਗਣ ਨਹੀਂ ਦਿੱਤਾ। ਕਾਸ਼ ! ਉਹ ਤੇਜੋ ਨੂੰ ਇਕ ਵਾਰ ਵੀ ਮਿਲੇ ਹੁੰਦੇ। ਫੇਰ ਸ਼ਾਇਦ ਤੇਜੋ ਕਦੇ ਵੀ ਇਸ ਤਰ੍ਹਾਂ ਨਾ ਸੋਚ ਸਕਦੀ।

ਸ਼ਹੀਦ ਸਾਥੀਆਂ ਦੀ ਯਾਦ ਨੇ ਉਸ ਦੀਆਂ ਅੱਖਾਂ ਵਿਚ ਨਮੀ ਭਰ ਦਿੱਤੀ। ਪਾਣੀ 'ਚ ਤੈਰਦੇ ਕਲਪਨਾ ਦੇ ਘੋੜੇ ਉਸ ਨੂੰ ਆਪਣੀ ਪਿੱਠ 'ਤੇ ਬਹਾ ਕੇ ਉਸ ਨੂੰ ਆਪਣੇ ਵਿਹੜੇ ਲੈ ਗਏ। ਵਿਹੜਾ ਜਿਸ ਨੂੰ ਸਾਰੇ ਪਿੰਡ ਵਾਲੇ ਸਾਂਸੀਆਂ ਦਾ ਵਿਹੜਾ ਆਖਦੇ ਹਨ। ਗੰਦੀ ਢਾਬ ਕਿਨਾਰੇ ਵੱਸੀਆਂ ਪੰਝੀ ਤੀਹ ਕੁੱਲੀਆਂ ਦਾ ਕਾਫ਼ਲਾ। ਉਸ ਕੁੱਲੀਆਂ 'ਚ ਵਿਚਰਦੇ ਰਾਮੂ ਦੇ ਕਈ ਅਕਸ ਉਸ ਦੀਆਂ ਅੱਖਾਂ ਅੱਗੇ ਨੱਚਣ ਲੱਗੇ। ਰੋਡਾ ਭੋਡਾ ਪੈਰੋਂ ਨੰਗਾ, ਫਟੀ ਜਿਹੀ ਕਛਨੀ ਵਾਲ਼, ਨੀਆਂ ਪੂੰਝਦਾ ਮੁਰਗੀਆਂ ਪਿਛੇ ਦੌੜਦਾ, ਧੂੜਾਂ ਪੁੱਟਦਾ ਰਾਮੂ। ਢਾਬ ਵਿਚ ਨਹਾਉਂਦਾ, ਡੇਡਾਂ ਦੀ ਉਨ ਲਾਹੁੰਦਾ, ਸੂਰਾਂ ਦੀ

ਮਤਰਾਲ ਹੂੰਝਦਾ ਰਾਮੂ। ਕਦੇ ਚਮਾਰਾਂ ਵਿਹੜੇ ਆਈ ਬਰਾਤ ਦੀ ਜੂਠ ਬਾਂਹ ਵਿਚ ਲਟਕਾਏ ਡੋਲੂ ਵਿਚ ਸਾਂਭਦਾ, ਬਵਾਨ ਵਿਚੋਂ ਚੁੱਗੀਆਂ ਖਿਲਾਂ ਦੇ ਫਕੇ ਮਾਰਦਾ, ਮਾਸਟਰ ਤੋਂ ਚੋਰ ਅਖਵਾਉਂਦਾ ਅਤੇ ਕੁਸ਼ਤੀਆਂ 'ਚ ਜੌਹਰ ਦਿਖਾਉਂਦਾ ਰਾਮੂ। ਵੱਡੇ ਭਰਾਵਾਂ ਦੇ ਪਿੰਡਿਆਂ 'ਤੇ ਪੈਂਦੇ ਪੁਲਿਸ ਦੇ ਡੰਡਿਆਂ ਨੂੰ ਆਪਣੇ ਪਿੰਡੇ 'ਤੇ ਮਹਿਸੂਸਦਾ, ਬਾਪੂ ਦੀਆਂ ਸੂਜੀਆਂ ਤਲੀਆਂ ਨੂੰ ਸੇਕਦਾ ਅਤੇ ਭੈਣਾਂ ਦੀਆਂ ਬੇਪਤੀਆਂ ਨੂੰ ਸਹਾਰਦਾ ਰਾਮੂ। ਕਦੇ ਨਕਸਲੀਆਂ ਦੀਆਂ ਮੀਟਿੰਗਾਂ ਦੇ ਸੱਦੇ ਦਿੰਦਾ, ਉਹਨਾਂ ਦੀਆਂ ਕਿਤਾਬਾਂ ਵੰਡਦਾ ਅਤੇ ਉਹਨਾਂ ਦੀਆਂ ਤੇਜ਼ ਤਰਾਰ ਗੱਲਾਂ ਸੁਣਦਾ ਰਾਮੂ।

ਗਿੰਦੇ, ਮਿੰਦੇ ਅਤੇ ਸ਼ਿੰਦੇ ਦੀ ਯਾਦ ਵੀ ਉਸ ਨੂੰ ਟੁੰਬਣ ਲੱਗੀ। ਦੌੜ ਵਿਚ ਪਛੜੇ ਉਸ ਦੇ ਬਚਪਨ ਦੇ ਸਾਥੀ। ਗਿੰਦਾ ਪਹਿਲੀ ਵਿਚੋਂ ਹਟਿਆ, ਮਿੰਦਾ ਦੂਜੀ ਵਿਚੋਂ ਤੇ ਸ਼ਿੰਦਾ ਚੌਥੀ ਵਿਚੋਂ। ਹੁਣ ਗਿੰਦਾ ਰੇਹੜਾ ਵਾਹੁੰਦਾ ਹੈ, ਮਿੰਦਾ ਦਿਹਾੜੀ ਜਾਂਦਾ ਹੈ ਤੇ ਸ਼ਿੰਦਾ ਜੇਲ੍ਹ। ਦੌੜ ਵਿਚ ਇਕੱਲਾ ਹੀ ਦੌੜਿਆ ਸੀ, ਸੇਵਾਦਾਰ ਤੋਂ ਕਲਰਕ ਬਣਿਆ ਤੇ ਕਲਰਕ ਤੋਂ ਜੱਜ।

ਨੌਕਰ ਹੋ ਕੇ ਘਰੋਂ ਨਿਕਲਿਆ ਉਸ ਨੂੰ ਵੀਹ ਵਰ੍ਹੇ ਹੋ ਗਏ ਸਨ। ਇਹਨਾਂ ਵੀਹ ਵਰ੍ਹਿਆਂ ਵਿਚ ਉਹ ਕੁੱਲੀਆਂ ਵਿਚ ਰੁਲਦੇ ਆਪਣੇ ਸਾਥੀਆਂ ਨੂੰ ਇਕ ਦਿਨ ਵੀ ਨਹੀਂ ਭੁੱਲ ਸਕਿਆ। ਉਸ ਦਾ ਵੱਡਾ ਅਫ਼ਸਰ ਬਣਨਾ ਵੀ ਉਸ ਦੇ ਸਾਥੀਆਂ ਨੂੰ ਕਦੇ ਨਹੀਂ ਚੁਭਿਆ। ਪਿੰਡ ਦਾ ਉਸ ਦਾ ਫੇਰਾ ਉਹਨਾਂ ਲਈ ਰਾਮ ਦੀ ਅਯੁਧਿਆ ਵਾਪਸੀ ਵਰਗਾ ਹੁੰਦਾ। ਦਸ ਦਸ ਦਿਨ ਪਹਿਲਾਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ। ਭਰਤ ਮਿਲਾਪ ਲਈ ਆਕੜੀਆਂ ਉਸ ਦੀਆਂ ਬਾਹਾਂ ਅਤੇ 'ਛੱਜੂ ਦੇ ਚੁਬਾਰੇ' ਦੇ ਸੁਖ ਲਈ ਤੜਪਦਾ ਉਸ ਦਾ ਮਨ ਵੀ ਬਿਰਹਾ ਦੇ ਇਕ ਇਕ ਪਲ ਨੂੰ ਹਜ਼ਾਰ ਹਜ਼ਾਰ ਵਰ੍ਹੇ ਵਾਂਗ ਬਿਤਾਉਂਦਾ।

ਗੱਡੀਉਂ ਉਤਰਦਿਆਂ ਹੀ ਉਹ ਆਪਣੀ ਅਫ਼ਸਰੀ ਤਿਆਗ ਦਿੰਦਾ। ਜਵਾਕਾਂ ਨੂੰ ਗਿੰਦੇ ਦੇ ਖੱਚਰ ਰੇਹੜੇ 'ਤੇ ਬਹਾ ਕੇ ਵਿਹੜੇ ਵਲ ਤੋਰ ਦਿੰਦਾ। ਆਪ ਸ਼ਿੰਦੇ ਅਤੇ ਮਿੰਦੇ ਦੀਆਂ ਬਾਹਾਂ ਵਿਚ ਬਾਹਾਂ ਪਾ ਉਹ ਬਜ਼ਾਰ ਵੱਲ ਹੋ ਲੈਂਦਾ। ਪਹਿਲਾਂ ਉਹ ਨੱਥੂ ਹਲਵਾਈ ਦਿਉ ਖਿੱਲਾਂ ਪਤਾਸੇ ਖਰੀਦਦੇ, ਫੇਰ ਲੀਲੇ ਦਿਉਂ ਤੱਤੀਆਂ ਤੱਤੀਆਂ ਜਲੇਬੀਆਂ ਅਤੇ ਅਖੀਰ ਵਿਚ ਰਾਮੂ ਤੋਂ ਲੱਡੂ। ਹੱਸਦੇ ਖੇਡਦੇ, ਬੀਰਬਲ ਦੇ ਪਕੌੜੇ ਖਾਂਦੇ ਉਹ ਦਿਨ ਢਲੇ ਵਿਹੜੇ ਵੜਦੇ।

ਮਿੱਟੀ ਦੀ ਘਰੂੰਡੀ ਅਗੇ ਲਕਸ਼ਮੀ ਦੀ ਪੂਜਾ ਹੁੰਦੀ। ਲਕਸ਼ਮੀ ਜਿਸ ਨੇ ਸਦੀਆਂ ਤੋਂ ਇਸ ਵਿਹੜੇ ਦਾ ਰੁਖ ਨਹੀਂ ਕੀਤਾ।

ਫੇਰ ਮਿੰਦੇ ਦੀ ਪਹਿਲੀ ਤੋੜ ਦੇ ਪੈਗ ਲੱਗਦੇ। ਗਿੰਦੇ ਦੇ ਦੇਸੀ ਮੁਰਗੇ ਦੀ ਤਰੀ ਨਾਲ ਲਿਬੜੀਆਂ ਉਂਗਲਾਂ ਚਟਦੇ -ਬਚਨੇ ਦੇ ਢੋਲ ਤੇ ਭੰਗੜੇ ਪਾਉਂਦੇ ਤੇ ਹੇਕਾਂ ਲਾਉਂਦੇ ਉਹ ਕਮਲੇ ਹੋ ਹੋ ਜਾਂਦੇ।

ਅੱਧੀ ਰਾਤ ਤੋਂ ਬਾਅਦ ਪਿੱਪਲ ਹੇਠਾਂ ਉਸ ਦੀ ਕਚਹਿਰੀ ਲੱਗਦੀ। ਛੱਜੂ ਨੂੰ ਘਰਵਾਲੀ ਕੁੱਟਣ ਬਦਲੇ ਉਹ ਜ਼ੁਰਮਾਨਾ ਕਰਦਾ, ਮਿੱਠੂ ਨੂੰ ਕੁੜੀ ਸਕੂਲੋਂ ਹਟਾਉਣ ਤੇ ਝਾੜਾਂ ਪਾਉਂਦਾ, ਸਾਧੂ ਤੋਂ ਖ਼ਰੈਤੀ ਨੂੰ ਸੱਟਾਂ ਮਾਰਨ ਬਦਲੇ ਮੁਆਫ਼ੀ ਮੰਗਵਾਉਂਦਾ, ਸੂਰਾਂ ਦੀਆਂ ਨਵੀਆਂ ਕਿਸਮਾਂ ਬਾਰੇ ਗੱਲਾਂ ਹੁੰਦੀਆਂ। ਬੈਂਕ ਵਲੋਂ ਮਿਲਣ ਵਾਲੇ ਕਰਜ਼ਿਆਂ ਦੀਆਂ ਨਵੀਆਂ ਸਕੀਮਾਂ ਬਾਰੇ ਦੱਸਦਾ ਤੇ ਨੱਥੂ ਦੇ



ਕਾਲਜ ਵਿਚੋਂ ਮਿਲਣ ਵਾਲੇ ਵਜ਼ੀਫੇ ਦੇ ਫਾਰਮ ਭਰਦਾ ਭਰਦਾ ਉਹ ਦਿਨ ਚੜ੍ਹਾ ਦਿੰਦਾ।

ਸਾਰੇ ਵਿਹੜੇ ਵਿਚ ਨਵੀਆਂ ਆਸਾਂ ਦੇ ਦੀਵੇ ਜਗਾ ਕੇ ਉਹ ਗੱਡੀ ਚੜ੍ਹ ਆਉਂਦਾ। ਕਈ ਕਈ ਦਿਨ ਉਸ ਨੂੰ ਅਜੀਬ ਜਿਹਾ ਨਸ਼ਾ ਚੜ੍ਹਿਆ ਰਹਿੰਦਾ।

ਪਰ ਇਸ ਵਾਰ ਇਹ ਨਸ਼ਾ ਤੇਜੋ ਨੇ ਖੋਹ ਲਿਆ ਸੀ। ਉਸ ਨੂੰ ਪਤਾ ਸੀ ਉਸ ਦਾ ਸੁਨੇਹਾ ਮਿਲਦਿਆਂ ਹੀ ਵਿਹੜੇ ਵਿਚ ਮਾਤਮ ਛਾ ਗਿਆ ਹੋਣੈ। ਬਾਪੂ ਨੇ ਨਿੰਬੂ ਘਸਾ ਘਸਾ ਹੁੱਕਾ ਨਹੀਂ ਚਮਕਾਇਆ ਹੋਣਾ। ਨਾ ਮਿੰਦੇ ਨੇ ਸ਼ਰਾਬ ਕੱਢੀ ਹੈ ਤੇ ਨਾ ਸ਼ਿੰਦੇ ਨੇ ਮੁਰਗਾ ਰਿੰਨ੍ਹਿਆ ਹੋਣੈ। ਨਾ ਉਸ ਨੂੰ ਮਾਂਹ ਦੀ ਤੜਕੇ ਵਾਲੀ ਦਾਲ ਨਸੀਬ ਹੋਣੀ ਹੈ ਤੇ ਨਾ ਹੀ ਫੁਲ ਪਲੇਟ ਜਿੱਡੀਆਂ ਮਿੱਸੀਆਂ ਰੋਟੀਆਂ। ਗੰਢੇ ਦੀ ਚਟਨੀ, ਮੂੰਗੀ ਦੀ ਦਾਲ, ਸਰ੍ਹੋਂ ਦੇ ਸਾਗ, ਮੱਕੀ ਦੀ ਰੋਟੀ ਤੇ ਲੱਸੀ ਦੇ ਗਲਾਸ ਲਈ ਹਾਲੀਂ ਇਕ ਸਾਲ ਹੋਰ ਤਰਸਨਾ ਪੈਣੈ ! ਕਈ ਵਾਰ ਜੀਭ ਦਾ ਸੁਆਦ ਪੂਰਾ ਕਰਨ ਲਈ ਡਰਾਈਵਰਾਂ ਦੇ ਢਾਬਿਆਂ ਵਲ ਦੌੜਨਾ ਪੈਣੈ। ਇਡਲੀਆਂ, ਡੋਸਿਆਂ ਅਤੇ ਹਾਟ ਡੋਗਾਂ ਤੋਂ ਉਹ ਅਕਿਆ ਪਿਆ ਸੀ।

ਸਭ ਤੋਂ ਵੱਧ ਫ਼ਿਕਰ ਉਸ ਨੂੰ ਸਿਰ 'ਤੇ ਖੜੇ ਇਲੈਕਸ਼ਨ ਦਾ ਸੀ। ਸਾਰੀਆਂ ਪਾਰਟੀਆਂ ਦੀਆਂ ਅੱਖਾਂ ਇਸੇ ਵਿਹੜੇ 'ਤੇ ਆ ਕੇ ਟਿਕਦੀਆਂ ਨੇ। ਕਿਵੇਂ ਨਾ ਕਿਵੇਂ ਉਹ ਵਿਹੜੇ ਦੀ ਫੁੱਟ ਨੂੰ ਬਚਾਉਂਦਾ ਆ ਰਿਹੈ। ਇਸ ਵਾਰ ਕੋਈ ਆਪਣੀ ਚਾਲ ਨਾਲ ਚਲ ਜਾਵੇ। ਛੋਟੇ ਛੋਟੇ ਝਗੜੇ ਜਿਹੜੇ ਉਹ ਖ਼ੁਸ਼ੀ ਖ਼ੁਸ਼ੀ ਨਬੇੜ ਆਉਂਦਾ ਸੀ, ਕਿਧਰੇ ਲੜਾਈ ਦੇ ਬੀਜ ਨਾ ਬਣ ਜਾਣ। ਨੱਥੂ ਦਾ ਵਜ਼ੀਫਾ ਨਾ ਰਹਿ ਜਾਏ। ਕਿਸੇ ਦੀ ਕਿਸ਼ਤ ਹੀ ਨਾ ਟੁੱਟ ਜਾਏ।

ਸੂਰਜ ਦੀਆਂ ਪਹਿਲੀਆਂ ਕਿਰਨਾਂ ਤਾਕੀ ਤਾਈਂ ਉਸ ਦੇ ਮੱਥੇ 'ਤੇ ਆ ਜੰਮੀਆਂ। ਅੱਖਾਂ ਮਲਦਾ ਉਹ ਉਠ ਕੇ ਬੈਠ ਗਿਆ।

ਉਹਨਾਂ ਦੀ ਕਲੋਨੀ ਵਿਚ ਚਹਿਲ ਪਹਿਲ ਸ਼ੁਰੂ ਹੋ ਗਈ। ਕੋਠੀ ਦੇ ਸ਼ਰਾਬੀ ਲਾਨ ਵਿਚ ਮੇਜ਼ ਦੁਆਲੇ ਸਜੀਆਂ ਕੁਰਸੀਆਂ ਮਹਿਮਾਨਾਂ ਦੀ ਉਡੀਕ ਕਰ ਰਹੀਆਂ ਸਨ।

ਤੇਜੋ ਸਭ ਤੋਂ ਕੀਮਤੀ ਸੂਟ ਪਾਈ ਗੇਟ ਕੋਲ ਚਹਿਲ ਕਦਮੀ ਕਰ ਰਹੀ ਸੀ। ਕਦੇ ਕਦੇ ਉਹ ਚੋਰ ਅੱਖ ਨਾਲ ਸ਼ਰਮੇ ਦੀ ਕੋਠੀ ਅੱਗੇ ਇਮਪੋਰਟਡ ਕਾਰ ਵੱਲ ਦੇਖਦੀ। ਕਾਰ ਦੀ ਪਿਛਲੀ ਸੀਟ ਉਪਰ ਪਏ ਡੱਬਿਆਂ ਵਿਚੋਂ ਕਿਸੇ ਇਕ ਉਪਰ ਆਪਣੀ ਮੋਹਰ ਲੱਗਣ ਦੀ ਕਲਪਨਾ ਕਰਦੀ ਹੋਏਗੀ ਉਹ-ਉਸ ਨੇ ਸੋਚਿਆ।

ਉਸ ਨੇ ਕਾਰ ਵਲ ਨਜ਼ਰ ਦੌੜਾਈ। ਕਾਰ ਦਾ ਵੀ.ਆਈ.ਪੀ. ਨੰਬਰ ਉਸ ਦਾ ਜਾਣਿਆ ਪਹਿਚਾਣਿਆ ਸੀ। ਇਹ ਸ਼ਹਿਰ ਦੇ ਮਸ਼ਹੂਰ ਹੋਟਲ 'ਚਾਂਦ' ਦੇ ਮਾਲਕ ਨਰਿੰਦਰ ਦੀ ਸੀ। ਨਰਿੰਦਰ-ਜਿਸ ਦੀ ਮਹਾਰਾਜਿਆਂ ਵਰਗੀ ਸ਼ਾਨ ਮਿੱਟੀ ਵਿਚ ਰੁਲ ਗਈ ਸੀ ਤੇ ਕਈ ਵਰ੍ਹੇ ਉਹ ਉਸ ਦੀ ਕਚਹਿਰੀ ਅੱਗੇ ਧੱਕੇ ਖਾਂਦਾ ਰਿਹਾ ਸੀ।

''ਸੁੰਦਰਤਾ ਦਾ ਇਹ ਸੌਦਾਗਰ ਤੇਰੇ ਨਰੋਏ ਜਿਸਮ ਦੀ ਕਦਰ ਪਾਉਣ ਲਈ ਭਾਵੇਂ ਰਾਹ ਭੁੱਲ ਜਾਏ। ਪਰ ਰਾਮ ਦਿਆਲ ਦੀ ਕੋਠੀ ਵਲ ਵੀ ਝਾਕ ਜਾਏ, ਇੰਨੀ ਉਸ ਦੀ ਹਿੰਮਤ ਨਹੀਂ।'' ਘਾਹ ਖੋਤ ਖੋਤ ਕੇ ਬਣੇ ਗੇਲੀ ਵਰਗੇ ਸਰੀਰ ਦੀ ਮਾਲਕ ਤੇਜੋ ਤੇ ਮੋਹਿਤ ਹੋਏ ਰਾਮ ਦਿਆਲ ਦਾ ਵਿਅੰਗ

ਕਰਨ ਨੂੰ ਦਿਲ ਕੀਤਾ ਪਰ ਦੰਦ ਕਰੀਚਨ ਤੋਂ ਬਿਨਾ ਕੁਝ ਨਾ ਕਰ ਸਕਿਆ।

ਹੋਟਲ ਦੀ ਮਸ਼ਹੂਰੀ ਦਾ ਰਾਜ਼ ਕਿਸ ਤੋਂ ਲੁਕਿਆ ਸੀ ? ਚੰਦ ਦੀ ਚਾਂਦਨੀ ਵਿਚ ਉਥੇ ਹੁਸਨ ਦਾ ਬਜ਼ਾਰ ਲਗਦਾ ਸੀ। ਹੁਸਨ ਦਾ ਮੁੱਲ ਪਾਉਣ ਵਾਲੇ ਕੋਈ ਐਰੇ ਗੈਰੇ ਜਾਂ ਨੱਥੂ ਖੈਰੇ ਨਹੀਂ ਸਨ। ਹੋਟਲ ਦੀਆਂ ਮੋਰਨੀਆਂ ਦੀ ਝਲਕ ਉਹਨਾਂ ਨੂੰ ਹੀ ਨਸੀਬ ਹੁੰਦੀ ਸੀ ਜਿਹੜੇ ਨੋਟਾਂ ਦੀ ਬਾਰਸ਼ ਕਰ ਸਕਦੇ ਸਨ। ਇਹ ਸਹੂਲਤ ਸ਼ਹਿਰ ਦੇ ਗਿਣਵੇਂ ਸਨਅਤਕਾਰਾਂ ਅਤੇ ਕੁਝ ਕੁ ਮਨਚਲੇ ਸਿਆਸਤਦਾਨਾਂ ਨੂੰ ਹੀ ਹਾਸਲ ਸੀ।

ਨਵੇਂ ਪੁਲਿਸ ਕਪਤਾਨ ਨੇ ਇਕ ਵਾਰ ਉਸ ਦੇ ਨਖਰੇ ਤੋਂ ਨਰਾਜ਼ ਹੋ ਕੇ ਚੰਦ ਨੂੰ ਧਰਤੀ 'ਤੇ ਧੂਹ ਲਿਆਂਦਾ। ਉਸ ਦੱਲੇ ਦੀ ਕੀ ਮਜਾਲ ਉਹ ਉਸ ਦੇ ਪਸੰਦ ਦੀ ਕੁੜੀ ਉਸ ਦੀ ਕੋਠੀ ਨਾ ਘਲੇ ! ਹਰਖੇ ਕਪਤਾਨ ਨੇ ਅੱਧ-ਨੰਗੀਆਂ ਕੁੜੀਆਂ ਦਾ ਸਾਰੇ ਸ਼ਹਿਰ 'ਚ ਜਲੂਸ ਕਢਿਆ। ਜੇ ਕਿਧਰੇ ਨਗਿੰਦਰ ਵਜ਼ੀਰ ਦੀ ਕੋਠੀ ਨਾ ਜਾ ਛੁਪਦਾ ਉਸ ਦਾ ਵੀ ਵਿਚੇ ਜਲੂਸ ਨਿਕਲਣਾ ਸੀ।

ਨਗਿੰਦਰ ਇਧਰ-ਉਧਰ ਹੋਣ ਕਰਕੇ ਕਪਤਾਨ ਦੇ ਗੁੱਸੇ ਤੋਂ ਤਾਂ ਬਚ ਗਿਆ, ਪਰ ਰਾਮ ਦਿਆਲ ਦੀ ਕਲਮ ਨੂੰ ਤਲਵਾਰ ਵਾਂਗ ਚਲਣੋਂ ਨਾ ਰੋਕ ਸਕਿਆ। ਕੁਆਰੀਆਂ ਕੁੜੀਆਂ ਦੇ ਸ਼ੌਕੀਨ ਸ਼ਰਮੇ ਨੇ ਕਈ ਵਾਰ ਉਸ ਅੱਗੇ ਲੇਲੜੀਆਂ ਕੱਢੀਆਂ। ਆਨੇ ਬਹਾਨੇ ਸੋਹਣੀਆਂ ਕੁੜੀਆਂ ਦੇ ਦਰਸ਼ਨ ਕਰਾਏ। ਉਸ ਨੂੰ ਆਪਣੇ ਵਿਹੜੇ ਦੀਆਂ ਜੀਤੋ ਅਤੇ ਸੀਤੋ ਦੇ ਬਦਲਵੇਂ ਰੂਪਾਂ ਵਿਚੋਂ ਕਦੇ ਵੀ ਸੁਹੱਪਣ ਨਜ਼ਰ ਨਾ ਆਇਆ। ਕੋਈ ਜੀਤੋ ਸੀ-ਜੋ ਤਿੰਨ ਜਵਾਕਾਂ ਦਾ ਪੇਟ ਭਰਨ ਲਈ ਐਫ.ਸੀ.ਆਈ. ਦੇ ਮੁਲਾਜਮਾਂ ਤੋਂ ਕਣਕ ਬਦਲੇ ਇੱਜ਼ਤ ਲੁਹਾਉਂਦੀ ਸੀ। ਕੋਈ ਸੀਤੋ ਸੀ ਜੋ ਟੀ.ਬੀ. ਦੇ ਖਾਧੇ ਕੇਹਰੂ ਨੂੰ ਮੌਤ ਦੇ ਮੂੰਹੋਂ ਘੜੀਸਨ ਦੇ ਯਤਨ ਕਰਦੀ ਆੜ੍ਹਤੀਏ ਦੀ ਹਵਸ ਦਾ ਸ਼ਿਕਾਰ ਹੁੰਦੀ। ਮਜਬੂਰੀ ਵਿਚ ਸਰੀਰ ਵੇਚਦੀਆਂ ਕੁੜੀਆਂ ਗੁਨਾਹਗਾਰ। ਉਹਨਾਂ ਦੀਆਂ ਮਜਬੂਰੀਆਂ ਨਾਲ ਖਿਲਵਾੜ ਕਰਕੇ ਉਹਨਾਂ ਤੋਂ ਸੌ ਸੌ ਗੁਣਾਂ ਵਧ ਕਮਾਉਂਦਾ ਬੇਕਸੂਰ। ਇਹ ਉਸ ਦੀ ਜ਼ਮੀਰ ਨੇ ਕਦੇ ਵੀ ਨਾ ਮੰਨਿਆ। ਸੈਂਕੜੇ ਸਿਫਾਰਸ਼ਾਂ ਨੂੰ ਲਿਤਾੜਦਿਆਂ ਉਸ ਨੇ ਨਗਿੰਦਰ ਨੂੰ ਮੁਜਰਿਮਾਂ ਦੇ ਕਟਹਿਰੇ ਵਿਚ ਖੜਾ ਕੇ ਹੀ ਦਮ ਲਿਆ ਸੀ।

ਫੇਰ ਕਿਸ ਖ਼ੁਸ਼ੀ ਵਿਚ ਉਹ ਤੇਜੋ ਦੀ ਕੋਠੀ ਆਏਗਾ ?

ਬਿਨਾ ਉਹਨਾਂ ਦੀ ਕੋਠੀ ਦੀ ਬੈੱਲ ਖੜਕਾਏ ਵਾਪਸ ਮੁੜਦੀ ਕਾਰ ਨੇ ਉਹਦੇ ਕੰਨਾਂ ਵਿਚ ਸ਼ਹਿਦ ਜਿਹਾ ਘੋਲਿਆ। ਜੇਤੂ ਯੋਧੇ ਵਾਂਗ ਗਰਦਨ ਅਕੜਾ ਕੇ ਉਸ ਨੇ ਅੰਗੜਾਈ ਲਈ, ਮੰਜਾ ਛੱਡਿਆ ਤੇ ਗੁਆਚਿਆ ਹੌਂਸਲਾ ਬਟੋਰ ਕੇ ਤਿਆਰ ਹੋਣ ਲੱਗਿਆ। ਬਣ ਸੰਵਰ ਕੇ ਉਹ ਕੋਸੀ ਕੋਸੀ ਧੁੱਪ ਦਾ ਨਜ਼ਾਰਾ ਲੈਣ ਲਈ ਛੱਤ 'ਤੇ ਜਾ ਬੈਠਾ।

ਤੇਜੋ ਹਾਲੇ ਵੀ ਗੇਟ 'ਤੇ ਖੜੀ ਸੀ। ਗੈਸੀ ਚੁਲ੍ਹੇ 'ਤੇ ਉਬਲਦਾ ਪਾਣੀ ਚੀਨੀ ਦੀ ਛੋਹ ਲਈ ਤਰਸਦਾ ਤਰਸਦਾ ਅੱਧਾ ਰਹਿ ਗਿਆ ਸੀ ਪਰ ਹਾਲੇ ਤਕ ਇਕ ਵੀ ਮਹਿਮਾਨ ਨੇ ਤੇਜੋ ਨੂੰ ਸਲਾਮ ਨਹੀਂ ਸੀ ਬੁਲਾਈ। ਫਲਾਂ ਦੀਆਂ ਵੱਡੀਆਂ ਵੱਡੀਆਂ ਟੋਕਰੀਆਂ ਦੇ ਭਾਰ ਹੇਠ ਦੱਬੇ ਦੋ ਕਾਲੇ ਕਾਲੇ ਸੇਠਾਂ ਨੂੰ ਆਪਣੀ ਕੋਠੀ ਵਲ ਵਧਦੇ ਦੇਖ ਕੇ ਰਾਮ ਦਿਆਲ ਦਾ ਮੱਥਾ ਠਣਕਿਆ। ਮੋਟੇ ਮੋਟੇ ਢਿੱਡ ਤੇ ਉਹ ਵੀ ਰਾਮ ਦਿਆਲ ਦੀ ਕੋਠੀ ਵਲ ! ਹੈਰਾਨ ਹੋਇਆ ਉਹ ਹਨੇਰੇ ਕੋਲ ਆ ਖੜੋਤਾ ਤੇ ਸੂਰਾਂ





ਵਰਗੀਆਂ ਗਰਦਨਾਂ ਨੂੰ ਪਹਿਚਾਨਣ ਦਾ ਯਤਨ ਕਰਨ ਲਗਿਆ।

ਜੇ ਉਹ ਭੁਲੇਖਾ ਨਹੀਂ ਖਾ ਰਿਹਾ ਤਾਂ ਇਹ ਸ਼ਹਿਰ ਦੇ ਮਸ਼ਹੂਰ ਠੇਕੇਦਾਰ ਲੇਖ ਅਤੇ ਮੋਤੀ ਸਨ। ਇਹਨਾਂ ਦਾ ਬਾਪ ਹਲਵਾਈ ਦੀ ਦੁਕਾਨ 'ਤੇ ਭਾਂਡੇ ਮਾਂਜਦਾ-ਮਾਂਜਦਾ ਦਮ ਤੋੜ ਗਿਆ ਸੀ। ਨਕਲੀ ਸ਼ਰਾਬ ਬਨਾਉਣ ਦਾ ਇਹਨਾਂ ਨੂੰ ਕਿਸੇ ਨੇ ਅਜਿਹਾ ਗੁਣ ਦਿੱਤਾ ਕਿ ਇਹ ਖ਼ਾਲੀ ਬੋਤਲਾਂ ਖਰੀਦਦੇ ਖਰੀਦਦੇ ਸ਼ਰਾਬ ਦੇ ਠੇਕੇ ਖਰੀਦਣ ਲੱਗੇ। ਹਰਾਮ ਦੇ ਪੈਸੇ ਨੂੰ ਪਾਣੀ ਵਾਂਗ ਬਹਾ ਕੇ ਇਹਨਾਂ ਵਾਹਵਾ ਨਾਂ ਖੱਟਿਆ। ਧਾਰਮਿਕ ਸਥਾਨਾਂ ਤੋਂ ਲੈ ਕੇ ਸਰਕਾਰੇ ਦਰਬਾਰੇ ਸਭ ਥਾਈਂ ਉਹਨਾਂ ਦੀ ਪੁੱਛ ਹੋ ਗਈ ਸੀ। ਪਰ ਜਦੋਂ ਧਾਗਾ ਮਿੱਲ ਦੇ ਦੋ ਮਜ਼ਦੂਰਾਂ ਦੀਆਂ ਜਾਨਾਂ ਇਹਨਾਂ ਦੀ ਨਕਲੀ ਸ਼ਰਾਬ ਦੀ ਭੇਟ ਚੜ੍ਹੀਆਂ ਤਾਂ ਟਰੇਡ ਯੂਨੀਅਨ ਵਾਲਿਆਂ ਨੇ ਨੇ ਇਹਨਾਂ ਦੀਆਂ ਭੂਤਨੀਆਂ ਭੁਲਾ ਦਿੱਤੀਆਂ। ਨਿੱਤ ਦੀ ਨਾਹਰੇਬਾਜ਼ੀ ਤੋਂ ਤੰਗ ਆ ਕੇ ਮੁਫਤ ਦੀ ਸ਼ਰਾਬ ਪੀਣੀ ਪੁਲਿਸ ਨੂੰ ਵੀ ਗੋਡੇ ਟੇਕਣੇ ਪਏ। ਭਾਵੇਂ ਟਰੇਡ ਯੂਨੀਅਨ ਨੇ ਤਾਂ ਠੇਕੇਦਾਰਾਂ ਦੇ ਹੱਥਕੜੀਆਂ ਲਵਾ ਦਿੱਤਆਂ ਪਰ ਉਸ ਦਾ ਮਨ ਕਲਪਦਾ ਰਿਹਾ। ਭੋਲੇ ਭਾਲੇ ਮਜ਼ਦੂਰਾਂ ਨੂੰ ਕਿਵੇਂ ਸਮਝਾਏ ਪੂਰਾ ਜ਼ੋਰ ਲਾ ਕੇ ਵੀ ਉਹ ਠੇਕੇਦਾਰਾਂ ਨੂੰ ਦੋ ਸਾਲ ਤੋਂ ਵੱਧ ਸਜ਼ਾ ਨਹੀਂ ਕਰ ਸਕਦਾ। ਪੁਲਿਸ ਨੇ ਮਾਮੂਲੀ ਜਿਹਾ ਕੇਸ ਬਣਾ ਕੇ ਉਸ ਦੇ ਹੱਥ ਬੰਨ੍ਹ ਦਿੱਤੇ ਸਨ।

ਜਿੰਨਾ ਚਿਰ ਕੇਸ ਚਲਦਾ ਰਿਹਾ ਉਸ ਦਾ ਮਹਿਬੂਬ ਦੋਸਤ ਘਾਚੀ ਉਸ ਦਾ ਪਿਛਾ ਕਰਦਾ ਰਿਹਾ। ਪੰਦਰਾਂ ਵਰ੍ਹੇ ਪਹਿਲਾਂ ਚੂਹੜਿਆਂ ਦੇ ਵੇਹੜੇ ਹੋਏ ਇਹੋ ਜਿਹੇ ਕਾਂਡ ਦੀ ਯਾਦ ਦਿਵਾਉਂਦਾ ਰਿਹਾ। ਕਈ ਵਾਰ ਫੁਲ ਕੇ ਕੁਪਾ ਹੋਈ ਚੂਹੜੇ ਦੀ ਲਾਸ਼ ਉਸ ਦੇ ਅੱਗੇ ਲਿਆ ਕੇ ਰੱਖੀ। ਅੰਨ੍ਹਾ ਹੋ ਕੇ ਢਾਬ ਵਿਚ ਡੁੱਬਦੇ ਖਰੈਤੀ ਦੀਆਂ "ਬਚਾਓ ਬਚਾਓ" ਦੀਆਂ ਅਵਾਜ਼ਾਂ ਮੁੜ ਫਿਜ਼ਾ ਵਿਚ ਗੂੰਜਣ ਲੱਗੀਆਂ।....ਦਿਨਾਂ ਵਿਚ ਹੀ ਚੂਹੜੇ ਦਾ ਬਾਰਾਂ ਸਾਲਾਂ ਦਾ ਮੁੰਡਾ ਸਕੂਡ ਛੱਡ ਕੇ ਅਫੀਮ ਢੋਣ ਲਗਿਆ ਸੀ। ਭੁੱਖੀ ਮਰਦੀ ਖਰੈਤੀ ਦੀ ਵਿਧਵਾ ਪਾਲੂ ਨਾਲ ਨਿਕਲ ਗਈ। ਖਰੈਤੀ ਦੇ ਰੋਂਦੇ ਕੁਰਲਾਉਂਦੇ ਬੱਚੇ ਮੰਗਤਿਆਂ ਦੀ ਕਤਾਰ ਵਿਚ ਖਲੋਣ ਲੱਗੇ। ਅੰਡਰ-ਗਰਾਊਂਡ ਹੁੰਦਿਆਂ ਹੋਇਆਂ ਵੀ ਵਿਹੜੇ ਨੂੰ ਅਜਿਹਾ ਲਾਮਬੰਦ ਕੀਤਾ ਕਿ ਠੇਕੇਦਾਰ ਅੱਜ ਤਕ ਜੇਲ੍ਹ 'ਚ ਸੜ ਰਹੇ ਸਨ। ਹੁਣ ਉਹ ਹੋਰ ਘਾਚੀ ਕਿਥੋਂ ਲਿਆਵੇ ?

ਇਕ ਦਿਨ ਉਸ ਨੂੰ ਲਗਿਆ ਘਾਚੀ ਉਸ ਅੰਦਰ ਹੀ ਬੈਠਾ ਸੀ। ਉਸ ਦਿਨ ਉਹ ਸ਼ੇਰ ਵਾਂਗ ਦਹਾੜਿਆ। ਠੇਕੇਦਾਰਾਂ ਦੇ ਖਰੀਦੇ ਗਵਾਹ ਗਿੱਦੜਾਂ ਵਾਂਗ ਮੈਦਾਨ ਛੱਡ ਗਏ। ਕਤਲ ਦਾ ਕੇਸ ਬਣਾ ਕੇ ਫੇਰ ਮਿਸਾਲ ਸ਼ੈਸ਼ਨ ਸਪੁਰਦ ਕਰਨ ਵਿਚ ਉਸ ਨੂੰ ਕੋਈ ਦਿੱਕਤ ਨਹੀਂ ਸੀ ਹੋਈ।

ਘਬਰਾਏ ਉਹ ਹੁਣ ਗਰੇਵਾਲ ਦੀ ਝੋਲੀ ਆ ਡਿਗੇ ਸਨ। ਗਰੇਵਾਲ ਦਾ ਸ਼ੈਸ਼ਨ ਦੇ ਆਉਣ ਜਾਣ ਸੀ। ਇਹੋ ਜਿਹੇ ਕਮਜ਼ੋਰ ਕੇਸ ਵਿਚ ਪਹਿਲੀ ਪੇਸ਼ੀ ਬਰੀ ਕਰਾ ਲਿਆਉਣਾ ਉਸ ਦੀ ਖੱਬੇ ਹੱਥ ਦੀ ਖੇਡ ਸੀ। ਬਦਲੇ ਵਿਚ ਸੇਠ ਠੇਕੇਦਾਰਾਂ ਵਾਲਾ ਦਿਲ ਦਿਖਾ ਰਹੇ ਸਨ। ਗਰੇਵਾਲ ਚਾਹੇ ਡਰੰਮਾਂ ਦੇ ਡਰੰਮ ਵਿਸਕੀ ਪੀਵੇ ਉਹਨਾਂ ਨੂੰ ਕੋਈ ਪ੍ਰਵਾਹ ਨਹੀਂ ਸੀ।

ਰਾਮ ਦਿਆਲ ਨੂੰ ਛੱਤ 'ਤੇ ਖੜਾ ਦੇਖ ਕੇ ਉਹਨਾਂ ਨੇ ਅੱਖਾਂ ਜ਼ਮੀਨ ਵਿਚ ਗੱਡ ਲਈਆਂ। ਤੇਜ ਤੇਜ਼ ਕਦਮ ਪੁੱਟਦੇ ਉਹ ਗਰੇਵਾਲ ਦੀ ਕੋਠੀ ਅੱਗੇ ਜਾ ਰੁਕੇ। ਗਰੇਵਾਲ ਦੀ ਪਤਨੀ ਨੇ ਖਿੜੇ ਮੱਥੇ

ਉਹਨਾਂ ਦਾ ਸਵਾਗਤ ਕੀਤਾ। ਗੇਟ ਤੇ ਡਰਾਇੰਗ ਰੂਮ ਤਕ ਉਹਨਾਂ ਦੀ ਅਗਾਵਈ ਕਰਦੀ ਕਰਦੀ ਕਈ ਵਾਰ ਉਹ ਕੌੜੀਆਂ ਕੌੜੀਆਂ ਅੱਖਾਂ ਨਾਲ ਤੇਜੋ ਵਲ ਝਾਕੀ।

ਰਾਮ ਦਿਆਲ ਨੇ ਹੇਠਾਂ ਖੜੀ ਤੇਜੋ ਦੀਆਂ ਉਦਾਸ ਅੱਖਾਂ ਵਿਚ ਤੱਕਿਆ। ਉਸ ਨੂੰ ਗੰਭੀਰ ਦੇਖ ਕੇ ਇਕ ਵਾਰ ਫੇਰ ਉਦਾਸੀ ਦੇ ਬੱਦਲਾਂ ਨੇ ਉਸ ਨੂੰ ਆ ਘੇਰਿਆ।

ਉਸ ਨੂੰ ਲਗਿਆ ਸ਼ਾਇਦ ਉਹ ਆਪਣੀ ਜ਼ਮੀਰ ਅਤੇ ਆਪਣੇ ਕਿੱਤੇ ਨਾਲ ਇਨਸਾਫ ਕਰਕੇ ਆਪਣੇ ਪਰਿਵਾਰ ਨਾਲ ''ਬੇਈਨਸਾਫੀ'' ਕਰ ਰਿਹੈ। ਉਸ ਤੋਂ ਸੱਤ ਸੱਤ ਸਾਲ ਜੂਨੀਅਰ ਜੱਜ ਕਿੰਨਾ ਅੱਗੇ ਲੰਘ ਗਏ। ਭੁੱਖੇ ਮਰਦੇ ਸ਼ਰਮੇ ਨੇ ਰਾਜਧਾਨੀ ਵਿਚ ਕੋਠੀ ਪਾ ਲਈ। ਗਰੇਵਾਲ ਨੇ ਪੰਜ ਲੱਖ ਲਾ ਕੇ ਕੁੜੀ ਦਾ ਵਿਆਹ ਕਨੇਡਾ ਵਿਚ ਕੀਤੈ। ਰਾਮ ਦਿਆਲ ਇੰਝ ਨਹੀਂ ਕਰ ਸਕਿਆ। ਹੋਰਾਂ ਦੀ ਔਲਾਦ ਅਖਵਾਉਣ ਵਾਲਾ ਰਾਮੂ ਚੰਦ ਰੁਪਿਆਂ ਬਦਲੇ ਵੱਡੇ ਚੋਰਾਂ ਨੂੰ ਸਾਧ ਕਿਵੇਂ ਬਣਾ ਦੇਵੇ ? ਸੱਚ ਦੀ ਲੜਾਈ ਲੜਦਾ ਜੇ ਉਹ ਆਪਣੇ ਬੱਚਿਆਂ ਲਈ ਕੁਝ ਨਹੀਂ ਕਰ ਸਕਿਆ ਤਾਂ ਉਸ ਦਾ ਕੀ ਕਸੂਰ ?

ਤੇਜੋ ਤੋਂ ਹੋਰ ਬਰਦਾਸ਼ਤ ਨਾ ਹੋਇਆ, ਗੇਟ ਦਾ ਖਹਿੜਾ ਛੱਡ ਉਹ ਡਰਾਇੰਗ ਰੂਮ ਵੱਲ ਚਲੀ ਗਈ।

ਹਾਰ ਮਹਿਸੂਸ ਕਰਦਾ ਰਾਮ ਦਿਆਲ ਛੱਤ 'ਤੇ ਟਹਿਲਣ ਲੱਗਿਆ। ਤੇਜੋ ਦੀਆਂ ਉਦਾਸ ਅੱਖਾਂ ਨੇ ਉਹਦੇ ਅੱਗੇ ਪ੍ਰਸ਼ਨਾਂ ਦੇ ਢੇਰ ਲਾ ਦਿੱਤੇ। ਆਖਰ ਇਮਾਨਦਾਰੀ ਬਦਲੇ ਉਸ ਨੂੰ ਕੀ ਮਿਲਿਆ ? ਗਰੀਬੀ, ਬਦਨਾਮੀ ਤੇ ਸਭ ਤੋਂ ਵਧ ਅਫ਼ਸਰਾਂ ਦੀ ਨਰਾਜ਼ਗੀ। ਬਜ਼ਾਰ ਗਏ ਨੂੰ ਕਿਸੇ ਦੁਕਾਨਦਾਰ ਨੇ ਨਮਸਤੇ ਨਹੀਂ ਬੁਲਾਈ। ਚੌਂਕ 'ਚ ਖੜੇ ਸਿਪਾਹੀ ਨੇ ਉਸ ਨੂੰ ਸਲੂਟ ਨਹੀਂ ਮਾਰਿਆ। ਘਰ ਵਿਚ ਪਤਨੀ ਤੇ ਬੱਚੇ ਉਦਾਸ। ਸ਼ਾਇਦ ਮਾਂ ਬਾਪ ਵੀ ਕਿਸੇ ਨੁਕਰ ਵਿਚ ਨਰਾਜ਼ਗੀ ਸੰਭਾਲੀ ਬੈਠੇ ਹੋਣ। ਉਹਨਾਂ ਨੂੰ ਉਸ ਦੀ ਜੱਜੀ ਦਾ ਕੀ ਭਾਅ ? ਨਾ ਉਹਨਾਂ ਦੀਆਂ ਕੁੱਲੀਆਂ ਛੁੱਟੀਆਂ ਨੇ ਨਾ ਦਿਹਾੜੀ ਦੱਪਾ। ਮਾਂ ਦਾ ਦਿਲ ਵੀ ਕਰਦਾ ਹੋਊ ਪੁੱਤ ਦੀ ਕੋਠੀ ਦੇ ਪੱਖੇ ਹੇਠਾਂ ਘਰਾੜੇ ਮਾਰੇ। ਬਾਪੂ ਚਾਹੁੰਦਾ ਹੋਊ ਉਹ ਲਿਸ਼ਕਦਾ ਹੁੱਕਾ ਲੈ ਕੇ ਘਾਹ ਵਾਲੇ ਮੈਦਾਨ ਵਿਚ ਕੁਰਸੀ ਡਾਹ ਕੇ ਬੈਠੇ। ਚਾਹੁੰਦਾ ਉਹ ਵੀ ਹੈ। ਪਰ ਕੀ ਕਰੇ ? ਤਨਖਾਹ ਵਾਲੇ ਦੋ ਹਜ਼ਾਰ ਤਾਂ ਪਹਿਲੀ ਤਰੀਕ ਹੀ ਮੁੱਕ ਜਾਂਦੇ ਹਨ। ਉਤੋਂ ਉਹ ਕਮਾ ਨਹੀਂ ਸਕਦਾ। ਉਸ ਅੰਦਰਲਾ ਰਾਮੂ ਮਰ ਹੀ ਨਹੀਂ ਰਿਹਾ। ਸ਼ਾਇਦ ਉਹ ਮਰਨਾ ਵੀ ਨਹੀਂ ਚਾਹੁੰਦਾ। ਉਹ ਪੈਸੇ ਲਵੇ ਵੀ ਤਾਂ ਕਿਥੋਂ ? ਕਿਸੇ ਦਾ ਹੱਕ ਮਾਰ ਕੇ ਉਹ ਪੈਸੇ ਨਹੀਂ ਲੈ ਸਕਦਾ। ਜਿਸ ਦਾ ਉਂਝ ਹੀ ਹੱਕ ਬਣਦਾ ਹੈ ਉਸ ਤੋਂ ਪੈਸੇ ਕਾਹਦੇ ਲਵੇ ?

ਉਂਝ ਉਸ ਨੂੰ ਪਤਾ ਸੀ ਕਿ ਇਹ ਉਸ ਦੀ ਜਿੱਦ ਹੀ ਸੀ, ਉਸ ਦਾ ਕੋਈ ਵੀ ਫੈਸਲਾ ਉੱਚੀਆਂ ਅਦਾਲਤਾਂ ਵਿਚ ਟਿਕ ਨਹੀਂ ਸੀ ਰਿਹਾ। ਨਰਿੰਦਰ ਬਰੀ ਹੋ ਗਿਆ। ਗਰੀਬ ਕੁੜੀਆਂ ਜੇਲ੍ਹ ਕੱਟਦੀਆਂ ਨੇ। ਸ਼ਰਾਬ ਦੇ ਠੇਕੇਦਾਰਾਂ ਨੇ ਦੋ ਹਜ਼ਾਰ ਦੇ ਕੇ ਮਰਨ ਵਾਲਿਆਂ ਦੇ ਵਾਰਸ ਖਰੀਦ ਲਏ। ਕਿਸੇ ਵੀ ਦਿਨ ਬਰੀ ਹੋਣ ਦੇ ਹੁਕਮ ਉਸ ਦੀ ਟੇਬਲ 'ਤੇ ਆ ਟਿਕਣੇ ਨੇ। ਜਦੋਂ ਕਦੇ ਉਸ ਦਾ ਇਹੋ ਜਿਹਾ ਫੈਸਲਾ ਰੱਦ ਹੁੰਦਾ ਉਹ ਕਈ ਕਈ ਦਿਨ ਬੇਚੈਨ ਰਹਿੰਦਾ। ਲੱਗਦਾ ਉਹ ਪੈਸਿਆਂ ਦੀ ਚਕਾਚੌਂਦ ਨਾਲ ਸਿਰਜੇ ਚੱਕਰਵਿਊ ਵਿਚ ਫਸ ਗਿਐ। ਜਦੋਂ ਵੀ ਕਦੇ ਉਸ ਨੇ ਇਸ ਨੂੰ ਤੋੜਨਾ ਚਾਹਿਆ ਉਸ ਤੋਂ





ਉੱਪਰ ਬੈਠੇ ਨੀਤੀਵਾਨਾਂ ਨੇ ਉਸ ਨੂੰ ਧਿਰਕਾਰ ਦਿੱਤਾ। ਅਨਾੜੀ ਅਭਿਮਨਯੂ ਮਹਾਂਰਥੀਆਂ ਦੇ ਸਿਰਜੇ ਚੱਕਰਵਿਊ ਵਿਚ ਕੁਰਬਾਨੀ ਤਾਂ ਦੇ ਸਕਦੈ, ਪਰ ਇਸ ਨੂੰ ਤੋੜ ਨਹੀਂ ਸਕਦਾ।

ਸੂਰਜ ਆਪਣੀਆਂ ਆਖਰੀ ਕਿਰਨਾਂ ਸਮੇਟਣ ਲੱਗ ਪਿਆ ਸੀ। ਸੜਕ ਦੀ ਚਹਿਲ-ਪਹਿਲ ਘਰੋ-ਘਰੀ ਜਾ ਟਿਕੀ ਸੀ।

ਗ਼ਮਾਂ ਦੀ ਗਠੜੀ ਨੂੰ ਸੰਭਾਲਦਾ ਰਾਮ ਦਿਆਲ ਵੀ ਹੇਠਾਂ ਉਤਰ ਆਇਆ।

ਤੇਜੋ ਦਾ ਮੂੰਹ ਸੁੱਜਿਆ ਹੋਇਆ ਸੀ। ਸਾਰਾ ਦਿਨ ਗੇਟ 'ਤੇ ਟੰਗਾਂ ਤੁੜਾ ਕੇ ਉਹ ਵੀ ਖ਼ਾਲੀ ਦੀ ਖ਼ਾਲੀ ਸੀ। ਪੰਜ ਛੇ ਮਿਠਾਈ ਦੇ ਡੱਬੇ ਆਏ ਸਨ। ਉਹ ਵੀ ਆਂਢ ਗੁਆਂਢ ਵਿਚੋਂ। ਇੰਨੇ ਕੁ ਤਾਂ ਉਹਨਾਂ ਨੂੰ ਵੀ ਵੰਡਣੇ ਪੈਣੇ ਸਨ।

ਲਾਲ ਸੂਹੀਆਂ ਅੱਖਾਂ ਕੱਢੀ ਕਦੇ ਉਹ ਸੱਜਿਉਂ ਲੰਘਦੀ ਤੇ ਕਦੇ ਖੱਬਿਉਂ। ਬੋਲ ਭਾਵੇਂ ਕੁੱਝ ਨਹੀਂ ਸੀ ਰਹੀ, ਪਰ ਉਸ ਦੇ ਦਿਲ ਦੀਆਂ ਗੱਲਾਂ ਉਸ ਤੋਂ ਭੁੱਲੀਆਂ ਨਹੀਂ ਸਨ। ਉਹ ਉਸੇ ਨੂੰ ਕੋਸ ਰਹੀ ਸੀ ਤੇ ਉਸ ਦੀ ਇਮਾਨਦਾਰੀ ਨੂੰ ਗਾਲ੍ਹਾਂ ਕੱਢ ਰਹੀ ਸੀ। ਉਹ ਵੀ ਖਰੀਆਂ ਖਰੀਆਂ ਸੁਣਾਉਣਾ ਚਾਹੁੰਦਾ ਸੀ ਪਰ ਉਦਾਸ ਹੋ ਕੇ ਚੁਕੇ ਮਾਹੌਲ ਨੂੰ ਹੋਰ ਵਿਗਾੜਨਾ ਵੀ ਨਹੀਂ ਸੀ ਚਾਹੁੰਦਾ। ਚੁੱਪ ਕਰਿਆ ਉਹ ਸੁਖਾਵੇਂ ਹਾਲਾਤਾਂ ਦੀ ਉਡੀਕ ਕਰਨ ਲੱਗਿਆ।

''ਇਸ ਵਾਰੀ ਦੀ ਦਿਵਾਲੀ ਰੁੱਖੀ ਰੁੱਖੀ ਲਗਦੀ ਐ।'' ਉਸ ਕੋਲ ਬੈਠਦੀ ਤੇਜੋ ਨੇ ਗੱਲ ਤੋਰੀ। ਉਸ ਨੇ ਜਾਂ ਤਾਂ ਕਲਪਨਾ ਦੇ ਸਮੁੰਦਰ ਵਿਚ ਗੋਤੇ ਖਾਂਦੇ ਰਾਮ ਦਿਆਲ ਦੇ ਚਿਹਰੇ 'ਤੇ ਉਡਦੀਆਂ ਹਵਾਈਆਂ ਨੂੰ ਪੜ੍ਹ ਲਿਆ ਸੀ ਜਾਂ ਉਹ ਕੋਠੀ ਦੀ ਭਿਆਨਕ ਚੁੱਪ ਤੋਂ ਘਬਰਾ ਗਈ ਸੀ ਜਾਂ ਫਿਰ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ।

''ਹਾਂ ਇਸ ਵਾਰ ਨਾ ਬਾਪੂ ਦਾ ਅਸ਼ੀਰਵਾਦ ਹੈ ਨਾ ਬੇਬੇ ਦੀਆਂ ਅਸੀਸਾਂ-ਨਾ ਖਿੱਲਾਂ ਨਾ ਪਤਾਸੇ......ਨਾ ਰੂੜੀ ਮਾਰਕਾ ਸ਼ਰਾਬ ਤੇ ਨਾ ਹੀ ਜੀਭ ਸਾੜਦੀ ਮੁਰਗੇ ਦੀ ਤਰੀ....।''

ਖਿੱਲਾਂ ਪਤਾਸਿਆਂ ਦਾ ਕੀ ਐ ? ਅਰਦਲੀ ਤੋਂ ਮੰਗਵਾ ਲੈਂਦੇ ਆਂ। ਮੁਰਗੇ ਮੈਂ ਰਿੰਨ੍ਹ ਦਿੰਨੀ ਆਂ।'' ਰਾਮ ਦਿਆਲ ਦੀਆਂ ਅੱਖਾਂ ਵਿਚ ਛਲਕੇ ਪਾਣੀ ਨੂੰ ਦੇਖ ਕੇ ਤੇਜੋ ਦੀਆਂ ਅੱਖਾਂ ਵੀ ਸਿਮ ਆਈਆਂ।

''ਹੂੰ....ਬਜ਼ਾਰੋਂ ਖਿੱਲਾਂ ਪਤਾਸੇ ਮੰਗਵਾ ਕੇ ਮੇਰਾ ਜਲੂਸ ਕੱਢ ਦੇ...। ਅਗਲੇ ਪਹਿਲਾਂ ਹੀ ਮਾਣ ਨਹੀਂ। ਮੈਂ ਜੱਜ ਹਾਂ ਜੱਜ। ਜੱਜ ਕਦੇ ਖਿੱਲਾਂ ਪਤਾਸੇ ਨਹੀਂ ਖਾਂਦੇ....ਘਰ ਦੀ ਦਾਰੂ ਨਹੀਂ ਪੀਂਦੇ। ਉਹ ਮੈਕਡਾਵਲ ਪੀਂਦੇ ਹਨ। ਕਲਾਕੰਦ ਤੇ ਰੋਸਟਿਡ ਚਿਕਨ ਖਾਂਦੇ ਹਨ। ਮੈਂ ਵੀ ਇਸੇ ਤਰ੍ਹਾਂ ਕਰਾਂਗਾ।''

ਰਾਮ ਦਿਆਲ ਦੀਆਂ ਬੁਝਾਰਤਾਂ ਦੀ ਤੇਜੋ ਨੂੰ ਸਮਝ ਨਾ ਆਈ। ਇਹ ਪਹਿਲੀ ਵਾਰ ਸੀ ਜਦੋਂ ਸ਼ਰਾਬੀ ਜਿਹੇ ਰਾਮ ਦਿਆਲ ਤੋਂ ਉਸ ਨੂੰ ਡਰ ਆਇਆ ਸੀ।

ਦੀਵਿਆਂ ਦਾ ਸਮਾਂ ਹੋ ਗਿਆ ਸੀ। ਡਰੀ ਸਹਿਮੀ ਉਹ ਰੂੰ ਬੱਤੀ ਦਾ ਇੰਤਜ਼ਾਮ ਕਰਨ ਲੱਗੀ।

ਆਧੁਨਿਕ ਸਟਾਈਲ ਦੀ ਕੋਠੀ ਦੇ ਮਾਡਰਨ ਡਰਾਇੰਗ ਰੂਮ ਵਿਚ ਬੈਠੇ ਰਾਮ ਦਿਆਲ ਨੂੰ ਲੱਗ

ਰਿਹਾ ਸੀ ਉਹ ਸ਼ੀਸ਼ੇ ਦੇ ਘਰ ਵਿਚ ਕੈਦ ਸੀ। ਉਹ ਤਾਂ ਜੰਗਲ ਦਾ ਫੁੱਲ ਸੀ। ਉਸ ਨੂੰ ਉਥੋਂ ਉਜਾੜ ਕੇ, ਗਮਲੇ ਵਿਚ ਸਜਾ ਕੇ ਮਹਾਂਨਗਰ ਦਾ ਸ਼ਿੰਗਾਰ ਬਣਾ ਦਿਤੈ। ਇਥੇ ਉਸ ਦਾ ਸਾਹ ਘੁਟ ਰਿਹੈ। ਉਧਰ ਉਸ ਬਿਨਾ ਜੰਗਲ ਸੁੱਕ ਰਿਹੈ।

ਪਤਨੀ ਨੇ ਕਈ ਸੁਨੇਹੇ ਘਲੇ। ਉਹ ਦੀਵੇ ਬਾਲੇ ਤੇ ਲਕਸ਼ਮੀ ਦੀ ਪੂਜਾ ਕਰੇ। ਪਰ ਉਸ ਨੂੰ ਤਾਂ ਅੱਜ ਹਨੇਰੇ ਨਾਲ ਹੀ ਮੋਹ ਹੋ ਗਿਐ। ਬੁੱਤ ਬਣਿਆ ਉਹ ਬਿਟਰ ਬਿਟਰ ਤੱਕਦਾ ਰਿਹਾ।

''ਤੁਹਾਨੂੰ ਕੀ ਹੋ ਗਿਐ ? ਜੇ ਇੰਨਾ ਹੀ ਮਨ ਤੇ ਲਾਉਣਾ ਸੀ ਤਾਂ ਪਹਿਲਾਂ ਹੀ ਦੱਸ ਦਿੰਦੇ। ਆਪਾਂ ਪਿੰਡ ਹੀ ਚਲੇ ਜਾਂਦੇ....।''

ਰੋਣ ਹੱਕੀ ਹੋਈ ਤੇਜੋ ਨੇ ਉਸ ਦਾ ਮੋਢਾ ਝੰਜੋੜਿਆ।

''ਲਿਆ ਝੋਲਾ ਫੜਾ, ਮੈਂ ਖਿੱਲਾਂ ਪਤਾਸੇ ਲਿਆਵਾਂ। ਅਸੀਂ ਇਥੇ ਵੀ ਪਿੰਡ ਵਰਗੀ ਦੀਵਾਲੀ ਹੀ ਮਨਾਵਾਂਗੇ। ਕੋਈ ਹੱਸਦੈ ਹੱਸੀ ਜਾਏ। ਕੋਈ ਝੱਲਾ ਆਖਦੈ ਆਖੀ ਜਾਏ। ਮੈਨੂੰ ਕਿਸੇ ਦੀ ਪ੍ਰਵਾਹ ਨਹੀਂ....।''

ਝੋਲਾ ਚੁੱਕੀ ਬਜ਼ਾਰ ਜਾਂਦੇ ਰਾਮ ਦਿਆਲ ਨੂੰ ਰੋਕਣ ਦੀ ਉਸ ਦੀ ਹਿੰਮਤ ਨਾ ਪਈ।

ਰਾਮ ਦਿਆਲ ਨੇ ਦੂਰ ਦੂਰ ਨਜ਼ਰ ਦੌੜਾਈ। ਉਜਾੜ ਬੀਆਬਾਨ ਵਿਚ ਉਸਰੀਆਂ ਜੱਜਾਂ ਦੀਆਂ ਕੋਠੀਆਂ ਵਿਚ ਹਨੇਰਾ ਪਸਰਿਆ ਹੋਇਆ ਸੀ। ਕਿਧਰੇ ਕਿਧਰੇ ਟਿਮਟਿਮਾਉਂਦੇ ਇਕ ਅੱਧ ਦੀਵੇ ਦੀ ਹਨੇਰੇ ਅੱਗੇ ਕੋਈ ਪੇਸ਼ ਨਹੀਂ ਸੀ ਜਾ ਰਹੀ।

ਦੂਰ ਛੱਜ-ਘਾੜਿਆਂ ਦੀ ਬਸਤੀ ਵਿਚ ਚਾਨਣ ਵੰਡਦੇ ਸੈਂਕੜੇ ਦੀਵੇ ਉਸ ਨੂੰ ਹਾਕਾਂ ਮਾਰਨ ਲੱਗੇ। ਉਥੋਂ ਆਉਂਦੀ ਢੋਲ ਦੀ ਹਲਕੀ ਹਲਕੀ ਆਵਾਜ਼ ਨੇ ਉਸ ਦੇ ਪੈਰਾਂ ਵਿਚ ਕੰਬਣੀ ਛੇੜ ਦਿੱਤੀ। ਉਸ ਦਾ ਦਿਲ ਵੀ ਭੰਗੜੇ ਪਾਉਣ ਤੇ ਹੇਕਾਂ ਲਾਉਣ ਲਈ ਮਚਲਣ ਲੱਗਿਆ। ਘੁੰਗਰੂਆਂ ਦੀ ਛਣਕਾਰ ਉਸ ਦੇ ਮਨ ਦਾ ਕਾਫੀ ਬੋਝ ਹਲਕਾ ਕਰ ਗਈ ਸੀ। ਯਾਰਾਂ ਤੇ ਗੁੱਸਾ ਵੀ ਘਟ ਨਹੀਂ ਸੀ ਆ ਰਿਹਾ। ਇਕ ਇਕ ਨੂੰ ਸੁਨੇਹਾ ਘਲਿਆ ਸੀ। ਕੋਈ ਵੀ ਆ ਜਾਂਦਾ ਦੀਵਾਲੀ ਰੰਗੀਨ ਹੋ ਜਾਂਦੀ। ਉਸ ਦਾ ਅੰਦਰਲਾ ਰਾਮੂ ਦੋਸਤਾਂ ਦਾ ਪੱਖ ਪੂਰ ਰਿਹਾ ਸੀ। ਹੋ ਸਕਦੈ ਗਿੰਦੇ ਕੋਲ ਵਧੀਆ ਕਪੜੇ ਨਾ ਹੋਣ ਤੇ ਮਿੰਦੇ ਕੋਲ ਕਿਰਾਇਆ। ਕਿਵੇਂ ਆਉਂਦੇ ਵਿਚਾਰੇ !

ਢੋਲ ਦੀ ਤਾਲ ਨਾਲ ਤਾਲ ਮਿਲਾਉਂਦੇ ਅਤੇ ਹਥਲੇ ਝੋਲੇ ਨੂੰ ਪੱਟ 'ਤੇ ਨਚਾਉਂਦੇ ਰਾਮ ਦਿਆਲ ਨੂੰ ਪਤਾ ਵੀ ਨਾ ਲੱਗਿਆ ਕਦੋਂ ਉਹ ਬਾਜ਼ਾਰ ਗਿਆ, ਕਦੋਂ ਖਿੱਲਾਂ ਪਤਾਸਿਆਂ ਤੇ ਲੱਡੂਆਂ ਨਾਲ ਝੋਲਾ ਭਰਿਆ ਤੇ ਕਦੋਂ ਵਾਪਸ ਮੁੜ ਪਿਆ।

ਸਫੈਦਿਆਂ ਦੇ ਸੁੱਕੇ ਪੱਤਿਆਂ ਉਪਰ ਹੁੰਦੀ ਪੈੜਤਾਲ ਨੇ ਉਸ ਨੂੰ ਸਾਵਾਧਨ ਕੀਤਾ। ਅੱਖਾਂ ਉਪਰ ਪੂਰਾ ਜ਼ੋਰ ਦੇ ਕੇ ਉਸ ਨੇ ਹਨੇਰੇ ਵਿਚੋਂ ਉਕਰਦੇ ਅਕਸ ਨੂੰ ਪਹਿਚਾਨਣ ਦਾ ਯਤਨ ਕੀਤਾ। ਚਿੱਟਾ ਕੁੜਤਾ, ਚਿੱਟਾ ਚਾਦਰਾ, ਕੁਲੇਦਾਰ ਪੱਗ ਤੇ ਲਿਸ਼ਕਵੀਂ ਜੁੱਤੀ। ਅਕਸ ਵਿਚ ਗਿੰਦਾ, ਮਿੰਦਾ ਜਾਂ ਬਾਪੂ ਕੋਈ ਵੀ ਪ੍ਰਗਟ ਹੋ ਸਕਦਾ ਸੀ। ਪਰ ਨਹੀਂ ਹੋਇਆ। ਇਹ ਕੋਈ ਬੁੱਢਾ ਸੀ ਜੋ ਉਸ ਦਾ ਰਸਤਾ ਰੋਕੀ ਖੜਾ ਸੀ। ਵੇਖਦਿਆਂ-ਵੇਖਦਿਆਂ ਉਸ ਦਾ ਸਰੀਰ ਰਾਮ ਦਿਆਲ ਦੇ ਪੈਰਾਂ ਵਿਚ ਢੇਰ ਹੋ ਗਿਆ।





ਕਾਨਿਆਂ ਵਰਗੀਆਂ ਬਾਹਾਂ ਤੋਂ ਫੜ ਕੇ ਖੜਾ ਕਰਦੇ ਰਾਮ ਦਿਆਲ ਨੇ ਬੁੱਢੇ ਦੇ ਚਿਹਰੇ ਨੂੰ ਭਾਂਪਿਆ। ਹਉਕੇ ਭਰਦੇ ਬੁੱਢੇ ਦੀਆਂ ਅੱਖਾਂ ਪੂੰਝਦੇ ਰਾਮ ਦਿਆਲ ਦਾ ਗੱਚ ਭਰ ਆਇਆ। ਉਸ ਨੇ ਬੁੱਢੇ ਨੂੰ ਹਿੱਕ ਨਾਲ ਲਾ ਲਿਆ। ਇਸ ਬੁੱਢੇ ਨੂੰ ਕੁਝ ਦਿਨ ਪਹਿਲਾਂ ਹੀ ਉਸ ਨੇ ਪੰਜਾਹ ਹਜ਼ਾਰ ਮੁਆਵਜ਼ਾ ਦਿਵਾਇਆ ਸੀ। ਸੂਰਜ ਟਰਾਂਸਪੋਰਟ ਦੇ ਸ਼ਰਾਬੀ ਮੁੰਡੇ ਤੋਂ ਇਸ ਦਾ ਮੁੰਡਾ ਅਤੇ ਨੂੰਹ ਬਸ ਹੇਠਾਂ ਕੁਚਲੇ ਗਏ ਸਨ। ਉਹਨਾਂ ਦੇ ਪੰਜ ਬੱਚੇ ਮਾਂ ਬਾਪ ਦੇ ਨਾਲ ਨਾਲ ਰੋਟੀ ਤੋਂ ਵੀ ਮੁਥਾਜ ਹੋ ਗਏ। ਉਸ ਨੂੰ ਪਤਾ ਸੀ ਉਹ ਟਰਾਂਸਪੋਰਟ ਨੂੰ ਭਾਵੇਂ ਪੂਰੀ ਸਜ਼ਾ ਕਰ ਦੇਵੇ, ਪਰ ਫੇਰ ਵੀ ਬੱਚਿਆਂ ਦਾ ਪੇਟ ਨਹੀਂ ਭਰਨਾ। ਸਮਝਾ ਬੁਝਾ ਕੇ ਉਸ ਨੇ ਟਰਾਂਸਪੋਰਟ ਤੋਂ ਮੁਆਵਾਜ਼ਾ ਦਿਵਾ ਦਿੱਤਾ ਸੀ।

''ਤੁਸੀਂ ਮੇਰੇ ਬੱਚਿਆਂ ਨੂੰ ਰੋਟੀ ਬਖਸ਼ੀ ਹੈ ਹਜ਼ੂਰ.....ਮੈਂ ਡਰਦਾ ਡਰਦਾ ਮੂੰਹ ਹਨੇਰੇ ਆਇਆ....ਕਿਧਰੇ ਕੋਈ ਦੇਖ ਨਾ ਲਵੇ....ਦਿਵਾਲੀ ਮੁਬਾਰਕ ਹੋਵੇ ਹਜ਼ੂਰ....।'' ਆਖਦੇ ਸਾਧੂ ਨੇ ਕੰਬਦੇ ਹੱਥਾਂ ਨਾਲ ਇਕ ਪਰਨਾ ਉਸ ਅੱਗੇ ਕੀਤਾ। ਉਸ ਦੇ ਦੋਹਾਂ ਸਿਰਿਆਂ 'ਤੇ ਦਿੱਤੀਆਂ ਛੋਟੀਆਂ ਛੋਟੀਆਂ ਗੰਢਾਂ ਵਿਚ ਕੁਝ ਬੰਨ੍ਹਿਆ ਹੋਇਆ ਸੀ।

''ਕੀ ਐ ਇਸ ਵਿਚ ?'' ਗੰਢਾਂ ਵੇਖ ਉਸ ਦੀਆਂ ਅੱਖਾਂ ਸੂਹੀਆਂ ਹੋ ਗਈਆਂ ਤੇ ਭਰਵੱਟੇ ਚੜ੍ਹ ਗਏ।

''ਅਸੀਂ ਅਸੀਸਾਂ ਤੋਂ ਬਿਨਾ ਕੀ ਦੇਣ ਜੋਗੇ ਹਾਂ ਹਜ਼ੂਰ....ਆਹ ਖਿੱਲਾਂ ਪਤਾਸੇ ਨੇ, ਆਹ ਬੱਚਿਆਂ ਲਈ ਮੋਮਬੱਤੀਆਂ....।''

ਮੋਮਬੱਤੀਆਂ ਦਾ ਨਾਂ ਸੁਣ ਕੇ ਰਾਮ ਦਿਆਲ ਦਾ ਸਾਰਾ ਗੁੱਸਾ ਖੰਭ ਲਾ ਗਿਆ। ਉਸ ਨੂੰ ਲੱਗਿਆ ਉਸ ਦੇ ਵਾਰਸਾਂ ਨੇ ਸੂਰਜ ਦੇ ਵਾਰਸਾਂ ਹੱਥ ਸੁਨੇਹਾ ਘਲਿਐ। ਪਰਨੇ ਨੂੰ ਉਸ ਨੇ ਮੱਥੇ ਨਾਲ ਲਾਇਆ, ਚੁੰਮਿਆ ਤੇ ਹਾਰ ਜਿਹਾ ਬਣਾ ਕੇ ਗਲ ਵਿਚ ਲਟਕਾ ਲਿਆ। ਖਿੱਲਾਂ ਪਤਾਸਿਆਂ ਵਿਚ ਸੁਦਾਮਾ ਦੇ ਸਤੂਆਂ ਵਰਗੀ ਮਹਿਕ ਹੀ ਤਾਂ ਸੀ।

ਉਸ ਦਾ ਮੁਰਝਾਇਆ ਚਿਹਰਾ ਖਿਲ ਉਠਿਆ। ਉਸ ਨੂੰ ਲੱਗਿਆ ਉਸ ਦੀ ਤਪੱਸਿਆ ਚਾਨਣ ਨੂੰ ਕੁੱਲੀਆਂ ਵਿਚ ਝਾਤ ਮਾਰਨ ਲਈ ਮਜਬੂਰ ਕਰ ਰਹੀ ਹੈ।

ਅੱਜ ਕਿਧਰੇ ਘਾਚੀ ਤੇ ਪਿਆਰਾ ਹੁੰਦੇ ਤਾਂ ਫੁੱਲੇ ਨਾ ਸਮਾਉਂਦੇ। ਉਹ ਨਹੀਂ ਤਾਂ ਕੀ, ਉਹਨਾਂ ਦਾ ਵਾਰਸ ਤਾਂ ਜਿਉਂਦਾ ਜਾਗਦਾ ਹੈ। ਉਹਨਾਂ ਦੀ ਜਲਾਈ ਜੋਤ ਝਖੜਾਂ ਤੋਂ ਬਚਾਉਂਦਾ ਆ ਰਿਹੈ। ਉਹ ਇਸ ਨੂੰ ਆਂਚ ਵੀ ਨਹੀਂ ਆਉਣ ਦੇਵੇਗਾ ਜਿੰਨਾ ਚਿਰ ਇਸ ਜੋਤ ਦੀ ਰੋਸ਼ਨੀ ਕੁੱਲੀ ਕੁੱਲੀ ਅਤੇ ਵਿਹੜੇ ਵਿਹੜੇ ਉਹਨਾਂ ਦੇ ਅਸਲੀ ਵਾਰਸਾਂ ਤੱਕ ਪੁੱਜ ਨਹੀਂ ਜਾਂਦੀ।

ਹਥਲਾ ਝੋਲਾ ਉਸ ਨੂੰ ਬੋਝਲ ਬੋਝਲ ਲੱਗਿਆ। ਆਪਣਾ ਬੋਝ ਲਾਹ ਕੇ ਉਸ ਨੇ ਸਾਧੂ ਦੇ ਮੋਢੇ 'ਤੇ ਲਟਕਾ ਦਿੱਤਾ। ਉਹ ਜਾਵੇ ਤੇ ਇਸ ਦਾ ਇਕ ਇਕ ਕਿਣਕਾ ਕਰਕੇ ਵਿਹੜੇ ਵਿਚਲੇ ਰਾਮੂਆਂ ਵਿਚ ਵੰਡ ਦੇਵੇ।

ਤੇ ਉਹ ਆਪ ਸਾਧੂਆਂ ਵਲੋਂ ਮੋਢਿਆਂ 'ਤੇ ਲਟਕਾਈ ਜ਼ਿੰਮੇਵਾਰੀਆਂ ਦੀ ਪੰਡ ਨੂੰ ਸੰਭਾਲਦਾ ਲੰਬੀਆਂ ਲੰਬੀਆਂ ਪੁਲਾਂਘਾਂ ਭਰਦਾ, ਕੋਠੀ ਵਲ ਵਧਣ ਲੱਗਿਆ।

(9)

LAAM

# ਖ਼ਾਨਾ ਪੂਰੀ

ਬੁੱਧ ਸਿੰਘ ਬੜਾ ਪਰੇਸ਼ਾਨ ਸੀ। ਮਹੀਨੇ ਦਾ ਆਖਰੀ ਦਿਨ ਆ ਵੀ ਟਪਕਿਆ ਸੀ ਪਰ ਉਸ ਨਿਮਾਣੇ ਤੋਂ ਹਾਲੇ ਤਕ ਆਪਣੇ ਕੋਟੇ ਦਾ ਇਕ ਵੀ ਕੇਸ ਨਹੀਂ ਸੀ ਫੜਿਆ ਗਿਆ।

ਐਸ.ਐਸ.ਪੀ. ਸਖ਼ਤ ਤਾੜਨਾ ਉਸ ਦੇ ਕੰਨਾਂ ਵਿਚ ਗੂੰਜ ਰਹੀ ਸੀ ਅਤੇ ਅੰਦਰੋਂ ਅੰਦਰ ਘੁਣ ਵਾਂਗ ਖਾਈ ਜਾ ਰਹੀ ਸੀ। ਜਥੇਦਾਰਾਂ ਦੀਆਂ ਮਿੰਨਤਾਂ ਤਰਲੇ ਕਰਕੇ ਮਸਾਂ ਉਸ ਨੇ ਕੈਨੇਡਾ ਵਰਗੇ ਇਸ ਥਾਣੇ ਦੀ ਬਦਲੀ ਕਰਾਈ ਸੀ। ਜੇ ਅੱਜ ਦੀ ਕੋਈ ਕੇਸ ਨਾ ਫੜਿਆ ਗਿਆ ਤਾਂ ਨੋਟਾਂ ਦੀ ਇਹ ਖਾਨ ਹੱਥੋਂ ਖੁੱਸ ਜਾਣੀ ਸੀ। ਪੁਲਿਸ ਲਾਈਨ ਦੀਆਂ ਰੁੱਖੀਆਂ ਰੋਟੀਆਂ, ਸਾਰੀ ਸਾਰੀ ਰਾਤ ਦਾ ਪਹਿਰਾ ਅਤੇ ਸਖ਼ਤ ਪਰੇਡ ਬਾਰੇ ਸੋਚ ਸੋਚ ਉਸ ਨੇ ਕੰਬਣੀ ਛਿੜ ਜਾਂਦੀ।

ਇਹ ਨਹੀਂ ਕਿ ਸਾਰਾ ਮਹੀਨਾ ਹੀ ਉਹ ਪੈਸੇ ਬਣਾਉਣ ਵਿਚ ਲੱਗਾ ਰਿਹਾ ਸੀ। ਪਿਛਲਾ ਸਾਰਾ ਹਫਤਾ ਤਾਂ ਉਸ ਨੇ ਥਾਣੇ ਦੇ ਅਠਤਾਲੀ ਦੇ ਅਠਤਾਲੀ ਪਿੰਡਾਂ ਦੀ ਖਾਕ ਛਾਨਣ 'ਤੇ ਲਾਇਆ ਸੀ। ਥਾਣੇ ਲਟਕਾਈ ਲਿਸਟ ਦੇ ਹਰ ਬਲੈਕੀਏ ਅਤੇ ਅਮਲੀ 'ਤੇ ਉਹ ਰੇਡ ਕਰ ਚੁੱਕਾ ਸੀ। ਮਾੜੀ ਕਿਸਮਤ ! ਇਕ ਵੀ ਅਜਿਹਾ ਕੇਸ ਨਹੀਂ ਸੀ ਲੱਭਾ ਜਿਹੜਾ ਐਫ.ਆਈ.ਆਰ. ਰਜਿਸਟਰ ਦਾ ਮੂੰਹ ਦੇਖ ਸਕੇ।

ਇਸ ਥਾਣੇ 'ਚ ਉਹ ਨਵਾਂ ਨਵਾਂ ਬਦਲ ਕੇ ਆਇਆ ਸੀ, ਇਸ ਲਈ ਸ਼ਾਇਦ ਡਰਦਾ ਕੋਈ ਮੁਖ਼ਬਰੀ ਨਹੀਂ ਸੀ ਕਰਦਾ। ਜਿਹੜੇ ਪੰਜ ਚਾਰ ਮੁਖ਼ਬਰ ਉਸ ਨੇ ਸ਼ਿੰਗਾਰੇ ਸਨ, ਨਸ਼ਾ-ਪੱਤਾ ਲੈ ਕੇ ਅਜਿਹੇ ਤਿੱਤਰ ਹੋਏ ਕਿ ਅੱਜ ਤਕ ਦਿਖਾਈ ਨਹੀਂ ਸਨ ਦਿੱਤੇ। ਇਸ ਮੁਸੀਬਤ 'ਚ ਸ਼ਿੰਦੇ ਨੇ ਹੀ ਉਸ ਨੂੰ ਆਸ ਦੀ ਕਿਰਨ ਦਿਖਾਈ ਸੀ। ਉਹ ਵਿਚਾਰਾ ਦਿਨ ਰਾਤ ਇਕ ਕਰਕੇ ਮਸਾਂ ਸੁੰਦਰ ਦੇ ਭੁੱਕੀ ਵੇਚਣ ਦੀ ਸੂਹ ਕੱਢ ਸਕਿਆ ਸੀ।

ਉਸੇ ਸੁੰਦਰ ਨੂੰ ਫੜਨ ਦੀਆਂ ਯੋਜਨਾਵਾਂ ਬਣਾਉਂਦਾ ਉਹ ਸਾਰੀ ਰਾਤ ਪਾਸੇ ਪਰਤਦਾ ਰਿਹਾ। ਡਰਦਾ ਰਿਹਾ ਕਿਧਰੇ ਕੋਈ ਹੋਰ ਈ ਰੇਡ ਨਾ ਮਾਰ ਦੇਵੇ। ਕਿਧਰੇ ਕੋਈ ਪੁਲਸੀਆ ਹੀ ਸੁੰਦਰ ਨੂੰ ਭੇਤ ਦੇ ਆਵੇ। ਸਾਰੀ ਰਾਤ ਜਾਗਦਾ ਰਿਹਾ ਅਤੇ ਪੀਰਾਂ ਫ਼ਕੀਰਾਂ ਨੂੰ ਧਿਆਉਂਦਾ ਰਿਹਾ।

ਸਵੇਰੇ ਉਠਦਿਆਂ ਹੀ ਨਹਾ ਧੋ ਕੇ ਪਾਠ ਕੀਤਾ। ਵਰਦੀ ਕੱਸੀ। ਦੋ ਵਫਾਦਾਰ ਸਿਪਾਹੀਆਂ ਨੂੰ ਨਾਲ ਲੈ ਕੇ ਤਾਰਿਆਂ ਦੀ ਛਾਵੇਂ ਛਾਵੇਂ ਹੀ ਸੁੰਦਰ ਦੇ ਕੋਠਿਆਂ ਵੱਲ ਕੂਚ ਕਰ ਦਿੱਤਾ।

ਸ਼ਿੰਦੇ ਤੋਂ ਉਸ ਨੂੰ ਬਹੁਤ ਆਸ ਨਹੀਂ ਸੀ। ਲੱਗਦਾ ਸੀ ਐਵੇਂ ਵੀਹ ਰੁਪਏ ਦੇ ਲਾਲਚ 'ਚ ਉਸ ਨੂੰ ਭਰਮਾ ਲਿਆ ਸੀ। ਨਹੀਂ ਇਹ ਕਿਵੇਂ ਹੋ ਸਕਦੈ ਕਿ ਸੁੰਦਰ ਸ਼ਰੇਆਮ ਭੁੱਕੀ ਵੇਚਦਾ ਰਹੇ ਅਤੇ ਉਸ ਨੂੰ ਹਾਲੇ ਤਕ ਕਿਸੇ ਨੇ ਫੜਿਆ ਨਾ ਹੋਵੇ। ਫੇਰ ਵੀ ਕਿਸੇ ਆਸ ਦਾ ਬੱਝਾ ਉਹ ਤੁਰ ਆਇਆ ਸੀ।



ਸੁੰਦਰ ਦੇ ਕੋਠੇ 'ਚੋਂ ਨਿਕਲਦੇ ਵੜਦੇ ਅਮਲੀਆਂ ਦੀ ਡਾਰ ਦੇਖ ਕੇ ਖ਼ੁਸ਼ੀ ਉਸ ਤੋਂ ਸਾਂਭੀ ਨਾ ਗਈ। ਉਹ ਚਾਹੁੰਦਾ ਤਾਂ ਪੰਜ ਚਾਰ ਅਮਲੀਆਂ ਨੂੰ ਘੇਰ ਕੇ ਆਪਣੇ ਕੋਟੇ ਦੇ ਕੇਸ ਪੂਰੇ ਕਰ ਸਕਦਾ ਸੀ। ਪਰ ਉਸ ਨੇ ਜੜ੍ਹ ਨੂੰ ਹੀ ਹੱਥ ਪਾਉਣਾ ਠੀਕ ਸਮਝਿਆ। ਨਾਲੇ ਕੇਸ ਬਣਾਏਗਾ, ਨਾਲੇ ਸੁੰਦਰ ਤੋਂ ਮੋਟੀ ਫੀਸ ਲਏਗਾ।

ਸੁੰਦਰ ਦੇ ਕੋਠਿਆਂ 'ਚ ਪੁੱਜ ਕੇ ਨਾਲ ਦੇ ਸਿਪਾਹੀਆਂ ਨੇ ਉਸ ਨੂੰ ਘੂਰਿਆ। ਸੁੰਦਰ ਨੂੰ ਫੜਨ ਦਾ ਕੀ ਮਤਲਬ ? ਉਹ ਥਾਣੇਦਾਰ ਦਾ ਮੁਖ਼ਬਰ ਹੈ ਅਤੇ ਹਿੱਸੇਦਾਰ ਵੀ। ਜੇ ਬੁੱਧ ਸਿੰਘ ਥਾਣੇ ਹੀ ਦੱਸ ਦਿੰਦਾ ਉਹ ਕਾਸ ਨੂੰ ਲੱਤਾਂ ਤੁੜਾਉਂਦੇ। ਬੁੱਧ ਸਿੰਘ ਨੇ ਉਹਨਾਂ ਦੀ ਤਾੜਨਾ ਦੀ ਕੋਈ ਪਰਵਾਹ ਨਹੀਂ ਕੀਤੀ।

''ਹਿੱਸੇਦਾਰੀ ਦਾ ਮਤਲਬ ਹੁੰਦੈ ਅਗਲਾ ਲੁਕ ਛਿਪ ਕੇ ਕੰਮ ਕਰੇ। ਪੁਲਿਸ ਦੇ ਹੱਥ ਨਾ ਆਵੇ। ਰੰਗੇ ਹੱਥੀਂ ਫੜੇ ਜਾਣ 'ਤੇ ਛੱਡਣ ਦਾ ਠੇਕਾ ਨਹੀਂ ਹੁੰਦਾ।'' ਬੁੱਧ ਸਿੰਘ ਨੇ ਹਿੱਸੇਦਾਰੀ 'ਤੇ ਛੋਟਾ ਜਿਹਾ ਭਾਸ਼ਨ ਝਾੜਿਆ ਅਤੇ ਸੁੰਦਰ ਨੂੰ ਅੱਗੇ ਲਾ ਲਿਆ।

ਹੋਇਆ ਉਹੋ ਜੋ ਸਿਪਾਹੀ ਕਹਿੰਦੇ ਸਨ। ਉਹ ਤਾਂ ਟੁੱਟੇ ਜਿਹੇ ਸਾਈਕਲ 'ਤੇ ਕੁਇੰਟਲ ਦੀ ਦੇਹ ਨੂੰ ਧੂੰਹਦਾ ਹਾਲੇ ਸ਼ਹਿਰ ਦੇ ਦਰਵਾਜ਼ੇ ਤੱਕ ਵੀ ਨਹੀਂ ਸੀ ਪੁੱਜਿਆ ਕਿ ਸੁੰਦਰ ਦੀ ਵੈਲੀ ਪੁੱਤ ਨਵੇਂ ਮੋਟਰ ਸਾਈਕਲ ਉਤੇ ਸੀਟੀਆਂ ਮਾਰਦੇ ਥਾਣੇ ਵੀ ਅੱਪੜ ਗਏ।

''ਓਏ ਤੈਨੂੰ ਆਪਣਾ ਮੁਕਬਰ ਹੀ ਥਿਆਇਆ ਸੀ ਫੜਨ ਨੂੰ। ਹੋਰ ਅਠਤਾਲੀ ਪਿੰਡ ਮਰ ਮੁੱਕ ਗਏ। ਆਹ ਬੋਰੀ ਜੀ ਚੁੱਕ ਕੇ ਮਾਲ-ਖ਼ਾਨੇ 'ਚ ਰੱਖ ਦੇ ਫੇਰ ਕੰਮ ਆਜੂ। ਇਨੂੰ ਜਾਣਦੇ ਪਰ੍ਹੇ''

ਥਾਣੇ ਵੜਦਿਆਂ ਹੀ ਕੁਰਸੀ ਤੋਂ ਬੁੜ੍ਹਕ ਬੁੜ੍ਹਕ ਉਠਦੇ ਥਾਣੇਦਾਰ ਨੇ ਉਹਨੂੰ ਝਾੜ ਪਾਈ।

ਬੁੱਧ ਸਿੰਘ ਨੇ ਚੋਰ ਅੱਖ ਨਾਲ ਦੇਖਿਆ, ਸੁੰਦਰ ਮਲਕੜੇ ਜਿਹੇ ਥਾਣੇਦਾਰ ਦੇ ਬਰਾਬਰ ਪਈ ਕੁਰਸੀ 'ਤੇ ਬੈਠ ਚੁੱਕਾ ਸੀ। ਉਸ ਦੇ ਮੁੰਡੇ ਨਾਲੇ ਗਰਮ ਗਰਮ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ ਨਾਲੇ ਮੁੱਛਾਂ ਨੂੰ ਵੱਟ ਦੇ ਰਹੇ ਸਨ।

ਬੁੱਧ ਸਿੰਘ ਦਾ ਚਿਹਰਾ ਭਖਣ ਲੱਗਾ। ਲੱਖ ਯਤਨ ਕਰਨ 'ਤੇ ਵੀ ਉਹ ਆਪਣੀਆਂ ਕੰਬਦੀਆਂ ਲੱਤਾਂ ਨੂੰ ਰੋਕ ਨਾ ਸਕਿਆ। ਮੱਥੇ 'ਤੇ ਟਪਕੀਆਂ ਪਸੀਨੇ ਦੀਆਂ ਬੂੰਦਾਂ ਘਰਾਲ ਬਣ ਕੇ ਉਸ ਦੀ ਧੌਣ ਤਕ ਅੱਪੜ ਗਈਆਂ।

ਬਿਟਰ ਬਿਟਰ ਤੱਕਦੀਆਂ ਉਸ ਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਨੇ ਥਾਣੇਦਾਰ ਨੂੰ ਮਹੀਨੇ ਦਾ ਆਖਰੀ ਦਿਨ ਹੋਣ ਦੀ ਯਾਦ ਦੁਆਈ।

ਸੁੰਦਰ ਨੇ ਉਸ ਦੀਆਂ ਸਵਾਲੀਆਂ ਅੱਖਾਂ 'ਤੇ ਰਹਿਮ ਖਾਧਾ। ਉਹ ਸਮਗਲਰ ਜ਼ਰੂਰ ਸੀ ਪਰ ਮਤਲਬੀ ਨਹੀਂ। ਆਪਣੇ 'ਤੇ ਹੋਏ ਅਹਿਸਾਨਾਂ ਦਾ ਬਦਲਾ ਉਸ ਨੇ ਤੁਰਤ ਫੁਰਤ ਹੀ ਲਾਹ ਦਿੱਤਾ। ਮਲਕੜੇ ਜਿਹੇ ਉਸ ਨੇ ਥਾਣੇਦਾਰ ਦੇ ਕੰਨ ਵਿਚ ਫੂਕ ਮਾਰੀ ਅਤੇ ਥਾਣੇਦਾਰ ਨੇ ਹੌਲਦਾਰ ਦੇ।

''ਜਾ ਚੁੱਕ ਲਿਆ ਮੰਗੂ ਨੂੰ, ਤੂਤਾਂ ਵਾਲੇ ਖੂਹ 'ਤੇ ਭੱਠੀ ਲਾਈ ਬੈਠੇ। ਦੇਖਿਆ ਮੁਖ਼ਬਰੀ। ਨਾਲੇ

ਆਪਣੇ ਭੱਠੀਆਂ ਦੇ ਕੇਸ ਘੱਟ ਨੇ। ਡੋਡਿਆਂ ਦਾ ਤਾਂ ਪਹਿਲਾਂ ਹੀ ਟਰੱਕ ਫੜੀ ਬੈਠੇ ਹਾਂ।''

ਥਾਣੇਦਾਰ ਨੇ ਉਸ ਦੀ ਪਿੱਠ ਵੀ ਥਾਪੜੀ ਤੇ ਘੁੱਟ ਕੇ ਹਿੱਕ ਨਾਲ ਵੀ ਲਾਇਆ।

ਬਾਗੋ ਬਾਗ ਹੋਏ ਬੁੱਧ ਸਿੰਘ ਦੀਆਂ ਅੱਖਾਂ ਚੀਤੇ ਵਾਂਗ ਚਮਕ ਉੱਠੀਆਂ। ਪਸੀਨਾ ਪੂੰਝ ਕੇ ਪਰ੍ਹਾਂ ਸੁੱਟਿਆ ਅਤੇ ਸਾਈਕਲਾਂ ਦੇ ਮੂੰਹ ਤੂਤਾਂ ਵਾਲੇ ਖੂਹ ਵਲ ਮੋੜ ਲਏ।

ਤਾਜ਼ੇ ਲਾਹਣ ਦੀ ਮਿੰਨ੍ਹੀ ਮਿੰਨ੍ਹੀ ਖ਼ੁਸ਼ਬੂ ਵਾਲੇ ਹਵਾ ਦੇ ਪਹਿਲੇ ਬੁੱਲੇ ਨੇ ਹੀ ਬੁੱਧ ਸਿੰਘ ਨੂੰ ਨਸ਼ਿਆ ਦਿੱਤਾ। ਸਿਪਾਹੀਆਂ ਨੇ ਬੁੱਲ੍ਹਾਂ 'ਤੇ ਜੀਭ ਫੇਰੀ। ਪਹਿਲੇ ਤੋੜ ਦੀ ਗਰਮ ਗਰਮ ਸ਼ਰਾਬ ਪੀਂਦਿਆਂ ਜਿਵੇਂ ਯੁੱਗ ਹੀ ਬੀਤ ਗਏ ਸਨ।

ਮੋਟਰ ਵਾਲੇ ਕੋਠੇ 'ਚ ਵੜ੍ਹਦਿਆਂ ਹੀ ਸਿਪਾਹੀ ਮੰਗੂ ਦੀਆਂ ਵੀਹ ਵੀਹ ਲੀਟਰ ਦੀਆਂ ਕੇਨੀਆਂ ਉਪਰ ਝਪਟ ਪਏ। ਪੁਰਾਣੇ ਸਿਪਾਹੀ ਨੇ ਟੈਸਟ ਨਾਲ ਹੀ ਸਾਰ ਲਿਆ ਪਰ ਨਵੇਂ ਤੋਂ ਰਹਿ ਨਾ ਹੋਇਆ। ਝਿਜਕਣੋ ਨੇ ਉਸ ਨੇ ਟੀਨ ਦੇ ਡੱਬੇ ਨਾਲ ਹੀ ਲੌਂਗ ਲੈਚੀਆਂ ਵਾਲੀ ਸ਼ਰਾਬ ਦੇ ਦੋ ਵੱਡੇ ਸਾਰੇ ਪੈਗ ਅੰਦਰ ਸੁੱਟ ਲਏ।

ਮੰਗੂ ਨੇ ਬਥੇਰੇ ਮਿੰਨਤਾਂ ਤਰਲੇ ਕੀਤੇ, ਸ਼ਰਾਬ ਜਾਂ ਭੱਠੀ ਨਾਲ ਉਸ ਦਾ ਕੋਈ ਵਾਸਤਾ ਨਹੀਂ। ਇਹ ਤਾਂ ਪਿੰਡ ਦੇ ਸਰਪੰਚ ਨੇ ਲਗਵਾਈ ਸੀ। ਉਸ ਨੇ ਵੀ ਕਿਹੜਾ ਵੇਚਣੀ ਸੀ। ਉਹ ਤਾਂ ਅਗਲੇ ਮਹੀਨੇ ਪਿੰਡ ਹੋਣ ਵਾਲੀ ਸਿਆਸੀ ਪਾਰਟੀ ਦੇ ਇਜਲਾਸ ਦੀ ਤਿਆਰੀ ਕਰ ਰਿਹਾ ਸੀ।

''ਤੇਰੇ ਸਰਪੰਚ ਨੂੰ ਵੀ ਸਮਝ ਲੂੰਗਾ ਮੈਂ। ਉਹ ਵੀ ਜੁਰਮ ਦਾ ਭਾਗੀ ਹੈ।'' ਬੁੱਧ ਸਿੰਘ ਆਪਣੀਆਂ ਨਿੱਕੀਆਂ ਨਿੱਕੀਆਂ ਮੁੱਛਾਂ ਨੂੰ ਤਾਅ ਦਿੱਤਾ ਅਤੇ ਦੋ ਚਾਰ ਉਹਦੀ ਧੌਣ ਵਿਚ ਜੜ ਦਿੱਤੀਆਂ।

ਕੰਬਦੇ ਕੰਬਦੇ ਮੰਗੂ ਨੇ ਚਾਦਰੇ ਦੀ ਡੱਬ 'ਚੋਂ ਕੱਢ ਕੇ ਵੀਹ ਵੀਹ ਦੇ ਨੋਟਾਂ ਦੀਆਂ ਪੰਜ ਚਾਰ ਬਤੀਆਂ ਉਸ ਦੀ ਜੇਬ ਵਿਚ ਅੜਾਉਣ ਦੀ ਕੋਸ਼ਿਸ਼ ਕੀਤੀ। ਬੁੱਧ ਸਿੰਘ ਨੇ ਇਕੋ ਝਟਕੇ ਨਾਲ ਨੋਟਾਂ ਨੂੰ ਧਰਤੀ 'ਤੇ ਬਿਖੇਰ ਦਿੱਤਾ। ਸਿਪਾਹੀਆਂ ਦਾ ਜੀਅ ਲਲਚਾਇਆ। ਬੁੱਧ ਸਿੰਘ ਦੀਆਂ ਅੱਖਾਂ 'ਚ ਵਰਸਦੀ ਅੱਗ ਦੇਖ ਕੇ ਉਹ ਦੜ ਵੱਟ ਗਏ। ਚਲੋ ਵੀਹ ਵੀਹ ਲੀਟਰ ਵਾਲੀ ਸ਼ਰਾਬ ਹੀ ਬਹੁਤ ਹੈ। ਨਾਲੇ ਹਫਤਾ ਰੱਜ ਰੱਜ ਪੀਣਗੇ, ਨਾਲੇ ਸੌ ਸੌ ਦੀ ਵੇਚਣਗੇ। ਬੁੱਧ ਸਿੰਘ ਲਿਖਾ-ਪੜ੍ਹੀ ਕਰਦਾ ਰਿਹਾ। ਉਹ ਪਿੱਪਲ ਹੇਠਾਂ ਬੈਠੇ ਹਿੱਸੇ ਪਾਉਂਦੇ ਰਹੇ।

ਬੁੱਧ ਸਿੰਘ ਨੂੰ ਸਮਝ ਨਾ ਆਈ ਕਿ ਘੰਟੇ ਵਿਚ ਹੀ ਥਾਂ ਥਾਂ ਤਾਰਾਂ ਕਿਵੇਂ ਖੜਕ ਗਈਆਂ। ਉਸ ਨੇ ਹਾਲੇ ਲਿਖਾ-ਪੜ੍ਹੀ ਪੂਰੀ ਵੀ ਨਹੀਂ ਸੀ ਕੀਤੀ ਕਿ ਡੀ.ਐਸ.ਪੀ. ਦਾ ਅਰਦਲੀ ਰੁੱਕਾ ਲੈ ਕੇ ਆ ਧਮਕਿਆ।

''ਐਮ.ਐਲ.ਏ. ਆਪਣੇ ਸਾਹਿਬ ਕੋਲ ਬੈਠਾ। ਸਾਹਿਬ ਦਾ ਹੁਕਮ ਹੈ ਉਸ ਨੂੰ ਬਿਨਾ ਪੁੱਛੇ ਕੋਈ ਕਾਰਵਾਈ ਨਾ ਕੀਤੀ ਜਾਵੇ।''

ਬੁੱਧ ਸਿੰਘ ਨਿਆਣਾ ਨਹੀਂ ਸੀ ਬਈ ਸਮਝ ਨਾ ਸਕੇ ਕਿ ਕੀ ਹੁਕਮ ਮਿਲਣ ਵਾਲਾ ਹੈ ? ਹਰਖੇ ਹੌਲਦਾਰ ਨੇ ਠੁੱਡਾ ਮਾਰ ਕੇ ਸਾਰਾ ਸਾਮਾਨ ਇਧਰ ਉਧਰ ਖਿੰਡਾ ਦਿੱਤਾ। ਟੁੱਟਾ ਸਾਈਕਲ ਮੁੜ ਸਾਹਿਬ





ਦੀ ਕੋਠੀ ਦਾ ਰਸਤਾ ਨਾਪਣ ਲੱਗਾ।

''ਬੇਟਾ ਤੂੰ ਇਸ ਹਲਕੇ 'ਚ ਨਵਾਂ ਨਵਾਂ ਆਇਐਂ। ਪਹਿਲਾਂ ਬੰਦਾ ਪਰਖ ਲਈਦੈ, ਫੇਰ ਹੱਥ ਪਾਈਦੈ।''

ਬੁੱਢੇ ਸਾਹਿਬ ਨੇ ਉਹਨੂੰ ਧੀਆਂ ਪੁੱਤਾਂ ਵਾਂਗ ਸਮਝਾਇਆ।

ਇਕ ਵਾਰ ਫੇਰ ਜਦੋਂ ਹੱਥ ਝਾੜ ਕੇ ਉਹ ਥਾਣੇ ਵੜਿਆ ਤਾਂ ਸੂਰਜ ਸਿਰ 'ਤੇ ਚੜ੍ਹ ਆਇਆ ਸੀ। ਤੀਹ ਚਾਲੀ ਕਿਲੋਮੀਟਰ ਸਾਈਕਲ ਚਲਾ ਕੇ ਉਸ ਦੇ ਗੋਡਿਆਂ ਦਾ ਦਰਦ ਤੇਜ਼ ਹੋ ਚੱਲਿਆ ਸੀ।

ਮੁਨਸ਼ੀ ਦੀ ਰਿਪੋਰਟ ਤਿਆਰ ਸੀ। ਉਸ ਵਾਲਾ ਖ਼ਾਨਾ ਹੀ ਖ਼ਾਲੀ ਸੀ।

ਥੱਕਿਆ ਹਾਰਿਆ ਉਹ ਖੂੰਜੇ 'ਚ ਪਏ ਵਾਣ ਦੇ ਮੰਜੇ 'ਚ ਢੇਰ ਹੋ ਗਿਆ। ਹੁਣ ਤਕ ਜੋ ਕੁਝ ਉਸ ਨਾਲ ਵਾਪਰਿਆ ਸੀ ਉਸ ਤੋਂ ਉਸ ਨੂੰ ਯਕੀਨ ਹੋ ਗਿਆ ਸੀ ਕਿ ਕੱਲ੍ਹ ਉਸ ਨੂੰ ਪੁਲਿਸ ਲਾਈਨ ਹਾਜ਼ਰ ਹੋਣਾ ਹੀ ਪੈਣਾ ਸੀ।

''ਆ ਉਸਤਾਦ ਦੁਪਹਿਰ ਵਾਲੀ ਗੱਡੀ ਚੈੱਕ ਕਰੀਏ। ਇਸ ਗੱਡੀ 'ਚੋਂ ਕਈ ਵਾਰ ਭਈਏ ਅਫੀਮ ਲੈ ਕੇ ਉਤਰਦੇ ਨੇ। ਕੀ ਪਤਾ ਐ ਰੱਬ ਸੁਣ ਲਵੇ।''

ਇਕ ਬੁੱਢੇ ਸਿਪਾਹੀ ਨੇ ਉਸ ਨੂੰ ਕੱਚੀ ਨੀਂਦ 'ਚੋਂ ਉਠਾਇਆ, ਉਹ ਡਰ ਜਿਹਾ ਗਿਆ। ਇਕ ਵਾਰ ਦਿਲ ਕੀਤਾ ਚੁੱਪ ਕਰਕੇ ਘੇਸਲ ਵੱਟੀ ਰੱਖੇ। ਉਹ ਕੇਸ ਨਹੀਂ ਫੜ ਸਕਦਾ। ਹੋ ਸਕਦੈ ਨਾਲ ਦੇ ਤਫਤੀਸ਼ੀਆਂ ਦੀ ਹੀ ਕੋਈ ਚਾਲ ਹੋਵੇ। ਸੋਚਦੇ ਹੋਣਗੈ ਦਫਾ ਹੋਊ, ਪਰ ਦਫਾ ਹੋ ਕੇ ਪੁਲਿਸ ਲਾਈਨ ਜਾਣ ਦੇ ਡਰ ਨੇ ਉਹਨੂੰ ਤਾਕਤ ਬਖਸ਼ੀ ਤੇ ਉਹ ਇਕ ਵਾਰ ਫੇਰ ਤਿਆਰ ਹੋ ਗਿਆ।

ਬਿਨਾ ਵਰਦੀ ਉਹ ਸਟੇਸ਼ਨ ਦੀ ਗਸ਼ਤ ਕਰਨ ਲੱਗੇ।

ਬੁੱਢੇ ਸਿਪਾਹੀ ਦੀਆਂ ਤਜਰਬੇਕਾਰ ਅੱਖਾਂ ਨੇ ਕਰਾਮਾਤ ਦਿਖਾਈ। ਪਹਿਲੇ ਹੀ ਭਈਏ ਦੇ ਪੀਪੇ 'ਚੋਂ ਉਸ ਨੇ ਤਿੰਨ ਕਿਲੋ ਅਫੀਮ ਕੱਢ ਲਈ।

ਭਈਏ ਨੇ ਟੁੱਟੀ ਭੱਜੀ ਪੰਜਾਬੀ ਬੋਲ ਕੇ ਜ਼ਿਲ੍ਹੇ ਦੇ ਨਾਮੀ ਸਮਗਲਰ ਦਾ ਕਰਿੰਦਾ ਹੋਣ ਦਾ ਰੋਹਬ ਪਾਇਆ। ਬੁੱਧ ਸਿੰਘ ਦੀਆਂ ਨਸਾਂ ਕੱਸੀਆਂ ਗਈਆਂ। ਭਈਏ ਦੇ ਮੌਰਾਂ 'ਚ ਡੰਡੇ ਵਰਸਾ ਕੇ ਉਸ ਨੇ ਸਮਗਲਰ ਦਾ ਸਵਾਗਤ ਕੀਤਾ।

''ਉਸਤਾਦ ਅਫੀਮ ਅਸਲੀ ਹੈ। ਪੂਰੇ ਤਿੰਨ ਹਜ਼ਾਰ ਦੀ ਵਿਕ ਸਕਦੀ ਹੈ, ਜਿਸ ਨੂੰ ਮਰਜ਼ੀ ਦੇ ਦੇਵੋ।'' ਇਕ ਸਿਪਾਹੀ ਨੇ ਭੋਰਾ ਕੁ ਅਫੀਮ ਮੂੰਹ 'ਚ ਪਾ ਕੇ ਅਫੀਮ ਦੀ ਤਾਰੀਫ ਕੀਤੀ।

ਭਈਆ ਵੀ ਘੱਟ ਤਜਰਬੇਕਾਰ ਨਹੀਂ ਸੀ। ਪੇਸ਼ਾਬ ਦੇ ਬਹਾਨੇ ਉਹ ਬੁੱਢੇ ਸਿਪਾਹੀ ਨੂੰ ਇਕ ਪਾਸੇ ਲੈ ਗਿਆ।

ਜਦੋਂ ਉਹ ਵਾਪਸ ਆਇਆ ਸਿਪਾਹੀ ਦੀ ਜੇਬ ਵਿਚ ਦੋ ਹਜ਼ਾਰ ਦੇ ਨੋਟਾਂ ਦੀ ਗੁੱਟੀ ਸੀ।

''ਤਿੰਨ ਦੀ ਅਫੀਮ। ਦੋ ਨਕਦ। ਬਣ ਗਈ ਦਿਹਾੜੀ ਉਸਤਾਦ।''

ਸਿਪਾਹੀ ਨੇ ਜੇਬ ਦਾ ਢੱਕਣ ਚੁੱਕ ਕੇ ਬੁੱਧ ਸਿੰਘ ਨੂੰ ਲਕਸ਼ਮੀ ਦੇ ਦਰਸ਼ਨ ਕਰਾਏ। ਭਈਏ ਦੇ ਦੋ ਚਾਰ ਪੋਲੇ ਪੋਲੇ ਥੱਪੜੇ ਜੜੇ। ਹੌਲਦਾਰ ਤੋਂ ਬਿਨਾ ਪੁੱਛੇ ਭਈਏ ਨੂੰ ਭੱਜ ਜਾਣ ਅਤੇ ਮੁੜ ਇਸ ਸ਼ਹਿਰ ਨਾ ਵੜਨ ਦਾ ਹੁਕਮ ਵੀ ਸੁਣਾ ਦਿੱਤਾ।

''ਓਏ ਛੋਟਾ ਮੋਟਾ ਮੁਕੱਦਮਾ ਤਾਂ ਬਣਾ ਈ ਦਿੰਦੇ। ਸ਼ਾਮ ਨੂੰ ਕੀ ਰਿਪੋਰਟ ਦੇਵਾਂਗੇ। ਸਾਰੇ ਤਫਤੀਸ਼ੀਆਂ ਦੇ ਕੋਟੇ ਨਾਲੋਂ ਵੱਧ ਕੇਸ ਫੜੇ ਹੋਏ ਨੇ। ਮੈਂ ਈ ਰਹਿਨਾ।''

ਹੌਲਦਾਰ ਦੋ-ਚਿੱਤੀ 'ਚ ਸੀ। ਨਾ ਉਸ ਦਾ ਦਿਲ ਘਰ ਆਈ ਮਾਇਆ ਨੂੰ ਮੋੜਨ ਨੂੰ ਕਰਦਾ ਸੀ ਅਤੇ ਨਾ ਹੀ ਬਿਨਾ ਕੇਸ ਬਣਾਏ ਮੁਲਜ਼ਮ ਨੂੰ ਛੱਡਣ ਦਾ।

''ਜੇ ਇਹਨੂੰ ਥਾਣੇ ਲੈ ਜਾਂਦੇ ਤਾਂ ਸਾਡੀ ਪੋਲ ਨਾ ਖੁੱਲ੍ਹ ਜਾਂਦੀ ? ਹਰ ਕਿਸੇ ਨੇ ਹਿੱਸਾ ਮੰਗਣਾ ਸੀ। ਹੋ ਸਕਦਾ ਕਿਸੇ ਅਫ਼ਸਰ ਦਾ ਟੈਲੀਫੂਨ ਈ ਆ ਜਾਂਦਾ। ਜਦੋਂ ਦਾ ਨਵਾਂ ਕਾਨੂੰਨ ਬਣਿਐ ਅਗਲੇ ਦੀ ਜਾਨ ਨਿਕਲ ਜਾਂਦੀ ਐ ਜਦੋਂ ਕੁਸ ਫੜਿਆ ਜਾਂਦਾ। ਦਸ ਸਾਲ ਕੈਦ ਅਤੇ ਇਕ ਲੱਖ ਜੁਰਮਾਨਾ ਕੋਈ ਮਖੌਲ ਨਹੀਂ।''

ਸਿਪਾਹੀ ਨੇ ਸਫਾਈ ਪੇਸ਼ ਕੀਤੀ।

''ਕੇਸ ਵੀ ਫੜਾ ਦਿੰਨੇ ਆਂ। ਚਲੋ ਫੇਰ ਸਾਂਸੀਆਂ ਦੀਆਂ ਕੁੱਲੀਆਂ ਵੱਲ ਚੱਲੀਏ। ਉਥੇ ਹੋਊ ਤੇਰੀ ਖ਼ਾਨਾ ਪੂਰੀ।''

ਕੁਝ ਕੁ ਸੋਚ ਕੇ ਸਿਪਾਹੀ ਨੇ ਤਰਕੀਬ ਸੋਚੀ।

ਝੱਟ ਆਪਣਾ ਸ਼ਿਕਾਰ ਲੱਭਣ ਉਹ ਕੁੱਲੀਆਂ ਵੱਲ ਹੋ ਗਏ।

''ਓਏ ਆ ਓਏ ਧੰਨਿਆ। ਆਹ ਲੈ ਪੰਜਾਹ ਦਾ ਨੋਟ ਤੇ ਐਥੇ ਲਾ ਦੇ ਅੰਗੂਠਾ ! ਆਹ ਸਰਦਾਰ ਨਵਾਂ ਆਇਐ। ਇਕ ਛੋਟਾ ਜਾ ਕੇਸ ਚਾਹੀਦੈ। ਕਚਹਿਰੀ 'ਚ ਤੇਰਾ ਇਕਬਾਲ ਕਰਾ ਦਿਆਂਗੇ। ਖਰਚਾ ਵੀ ਸਾਰਾ ਅਸੀਂ ਕਰਾਂਗੇ।''

ਢਾਬ 'ਤੇ ਖੜੇ ਧੰਨੇ ਨੂੰ ਅਵਾਜ਼ ਮਾਰ ਕੇ ਬੁੱਢੇ ਸਿਪਾਹੀ ਨੇ ਪੰਜਾਹ ਦਾ ਨੋਟ ਦਿਖਾਇਆ।

''ਨਾ ਬਈ ਸਰਦਾਰਾ। ਪਿਛਲੀ ਵਾਰੀ ਵੱਡੇ ਸਰਦਾਰ ਨੇ ਇਉਂ ਹੀ ਆਖਿਆ ਸੀ। ਪਿਛੋਂ ਪੰਜਾਹ ਬੋਤਲਾਂ ਦਾ ਕੇਸ ਬਣਾ ਤਾ। ਹੁਣ ਤਕ ਤਰੀਕਾਂ ਪੈਂਦੀਆਂ....। ਨਾਲੇ ਮੈਂ ਤਾਂ ਵਿਆਹ ਜਾਣੈ।''

ਟਾਲੇ ਲਾਉਂਦਾ ਧੰਨਾ ਲੰਬੀਆਂ ਪੁਲਾਂਘਾਂ ਪੁੱਟਦਾ ਕੁੱਲੀ 'ਚ ਜਾ ਵੜਿਆ।

ਪਤਾ ਨਹੀਂ ਸਾਂਸੀਆਂ ਨੂੰ ਕੀ ਸੱਪ ਸੁੰਘ ਗਿਆ ਸੀ। ਅੱਗੇ ਤਾਂ ਕਦੇ ਕਿਸੇ ਨੇ ਜਵਾਬ ਨਹੀਂ ਸੀ ਦਿੱਤਾ। ਅੱਜ ਨਾ ਤਾਂ ਧੰਨੇ 'ਤੇ ਪੰਜਾਹ ਦੇ ਨੋਟ ਦਾ ਅਸਰ ਹੋਇਆ ਨਾ ਸ਼ੀਸ਼ੇ ਵਾਂਗ ਚਮਕਦੀ ਅਫ਼ੀਮ ਨੱਥੂ ਨੂੰ ਭਰਮਾ ਸਕੀ।

ਉਲਟਾ ਕੁੱਲੀਆਂ 'ਚ ਘੁਸਰ ਮੁਸਰ ਹੋਣ ਲੱਗ ਪਈ। ਕਦੀ ਮੁੰਡੇ ਖੁੰਡੇ ਅਤੇ ਬੁੱਢੇ ਠੇਰੇ ਉਹਨਾਂ



ਨੰਬਰਦਾਰ ਦੇ ਘਰੇ ਇਕੱਠੇ ਹੁੰਦੇ ਦੇਖੇ।

''ਇਥੋਂ ਜਾਉ ਬਈ ਸਰਦਾਰੋ। ਅਸੀਂ ਹੁਣ ਇਹ ਧੰਦਾ ਨਹੀਂ ਕਰਨਾ। ਕੋਈ ਹੋਰ ਥਾਂ ਲੱਭੋ।''

ਅਖੀਰ ਨੰਬਰਦਾਰ ਨੇ ਉਹਨਾਂ ਨੂੰ ਸੌ ਦੀ ਇਕ ਸੁਣਾਈ।

''ਅਸੀਂ ਫੇਰ ਦੂਜੇ ਲੋਟ ਵੀ ਲੈ ਲਾਂਗੇ।'' ਹਰਖੇ ਬੁੱਧ ਸਿੰਘ ਨੇ ਆਖਰੀ ਵਾਰ ਕੀਤਾ।

''ਦੂਜਾ ਲੋਟ ਸਾਨੂੰ ਵੀ ਆਉਂਦੇ। ਜਿਸ ਦਿਨ ਕਿਸੇ ਨੇ ਜੁਰਮ ਕੀਤਾ, ਜੀਅ ਸਦਕੇ ਕੇਸ ਬਣਾ ਦਿਉ। ਅਸੀਂ ਝੂਠੇ ਕੇਸ ਨਹੀਂ ਭੁਗਤਣੇ।'

ਦੇਖਦੇ ਦੇਖਦੇ ਇਕ ਇਕ ਕਰਕੇ ਜੁੜਦੇ ਨੌਜਵਾਨਾਂ ਨੇ ਨੰਬਰਦਾਰ ਪਿਛੇ ਦੀਵਾਰ ਜਿਹੀ ਬਣਾ ਲਈ।

ਬੁੱਢੇ ਸਿਪਾਹੀ ਦੇ ਪਾਰਖੂ ਕੰਨਾਂ ਨੇ ਕੁੱਲੀਆਂ ਵਿਚ ਛਣਕਦੇ ਤਕਲੇ, ਦਾਤੀਆਂ ਅਤੇ ਖੁਰਪਿਆਂ ਦੀਆਂ ਅਵਾਜ਼ਾਂ ਸੁਣੀਆਂ।

''ਆਪਾਂ ਬਿਨਾ ਵਰਦੀ ਤੋਂ ਆਂ। ਕੋਈ ਪੰਗਾ ਨਾ ਪੈ ਜੇ। ਜ਼ਰੂਰ ਇਥੇ ਉਹ ਸਿਰ ਫਿਰੇ ਡਰਾਮਾ ਖੇਡ ਗਏ ਹੋਣਗੇ ਜਿਹੜੇ ਇਹ ਇਉਂ ਚਬਰ ਚਬਰ ਬੋਲਦੇ ਨੇ। ਪਹਿਲਾਂ ਵੀ ਇਹਨਾਂ ਨੇ ਇਕ ਵਾਰ ਥਾਣੇਦਾਰ 'ਤੇ ਹਮਲਾ ਕੀਤਾ ਸੀ। ਪਿਛੋਂ ਕਿਸੇ ਭੜੂਏ ਨੇ ਨਹੀਂ ਪੁੱਛਣਾ। ਅਫ਼ਸਰ ਵੀ ਇਹਨਾਂ ਦਾ ਹੀ ਪੱਖ ਲੈਣਗੇ।''

ਉਸ ਨੇ ਇਸ਼ਾਰੇ ਨਾਲ ਬੁੱਧ ਸਿੰਘ ਨੂੰ ਸਮਝਾਇਆ। ਦਿਲ ਬੁੱਧ ਸਿੰਘ ਦਾ ਵੀ ਹੇਠਾਂ ਉਪਰ ਹੋ ਰਿਹਾ ਸੀ। ਟੱਕਰ ਟਾਲ ਕੇ ਉਹਨਾਂ ਸੁੱਖ ਦਾ ਸਾਹ ਲਿਆ।

ਪਰਛਾਵੇਂ ਲੰਬੇ ਹੋ ਚੱਲੇ ਸਨ। ਸੂਰਜ ਦੀਆਂ ਆਖਰੀ ਕਿਰਨਾਂ ਨੂੰ ਦੇਖ ਕੇ ਹੌਲਦਾਰ ਨੂੰ ਯਕੀਨ ਹੋ ਗਿਆ ਇਸ ਥਾਣੇ ਵਿਚ ਉਸ ਦੇ ਵੀ ਗਿਣਵੇਂ ਘੰਟੇ ਰਹਿੰਦੇ ਸਨ।

ਗਰਦਨ ਸੁੱਟੀ ਕੀੜੀ ਦੀ ਤੋਰ ਤੁਰਦੇ ਉਹ ਥਾਣੇ ਵੱਲ ਵਧਣ ਲੱਗੇ। ਬੁੱਧ ਸਿੰਘ ਦੀ ਥਾਣੇ ਜਾਣ ਨੂੰ ਵੱਢੀ ਰੂਹ ਵੀ ਨਹੀਂ ਸੀ ਕਰਦੀ। ਵਾਰ ਵਾਰ ਉਹ ਪਛਤਾ ਰਿਹਾ ਸੀ। ਉਸ ਨੂੰ ਲਾਲਚ ਨਹੀਂ ਸੀ ਕਰਨਾ ਚਾਹੀਦਾ। ਭਈਏ 'ਤੇ ਕੇਸ ਬਣਾਉਣਾ ਚਾਹੀਦਾ ਸੀ। ਪੈਸੇ ਦਾ ਕੀ ਸੀ ? ਸਾਰਾ ਮਹੀਨਾ ਹੀ ਕਮਾਈ ਕਰਨੀ ਸੀ। ਐਵੇਂ ਸਿਪਾਹੀਆਂ ਦੀਆਂ ਗੱਲਾਂ ਵਿਚ ਆ ਗਿਆ ਇਹਨਾਂ ਦਾ ਕੀ ਐ ? ਪੈਸਿਆਂ ਨਾਲ ਜੇਬਾਂ ਭਰ ਲਈਆਂ। ਕੋਈ ਪੁੱਛ ਨਹੀਂ ਪੜਤਾਲ ਨਹੀਂ। ਉਹਨਾਂ ਦੀ ਜੂਨ ਬੁਰੀ ਹੈ। ਜੇ ਇਕ ਮਹੀਨੇ ਵੀ ਕੇਸ ਨਾਲ ਫੜਿਆ ਜਾਵੇ ਤਾਂ ਚਲੋ ਲਾਈਨ ਹਾਜ਼ਰ।

ਬੇਧਿਆਨੇ ਜਿਹੇ ਬੁੱਧ ਸਿੰਘ ਦਾ ਹੱਥ ਨੋਟਾਂ ਵਾਲੀ ਜੇਬ ਨਾਲ ਟਕਰਾਇਆ। ਨੋਟਾਂ ਦਾ ਥੱਬਾ ਸੀ ਪਰ ਖ਼ੁਸ਼ੀ ਦਾ ਕਿਣਕਾ ਵੀ ਨਹੀਂ ਸੀ। ਜੇ ਕਿਧਰੇ ਇਹ ਕੱਬਾ ਸਾਹਿਬ ਉੱਪਰ ਨਾ ਬੈਠਾ ਹੁੰਦਾ ਤਾਂ ਓ.ਏ.ਐਸ.ਆਈ. ਬਰਾਂਚ ਵਾਲਿਆਂ ਨੂੰ ਇਕ ਸੌ ਦਾ ਨੋਟ ਬਥੇਰਾ ਸੀ। ਉਹਨਾਂ ਸਾਰੀ ਦੀ ਸਾਰੀ ਰਿਪੋਰਟ ਹਜ਼ਮ ਕਰ ਜਾਣੀ ਸੀ। ਇਹ ਪਤਾ ਨਹੀਂ ਕਿਹੋ ਜਿਹੇ ਬੀਜ ਦਾ ਪੈਦਾਇਸ਼ ਸੀ, ਅੱਖਰ ਅੱਖਰ ਆਪ ਦੇਖਦਾ ਸੀ। ਮਜਾਲ ਏ ਇਕ ਕੇਸ ਵੀ ਘੱਟ ਰਹਿ ਜਾਏ।

ਹੱਡਾ-ਰੋੜੀ ਦੀ ਬੂ ਨੇ ਉਹਦਾ ਧਿਆਨ ਉਖੇੜਿਆ। ਪੱਗ ਦਾ ਲੜ ਮੂੰਹ ਦੁਆਲੇ ਲਪੇਟ ਕੇ ਉਸ ਨੇ ਦੂਰ ਤਕ ਨਜ਼ਰ ਦੌੜਾਈ। ਗਿਰਝਾਂ ਕਿਸੇ ਕਈ ਦਿਨਾਂ ਦੇ ਮਰੇ ਗਧੇ ਦੀਆਂ ਹੱਡੀਆਂ ਨੋਚ ਰਹੀਆਂ ਸ.।

''ਸਾਲੀਆਂ ਨੂੰ ਗਧਾ ਈ ਖਾਣਦ ਨੂੰ ਥਿਆਇਐ।''

ਦੋ ਚਾਰ ਗਾਲ੍ਹਾਂ ਕੱਢ ਕੇ ਬੁੱਧ ਸਿੰਘ ਨੇ ਸਾਈਕਲ ਤੇਜ਼ ਕਰ ਲਿਆ।

ਹਾਲੀਂ ਵੀਹ ਕਰਮਾਂ ਵੀ ਨਹੀਂ ਸੀ ਟੱਪੇ ਕਿ ਮਿਊਂਸਪਲਟੀ ਵਲੋਂ ਲਾਏ ਗੰਦ ਦੇ ਢੇਰ 'ਤੇ ਲੜਦੇ ਦੋ ਮੁੰਡਿਆਂ ਨੂੰ ਵੇਖ ਕੇ ਉਸ ਦੇ ਸਾਈਕਾਲ ਦੀ ਸਪੀਡ ਮੱਧਮ ਪੈ ਗਈ।

ਉਹਨਾਂ ਵਿਚੋਂ ਬਾਰ੍ਹਾਂ ਕੁ ਸਾਲ ਦਾ, ਫਟੀ ਜਿਹੀ ਕਛਨੀ ਵਾਲਾ ਘੋਨ-ਮੋਨ ਮੁੰਡਾ ਕੁਝ ਜ਼ਿਆਦਾ ਹੀ ਤੇਜ਼ ਸੀ। ਆਪਣੀ ਬਗਲੀ ਪਰ੍ਹਾ ਵਗਾਹ ਕੇ ਉਸ ਨੇ ਆਪਣਾ ਖੁਰਦਰਾ ਖੱਬਾ ਹੱਥ ਆਪ ਤੋਂ ਅੱਧਾ ਫੁੱਟ ਉੱਚੇ ਮੁੰਡੇ ਦੀਆਂ ਬੋਦੀਆਂ ਨੂੰ ਪਾ ਲਿਆ ਸੀ। ਬੋਦੀਆਂ ਵਾਲੇ ਮੁੰਡੇ ਦੇ ਸਰੀਰ 'ਤੇ ਲਟਕਦਾ ਇਕੋ ਇਕ ਕੁੜਤਾ ਲੀਰੋ-ਲੀਰ ਹੋਇਆ ਪਿਆ ਸੀ। ਸ਼ਾਇਦ ਇਸ ਘੋਨੇ ਨੇ ਹੀ ਕੀਤਾ ਸੀ। ਮੋਰੀਆਂ ਥਾਈਂ ਚਮਕਦੇ ਕਾਲੇ ਸਰੀਰ 'ਤੇ ਨਹੁੰਦਰਾਂ ਦੇ ਨਿਸ਼ਾਨ ਸਾਫ ਦਿਖਾਈ ਦੇਣ ਲੱਗੇ ਸਨ। ਘੱਟ ਕਾਲਾ ਵੀ ਨਹੀਂ ਸੀ। ਉਸ ਨੇ ਆਪਣਾ ਸੱਜਾ ਹੱਥ ਘੋਨੇ ਦੀ ਕਛਨੀ ਦੇ ਨਾਲੇ 'ਚ ਅੜਾ ਲਿਆ ਸੀ। ਹੋਰ ਉਹ ਕੀ ਕਰਦਾ, ਨਾ ਉਸ ਦੇ ਸਿਰ 'ਤੇ ਕੋਈ ਵਾਲ ਸੀ ਤੇ ਨਾ ਤੇੜ ਕੋਈ ਹੋਰ ਕਪੜਾ। ਖ਼ਾਲੀ ਬਚਦਾ ਇਕ ਇਕ ਹੱਥ ਉਹਨਾਂ ਦੋਹਾਂ ਨੇ ਮੋਮੀ ਕਾਗ਼ਜ਼ ਨੂੰ ਆਪਣੇ ਆਪਣੇ ਵੱਲ ਖਿੱਚਣ 'ਚ ਲਾਇਆ ਹੋਇਆ ਸੀ ਜਿਸ ਕਾਰਨ ਉਹਨਾਂ ਦਾ ਮਹਾਭਾਰਤ ਛਿੜਿਆ ਸੀ।

ਖ਼ਾਕੀ ਪੱਗਾਂ ਅਤੇ ਲਾਲ ਬੂਟਾਂ ਵਾਲਿਆਂ ਨੇ ਦੇਖ ਕੇ ਉਹ ਸਹਿਮ ਗਏ। ਘੋਨੇ ਨੇ ਕਾਗ਼ਜ਼ ਵਾਲਾ ਹੱਥ ਪਿੱਛੇ ਖਿੱਚ ਲਿਆ। ਕਾਲੇ ਦੀ ਪਕੜ ਵੀ ਢਿੱਲੀ ਪੈ ਗਈ। ਹਵਾ ਦਾ ਹਲਕਾ ਜਿਹਾ ਬੁੱਲਾ ਕਾਗ਼ਜ਼ ਨੂੰ ਉਡਾ ਕੇ ਹੱਡਾ-ਰੋੜੀ ਵੱਲ ਲੈ ਤੁਰਿਆ।

ਅੱਖ ਬਚਾਅ ਕੇ ਉਹ ਖਿਸਕਣ ਹੀ ਲੱਗੇ ਸਨ ਕਿ ਬੁੱਧ ਸਿੰਘ ਦੀ ਕੜਕਦੀ ਆਵਾਜ਼ ਨੇ ਉਹਨਾਂ ਨੂੰ ਕੰਬਾ ਦਿੱਤਾ।

''ਕਿਧਰ ਭਜਦੇ ਓ ਭੈਣ ਦਿਓ ਯਾਰੋ ? ਕਿਹੜੀ ਚੋਰੀ ਦਾ ਮਾਲ ਵੰਡਦੇ ਸੀ ?''

ਬੁੱਢਾ ਸਿਪਾਹੀ ਝੱਟ ਬੁੱਧ ਸਿੰਘ ਦੀ ਸਕੀਮ ਸਮਝ ਗਿਆ। ਉਸ ਨੇ ਨਾਲ ਦੇ ਸਿਪਾਹੀ ਨੂੰ ਅੱਖ ਮਾਰੀ। ਤਿੰਨਾਂ ਨੇ ਰਲ ਕੇ ਉਹਨਾਂ ਨੂੰ ਘੇਰਾ ਪਾ ਲਿਆ।

''ਕੁਝ ਨੀ ਜੀ। ਅਸੀਂ ਤਾਂ ਢਿਹਾਂ ਦੇ ਮੁੰਡੇ ਆਂ। ਕੱਚ ਤੇ ਲੀਰਾਂ ਚੁਕਦੇ ਆਂ। ਆਹ ਮੋਮੀ ਕਾਗ਼ਜ਼ ਮੈਨੂੰ ਲੱਭਾ ਸੀ। ਇਹ ਆਖਦੈ ਮੇਰਾ।''

ਘੋਲੇ ਅੱਖਾਂ 'ਤੇ ਜੰਮੀ ਧੂੜ ਨੂੰ ਸੱਜੀ ਬਾਂਹ ਨਾਲ ਪੂੰਝਦਿਆਂ ਤਰਲਾ ਕੀਤਾ। ਕੰਬਦੀਆਂ ਲੱਤਾਂ 'ਤੇ ਉਸ ਤੋਂ ਖੜੋਇਆ ਨਹੀਂ ਸੀ ਜਾ ਰਿਹਾ।

'ਹੂੰ ਦੰਗਾ ਫਸਾਦ ਵੀ ਕਰਦੇ ਸੀ। ਸਾਲੇ, ਕੁੱਤੇ, ਹਰਾਮੀ। ਨੂੜ ਓਏ ਧਿਆਨ ਸਿਆਂ ਇਹਨਾਂ



ਨੂੰ। ਥੋੜਾ ਜਾ ਫੈਂਟਾ ਚਾੜ੍ਹਿਆ ਆਪੇ ਬਕ ਪੈਣਗੇ ਸਾਰਾ ਕੁਸ।''

''ਸਾਡੀ ਕਾਹਦੀ ਲੜਾਈ ਆ। ਅਸੀਂ ਤਾਂ ਸਕੇ ਭਾਈ ਆਂ। ਸਾਰਾ ਕਾਗ਼ਜ਼ ਇਹਨੂੰ ਦੇ ਦੋ।'' ਹੱਥ ਜੋੜ ਕੇ ਹੌਲਦਾਰ ਦੇ ਪੈਰਾਂ ਵਲ ਝੁਕਦੇ ਕਾਲੇ ਨੇ ਵੀ ਤਰਲਾ ਲਿਆ।

''ਪਰ੍ਹਾਂ ਮਰ ਕਿਵੇਂ ਬੂ ਮਾਰਦੀ ਏ ਪਾਂ ਵਾਲੇ ਕੁੱਤੇ ਵਾਂਗੂੰ। ਥਾਣੇ ਜਾ ਕੇ ਦੇਖਾਂਗੇ।'' ਬੁੱਧ ਸਿੰਘ ਨੇ ਬੋਦੀਆਂ ਤੋਂ ਫੜ ਕੇ ਉਸ ਨੂੰ ਝਟਕਾਇਆ।

''ਅਸੀਂ ਹੁਣ ਕਦੇ ਨੀ ਲੜਦੇ। ਥਾਣੇ ਨਾਲ ਲਿਜਾਉ। ਮੇਰੀ ਭਾਵੇਂ ਸਾਰੀ ਬਗਲੀ ਇਹਨੂੰ ਦੇ ਦਿਉ।'' ਘੋਨਾ ਬੁੱਢੇ ਸਿਪਾਹੀ ਅੱਗੇ ਗਿੜਗਿੜਾਇਆ।

ਬੁੱਢੇ ਸਿਪਾਹੀ ਦੇ ਕਰਾਰੇ ਥੱਪੜਾਂ ਨੇ ਉਹਦੀ ਜ਼ਬਾਨ ਬੰਦ ਕਰ ਦਿੱਤੀ।

ਮੁੜ ਸਾਰੇ ਰਾਹ ਉਹਨਾਂ ਵਿਚੋਂ ਕਿਸੇ ਦੀ ਵੀ ਸਾਹ ਕੱਢਣ ਦੀ ਹਿੰਮਤ ਨਾ ਪਈ।

''ਕਿਧਰ ਤੁਰ ਗਏ ਸੀ ਬਈ ? ਮੈਂ ਰਿਪੋਰਟ ਭੇਜਣੋਂ ਬੈਠਾਂ। ਇਕੱਲਾ ਤੇਰਾ ਖ਼ਾਨਾ ਖ਼ਾਲੀ ਰਹਿੰਦੈ।''

ਥਾਣੇ ਵੜਦਿਆਂ ਹੀ ਮੁਨਸ਼ੀ ਨੇ ਬੁੱਧ ਸਿੰਘ 'ਤੇ ਅਹਿਸਾਨ ਵੀ ਕੀਤਾ ਅਤੇ ਰੋਹਬ ਵੀ ਝਾੜਿਆ।

ਖਾਨਾ ਭਰਨ ਲਈ ਤਾਂ ਟੱਕਰਾਂ ਮਾਰਦੇ ਫਿਰਦੇ ਸੀ। ਚੱਲ ਭਰ ਦੇਹ ਮੇਰਾ ਖਾਨਾ ਵੀ। ਦੋ ਕੇਸ। ਉਹ ਵੀ ਨਵੇਂ ਐਕਟ ਦੇ। ਇਕ ਤਿੰਨ ਕਿਲੋ ਅਫੀਮ ਦਾ। ਇਕ ਚਾਲੀ ਕਿਲੋ ਡੋਡਿਆਂ ਦਾ।''

ਹਿੱਕ ਫੁਲਾ ਕੇ ਬੁੱਧ ਸਿੰਘ ਨੇ ਨਿੱਗਰ ਹੱਥ ਮੁਨਸ਼ੀ ਦੇ ਮੋਢਿਆਂ 'ਤੇ ਰੱਖਿਆ।

ਹੈਰਾਨ ਹੋਏ ਮੁਨਸ਼ੀ ਦੀਆਂ ਤਫਤੀਸ਼ੀ ਅੱਖਾਂ ਨੇ ਥਾਣੇ ਦਾ ਮੁਆਇਨਾ ਕੀਤਾ। ਬੈਰਕਾਂ ਹਵਾਲਾਤ ਸਭ ਖ਼ਾਲੀ ਪਏ ਸਨ। ਦੂਰ ਨੁੱਕਰ 'ਚ ਬੈਠੇ ਦੋ ਢਹੇ ਕੰਬ ਜ਼ਰੂਰ ਰਹੇ ਸਨ। ਸਿਪਾਹੀਆਂ ਨੇ ਉਹਨਾਂ ਦੀਆਂ ਬਗਲੀਆਂ ਫਰੋਲ ਲਈਆਂ ਸਨ। ਟੁੱਟੇ ਭੱਜੇ ਲੋਹੇ ਅਤੇ ਕੱਚ ਲੀਰਾਂ ਦੇ ਦੋ ਛੋਟੇ ਜਿਹੇ ਢੇਰ ਨਿਕਲੇ ਸਨ ਉਹਨਾਂ ਵਿਚੋਂ, ਉਹਨਾਂ ਨੇ ਤਾਂ ਸ਼ਾਇਦ ਅਫੀਮ ਡੋਡਿਆਂ ਦਾ ਕਦੇ ਨਾ ਵੀ ਨਾ ਸੁਣਿਆ ਹੋਵੇ।

''ਮੁਲਜ਼ਮ ਕਿਥੇ ਐ ਬਈ ?''

''ਉਹ ਬੈਠੇ ਦਿੱਸਦੇ ਨੀ। ਸਾਲੇ ਭੁੱਖੇ ਮਰਦੇ ਰੂੜੀਆਂ ਤੋਂ ਗੰਦ ਚੁਕਦੇ ਫਿਰਦੇ ਐ। ਦਸ ਬਾਰ੍ਹਾਂ ਸਾਲ ਜੇਲ੍ਹ 'ਚ ਰਹਿ ਕੇ ਸੁਰਤ ਆ ਜੂ। ਵਧੀਆ ਖਾਣਗੇ। ਵਧੀਆ ਪਹਿਨਣਗੇ। ਟੀ.ਵੀ. ਮੁਫਤ 'ਚ।''

ਆਖਦਾ ਬੁੱਧ ਸਿੰਘ ਮਿੰਨ੍ਹਾ ਮਿੰਨ੍ਹਾ ਮੁਸਕਰਾਇਆ। ਝੱਟ ਹੀ ਉਸ ਨੂੰ ਆਪਣੀ ਮੁਸਕਰਾਹਟ ਫੋਕੀ ਜਿਹੀ ਲੱਗੀ। ਸ਼ਰਮਸਾਰ ਜਿਹਾ ਹੋ ਕੇ ਚੁੱਪ ਕਰ ਗਿਆ।

ਚਾਰੇ ਪਾਸੇ ਹਨੇਰਾ ਫੈਲ ਚੁੱਕਾ ਸੀ ਕਦੇ ਕਦੇ ਦੂਰ ਰੋਂਦੇ ਕੁੱਤੇ ਦੀ ਅਵਾਜ਼ ਸੁਣਾਈ ਦੇਣ ਲੱਗੀ ਸੀ।

ਉਦਾਸ ਹੋਏ ਮੁਨਸ਼ੀ ਨੇ ਜ਼ਾਬਤਾ ਪੂਰਾ ਕਰਨ ਲਈ ਮੁੰਡਿਆਂ ਦੀ ਤਲਾਸ਼ੀ ਲਈ। ਕੋਈ ਇਤਰਾਜ਼ ਯੋਗ ਚੀਜ਼ ਤਾਂ ਨਹੀਂ ? ਨਹੀਂ ਕਬਜ਼ੇ ਵਿਚ ਲੈਣ ਵਾਲਾ ਕੁਝ ਵੀ ਨਹੀਂ ਸੀ। ਨਾ ਪੈਸਾ ਨਾ ਧੇਲਾ ਨਾ ਗਹਿਣਾ ਗੱਟਾ।

ਬੂਦਾਰ ਬਗਲੀਆਂ ਚੁਕਵਾ ਦੇ ਉਹਨੇ ਛੱਪੜ ਵਿਚ ਸੁਟਵਾ ਦਿੱਤੀਆਂ। ਨਵੇਂ ਕਾਨੂੰਨ ਮੁਤਾਬਕ ਉਹਨਾਂ ਵਰਗੇ ਬੰਦਿਆਂ ਦਾ ਜਮਾਨਤ 'ਤੇ ਆਉਣਾ ਜਾਂ ਬਰੀ ਹੋਣਾ ਖਾਲਾ ਜੀ ਦਾ ਵਾੜਾ ਨਹੀਂ ਸੀ।

ਬੁਝੇ ਬੁਝੇ ਮਨ ਨਾਲ ਉਸ ਨੇ ਦੋ ਫਟੇ ਜਿਹੇ ਕੰਬਲ ਉਹਨਾਂ ਦੇ ਹਵਾਲੇ ਕੀਤੇ ਅਤੇ ਭਾਰੇ ਭਾਰੇ ਕਦਮਾਂ ਨਾਲ ਹਵਾਲਾਤ ਦਾ ਦਰਵਾਜ਼ਾ ਖੋਲ੍ਹਿਆ।

ਰਿਪੋਰਟ ਤਿਆਰ ਕੀਤੀ ਅਤੇ ਧੀਮੀ ਧੀਮੀ ਅਵਾਜ਼ ਵਿਚੋਂ ਵਾਇਰਲੈਸ ਸੈੱਟ ਉਪਰ ਪੜ੍ਹਾ ਦਿੱਤੀ।

ਵਿਹਲਾ ਹੋ ਕੇ ਉਹ ਵੀ ਬੁੱਧ ਸਿੰਘ ਕੋਲ ਜਾ ਬੈਠਾ ਜਿਹੜਾ ਪਹਿਲਾਂ ਹੀ ਪਹਿਲੇ ਤੋੜ ਦੀ ਅੱਧੀ ਬੋਤਲ ਡਕਾਰ ਚੁੱਕਾ ਸੀ।

ਬੁੱਧ ਸਿੰਘ ਦੀ ਨਿਗਾਹ ਹਵਾਲਾਤ 'ਚ ਤਾੜੇ ਘੋਨੇ ਐਤ ਕਾਲੇ 'ਤੇ ਟਿਕੀ ਹੋਈ ਸੀ। ਬਾਹਾਂ 'ਚ ਬਾਹਾਂ ਪਾਈ, ਇਕ ਦੂਜੇ ਨਾਲ ਚਿਪਕੇ ਉਹ ਅਸਮਾਨ ਵੱਲ ਇਉਂ ਤੱਕ ਰਹੇ ਸਨ ਜਿਵੇਂ ਕਿਸੇ ਕਿਆਮਤ ਨੂੰ ਹਾਕਾਂ ਮਾਰ ਰਹੇ ਹੋਣ।

ਉਹਨਾਂ ਦੀਆਂ ਅੱਖਾਂ ਵਿਚ ਤੱਕ ਕੇ ਬੁੱਧ ਸਿੰਘ ਨੂੰ ਝਟਕਾ ਜਿਹਾ ਲੱਗਾ। ਇਕ ਦਮ ਉਸ ਦਾ ਸਾਰਾ ਨਸ਼ਾ ਉਤਰ ਗਿਆ। ਉਸ ਦਾ ਦਿਲ ਕੀਤਾ ਉਹ ਪਿੰਜਰਾ ਖੋਲ੍ਹ ਦੇਵੇ ਅਤੇ ਇਹਨਾਂ ਘੁੱਗੀਆਂ ਨੂੰ ਅਸਮਾਨ 'ਚ ਉਡਾਰੀਆਂ ਲਾਉਣ ਦੇਵੇ।

ਝੱਟ ਹੀ ਲਾਈਨ ਹਾਜ਼ਰ ਦੇ ਖ਼ਿਆਲ ਨੇ ਉਸ ਦੇ ਡਰਦੇ ਮਨ ਨੂੰ ਸੰਭਾਲਿਆ। ਸਾਰਾ ਧਿਆਨ ਉਸ ਨੇ ਖ਼ਾਲੀ ਗਲਾਸ ਵੱਲ ਮੋੜਿਆ।

''ਕਿਹੜੀਆਂ ਸੋਚਾਂ 'ਚ ਡੁੱਬ ਗਿਐਂ ? ਨਾ ਇਹ ਥਾਣੇਦਾਰ ਦੇ ਮੁਖ਼ਬਰ ਨੇ, ਨਾ ਸਰਪੰਚ ਦੇ ਕਰਿੰਦੇ। ਨਾ ਇਹ ਸਾਂਸੀਆਂ ਦੀ ਢਾਣੀ ਦੇ ਬੰਦੇ ਨੇ ਬਈ ਤੱਕਲੇ ਚੁੱਕ ਲੈਣਗੇ। ਇਹਨਾਂ ਘੁੱਗੂਆਂ ਤੋਂ ਕਾਹਦਾ ਡਰ !''

ਮੁਨਸ਼ੀ ਨੇ ਉਹਨੂੰ ਬਾਹੋਂ ਫੜ ਕੇ ਝੰਜੋੜਿਆ। ਖ਼ਾਲੀ ਗਲਾਸ ਭਰ ਕੇ ਉਹਦੇ ਅੱਗੇ ਕੀਤਾ।

''ਹਾਂ....ਹਾਂ....।'' ਆਖਦੇ ਹੌਲਦਾਰ ਨੇ ਮੁਨਸ਼ੀ ਦੇ ਗਲਾਸ ਨਾਲ ਗਲਾਸ ਖੜਕਾਇਆ ਅਤੇ ਇਕੋ ਸਾਹੇ ਸਾਰੀ ਕੌੜੀ ਘੁੱਟ ਭਰ ਲਈ।

ਸਚਮੁਚ ਉਸ ਨੂੰ ਕਾਹਦਾ ਡਰ ? ਉਹਦੀ ਖ਼ਾਨਾ ਪੂਰੀ ਹੋ ਗਈ ਸੀ। ਹੁਣ ਤਾਂ ਐਸ.ਐਸ.ਪੀ. ਉਸ ਵੱਲ ਝਾਕ ਵੀ ਨਹੀਂ ਸੀ ਸਕਦਾ।



# ਦਹਿਸ਼ਤਗਰਦ

ਚਾਰੇ ਪਾਸੇ ਛਾਏ ਸਨਾਟੇ ਤੋਂ ਨੱਥੂ ਅੰਦਾਜ਼ਾ ਲਾਈ ਬੈਠਾ ਸੀ ਕਿ ਰਾਤ ਆਪਣਾ ਜੋਬਨ ਹੰਢਾ ਰਹੀ ਹੈ।

ਕੋਈ ਦਰਦ ਨਾਲ ਤਰਲੋ-ਮੱਛੀ ਹੋ ਰਹੇ ਨੱਥੂ ਦੀਆਂ ਆਹਾਂ ਸੁਨਣ ਵਾਲਾ ਨਹੀਂ। ਸਾਰੇ ਦਾ ਸਾਰਾ ਟੱਬਰ ਘੋੜੇ ਵੇਚ ਕੇ ਸੌਂ ਗਿਆ ਲੱਗਦਾ।

ਘਰਾੜੇ ਮਾਰ ਮਾਰ ਗੁਆਂਢੀਆਂ ਦੇ ਜਵਾਕ ਡਰਾਉਣ ਨੂੰ ਉਹਦਾ ਵੀ ਦਿਲ ਕਰਦਾ ਹੈ। ਪਰ ਕੁੰਭਕਰਨੀ ਨੀਂਦ ਸੌਣ ਵਾਲਾ ਨੱਥੂ ਤਾਂ ਕਦੋਂ ਦਾ ਮਰ ਚੁੱਕਾ ਹੈ। ਬਿਗਾਨੇ ਸਾਹਾਂ ਤੇ ਜਿਊਣ ਵਾਲਾ ਇਹ ਕੜਬ ਦਾ ਟਾਂਡਾ ਤਾਂ ਹੁਣ ਨੀਂਦ ਦੇ ਇਕ ਇਕ ਟੂਲੇ ਟੂਲੇ ਲਈ ਕਈ ਕਈ ਰਾਤਾਂ ਕੜੀਆਂ ਬਾਲੇ ਗਿਣਦਾ ਹੈ।

ਭੁੱਲੇ ਚੁੱਕੇ ਕਦੇ ਅੱਖ ਝਪਕ ਵੀ ਜਾਏ ਤਾਂ ਹੋਰ ਵੀ ਕੜੀਆ ਹੋ ਜਾਂਦਾ ਹੈ। ਪੁਲਸੀਆਂ ਦੀਆਂ ਡਰਾਉਣੀਆਂ ਸ਼ਕਲਾਂ, ਪੁੱਠੇ ਸਿੱਧੇ ਲਮਾਉਣ ਦੀਆਂ ਧਮਕੀਆਂ ਅਤੇ ਮੁਸ਼ਤਵਿਆਂ ਦੀਆਂ ਚੀਕਾਂ ਤੋਂ ਡਰਦਿਆਂ ਉਹ ਮੰਜੇ ਤੋਂ ਬੁੜਕ ਬੁੜਕ ਪੈਂਦਾ ਹੈ। ਕਈ ਕਈ ਘੰਟੇ ਉਹਦਾ ਦਿਲ ਜ਼ੋਰ ਜ਼ੋਰ ਦੀ ਧੜਕਦਾ ਹੈ ਅਤੇ ਸਾਹ ਨਾਲ ਸਾਹ ਰਲਣੋਂ ਹਟ ਜਾਂਦਾ ਹੈ।

ਉਂਜ ਜਾਗਦਿਆਂ ਵੀ ਉਹ ਸੁੱਤਿਆਂ ਵਰਗਾ ਹੁੰਦਾ ਹੈ। ਬਿੰਦੇ ਝੱਟੇ ਦਰਵਾਜ਼ੇ ਤੇ ਹੁੰਦੀ ਦਸਤਕ ਦੇ ਝਉਲੇ ਪੁਲਿਸ ਦੇ ਡੰਡਿਆਂ ਵਾਂਗ ਉਹਦੇ ਜ਼ਿਹਨ 'ਤੇ ਸੱਟ ਮਾਰਦੇ ਹਨ।

ਇਕ ਨਹੀਂ, ਦੋ ਨਹੀਂ, ਪੂਰੀਆਂ ਤਿੰਨ ਤਿੰਨ ਦਸਤਕਾਂ ਉਹਦਾ ਪਿੱਛਾ ਕਰਦੀਆਂ ਹਨ।

ਕੁੱਤਿਆਂ ਦੇ ਰੋਣ ਦੀਆਂ ਅਵਾਜ਼ਾਂ ਉਸ ਰਾਤ ਵੀ ਇੰਨੀਆਂ ਹੀ ਭਿਆਨਕ ਸਨ ਜਿਸ ਰਾਤ ਚੰਨੀ ਨੇ ਪਹਿਲੀ ਦਸਤਕ ਕੀਤੀ ਸੀ।

ਨਿਧੜਕ ਹੋ ਕੇ ਉਹਨੇ ਦਰਵਾਜ਼ਾ ਇਉਂ ਖਟਖਟਾਇਆ ਸੀ ਜਿਵੇਂ ਇਸ ਘਰ ਦਾ ਪ੍ਰਾਹੁਣਾ ਹੋਵੇ। ਬਿਨਾ ਕਿਸੇ ਆਓ ਭਗਤ ਦੀ ਉਡੀਕ ਕਰੇ ਉਹ ਬੈਠਕ ਵਲ ਇਉਂ ਤੁਰ ਪਿਆ ਸੀ ਜਿਵੇਂ ਘਰ ਦਾ ਮਾਲਕ ਹੋਵੇ।

ਜਿੰਨਾ ਚਿਰ ਘਰ ਵਿਚ ਰਿਹਾ ਉਹ ਆਪਣਾ ਹੁਕਮ ਚਲਾਉਂਦਾ ਰਿਹਾ। ਬੱਤੀ ਨਹੀਂ ਜਲਾਉਣੀ। ਧੰਨੋ ਨੂੰ ਨਹੀਂ ਜਗਾਉਣਾ। ਚਾਹ ਪਾਣੀ ਲਈ ਉਸ ਕੋਲ ਵਕਤ ਨਹੀਂ।

ਵਿਹਲਾ ਤਾਂ ਨੱਥੂ ਵੀ ਨਹੀਂ ਸੀ। ਕੱਚੀ ਨੀਂਦ ਉਠਣ ਕਰਕੇ ਉਬਾਸੀ ਤੇ ਉਬਾਸੀ ਆ ਰਹੀ ਸੀ। ਦੋ ਸਿਫਟਾਂ ਵਿਚ ਕੰਮ ਕਰਨ ਕਰਕੇ ਉਹਦਾ ਅੰਗ ਅੰਗ ਟੁੱਟ ਰਿਹਾ ਸੀ। ਅਗਲੀ ਸ਼ਿਫਟ ਸ਼ੁਰੂ

ਹੋਣ ਵਿਚ ਸਾਰੇ ਤਿੰਨ ਘੰਟੇ ਰਹਿੰਦੇ ਸਨ। ਨੀਂਦ ਪੂਰੀ ਨਾ ਹੋਈ ਤਾਂ ਕਈਆਂ ਸਾਥੀਆਂ ਵਾਂਗ ਉਹ ਵੀ ਹੱਥ ਪੈਰ ਕਟਾ ਸਕਦਾ ਸੀ।

ਕਾਹਲੀ ਕਾਹਲੀ ਵਿਚ ਨੌਜਵਾਨ ਨੇ ਇਕ ਛੋਟਾ ਜਿਹਾ ਭਾਸ਼ਨ ਦਿੱਤਾ। ਕੇਂਦਰੀ ਸਰਕਾਰ ਦੀ ਮਤਰੇਈ ਮਾਂ ਵਾਲੀ ਨੀਤੀ ਬਾਰੇ, ਕੌਮ ਦੀ ਮੁਕਤੀ ਬਾਰੇ। ਧਰਮ-ਯੁੱਧ ਅਤੇ ਨੌਜਵਾਨਾਂ ਦੀਆਂ ਸ਼ਹੀਦੀਆਂ ਬਾਰੇ।

ਨੱਥੂ ਦੇ ਕੁਝ ਪੱਲੇ ਨਹੀਂ ਸੀ ਪਿਆ। ਉਹ ਤਾਂ ਮਤਲਬ ਦੀ ਗੱਲ ਸੁਨਣਾ ਚਾਹੁੰਦਾ ਸੀ। ਵਿਹਲਾ ਹੋਵੇ ਤੇ ਘਰਾੜੇ ਮਾਰੇ।

''ਮਿੰਦਰ ਨੇ ਦੱਸਿਆ ਸੀ ਤੂੰ ਵੀ ਧਰਮ-ਯੁੱਧ ਵਿਚ ਕੁਦਨਾ ਚਾਹੁੰਦਾ ਹੈਂ ਲੈ ਇਹ ਬੈਗ ਸੰਭਾਲ ਕੇ ਰੱਖ ਮਿੰਦਰ ਵਰਗਾ ਕੋਈ ਆਪੇ ਲੈ ਜਾਊ ਮੈਂ ਕਦੇ ਫੇਰ ਆਊਂ ਤੇਰੀ ਗਰੀਬੀ ਦੂਰ ਕਰਨ।''

ਬੁੱਕਲ ਹੇਠੋਂ ਬੈਠ ਕੱਢ ਕੇ ਨੌਜਵਾਨ ਨੇ ਮਤਲਬ ਦੀ ਗੱਲ ਛੇੜੀ ਤਾਂ ਨੱਥੂ ਨੂੰ ਕਾਂਬਾ ਛਿੜ ਗਿਆ।

''ਇਹਨਾਂ ਵਿਚ ਦੁਸ਼ਟਾਂ ਨੂੰ ਸੋਧਣ ਲਈ ਹਥਿਆਰ ਨੇ। ਛੇੜ ਛਾੜ ਨਾ ਕਰੀਂ.....ਕਿਧਰੇ ਗੱਲ ਵੀ ਨਾ ਕਰੀਂ....ਤੈਨੂੰ ਪਤਾ ਹੀ ਹੈ ਗ਼ਦਾਰਾਂ ਦਾ ਕੀ ਹਸ਼ਰ ਹੁੰਦਾ ਹੈ....।''

ਇਸ ਤੋਂ ਪਹਿਲਾਂ ਕਿ ਆਖਰੀ ਹਦਾਇਤ ਦੀ ਨੱਥੂ ਨੂੰ ਸਮਝ ਪੈਂਦੀ ਨੌਜਵਾਨ ਹਨੇਰੇ ਵਿਚ ਅਲੋਪ ਹੋ ਚੁੱਕਾ ਸੀ।

ਇਹ ਪਹਿਲੀ ਰਾਤ ਸੀ ਜਦੋਂ ਨੀਂਦ ਨੇ ਉਹਨੂੰ ਅਲਵਿਦਾ ਕਹੀ ਸੀ, ਜਦੋਂ ਮਸਤ ਚਾਲ ਚਲਦੀ ਉਹਦੀ ਕਬੀਲਦਾਰੀ ਦੀ ਗੱਡੀ ਨੂੰ ਹਲੂਣਾ ਪਿਆ ਸੀ।

ਬੈਗ ਤੋਂ ਉਹ ਸੱਪ ਵਾਂਗ ਡਰਦਾ ਰਿਹਾ। ਇਸ ਬਲਾ ਨੂੰ ਲਕਾਵੇ ਤਾਂ ਕਿਥੇ ? ਮੰਜੇ ਹੇਠਾਂ ? ਬਿਸਤਰਿਆਂ 'ਚ ? ਜਾਂ ਫੇਰ ਪੜਛੱਤੀ 'ਤੇ ? ਧੰਨੋ, ਬੰਸੋ ਜਾਂ ਬਾਪੂ ਇਥੇ ਤਾਂ ਕੋਈ ਵੀ ਹੱਥ ਮਾਰ ਸਕਦਾ ਸੀ।

ਇਕ ਦੋਰ ਵਾਰ ਦਿਲ 'ਚ ਆਈ ਕਿਉਂ ਨਾ ਮਾਲਕਾਂ ਗੱਲ ਕਰਕੇ ਬੈਗ ਪੁਲਿਸ ਹਵਾਲੇ ਕਰ ਦੇਵੇ। ਝੱਟ ਹੀ ਉਹਨਾਂ ਖਬਰਾਂ ਦਾ ਚੇਤਾ ਆਉਂਦਾ ਜਿਨ੍ਹਾਂ ਵਿਚ ਮੁਖਬਰਾਂ ਦੇ ਪੂਰੇ ਦੇ ਪੂਰੇ ਪਰਿਵਾਰਾਂ ਨੂੰ ਮਾਰਨ ਦੀ ਗੱਲ ਹੁੰਦੀ।

ਫੁੱਲਾਂ ਵਾਂਗ ਟਹਿਕਦੀ ਆਪਣੀ ਛੋਟੀ ਜਿਹੀ ਫੁਲਵਾੜੀ ਅੱਗ ਵਿਚ ਉਹ ਨਹੀਂ ਸੀ ਝੋਕ ਸਕਦਾ। ਮਸਾਂ ਮਸਾਂ ਤਾਂ ਉਹਦੀ ਕਬੀਲਦਾਰੀ ਥਹੁ ਸਿਰ ਹੋਈ ਸੀ।

ਅੰਗਰੇਜ਼ੀ ਨੂੰ ਮੂੰਹ ਮਾਰਦੇ ਬੰਟੀ ਨੂੰ ਦੇਖ ਕੇ ਉਹਦਾ ਸਾਰਾ ਥਕੇਵਾਂ ਲਹਿ ਜਾਂਦਾ। ਸ਼ਹਿਰ ਆ ਕੇ ਉਹਨੂੰ ਪਤਾ ਲੱਗਾ ਕਿ ਅੱਧਿਆਂ ਨਾਲੋਂ ਵੱਧ ਅਫ਼ਸਰ ਉਹਨਾਂ ਦੀ ਬਰਾਦਰੀ ਦੇ ਹਨ। ਉਹਨਾਂ ਨੂੰ ਨੌਕਰੀ ਹੀ ਝੱਟ ਦੇ ਕੇ ਨਹੀਂ ਮਿਲਦੀ ਤਰੱਕੀ ਵੀ ਦਿਨਾਂ ਵਿਚ ਹੀ ਹੋ ਜਾਂਦੀ ਹੈ। ਸਰਕਾਰੀ ਵਜ਼ੀਫੇ ਪਏ ਭੱਠ 'ਚ, ਉਥੇ ਤੱਪੜਾਂ 'ਤੇ ਬੈਠਣ ਵਾਲਿਆਂ ਨੂੰ ਕੌਣ ਪੜ੍ਹਾਉਂਦੈ। ਬੰਟੀ ਨੂੰ ਉਹਨੇ ਮਾਡਲ ਸਕੂਲ



ਵਿਚ ਪਾਇਆ। ਸਾਰਾ ਸੌ ਕੁ ਰੁਪਿਆ ਮਹੀਨਾ ਵੱਧ ਖਰਚ ਹੁੰਦਾ ਸੀ। ਹੁਣ ਔਖ ਸੌਖ ਹੈ ਤਾਂ ਕੀ ਹੈ ? ਪਿਛੋਂ ਤਾਂ ਸਾਰੀ ਉਮਰ ਹੀ ਮੌਜਾਂ ਕਰੇਗਾ।

ਉਹਨੇ ਖ਼ੁਦ ਵੀ ਤਾਂ ਬਾਪੂ ਦੇ ਗਲੋਂ ਪੰਜਾਲੀ ਲਾਹੀ ਸੀ। ਲੋਕਾਂ ਦਾ ਗੋਲਾ ਧੰਧਾ ਕਰਦਿਆਂ ਉਹਦੇ ਹੱਡ ਘਸ ਗਏ, ਵੀਹ ਰੋਗ ਆ ਚੰਬੜੇ। ਨਹਾਉਣ ਧੋਣ, ਧੁੱਪ ਸੇਕਣ ਤੇ ਰੱਬ ਦਾ ਨਾਂ ਲੈਣ ਲਈ ਵਿਹਲਾ ਕਰ ਦਿੱਤਾ ਸੀ ਬਾਪੂ ਨੂੰ।

ਧੰਨੋ ਨੂੰ ਵੀ ਕਿਸੇ ਦਾ ਗੋਹਾ ਕੂੜਾ ਕਰਨ ਦੀ ਲੋੜ ਨਹੀਂ। ਅਰਾਮ ਨਾਲ ਘਰ ਬੈਠੇ। ਜੀ ਕਰੇ ਤਾਂ ਮਸ਼ੀਨ 'ਤੇ ਚਾਰ ਸਵਾਟਰ ਬੁਣ ਲਏ। ਨਹੀਂ ਤਾਂ ਨਾ ਸਹੀ।

ਜੇ ਇਹ ਸਿਆਪੇ ਨਾ ਪੈਂਦੇ ਤਾਂ ਬੰਸੋ ਨੇ ਵੀ ਦਸ ਕਰ ਲੈਣੀਆਂ ਸਨ। ਪੜ੍ਹਾਈ ਵਿਚ ਉਹ ਵੀ ਪਿੱਛੇ ਨਹੀਂ ਸੀ। ਧੀ ਦੀ ਕਮਾਈ ਦੀ ਨੱਥੂ ਨੂੰ ਲੋੜ ਨਹੀਂ। ਲੋਕਾਂ ਦੀਆਂ ਕੁੜੀਆਂ ਧਾਗਾ ਮਿੱਲ ਵਿਚ ਜਾਂਦੀਆਂ ਹਨ ਤਾਂ ਪਈਆਂ ਜਾਣ। ਉਹਨੂੰ ਪਤੈ ਉਥੇ ਕੀ ਕੀ ਹੁੰਦੈ ! ਦਸ ਕਰ ਜਾਂਦੀ ਤਾਂ ਕਿਤੇ ਨਾ ਕਿਤੇ ਨੌਕਰੀ 'ਤੇ ਅਟਕ ਜਾਂਦੀ। ਨੌਕਰੀਆਂ ਵਾਲੀਆਂ ਕੁੜੀਆਂ ਲਈ ਮੁੰਡੇ ਵਾਲੇ ਆਪ ਰਿਸ਼ਤਾ ਮੰਗਣ ਆਉਂਦੇ ਨੇ। ਦੋਨੋਂ ਨੌਕਰ ਹੋਣ ਤਾਂ ਮੌਜਾਂ ਹੀ ਮੌਜਾਂ।

ਜਿੰਨਾ ਚਿਰ ਬੁੱਢਾ ਜਿਉਂਦਾ ਸੀ ਉਨਾ ਚਿਰ ਨੱਥੂ ਨੂੰ ਮਾਲਕਾਂ ਤੋਂ ਕੋਈ ਫ਼ਿਕਰ ਨਹੀਂ ਸੀ। ਅੱਜ ਉਹਨਾਂ ਕੋਲ ਬਥੇਰੀਆਂ ਕੋਠੀਆਂ ਤੇ ਕਾਰਾਂ ਹਨ। ਪਰ ਚੋਧਰੀ ਉਹ ਦਿਨ ਕਦੇ ਨਹੀਂ ਭੁਲਦਾ ਜਦੋਂ ਨੱਥੂ ਉਹਨੂੰ ਸਾਈਕਲ ਪਿੱਛੇ ਬਿਠਾ ਕੇ ਸ਼ਹਿਰ ਲਿਆਉਂਦਾ ਹੁੰਦਾ ਸੀ। ਚੋਧਰੀ ਨੇ ਚੱਕੀ ਲਾਈ ਤਾਂ ਨੱਥੂ ਫਿਟਰ ਸੀ। ਉਹਨਾਂ ਸ਼ੈਲਰ ਲਾਏ ਤਾਂ ਨੱਥੂ ਫੋਰਮੈਨ। ਹੁਣ ਉਹਨਾਂ ਦੀਆਂ ਕਈ ਮਿੱਲਾਂ ਹਨ। ਮੈਨੇਜਰ ਹਨ। ਹੇੜਾਂ ਦੀਆਂ ਹੇੜਾਂ ਲੇਰ ਦੀਆਂ। ਵਫਾਦਾਰ ਨੱਥੂ ਦੀ ਉਹੋ ਪੁੱਛ ਪ੍ਰਤੀਤ ਹੈ।

ਦੂਹਰੀ ਸ਼ਿਫਟ ਲਾਉਣ ਕਰਕੇ ਨੱਥੂ ਨੂੰ ਪਿੰਡ ਜਾਣ ਵਿਚ ਦਿਕਤ ਆਈ ਤਾਂ ਝੱਟ ਉਹਨਾਂ ਸ਼ਹਿਰ 'ਚ ਰਿਹਾਇਸ਼ ਦਾ ਇੰਤਜ਼ਾਮ ਕਰ ਦਿੱਤਾ। ਕਾਰਖ਼ਾਨਿਆਂ ਲਈ ਉਹਨਾਂ ਕੋਲ ਕਈ ਪਲਾਟ ਸਨ। ਇਕ ਵਿਚ ਉਹਨੂੰ ਬਿਠਾ ਦਿੱਤਾ। ਨਾਲੇ ਜਗ੍ਹਾ ਦੀ ਰਾਖੀ ਰਹੇਗੀ ਤੇ ਨਾਲੇ ਨੱਥੂ ਦਾ ਗੁਜ਼ਾਰਾ ਹੁੰਦਾ ਰਹੇਗਾ।

ਸ਼ਹਿਰ 'ਚ ਆ ਕੇ ਸਾਰੇ ਟੱਬਰ ਨੂੰ ਚਾਅ ਚੜ੍ਹ ਗਿਆ। ਬਾਪੂ ਨੂੰ ਲੱਗਦਾ ਸੀ, ਇਥੇ ਆ ਕੇ ਤਾਂ ਜਾਦੂ ਦੇ ਤਲਾਬ ਵਿਚ ਨਹਾ ਕੇ ਨਿਕਲੇ ਪਿੰਗਲੇ ਵਾਂਗ ਉਹਦੇ ਸਾਰੇ ਦੁੱਖ ਹਰੇ ਗਏ ਸਨ। ਸਦੀਆਂ ਤੋਂ ਪੀੜ੍ਹੀ ਦਰ ਪੀੜ੍ਹੀ ਚਲੀਆਂ ਆਉਂਦੀਆਂ ਬਿਮਾਰੀਆਂ ਉਹਦੇ ਗਲੋਂ ਲਹਿ ਗਈਆਂ ਸਨ। ਇਥੇ ਨਾ ਉਹ ਚੂਹੜੇ ਸਨ, ਨਾ ਲਾਗੀ ਤੇ ਨਾ ਵਗਾਰੀ। ਜੇ ਸਨ ਤਾਂ ਕੇਵਲ ਮਜ਼ਦੂਰ। ਧੰਨੋ ਵੀ ਬਾਗੋ ਬਾਗ। ਇਥੇ ਕਿਸੇ ਨੂੰ ਜੂਠ ਜਾਂ ਉਤਾਰ ਕੇ ਟੇਕ ਰੱਖਣ ਦੀ ਲੋੜ ਨਹੀਂ। ਨਾ ਭਾਂਡਾ ਆਲੇ 'ਚ ਰਖਣ ਦੀ। ਕੰਮ ਕਰੋ। ਟੁਣਕਾ ਟੁਣਕਾ ਕੇ ਪੈਸੇ ਲਉ।

ਸੁਨਹਿਰੇ ਭਵਿੱਖ ਵਲ ਵਧਦੇ ਇਹੋ ਜਿਹੇ ਪਰਿਵਾਰ ਨੂੰ ਉਹ ਸਟੇਨ-ਗੰਨਾਂ ਦੇ ਹਵਾਲੇ ਕਿਵੇਂ ਕਰ ਦੇਵੇ ? ਇਸੇ ਉਲਝਣ ਵਿਚ ਫਸਿਆ ਉਹ ਕਾਲੇ ਨਾਗ ਵਾਂਗ ਬੈਗ ਤੇ ਪਹਿਰਾ ਦਿੰਦਾ ਰਿਹਾ।

ਹੁਣ ਜਦੋਂ ਉਹ ਆਪਣੀ ਕੀਤੀ ਦੀ ਸਜ਼ਾ ਭੁਗਤ ਰਿਹਾ ਹੈ ਤਾਂ ਉਹਨੂੰ ਸਮਝ ਨਹੀਂ ਪੈਂਦੀ ਕਿ

ਆਖਿਰ ਮਿੰਦਰ ਅਤੇ ਚੰਨੀ ਨੇ ਉਹਤੋਂ ਕਿਹੜੇ ਜਨਮ ਦਾ ਬਦਲਾ ਲਿਆ ਹੈ ? ਨੱਥੂ ਨੇ ਤਾਂ ਕਦੇ ਕੀੜੀ ਤਕ ਨਹੀਂ ਮਾਰੀ। ਉਹਦਾ ਵਸਦਾ ਰਸਦਾ ਆਹਲਣਾ ਤਿਣਕਾ ਤਿਣਕਾ ਕਰਕੇ ਕਿਉਂ ਖਿੰਡ ਰਿਹੈ ?

ਚੰਨੀ ਦੀ ਤਾਂ ਕਦੇ ਉਹਨੇ ਸ਼ਕਲ ਵੀ ਨਹੀਂ ਸੀ ਦੇਖੀ। ਬਸ ਨਾਂ ਹੀ ਸੁਣਿਆ ਸੀ। ਉਹ ਵੀ ਨਾਲ ਦੇ ਸਾਥੀ ਮਿੰਦਰ ਤੋਂ। ਉਹ ਦੱਸਦਾ ਹੁੰਦਾ ਕਿ ਚੰਨੀ ਖਾਂਦੇ ਪੀਂਦੇ ਸਰਦਾਰਾਂ ਦਾ ਮੁੰਡਾ ਹੈ। ਯੂਨੀਵਰਸਿਟੀ ਵਿਚ ਪੜ੍ਹਦਾ ਹੈ। ਕੌਮ ਦੀ ਮੁਕਤੀ ਲਈ ਸਭ ਕੁਝ ਤਿਆਗ ਕੇ ਧਰਮ-ਯੁੱਧ ਵਿਚ ਕੁੱਦਿਆ ਹੋਇਆ ਹੈ।

ਛੁੱਟੀ ਕੱਟ ਕੇ ਮੁੜਿਆ ਮਿੰਦਰ ਅਜੀਬ ਅਜੀਬ ਗੱਲਾਂ ਕਰਨ ਲੱਗਦਾ। ਕਦੇ ਆਖਦਾ ਜਦੋਂ ਚੌਧਰੀ ਪੰਜਾਬੋਂ ਭੱਜ ਗਏ ਤਾਂ ਉਹ ਉਹਨਾਂ ਦੀ ਸਿਵਲ ਲਾਈਨ ਵਾਲੀ ਕੋਠੀ ਸਾਂਭੇਗਾ। ਕਦੇ ਕਹਿੰਦਾ ਜਲਦੀ ਹੀ ਉਹ ਇਸ ਮਿੱਲ ਦੇ ਮਾਲਕ ਬਣਨ ਵਾਲੇ ਹਨ।

ਕਦੇ ਕਦੇ ਨੱਥੂ ਨੂੰ ਵੀ ਸਮਝਾਉਂਦਾ। ਕੇਸ ਦਾੜ੍ਹੀ ਵਧਾਉਣ ਲਈ ਪ੍ਰੇਰਦਾ। ਯੋਧਿਆਂ ਦੀ ਮਦਦ ਕਰੋ, ਕੌਮ ਦਾ ਭਲਾ ਕਰੋ। ਆਖਦਾ।

ਦਿਲ ਨੱਥੂ ਦਾ ਵੀ ਕਰਦਾ ਉਹ ਵੀ ਮਿੰਦਰ ਵਾਂਗੂੰ ਦੋਹਰੀ ਸ਼ਿਫਟ ਤੋਂ ਖਹਿੜਾ ਛੁਡਾ ਲਏ। ਕਦੇ ਪੈਂਟ ਸ਼ਰਟ ਪਾ ਕੇ, ਹਵਾ ਪਿਆਰੀ ਹੋ ਕੇ, ਰਿਕਸ਼ੇ 'ਚ ਬਹਿ ਕੇ ਜਵਾਕਾਂ ਜਲਿਆਂ ਨਾਲ ਫ਼ਿਲਮ ਦੇਖਣ ਜਾਵੇ। ਪਰ ਟਰੇਡ ਯੂਨੀਅਨ ਵਾਲਿਆਂ ਦੀਆਂ ਗੱਲਾਂ ਉਹਦੇ ਸੁਪਨੇ ਛੱਡ ਦਿੰਦੀਆਂ। ਮਿੰਦਰ ਤਾਂ ਸਵਰਗ ਵਰਗੇ ਦਿਨਾਂ ਦੇ ਸੁਪਨੇ ਦੇਖਦਾ ਹੈ। ਉਹ ਆਖਦੇ ਹਨ ਅਸੀਂ ਮਜ਼ਦੂਰ ਹਾਂ। ਮਜ਼ਦੂਰ ਹੀ ਰਹਿਣਾ ਹੈ ਚਾਹੇ ਕੋਈ...ਸੰਤਾਨ ਬਣ ਜਾਏ। ਮਜ਼ਦੂਰਾਂ ਦੀ ਮੁਕਤੀ ਦਾ ਰਾਹ ਹੋਰ ਹੈ। ਉਹ ਦੇਖ ਵੀ ਤਾਂ ਰਿਹਾ ਹੈ। ਚੌਧਰੀ ਤਾਂ ਮਿੱਲ ਤਕ ਅੱਪੜ ਗਏ। ਉਹ ਫਿਟਰ ਤੋਂ ਫੋਰਮੈਨ ਬਣਿਆ ਹੈ। ਅਹੁਦੇ ਦਾ ਨਾਂ ਹੀ ਬਦਲਿਆ ਹੈ। ਘਰ ਦੀ ਹਾਲਤ ਤਾਂ ਪਹਿਲਾਂ ਵਰਗੀ ਹੀ ਹੈ।

ਉਹੋ ਭਾਣਾ ਵਰਤਦਿਆਂ ਦੇਰ ਨਹੀਂ ਲੱਗੀ, ਜਿਸ ਦਾ ਉਹਨੂੰ ਡਰ ਸੀ। ਜਿਸ ਰਾਤ ਘਰੋਂ ਬੈਗ ਗਿਆ ਉਸ ਰਾਤ ਇਸ ਇਲਾਕੇ ਵਿਚ ਢੇਰ ਸਾਰੇ ਕਤਲ ਹੋਏ। ਬੱਚਿਆਂ ਦੇ, ਔਰਤਾਂ ਦੇ, ਕਾਮਰੇਡਾਂ ਦੇ, ਸਿੱਖਾਂ ਦੇ ਤੇ ਹਿੰਦੂਆਂ ਦੇ।

ਮਿੰਦਰ ਦੀ ਡਿਊਟੀ ਤੋਂ ਗੈਰ-ਹਾਜ਼ਰੀ ਨੇ ਉਹਦੇ ਸਾਹ ਹੋਰ ਵੀ ਸੁਕਾ ਦਿੱਤੇ। ਉਹਦੀ ਮਾਂ ਭੈਣ ਸਭ ਥਾਣੇ ਬੰਦ ਸਨ। ਪੁਲਿਸ ਉਹਨੂੰ ਲੱਭਦੀ ਫਿਰਦੀ ਸੀ।

ਗੁੰਮ ਸੁੰਮ ਨੱਥੂ ਸਾਰੀ ਰਾਤ ਕੰਧਾਂ ਨਾਲ ਗੱਲਾਂ ਕਰਦਾ ਰਹਿੰਦਾ। ਮਾਸੂਮਾਂ ਦੇ ਖ਼ੂਨ ਡੁਲ੍ਹਣ ਵਿਚ ਭਾਈਵਾਲੀ ਮਹਿਸੂਸ ਕਰਦਾ। ਰੋਂਦੇ ਕੁਰਲਾਂਦੇ ਬੱਚਿਆਂ ਅਤੇ ਵਿਧਵਾਵਾਂ ਦੀ ਕੀਰਨੇ ਉਹਦੇ ਦਿਲ 'ਚ ਖੋਹਾਂ ਪਾਉਣ ਲੱਗਦੇ।

ਪੰਦਰਾਂ ਦਿਨਾਂ 'ਚ ਮਸਾਂ ਉਹਨੇ ਆਪਣੇ ਆਪ ਨੂੰ ਸੰਭਾਲਿਆ। ਉਸ ਤੋਂ ਬਾਅਦ ਤਾਂ ਸੈਂਕੜੇ ਕਤਲ ਹੋ ਚੁਕੇ ਸਨ। ਪੰਜਾਬ ਦੇ ਕੋਨੇ ਕੋਨੇ ਵਿਚ ਇਹੋ ਹਾਲ ਹੈ। ਕਿਸੇ ਨੂੰ ਕੀ ਸੁਪਨਾ ਆਉਂਦਾ ਹੈ



ਕਿ ਕੁਝ ਦਿਨ ਹਥਿਆਰਾਂ ਵਾਲਾ ਬੈਗ ਉਹਦੇ ਘਰ ਰਿਹਾ ਹੈ। ਸੁਪਨਾ ਆਇਆ ਹੁੰਦਾ ਤਾਂ ਹੁਣ ਤਕ ਕਦੋਂ ਉਹ ਵੀ ਥਾਣੇ ਪੁੱਜਾ ਹੁੰਦਾ।

ਦਿਨ ਬਹੁਤੇ ਨਹੀਂ ਗੁਜ਼ਰੇ ਜਦੋਂ ਇਕ ਸਵੇਰ ਘਰ ਮੁੜਦੇ ਨੱਥੂ ਨੂੰ ਨਹਿਰ ਦੀ ਪਟੜੀ ਤੇ ਹੁੰਦੀ ਪੁਲਿਸ ਦੀ ਦਗੜ ਦਗੜ ਨੇ ਡਰਾਇਆ। ਇਕ ਵਾਰ ਤਾਂ ਮਨ ਕੀਤਾ ਸਾਈਕਲ ਦੂਜੇ ਰਾਹ ਪਾ ਲਏ। ਫੇਰ ਚੋਰ ਦੀ ਦਾੜ੍ਹੀ 'ਚ ਤਿਣਕੇ ਵਾਲੀ ਗੱਲ ਸੋਚ ਕੇ ਉਹ ਅੱਗੇ ਵਧਦਾ ਰਿਹਾ।

ਅੱਗੇ ਉਹੋ ਹੋਇਆ ਪਿਆ ਜਿਸ ਦੀ ਉਲ ਕਲਪਨਾ ਕਰ ਰਿਹਾ ਸੀ। ਪੁਲਿਸ ਮੁਕਾਬਲੇ 'ਚ ਮਰੇ ਦੋ ਨੌਜਵਾਨਾ ਦੀਆਂ ਲਾਸ਼ਾਂ ਨੁਮਾਇਸ਼ ਲਈ ਰੱਖੀਆਂ ਗਈਆਂ ਸਨ। ਪੁਲਿਸ ਰਾਹ ਜਾਂਦੇ ਰਾਹੀਆਂ ਨੂੰ ਰੋਕ ਰੋਕ ਸ਼ਨਾਖਤ ਵਿਚ ਮਦਦ ਮੰਗ ਰਹੀ ਸੀ।

''ਇਕ ਤਾਂ ਮਿੰਦਰ ਹੈ...'' ਆਪ ਮੁਹਾਰੇ ਇਕ ਚੀਕ ਜਿਹੀ ਉਹਦੇ ਅੰਦਰੋਂ ਨਿਕਲੀ।

ਭੀੜ ਨੇ ਕੌੜ ਕੌੜ ਅੱਖਾਂ ਨਾਲ ਉਸ ਵੱਲ ਇਉਂ ਤੱਕਿਆ ਜਿਵੇਂ ਉਹ ਮਿੰਦਰ ਦੇ ਗਰੋਹ ਦਾ ਮੈਂਬਰ ਹੋਵੇ।

ਇਕ ਲਾਸ਼ ਤਾਂ ਸ਼ਨਾਖਤ ਹੋ ਗਈ ਸੀ। ਪੁਲਿਸ ਚੁੱਪ ਸੀ। ਕਿਸੇ ਨੇ ਨੱਥੂ ਵਲ ਧਿਆਨ ਨਹੀਂ ਸੀ ਦਿੱਤਾ, ਸਗੋਂ ਝਿੜਕ ਕੇ ਉਹਨੂੰ ਘਰ ਵਲ ਤੋਰ ਦਿੱਤਾ।

ਉਸੇ ਰਾਤ ਇਕ ਹੋਰ ਦਸਤਕ ਹੋਈ ਸੀ। ਪਹਿਲੀ ਨਾਲੋਂ ਵੀ ਖ਼ਤਰਨਾਕ। ਇਹ ਪੁਲਿਸ ਵਲੋਂ ਸੀ।

ਉਸ ਦਸਤਕ ਦਾ ਖ਼ਿਆਲ ਆਉਂਦਿਆਂ ਹੀ ਉਹ ਗੰਦ ਦੇ ਢੇਰ ਵਿਚ ਗੱਡਿਆ ਮਹਿਸੂਸ ਕਰਦਾ ਹੈ। ਗੰਦ ਦਾ ਇਕ ਜਵਾਲਾ-ਮੁਖੀ ਉਸ ਅੰਦਰੋਂ ਫੁੱਟ ਪੈਂਦਾ ਹੈ। ਹਰ ਸਾਹ ਨਾਲ ਗੰਦ ਦੀ ਹਵਾੜ ਆਉਣ ਲੱਗਦੀ ਹੈ।

ਪਹਿਲੇ ਦਿਨ ਉਹਨਾਂ ਇਹੋ ਅਸਾਨ ਤਰੀਕਾ ਵਰਤਿਆ ਸੀ। ਮਿੰਦਰ ਦਾ ਬਿਆਨ ਉਹਨਾਂ ਦੇ ਹੱਥ ਵਿਚ ਸੀ। ਅੜਖੜ ਕਰਨ ਨੂੰ ਉਹ ਕਿਹੜਾ ਪੇਸ਼ਾਵਰ ਬਦਮਾਸ਼ ਸੀ। ਪਹਿਲੇ ਹੀ ਹੱਲੇ ਚੰਨੀ ਦਾ ਥਹੁ ਠਿਕਾਣਾ ਦੱਸ ਦੇਣਾ ਸੀ।

ਦੋ ਜਮਾਦਾਰ ਉਹਨੂੰ ਟੱਟੀਆਂ ਵੱਲ ਲੈ ਤੁਰੇ। ਗੰਦ ਦਾ ਬੱਠਲ ਭਰਾਉਣਾ ਉਹਨਾਂ ਦੀ ਜ਼ਿੰਮੇਵਾਰੀ ਸੀ।

''ਭਲੀ ਮਾਨਸੀ ਨਾਲ ਦੱਸ ਦੇ ਤੇਰੀ ਕੁੜੀ ਦਾ ਖਸਮ ਚੰਨੀ ਕਿਥੇ ਹੈ ? ਨਹੀਂ ਤਾਂ ਗੰਦ ਨਾਲ ਲਿੱਪ ਦਿਉਂ....।'' ਆਖਦੇ ਇਕ ਪਹਿਲਵਾਨਾਂ ਵਰਗੇ ਸਿਪਾਹੀ ਨੇ ਗਰਦਨੋਂ ਫੜ ਕੇ ਉਹਦਾ ਨੱਕ ਬੱਠਲ ਤਕ ਝੁਕਾਇਆ।

''ਜਿੰਨਾ ਮੈਨੂੰ ਪਤਾ ਸੀ ਮੈਂ ਦੱਸਤਾ ਮਾਈ ਬਾਪ....ਹੋਰ ਮੈਨੂੰ ਕੁਛ ਨਹੀਂ ਪਤਾ....'' ਥਰ ਥਰ ਕੰਬਦੇ ਨੱਥੂ ਦੀ ਸੁੰਘਣ-ਸ਼ਕਤੀ ਜਵਾਬ ਦੇ ਚੁਕੀ ਸੀ।

ਨੱਥੂ ਦਾ ਜਵਾਬ ਤਸੱਲੀ ਬਖ਼ਸ਼ ਨਹੀਂ ਸੀ। ਜਦੋਂ ਹਥਿਆਰ ਇਥੋਂ ਗਏ ਸਨ ਤਾਂ ਇਹਨੂੰ ਪੂਰੀ ਪਲਾਨ ਦਾ ਵੀ ਪਤਾ ਹੋਵੇਗਾ।

ਹੱਥ ਪੈਰ ਬੰਨ੍ਹ ਕੇ ਉਹਦੇ ਮੂੰਹ ਵਿਚ ਗੰਦ ਭਰ ਦਿੱਤਾ ਗਿਆ। ਡੰਡਾ ਲਈ ਇਕ ਸਿਪਾਹੀ ਪਰ੍ਹਾਂ ਕੁਰਸੀ 'ਤੇ ਜਾ ਬੈਠਾ। ਕੁਝ ਬਕਨਾ ਹੋਵੇ ਤਾਂ ਇਸ਼ਾਰਾ ਕਰ ਦੇਵੇ। ਨਹੀਂ ਤਾਂ ਗੰਦ ਖਾਂਦਾ ਰਹੇ।

''ਓਏ ਇਹ ਦਹਿਸ਼ਤਗਰਦ ਨੇ.....ਸੌਖੇ ਤਰੀਕੇ ਨਾਲ ਮੰਨਣ ਵਾਲੇ ਥੋੜਾ ਨੇ....ਇਹਨੂੰ ਘਟੋ ਘੱਟ ਮਸ਼ੀਨ ਲਾਓ....।'' ਨੱਥੂ ਦੀ ਚੁੱਪ ਤੋਂ ਚਿੜਢ ਕੇ ਵੱਡੇ ਸਰਦਾਰ ਨੇ ਹੁਕਮ ਦਿੱਤਾ।

ਉਹਦੇ ਮੂੰਹ ਤੋਂ ਗੰਦ ਲਹੇ ਨੂੰ ਤਾਂ ਮਹੀਨੇ ਹੋ ਗਏ, ਪਰ ਰੋਮ ਰੋਮ ਵਿਚ ਸਮਾਈ ਬੂ ਕਿਸੇ ਵੀ ਸਾਬਣ ਨਾਲ ਨਹੀਂ ਗਈ। ਅੱਜ ਵੀ ਰੋਟੀ ਖਾਵੇ ਜਾਂ ਚਾਹ ਪੀਵੇ, ਉਹਨੂੰ ਲਗਦੈ ਉਹ ਗੰਦ ਨੂੰ ਹੀ ਮੂੰਹ ਮਾਰ ਰਿਹੈ।

ਕਪੜੇ ਲਾਹ ਕੇ ਕੰਬਲ ਤੇ ਲੇਟਣ ਤਕ ਉਹਨੂੰ ਪਤਾ ਨਹੀਂ ਸੀ ਲੱਗਿਆ ਉਹ ਕਿਹੜੀ ਮਸ਼ੀਨ 'ਤੇ ਚੜ੍ਹਨ ਲੱਗਾ ਹੈ। ਮੋਟੇ ਤਾਜ਼ੇ ਸਿਪਾਹੀ ਦੇ ਹੱਥ ਵਿਚ ਫੜੀ ਡਾਂਗ ਤੋਂ ਉਹ ਅੰਦਾਜਾ ਲਾ ਰਿਹਾ ਸੀ ਇਹ ਉਹਦੇ ਮੌਰਾਂ ਵਿਚ ਮੀਂਹ ਵਾਂਗ ਵਰ੍ਹੇਗੀ। ਡਾਂਗ ਫੇਰਨ ਲਈ ਤਾਂ ਇਕੋ ਬਹੁਤ ਸੀ। ਪੰਜਾਂ ਛੇਆਂ ਸਿਪਾਹੀਆਂ ਦਾ ਘੇਰਾ ਉਹਨੂੰ ਡਰਾ ਰਿਹਾ ਸੀ।

ਪੁਜ਼ੀਸ਼ਨਾਂ ਲੈਂਦੇ ਸਿਪਾਹੀਆਂ ਨੂੰ ਦੇਖ ਕੇ ਉਹਨੂੰ ਮਹਿਸੂਸ ਹੋਇਆ ਕੁਝ ਹੋਰ ਹੀ ਹੋਣ ਵਾਲਾ ਹੈ। ਦੋ ਨੇ ਉਹਨੂੰ ਡੌਲਿਆਂ ਤੋਂ ਕਾਬੂ ਕੀਤਾ, ਦੋ ਪੱਟ 'ਤੇ ਗਏ ਤੇ ਪੰਜਾਂ ਢੂਹੀ 'ਤੇ। ਹਿੱਲ-ਜੁਲ ਦੀ ਕੋਈ ਗੁੰਜਾਇਸ਼ ਨਹੀਂ ਸੀ।

ਜਿਉਂ ਹੀ ਚਾਕੂ ਵਾਂਗ ਮਾਸ ਚੀਰਦੀ ਡਾਂਗ ਉਹਦੇ ਅੰਦਰ ਘੁਸਣ ਲੱਗੀ ਚੀਕਾਂ ਉਹਤੋਂ ਸਾਂਭ ਨਾ ਹੋਈਆਂ। ਮਣਾਂ ਮੂੰਹੀਂ ਬੋਝ ਥੱਲੇ ਦੱਬੇ ਨੱਥੂ ਨੂੰ ਛਟ-ਪਟਾਉਣ ਦਾ ਵੀ ਕੋਈ ਅਧਿਕਾਰ ਨਹੀਂ ਸੀ।

''ਹੋਰ ਧੱਕ ਅੰਦਰ....ਪਾਕਿਸਤਾਨ ਹੋ ਕੇ ਆਇਆ ਲਗਦੈ...ਇਉਂ ਨਹੀਂ ਮੰਨਣ ਵਾਲਾ...'' ਸੋਟੀ ਤੇ ਵਧਦੇ ਦਬਾਉ ਨੂੰ ਦੇਖ ਕੇ ਕੋਈ ਚਿਲਾਇਆ।

ਪਸੀਨੇ ਦਾ ਦਰਿਆ ਧਰਤੀ 'ਤੇ ਵਹਿ ਤੁਰਿਆ। ਘੁੰਮਣ ਘੇਰੀਆਂ ਨਾਲ ਧਰਤੀ ਘੁੰਮਣ ਲੱਗੀ। ਅੱਗੋਂ ਕੀ ਹੋਇਆ ਉਹਦੇ ਕੁਝ ਯਾਦ ਨਹੀਂ।

ਰਾਤ ਨੂੰ ਪਤਾ ਲੱਗਾ ਕਿ ਉਹ ਬੇਹੋਸ਼ ਹੋ ਗਿਆ ਸੀ।

ਬੇਹੋਸ਼ ਤਾਂ ਉਹ ਹੁਣ ਰੋਜ਼ ਹੁੰਦਾ ਹੈ ਜਦੋਂ ਵੀ ਹਾਜਤ ਮਿਟਾਉਣ ਘਰ 'ਚ ਰੱਖੀਆਂ ਇੱਟਾਂ 'ਤੇ ਬੈਠਦਾ ਹੈ ਤਾਂ ਸਾਰੇ ਦਾ ਸਾਰਾ ਸਰੀਰ ਖਿਚਿਆ ਜਾਂਦਾ ਹੈ। ਅੰਦਰਲਾ ਅੰਦਰ ਹੀ ਰਹਿ ਜਾਂਦਾ ਹੈ। ਮਾੜਾ ਮੋਟਾ ਕੁਝ ਨਿਕਲਦਾ ਵੀ ਹੈ ਤਾਂ ਚਾਕੂਆਂ ਦੇ ਗੁੱਛੇ ਵਾਂਗ ਸਰੀਰ ਨੂੰ ਚੀਰ ਸੁੱਟਦਾ ਹੈ। ਚੀਕਦਾ ਚਿਲਾਉਂਦਾ, ਅਲੇ ਜ਼ਖ਼ਮਾਂ ਨੂੰ ਉਤੇੜ ਉਹ ਮੰਜੇ 'ਤੇ ਆ ਡਿੱਗਦਾ ਹੈ। ਤਲਖ਼ ਯਾਦਾਂ ਦੇ ਕੌੜੇ ਘੁੱਟ ਭਰਨ ਲਈ।

ਮਸ਼ੀਨ ਲਗਵਾ ਕੇ ਦੋ ਦਿਨ ਉਹਨੂੰ ਅਰਾਮ ਲਈ ਮਿਲੇ।



ਥਾਣੇ 'ਚ ਪੈਂਦਾ ਚੀਕ ਚਿਹਾੜਾ ਉਹਨੂੰ ਆਪਣੇ ਨੰਬਰ ਦੀ ਯਾਦ ਦਵਾਉਂਦਾ ਰਹਿੰਦਾ। ਤੇਜ਼ ਹੋਈ ਦਿਲ ਦੀ ਧੜਕਨ ਨੂੰ ਕਾਬੂ ਰੱਖਣ ਦੇ ਯਤਨ ਕਰਦਾ ਕਈ ਵਾਰ ਉਹ ਬੁੜਬੜਾਉਣ ਲੱਗਾ।

ਘਰਦਿਆਂ 'ਤੇ ਉਹਨੂੰ ਡਾਢਾ ਗੁੱਸਾ ਸੀ। ਕਿਸੇ ਨੇ ਉਹਦੀ ਬਾਤ ਨਹੀਂ ਪੁੱਛੀ। ਚੌਧਰੀਆਂ ਨੇ ਵੀ ਨਹੀਂ। ਉਹਨਾਂ ਦੀ ਥਾਣੇ ਕਚਹਿਰੀਆਂ 'ਚ ਪੂਰੀ ਚਲਦੀ ਹੈ। ਚਾਹੁਣ ਤਾਂ ਭਾਵੇਂ ਸਚਮੁਚ ਦੇ ਅਤਿਵਾਦੀ ਨੂੰ ਛੁਡਾ ਲੈਣ। ਲੈ ਦੇ ਕਰਕੇ ਨੱਥੂ ਵਰਗੇ ਬਥੇਰੇ ਇਥੋਂ ਖਹਿੜਾ ਛੁਡਾ ਚੁੱਕੇ ਸਨ।

ਅਗਲੇ ਹੀ ਪਲ ਉਹ ਘਰਦਿਆਂ ਨੂੰ ਬਰੀ ਕਰ ਦਿੰਦਾ। ਉਹਨਾਂ ਨੂੰ ਕੀ ਕੀ ਪਤਾ ਹੋਣੈ ਉਹ ਕਿਥੇ ਹੈ। ਉਹਨੂੰ ਤਾਂ ਖ਼ੁਦ ਨੂੰ ਨਹੀਂ ਪਤਾ ਉਹ ਕਿਹੜੀ ਥਾਂ ਹੈ। ਕਿਸੇ ਪਿੰਡ ਵਿਚ ਹੈ, ਸ਼ਹਿਰ ਵਿਚ ਜਾਂ ਜੰਗਲ ਵਿਚ ? ਉੱਚੀਆਂ ਉੱਚੀਆਂ ਕੰਧਾਂ, ਭਾਂਤ ਭਾਂਤ ਦੇ ਹਥਿਆਰਾਂ ਨਾਲ ਲੈਸ ਸਿਪਾਹੀਆਂ ਅਤੇ ਨੱਥੂ ਵਰਗੇ ਦਹਿਸ਼ਤਗਰਦਾਂ ਤੋਂ ਬਿਨਾਂ ਇਥੇ ਕੁਝ ਨਜ਼ਰ ਨਹੀਂ ਆਉਂਦਾ।

ਜਦੋਂ ਉਹ ਥੋੜਾ ਜਿਹਾ ਤੁਰਨ ਫਿਰਨ ਜੋਗਾ ਹੋਇਆ ਤਾਂ ਉਹਨੂੰ ਡਿਪਟੀ ਦੇ ਪੇਸ਼ ਕੀਤਾ ਗਿਆ।

ਨੱਥੂ ਦੀ ਮਿਸਲ ਪੜ੍ਹਦਿਆਂ ਹੀ ਉਹਦੀਆਂ ਅੱਖਾਂ ਚੀਤੇ ਵਾਂਗ ਚਮਕ ਪਈਆਂ। ਕੰਨ ਲਾਲ ਹੋ ਗਏ, ਭਰਵਟੇ ਚੜ੍ਹ ਗਏ ਤੇ ਬੁਲ੍ਹ ਫਰਕਨ ਲੱਗੇ।

''ਤਾਂ ਇਹ ਕੁਝ ਵੀ ਨਹੀਂ ਬਕ ਰਿਹਾ ਹਰਾਮਜ਼ਾਦਾ....।'' ਉਹਦੀ ਮੇਜ਼ ਤੇ ਪਿਆ ਡੰਡਾ ਅਚਾਨਕ ਹੀ ਨੱਥੂ ਦੇ ਸਿਰ 'ਚ ਵਰ੍ਹਨ ਲੱਗਾ। ਇਕ ਵਾਰ ਫੇਰ ਭੰਬੂ ਤਾਰੇ ਉਹਦੀਆਂ ਅੱਖਾਂ ਅੱਗੇ ਨੱਚਣ ਲੱਗੇ ਤੇ ਉਹ ਬੇਹੋਸ਼ ਹੁੰਦਾ ਹੁੰਦਾ ਮਸਾਂ ਬਚਿਆ।

ਘੋਟਾ, ਮੰਜਾ ਅਤੇ ਸ਼ਕੰਜਾ ਜਦੋਂ ਸਭ ਉਹਤੋਂ ਇਕਬਾਲ ਕਰਾਉਦ ਵਿਚ ਅਸਫਲ ਹੋ ਗਏ ਤਾਂ ਆਖਰੀ ਦੌਰ ਦਾ ਹੁਕਮ ਹੋਇਆ।

ਅੱਠ ਦਿਨ ਥਾਣੇ ਰਹਿ ਕੇ, ਅੰਗ ਅੰਗ ਕੁਟਵਾ ਉਹ ਥਾਣੇ ਦੀ ਸ਼ਬਦਾਵਲੀ ਚੰਗੀ ਤਰ੍ਹਾਂ ਸਮਝਣ ਲੱਗਾ ਸੀ। ਆਖਰੀ ਪੜਾਅ ਰੱਸਾ ਸੀ। ਰੱਸਾ ਕਿਵੇਂ ਵਰਤਿਆ ਜਾਏਗਾ ਉਹਨੂੰ ਪੂਰਾ ਇਲਮ ਸੀ। ਦੋਹਾਂ ਹੱਥਾਂ ਨੂੰ ਪਿੱਠ 'ਤੇ ਲਿਜਾ ਕੇ ਰੱਸੇ ਦਾ ਇਕ ਸਿਰਾ ਗੁੱਟਾਂ ਨਾਲ ਬੰਨ੍ਹਿਆ ਜਾਏਗਾ। ਦਰੱਖ਼ਤ ਦੇ ਟਾਹਣੇ ਉੱਪਰ ਦੀ ਹੁੰਦੇ ਦੂਸਰੇ ਸਿਰੇ ਨੂੰ ਖਿੱਚਿਆ ਜਾਏਗਾ। ਸਰੀਰ ਦਾ ਸਾਰਾ ਬੋਝ ਜਦੋਂ ਜੜ੍ਹੋਂ ਉੱਖੜ ਰਹੇ ਮੌਰਾਂ 'ਤੇ ਪਏਗਾ ਉਹ ਚੀਕੇਗਾ, ਚਿਲਾਏਗਾ ਅਤੇ ਜ਼ਖ਼ਮੀ ਚਿੜੀ ਵਾਂਗ ਫੜਫੜਾਏਗਾ। ਕੁਝ ਕੁ ਮਿੰਟਾਂ ਬਾਅਦ ਜਾ ਉਹ ਕੁਝ ਬਕੇਗਾ ਜਾਂ ਹੰਭ ਕੇ ਗਰਦਨ ਲਟਕਾ ਦੇਵੇਗਾ। ਫੇਰ ਉਹਨੂੰ ਹੇਠਾਂ ਲਾਹਿਆ ਜਾਏਗਾ। ਮਾਲਸ਼ਾਂ ਕਰਕੇ, ਕੋਸਾ ਕੋਸਾ ਦੁੱਧ ਪਿਲਾ ਕੇ ਅਗਲੀ ਕਾਰਵਾਈ ਲਈ ਤਿਆਰ ਕੀਤਾ ਜਾਏਗਾ।

ਨੱਥੂ ਚਾਹੁੰਦਾ ਸੀ ਜਲਦੀ ਜਲਦੀ ਸਾਰੇ ਤਰੀਕੇ ਉਹਦੇ 'ਤੇ ਅਜ਼ਮਾ ਲਏ ਜਾਣ। ਤਾਂ ਜੋ ਫੇਰ ਉਹਨੂੰ ਵੀ ਖ਼ਤਰਨਾਕ ਦਹਿਸ਼ਤਗਰਦ ਗਰਦਾਨ ਕੇ ਕਿਸੇ ਨਹਿਰ ਕਿਨਾਰੇ ਲਿਜਾ ਕੇ ਗੋਲੀਆਂ ਮਾਰ ਦਿੱਤੀਆਂ ਜਾਣ। ਮੌਤ ਨੂੰ ਉਹ ਬੇਸਬਰੀ ਨਾਲ ਉਡੀਕ ਰਿਹਾ ਸੀ। ਇਥੇ ਤਾਂ ਖ਼ੁਦਕੁਸ਼ੀ ਦਾ ਵੀ ਕੋਈ

ਵਸੀਲਾ ਨਹੀਂ ਸੀ।

ਰੱਸੇ ਨਾਲ ਲਟਕ ਕੇ ਉਹਨੇ ਹਾਲੇ ਪਹਿਲੀ ਚੀਕ ਹੀ ਮਾਰੀ ਸੀ ਕਿ ਇਕ ਕਰਾਮਾਤ ਜਿਹੀ ਹੁੰਦੀ ਉਹਨੂੰ ਨਜ਼ਰ ਆਈ। ਅੱਖਾਂ ਅੱਗੇ ਛਾਈ ਧੁੰਧ ਵਿਚੋਂ ਉਹਨੂੰ ਡਿਪਟੀ ਨਾਲ ਖੜੇ ਚੌਧਰੀਆਂ ਦੇ ਛੋਟੇ ਕਾਕੇ ਦਾ ਝਉਲਾ ਪਿਆ। ਛਾਂ ਛਾਂ ਕਰਦੇ ਕੰਨਾਂ ਨੇ ਸੁਣਿਆ ਜਿਵੇਂ ਪੁੱਛ ਰਿਹਾ ਹੋਵੇ :

''ਜੇ ਤੂੰ ਸੱਚਾ ਏਂ ਤਾਂ ਮੈਂ ਛੁਡਾਵਾਂ....।''

ਡਿਪਟੀ ਦੇ ਇਸ਼ਾਰੇ ਤੇ ਰੱਸਾ ਢਿੱਲਾ ਹੋਇਆ। ਨੱਥੂ ਦੇ ਪੈਰ ਜ਼ਮੀਨ 'ਤੇ ਆ ਟਿਕੇ। ਹੱਥਾਂ ਦਾ ਸਹਾਰਾ ਲੈ ਕੇ ਉਹ ਜ਼ਮੀਨ 'ਤੇ ਬੈਠ ਗਿਆ।

''ਤੈਨੂੰ ਪਤੈ ਇਹ ਗੋਲੀ ਵੀ ਮਾਰ ਸਕਦੇ ਨੇ...।'' ਡਿਪਟੀ ਨੂੰ ਦਫ਼ਤਰ ਵਲ ਜਾਂਦਾ ਦੇਖ ਕੇ ਚੌਧਰੀ ਨੇ ਦੁਬਾਰਾ ਗੱਲ ਤੋਰੀ।

''ਡਿਪਟੀ ਮੇਰਾ ਮਿੱਤਰ ਹੈ...ਉਸੇ ਨੇ ਮੈਨੂੰ ਬੁਲਾਇਆ...ਸੇਵਾ ਕਰਨੀ ਪਊ....ਮੈਂ ਘੱਟ ਵਿਚ ਸਾਰ ਦਿਊਂ....।''

''ਮੈਨੂੰ ਇਥੋਂ ਕੱਢੋ...ਜਿਵੇਂ ਮਰਜ਼ੀ ਕਰੋ....ਮੈਥੋਂ ਹੋਰ ਨਹੀਂ ਸਹਾਰ ਹੁੰਦਾ....ਜਾਂ ਫੇਰ ਗੋਲੀ ਮਰਵਾ ਦਿਉ...।'' ਬਹੁਤਾ ਉਹਤੋਂ ਬੋਲ ਨਾ ਹੋਇਆ। ਧੱਕ ਧੱਕ ਕਰਦੇ ਦਿਲ ਦੀ ਧੜਕਨ ਇਕ ਦਮ ਬੰਦ ਹੋ ਲੱਗ ਪਈ ਸੀ।

ਮੁੜ ਜਦੋਂ ਉਹਨੇ ਅੱਖ ਪੁੱਟੀ ਉਹ ਆਪਣੇ ਘਰ ਸੀ। ਬੁੱਢਾ ਬਾਪ ਵਾਹਿਗੁਰੂ-ਵਾਹਿਗੁਰੂ ਕਰਦਾ ਉਹਦਾ ਸਿਰ ਝੱਸ ਰਿਹਾ ਸੀ। ਧੰਨੋ ਤਲੀਆਂ ਨੂੰ ਟਕੋਰ ਕਰ ਰਹੀ ਸੀ ਤੇ ਡਰੇ ਸਹਿਮੇ ਬੱਚੇ ਬਿਟਰ ਬਿਟਰ ਤੱਕ ਰਹੇ ਸਨ।

''ਚੌਧਰੀਆਂ ਨੇ ਪਲਿਉਂ ਤਿੰਨ ਹਜ਼ਾਰ ਦੇ ਕੇ ਤੇਰੀ ਜਿੰਦ ਬਖ਼ਸ਼ਾਈ। ਨਹੀਂ ਤਾਂ ਉਹਨਾਂ ਮੁਕਾਬਲਾ ਕਹਿ ਕੇ ਤੈਨੂੰ ਮਾਰਨ ਦਾ ਸਾਰਾ ਇੰਤਜ਼ਾਮ ਕਰ ਲਿਆ ਸੀ।'' ਥੋੜਾ ਜਿਹਾ ਵੱਲ ਹੋਣ ਤੇ ਬਾਪੂ ਨੇ ਚੌਧਰੀਆਂ ਦੀਆਂ ਮਿਹਰਬਾਨੀਆਂ ਦੇ ਪੁੱਲ ਬੰਨ੍ਹਦਿਆਂ ਦੱਸਿਆ ਸੀ।

ਤੇ ਉਹਨਾਂ ਹੀ ਮਿਹਰਬਾਨੀਆਂ ਕਰਕੇ ਅੱਜ ਕੱਲ ਤੀਸਰੀ ਦਸਤਕ ਹੁੰਦੀ ਹੈ। ਪਹਿਲੀਆਂ ਨਾਲੋਂ ਵੀ ਡਰਾਉਣੀ। ਇਹ ਦਿਨ ਦਿਹਾੜੇ ਹੁੰਦੀ ਹੈ, ਦਿਨ 'ਚ ਕਈ ਕਈ ਵਾਰ ਹੁੰਦੀ ਹੈ। ਚੌਧਰੀਆਂ ਦੀ ਕਿਸੇ ਨਾ ਕਿਸੇ ਨਵੀਂ ਵਗਾਰ ਦਾ ਸੁਨੇਹਾ ਲੈ ਕੇ ਆਉਂਦੀ ਹੈ, ਸਿਰ ਚੜ੍ਹੇ ਕਰਜ਼ੇ ਦੀ ਯਾਦ ਦਵਾਉਂਦੀ ਹੈ।

ਜੁੱਬੜ 'ਚ ਦੁਬਕਿਆ ਨੱਥੂ ਸਭ ਕੁਝ ਜਰਦਾ ਰਹਿੰਦਾ ਹੈ।

ਨਵੀਂ ਦਸਤਕ ਤੋਂ ਖਹਿੜਾ ਛੁਡਾਉਣ ਲਈ ਬਾਪੂ ਨੇ ਬੈਟਰੀ ਤੇ ਡਾਂਗ ਚੁੱਕ ਲਈ ਹੈ। ਮਸ਼ੀਨਾਂ 'ਤੇ ਕੰਮ ਕਰਨਾ ਤਾਂ ਉਹਦੇ ਵੱਸ ਦਾ ਨਹੀਂ, ਚੌਕੀਦਾਰਾ ਤਾਂ ਕਰ ਹੀ ਸਕਦਾ ਹੈ।

ਧੰਨੋ ਮਾਲਕਾਂ ਦੀ ਕੋਠੀ ਦੀ ਸਫ਼ਾਈ ਕਰਨ ਜਾਂਦੀ ਹੈ। ਕਪੜੇ ਧੋਂਦੀ ਤੇ ਭਾਂਡੇ ਮਾਂਜਦੀ ਹੈ।





ਆਖਿਰ ਚੌਧਰੀਆਂ ਦਾ ਉਹਨਾਂ 'ਤੇ ਅਹਿਸਾਨ ਹੈ।

ਬੰਸੋ ਨੇ ਕਿਤਾਬਾਂ ਵਾਲਾ ਝੋਲਾ ਕੀਲੇ ਤੇ ਟੰਗ ਦਿੱਤਾ ਹੈ। ਭੱਠ ਪਏ ਇਹੋ ਜਿਹੀ ਪੜ੍ਹਾਈ। ਚੁੱਲ੍ਹਾ ਮੱਘਦਾ ਰੱਖਣ ਲਈ ਉਹ ਧਾਗਾ ਮਿੱਲ ਜਾਣ ਲੱਗੀ ਹੈ।

ਹੱਡਾਂ ਦੀ ਮੁੜ ਨਰੋਏ ਹੋਣ ਦੀ ਆਸ ਲਈ ਅੰਦਰ ਪਿਆ ਨੱਥੂ ਸੋਚਦਾ ਰਹਿੰਦਾ ਹੈ ਕਿ ਆਖਿਰ ਦਹਿਸ਼ਤਗਰਦ ਕੌਣ ਹੈ ? ਚੰਨੀ, ਉਹ, ਡਿਪਟੀ ਜਾਂ ਫੇਰ ਚੌਧਰੀ ?

☆☆☆

# ਅਪਰਾਧ

ਜਿਉਂ ਹੀ ਟੀ.ਵੀ. ਉੱਪਰ ਚਲਦੀ ਫ਼ਿਲਮ ਕੜਕ ਕਰਕੇ ਬੰਦ ਹੋਈ, ਮਹਿੰਦਰ ਨੂੰ ਬਿਜਲੀ ਦਾ ਕਰੰਟ ਜਿਹਾ ਲੱਗਿਆ। ਉਸ ਨੂੰ ਲੱਗਿਆ ਜਿਵੇਂ ਅਸਮਾਨੀਂ ਉਡਦੇ ਦੇ ਉਸ ਦੇ ਅਚਾਨਕ ਖੰਭ ਕੱਟ ਗਏ ਹੋਣ ਤੇ ਉਹ ਧਰਤੀ ਉਤੇ ਆ ਡਿੱਗਿਆ ਹੋਵੇ।

ਉਸ ਦੇ ਸਾਹਮਣੇ ਸ਼ਰਾਬੀ ਜੇਲ੍ਹ ਸੁਪਰਟੈਂਡੈਂਟ ਸੋਫੇ ਵਿਚ ਢੇਰ ਹੋਇਆ ਪਿਆ ਸੀ। ਉਸ ਦੀ ਟੰਗ ਵਿਚ ਟੰਗ ਅੜਾਈ ਪਿਆ ਡਾਕਟਰ ਘਰਾੜੇ ਮਾਰ ਰਿਹਾ ਸੀ। ਸੁਪਰਟੈਂਡੈਂਟ ਦੇ ਘਰ ਜੰਮੇ ਮੁੰਡੇ ਦਾ ਜਸ਼ਨ ਮਨਾਉਣ ਆਏ ਬਾਕੀ ਦੇ ਮਹਿਮਾਨ ਲੜਖੜਾਉਂਦੇ ਆਪਣੇ ਘਰਾਂ ਨੂੰ ਮੁੜ ਗਏ ਸਨ। ਹੁਣ ਸਾਰੇ ਕਮਰੇ ਵਿਚ ਸੰਨਾਟਾ ਸੀ ਜਾਂ ਬਾਹਰ ਸ਼ਾਂ ਸ਼ਾਂ ਕਰਦੀ ਹਵਾ ਦਾ ਸ਼ੋਰ।

ਮਹਿੰਦਰ ਨੇ ਸਾਰੇ ਕਮਰੇ ਦਾ ਡੂੰਘਾਈ ਨਾਲ ਜਾਇਜ਼ਾ ਲਿਆ। ਕੋਠੀ ਵਿਚੋਂ ਨੱਠਣ ਵਿਚ ਉਸ ਨੂੰ ਕੋਈ ਦਿੱਕਤ ਨਹੀਂ ਸੀ। ਸਾਰੇ ਦੇ ਸਾਰੇ ਦਰਵਾਜ਼ੇ ਖੁੱਲ੍ਹੇ ਪਏ ਸਨ। ਘਰ ਦਾ ਮਾਲਕ ਸ਼ਰਾਬ ਨੇ ਬੇ-ਸੁਧ ਕਰ ਦਿੱਤਾ ਸੀ। ਘਰ ਵਿਚ ਜੇ ਕੋਈ ਸੀ ਤਾਂ ਉਹ ਨਾਲ ਦੇ ਕਮਰੇ ਵਿਚ ਪਈ ਬੁੱਢੀ ਹੀ ਸੀ। ਪਰ ਉਹ ਲੱਖ ਚੀਕਾਂ ਮਾਰੇ ਸੁਪਰਟੈਂਡੈਂਟ ਨੂੰ ਜਗਾ ਨਹੀਂ ਸੀ ਸਕਦੀ। ਉਹ ਸੌ ਵਾਰ ਉਸ ਦਾ ਪਿੱਛਾ ਕਰੇ, ਉਸ ਨੂੰ ਫੜ ਨਹੀਂ ਸੀ ਸਕਦੀ।

ਫੇਰ ਉਹ ਕੈਦ ਦੇ ਬਾਕੀ ਰਹਿੰਦੇ ਪਹਾੜ ਜਿੱਡੇ ਦਸ ਵਰ੍ਹੇ ਜੇਲ੍ਹ ਵਿਚ ਕਿਉਂ ਸੜੇ ? ਉਸ ਨੂੰ ਤਾਂ ਇੰਝ ਲੱਗਦਾ ਸੀ ਜਿਵੇਂ ਉਸ ਦੀ ਸਾਰੀ ਉਮਰ ਹੀ ਜੇਲ੍ਹ ਵਿਚ ਨਿਕਲ ਗਈ ਹੋਵੇ। ਪਰ ਜਦੋਂ ਵੀ ਕਦੇ ਉਸ ਨੇ ਹਿਸਾਬ ਕਿਤਾਬ ਲਾਇਆ ਤਾਂ ਚਾਰ ਸਾਲ ਵੀ ਪੂਰੇ ਨਹੀਂ ਸੀ ਬਣਦੇ। ਉਹ ਜੇਲ੍ਹ ਵਿਚ ਹੋਰ ਜ਼ਲੀਲ ਨਹੀਂ ਹੋਏਗਾ ਤੇ ਅੱਜ ਖੰਭ ਲਾ ਕੇ ਉਡ ਹੀ ਜਾਏਗਾ।

ਜੋ ਵੀ ਇਥੋਂ ਇਕ ਵਾਰ ਭੱਜ ਗਿਆ, ਬਸ ਭੱਜ ਹੀ ਗਿਆ। ਮੁੜ ਕਦੇ ਹੱਥ ਨਹੀਂ ਆਇਆ। ਪੰਜ ਚਾਰ ਦਿਨ ਜੇਲ੍ਹ ਵਿਚ ਸਖ਼ਤੀਆਂ ਹੋਈਆਂ। ਇਕ ਦੋ ਵਾਰਡਨ ਸਸਪੈਂਡ ਹੋਏ ਤੇ ਫੇਰ ਜਿਵੇਂ ਸਭ ਕੁਝ ਭੁੱਲ ਭੁਲਾ ਗਿਆ। ਪੁਲਿਸ ਨੂੰ ਉਸ ਦੀ ਸੂਹ ਕਿਤੋਂ ਵੀ ਨਹੀਂ ਮਿਲੇਗੀ। ਉਹ ਦੂਰ ਨਿਕਲ ਜਾਏਗਾ.....ਕਲਕੱਤੇ, ਮਦਰਾਸ, ਮੁੰਬਈ....ਜਿਥੇ ਉਸ ਨੂੰ ਕੋਈ ਵੀ ਨਹੀਂ ਜਾਣਦਾ ਹੋਏਗਾ।

ਸੋਚਾਂ ਦੇ ਘੋੜੇ ਦੌੜਾਉਂਦਾ ਉਹ ਫਰਸ਼ ਤੋਂ ਉਠਿਆ। ਸੁਪਰਡੈਂਟ ਦੇ ਸਿਰ ਨੂੰ ਹੱਥਾਂ ਵਿਚ ਫੜ ਕੇ ਇਧਰ ਉਧਰ ਘੁਮਾਇਆ। ਮੁਰਦੇ ਜਿਹੇ ਹੋ ਚੁੱਕੇ ਅੰਗਾਂ ਵਿਚ ਕੋਈ ਹਰਕਤ ਨਹੀਂ ਸੀ। ਜਿਧਰ ਵੀ ਉਸ ਨੇ ਉਸ ਦੀ ਗਰਦਨ ਘੁਮਾਈ, ਉਹ ਉਧਰ ਹੀ ਲਟਕ ਗਈ।

ਮਲਕੜੇ ਜਿਹੇ ਉਸ ਨੇ ਡਾਕਟਰ ਦੇ ਸਿਰ ਹੇਠਾਂ ਗੁੱਛਾ-ਮੁੱਛਾ ਕਰਕੇ ਰੱਖੀ ਪੱਗ ਕੱਢੀ ਤੇ ਇਕ



ਵੱਡਾ ਸਾਰਾ ਲੜ ਛੱਡ ਕੇ ਬਾਕੀ ਦੀ ਪੱਗ ਸਿਰ ਉੱਪਰ ਲਪੇਟ ਲਈ। ਜਦੋਂ ਵੀ ਲੋੜ ਪਈ, ਉਹ ਹੁਣੇ ਹੁਣੇ ਦੇਖੀ ਫਿਲਮ ਦੇ ਹੀਰੋ ਵਾਂਗ ਲੜ ਨਾਲ ਮੂੰਹ ਢੱਕ ਲਏਗਾ ਤੇ ਬੇਪਛਾਣ ਹੋ ਜਾਏਗ। ਉਸ ਨੇ ਸੋਚਿਆ।

ਕਮਰੇ 'ਚੋਂ ਬਾਹਰ ਨਿਕਲਦਿਆਂ ਹੀ ਬੁੱਢੀ ਦੀ ਖੰਘ ਨੇ ਉਸ ਦੇ ਪੈਰ ਜਕੜ ਲਏ। ਸਹਿਮ ਕੇ ਉਹ ਬਰਾਂਡੇ ਵਿਚ ਖੜੋ ਗਿਆ। ਡਰਿਆ ਡਰਿਆ ਉਹ ਬੁੱਢੀ ਦੀ ਹਾਕ ਦੀ ਇੰਤਜ਼ਾਰ ਕਰਨ ਲੱਗਿਆ। ਮਨ ਹੀ ਮਨ ਉਸ ਨੇ ਬੁੱਢੀ ਦਾ ਧੰਨਵਾਦ ਵੀ ਕੀਤਾ। ਜੇ ਬੁੱਢੀ ਨਾ ਹੁੰਦੀ ਤਾਂ ਸੁਪਰਡੈਂਟ ਨੇ ਉਸ ਨੂੰ ਕੰਮ ਲਈ ਘਰ ਨਹੀਂ ਸੀ ਲਿਆਉਣਾ, ਨਾ ਹੀ ਉਸ ਨੇ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋ ਕੇ ਉਸ ਨੂੰ ਜੇਲ੍ਹ ਭੇਜਣੋਂ ਭੁੱਲਣਾ ਸੀ ਅਤੇ ਨਾ ਹੀ ਉਸ ਨੇ ਖੁੱਲ੍ਹੇ ਅਸਮਾਨ ਹੇਠਾਂ ਵਿਚਰਨ ਦੇ ਸੁਪਨੇ ਲੈਣੇ ਸਨ।

ਉਸ ਨੇ ਤਾਕੀ ਥਾਣੀਂ ਬੁੱਢੀ ਦੇ ਕਮਰੇ ਵਿਚ ਤੱਕਿਆ। ਉਹ ਘੂਕ ਸੁੱਤੀ ਪਈ ਸੀ। ਪੰਜਾਂ ਸਾਲਾਂ ਦੀ ਬਨੀਤ ਉਸ ਦੀ ਹਿੱਕ ਉਤੇ ਸਿਰ ਰੱਖੀ ਕਿਸੇ ਪਰੀ ਦੇਸ਼ ਦੇ ਸੁਪਨੇ ਦੇਖ ਰਹੀ ਸੀ। ਬੁੱਢੀ ਦੇ ਚਿਹਰੇ ਉਪਰ ਖ਼ੁਸ਼ੀ ਦਾ ਨੂਰ ਟਪਕ ਰਿਹਾ ਸੀ। ਸਾਲਾਂ ਬਾਅਦ ਮਸਾਂ ਉਸ ਨੇ ਪੋਤੇ ਦਾ ਮੂੰਹ ਦੇਖਿਆ ਸੀ।

ਉਸ ਦਾ ਦਿਲ ਕੀਤਾ ਜਾਂਦੀ ਵਾਰ ਉਹ ਦੇਵੀਆਂ ਵਰਗੀ ਇਸ ਔਰਤ ਦੇ ਪੈਰੀਂ ਹੱਥ ਜ਼ਰੂਰ ਲਾਏ। ਜਿੰਨੀ ਦੇਰ ਸੁਪਰਡੈਂਟ ਦੇ ਘਰ ਰਿਹਾ ਸੀ ਬੁੱਢੀ ਨੇ ਉਸ ਨੂੰ ਬੱਚਿਆਂ ਵਾਂਗ ਪਿਆਰ ਕੀਤਾ ਸੀ....ਪੁੱਤ ਪੁੱਤ ਕਹਿੰਦੀ ਦੇ ਉਸ ਦੇ ਬੁੱਲ੍ਹ ਸੁੱਕਦੇ ਸਨ...ਦਿਨ ਵਿਚ ਕਈ ਕਈ ਵਾਰ ਉਹ ਉਸ ਦਾ ਸਿਰ ਪਲੋਸਦੀ ਸੀ।

ਉਸ ਨੂੰ ਲੱਗਿਆ, ਉਸ ਨੂੰ ਭੱਜਦਿਆਂ ਦੇਖ ਕੇ ਬੁੱਢੀ ਦਾ ਚਿਹਰਾ ਪੀਲਾ ਪੈ ਚੱਲਿਆ ਸੀ...ਜਿਉਂ ਹੀ ਉਹ ਜੇਲ੍ਹ ਕਲੋਨੀ ਵਿਚੋਂ ਬਾਹਰ ਨਿਕਲੇਗਾ, ਸਾਰੀ ਜੇਲ੍ਹ ਵਿਚ ਸ਼ੋਰ ਮੱਚ ਜਾਏਗਾ....ਸੀਟੀਆਂ ਵੱਜਣਗੀਆਂ....ਸੁਪਰਡੈਂਟ ਸਸਪੈਂਡ ਹੋ ਜਾਏਗਾ...ਉਹ ਆਪਣੀ ਬੁੱਢੀ ਮਾਂ ਨੂੰ ਗਾਲ੍ਹਾਂ ਕੱਢੇਗਾ ਤੇ ਬੁੱਢੀ ਮਹਿੰਦਰ ਨੂੰ....ਉਨ੍ਹਾਂ ਦੇ ਘਰ ਜੰਮੇ ਮੁੰਡੇ ਦੀ ਖ਼ੁਸ਼ੀ ਗ਼ਮੀ ਵਿਚ ਵਟ ਜਾਏਗੀ।

ਪਰ ਕਿਸੇ ਨੂੰ ਕੁਝ ਵੀ ਹੋਏ, ਅੱਜ ਉਹ ਨਹੀਂ ਰੁਕੇਗਾ....ਮਨ ਤਕੜਾ ਕਰਕੇ ਉਹ ਤਾਕੀ ਤੋਂ ਪਿੱਛੇ ਹਟਿਆ ਤੇ ਬਾਹਰ ਵੱਲ ਤੁਰ ਪਿਆ।

ਠੰਡੀ ਠੰਡੀ ਹਵਾ ਦੇ ਜਿਉਂ ਹੀ ਉਸ ਦਾ ਸਰੀਰ ਛੋਹਿਆ, ਉਸ ਨੂੰ ਧੁੜਧੁੜੀ ਜਿਹੀ ਛਿੜ ਗਈ। ਗਦ ਗਦ ਹੋ ਕੇ ਉਸ ਨੇ ਖੁੱਲ੍ਹੇ ਅਸਮਾਨ ਵੱਲ ਤੱਕਿਆ। ਨਿੱਕੀਆਂ ਨਿੱਕੀਆਂ ਬੱਦਲੀਆਂ ਨੇ ਸਾਰੇ ਅਸਮਾਨ ਵਿਚ ਕਿੱਕਲੀਆਂ ਪਾਈਆਂ ਹੋਈਆਂ ਹਨ। ਚੰਦ ਦੀ ਨਿੱਕੀ ਜਿਹੀ ਲੀਕ ਬੱਦਲੀਆਂ ਨਾਲ ਲੁਕਣ-ਮੀਟੀ ਖੇਲ ਰਹੀ ਸੀ। ਬਿਨਾ ਰੋਕ ਟੋਕ ਉਹ ਬੱਦਲੀਆਂ ਦੇ ਸਰੀਰਾਂ ਨੂੰ ਚੁੰਮ ਰਿਹਾ ਸੀ ਤੇ ਮਸਤ ਹੋਇਆ ਉਨ੍ਹਾਂ ਦੇ ਅੱਗੇ ਪਿੱਛੇ ਨੱਚ ਰਿਹਾ ਸੀ।

ਬਿਲਕੁਲ ਇਸੇ ਤਰ੍ਹਾਂ ਦੀ ਸੀ ਉਹ ਰਾਤ, ਜਦੋਂ ਸ਼ਿੰਦਾ ਉਨ੍ਹਾਂ ਦੀ ਕੰਧ ਟੱਪ ਕੇ ਆਇਆ ਸੀ ਤੇ ਕੋਠੇ ਉਤੇ ਪਈ ਉਸ ਦੀ ਮਾਂ ਨਾਲ ਆ ਪਿਆ ਸੀ। ਉਨ੍ਹਾਂ ਦੀ ਘੁਸਰ-ਮੁਸਰ ਵਿਚ ਉਸ ਦੀ ਅੱਖ ਖੁੱਲ੍ਹ ਗਈ ਸੀ। ਉਦੋਂ ਉਹ ਸਾਰਾ ਅੱਠਾਂ ਸਾਲਾਂ ਦਾ ਸੀ। ਡਰਿਆ ਉਹ ਮੰਜੀ ਨਾਲ ਚਿਪਕ ਗਿਆ

ਸੀ। ਉਨ੍ਹਾਂ ਦੀਆਂ ਗੱਲਾਂ ਦੀ ਉਸ ਨੂੰ ਬਹੁਤੀ ਸਮਝ ਨਹੀਂ ਸੀ ਆਈ। ਪਰ ਇੰਨਾ ਕੁ ਉਸ ਨੂੰ ਹੁਣ ਵੀ ਯਾਦ ਸੀ ਕਿ ਉਨ੍ਹਾਂ ਦੀਆਂ ਹਰਕਤਾਂ ਦੇਖ ਦੇਖ ਉਹ ਖ਼ੁਦ ਵੀ ਸੁਆਦ ਸੁਆਦ ਹੋ ਗਿਆ ਸੀ।

ਵਾਪਸ ਜਾਂਦੇ ਸ਼ਿੰਦੇ ਨੇ ਉਸ ਦੀ ਮਾਂ ਨੂੰ ਇਕ ਪੁੜੀ ਦਿੱਤੀ ਸੀ ਜੋ ਉਸ ਨੇ ਚੁੰਨੀ ਦੇ ਲੜ ਬੰਨ੍ਹ ਲਈ ਸੀ। ਅਗਲੇ ਦਿਨ ਉਨ੍ਹਾਂ ਦੇ ਘਰ ਸੱਥਰ ਵਿਛਿਆ ਸੀ। ਉਸ ਦਾ ਪਿਉ ਮਰ ਗਿਆ ਸੀ। ਧਾਹਾਂ ਮਾਰਦੀ ਉਸ ਦੀ ਮਾਂ ਦੀ ਬੁੱਢੀਆਂ ਠੇਰੀਆਂ ਨੇ ਮਸਾਂ ਧੀਰ ਬੰਧਾਈ ਸੀ। ਉਸ ਨੂੰ ਗੋਦ ਵਿਚ ਲੈ ਕੇ ਉਸ ਦੀ ਮਾਂ ਨੇ ਵੈਣ ਪਾਏ ਸਨ। ਡੌਰ-ਭੌਰ ਹੋਇਆ ਉਹ ਕਈ ਦਿਨ ਖ਼ਾਲੀ ਮੰਜੀ ਵਿਚੋਂ ਆਪਣੇ ਬਾਪੂ ਨੂੰ ਲੱਭਣ ਦੇ ਯਤਨ ਕਰਦਾ ਰਿਹਾ ਸੀ।

ਜਦੋਂ ਕਦੇ ਉਹ ਆਪਣੇ ਜ਼ਿਹਨ ਉਤੇ ਪੂਰਾ ਜ਼ੋਰ ਦਿੰਦਾ ਤਾਂ ਉਸ ਦੇ ਬਾਪੂ ਦਾ ਧੁੰਦਲਾ ਜਿਹਾ ਅਕਸ ਉਸ ਦੀਆਂ ਅੱਖਾਂ ਵਿਚ ਉਕਰ ਜਾਂਦਾ। ਸੜੇ ਜਿਹੇ ਕਪੜਿਆਂ ਵਾਲਾ, ਕਰੜ ਬਰੜੀ ਦਾੜ੍ਹੀ ਵਾਲਾ ਤੇ ਨੱਕ ਵਿਚੋਂ ਆਉਂਦੀ ਨਸਵਾਰ ਦੀ ਬਦਬੂ ਵਾਲਾ ਸੀ ਉਸ ਦਾ ਬਾਪੂ। ਉਸ ਨੂੰ ਯਾਦ ਸੀ ਉਹ ਟੁੱਟੀ ਜਿਹੀ ਮੰਜੀ ਵਿਚ ਪਿਆ ਖਊਂ ਖਊਂ ਕਰਦਾ ਰਹਿੰਦਾ ਤੇ ਕੋਲ ਪਏ ਬੱਠਲ ਵਿਚ ਥੁੱਕਦਾ ਰਹਿੰਦਾ।

ਪਰ ਉਸ ਦੀ ਮਾਂ, ਜਿਵੇਂ ਸ਼ਿੰਦਾ ਕਹਿੰਦਾ ਹੁੰਦਾ ਸੀ, ਇੱਲ ਦੇ ਆਂਡੇ ਵਰਗੀਆਂ ਅੱਖਾਂ ਵਾਲੀ ਤੇ ਸਰੂ ਦੇ ਬੂਟੇ ਵਰਗੇ ਕੱਦ ਵਾਲੀ ਸੀ। ਭਰਵੀਆਂ ਛਾਤੀਆਂ, ਗੁੰਦਵੀਆਂ ਬਾਹਾਂ, ਸੂਹੀਆਂ ਗੱਲ੍ਹਾਂ, ਗਠਵੇਂ ਪੱਟਾਂ ਤੇ ਪਤਲੇ ਲੱਕ ਵਾਲੀ ਸੀ ਉਸ ਦੀ ਮਾਂ। ਬਾਪੂ ਉਸ ਦੇ ਨੱਕ ਹੇਠ ਨਹੀਂ ਸੀ ਆਇਆ। ਉਸ ਨੂੰ ਨੱਕ ਚੜ੍ਹਾਉਂਦੀ ਤੇ ਗਾਲ੍ਹਾਂ ਕੱਢਦੀ ਉਸ ਨੇ ਕਈ ਵਾਰ ਦੇਖੀ ਸੀ।

ਬਾਪੂ ਚਲਿਆ ਗਿਆ ਤਾਂ ਘਰ ਵਿਚ ਸ਼ਿੰਦਾ ਆ ਗਿਆ। ਘਰ ਦੇ ਸਾਰੇ ਕਲੇਸ਼ ਵੀ ਜਿਵੇਂ ਬਾਪੂ ਦੇ ਚਿਤਾ ਵਿਚ ਹੀ ਜਲ ਗਏ। ਘਰ ਵਿਚ ਰੌਣਕ ਆ ਗਈ ਸੀ। ਚੌੜੀ ਛਾਤੀ, ਗੇਲੀਆਂ ਵਰਗੇ ਪੱਟਾਂ ਤੇ ਨਿੱਕੀਆਂ ਨਿੱਕੀਆਂ ਮੁੱਛਾਂ ਵਾਲੇ ਸ਼ਿੰਦੇ ਦੇ ਪਿੱਛੇ ਪਿੱਛੇ ਫਿਰਦੀ ਉਸ ਦੀ ਮਾਂ ਕਦੇ ਨਹੀਂ ਸੀ ਥੱਕਦੀ। ਉਹ ਵੀ ਬਾਪੂ ਨੂੰ ਦਿਨਾਂ ਵਿਚ ਭੁੱਲ ਗਿਆ। ਉਹ ਸ਼ਿੰਦੇ ਨੂੰ ਚਾਚਾ ਆਖਣ ਲੱਗ ਪਿਆ ਸੀ ਤੇ ਸ਼ਿੰਦੇ ਨੇ ਉਸ ਨੂੰ 'ਪੁੱਤ' ਬਣਾ ਲਿਆ ਸੀ।

...ਘਾਹ ਦਾ ਮੈਦਾਨ ਲੰਘ ਕੇ ਉਹ ਬੋਗਨਵਿੱਲੀਆਂ ਦੀ ਵਾੜ ਕੋਲ ਜਾ ਰੁਕਿਆ। ਸਾਹਮਣੀ ਕੋਠੀ ਦੀ ਬੱਤੀ ਬੰਦ ਸੀ। ਸਾਰੇ ਘੂਕ ਸੁੱਤੇ ਹੋਣਗੇ....ਉਸ ਨੇ ਸੋਚਿਆ ਵਾੜ ਉਤੋਂ ਦੀ ਝੁਕ ਕੇ ਉਸ ਨੇ ਨੌਕਰਾਂ ਵਾਲੇ ਕੁਆਟਰ ਵੱਲ ਝਾਤ ਮਾਰੀ। ਕਮਰੇ ਦੀ ਬੱਤੀ ਬਲਦੀ ਸੀ, ਪਰ ਦਰਵਾਜ਼ੇ ਉੱਪਰ ਸੇਰ ਦਾ ਜਿੰਦਾ ਲਟਕ ਰਿਹਾ ਸੀ।

ਕਿੰਨਾ ਚੰਗਾ ਹੁੰਦਾ ਜੇ ਸੀਤੋ ਆਪਣੇ ਕੁਆਟਰ ਵਿਚ ਹੁੰਦੀ...ਅੱਜ ਉਹ ਜ਼ਰੂਰ ਉਸ ਦੇ ਕੁਆਟਰ ਵਿਚ ਜਾਂਦਾ ਜਾਂ ਉਸ ਨੂੰ ਇਥੇ ਬੁਲਾ ਲੈਂਦਾ....ਉਸ ਨੂੰ ਯਕੀਨ ਸੀ, ਅੱਜ ਸੀਤੋ ਨੇ ਉਸ ਨੂੰ ਜਵਾਬ ਨਹੀਂ ਸੀ ਦੇਣਾ....। ਪਿਛਲੇ ਕਈਆਂ ਦਿਨਾਂ ਤੋਂ ਉਹ ਉਸ ਵੱਲ ਬੜੇ ਪਿਆਰ ਨਾਲ ਤੱਕਣ ਲੱਗੀ ਸੀ...ਪਰ ਮਹਿੰਦਰ ਨੇ ਕਦੀ ਵੀ ਉਸ ਨੂੰ ਚੰਗਾ ਨਹੀਂ ਸੀ ਸਮਝਿਆ। ਉਸ ਵਿਚੋਂ ਉਸ ਨੂੰ ਆਪਣੀ ਮਾਂ ਦੇ ਝਉਲੇ ਪੈਂਦੇ ਸਨ...। ਸੀਤੋ ਨੇ ਵੀ ਆਪਣੀ ਪਤੀ ਦਾ ਗਲ ਘੁੱਟਿਆ ਸੀ...ਅਖੇ



ਉਹ ਬੁੱਢਾ ਸੀ...ਉਸ ਦੀ ਇੱਜ਼ਤ ਨੂੰ ਸੰਭਾਲ ਨਹੀਂ ਸੀ ਸਕਿਆ।

ਪਹਿਲਾਂ ਪਹਿਲਾਂ ਜਦੋਂ ਉਹ ਸਾਹਮਣੀ ਕੋਠੀ ਵਿਚ ਕੰਮ ਕਰਨ ਜਾਂਦਾ ਤਾਂ ਸੀਤੋ ਵੀ ਖਿੜੀ ਖਿੜੀ ਰਹਿੰਦੀ। ਨਾ ਕਦੇ ਮਹਿੰਦਰ ਨਾਲ ਸਿੱਧੇ ਮੂੰਹ ਗੱਲ ਕਰਦੀ ਨਾ ਅੱਖ ਭਰ ਕੇ ਦੇਖਦੀ। ਪਰ ਉਸ ਨੂੰ ਕਪੜੇ ਧੋਂਦੀ ਵੇਖ ਕੇ ਉਸ ਦਾ ਮਨ ਮਹਿਕ ਜਾਂਦਾ। ਉਸ ਦੇ ਗਿੱਲੇ ਕਪੜਿਆਂ ਨਾਲ ਚਿਪਕੇ ਸਰੀਰ ਨੂੰ ਦੇਖ ਕੇ ਉਹ ਗਦ ਗਦ ਹੋ ਜਾਂਦਾ। ਪਾਣੀ ਦੀਆਂ ਬਾਲਟੀਆਂ ਚੁੱਕੀ ਉਹ ਫਰਸ਼ ਧੋਂਦੀ ਸੀਤੋ ਦੇ ਅੱਗੇ ਪਿੱਛੇ ਘੁੰਮਦਾ ਰਹਿੰਦਾ। ਫਰਸ਼ ਉਤੇ ਝੁੱਕੀ ਦੀਆਂ ਉਸ ਦੀਆਂ ਛਾਤੀਆਂ ਵਿਚਲੀ ਲੀਕ ਦੇਖ ਕੇ ਉਸ ਦਾ ਦਿਲ ਕਰਦਾ, ਉਹ ਉਸ ਦੇ ਜੈਂਪਰ ਨੂੰ ਪਾੜ ਸੁੱਟੇ...ਉਸ ਨੂੰ ਦੰਦੀਆਂ ਨਾਲ ਖਾ ਜਾਏ...। ਪਰ ਜਿਉਂ ਹੀ ਉਹ ਕਹਿਰੀ ਅੱਖ ਨਾਲ ਤੱਕਦੀ, ਉਸ ਦੀਆਂ ਲੱਤਾਂ ਕੰਬਣ ਲੱਗ ਜਾਂਦੀਆਂ। ਦਿਲ ਜ਼ੋਰ ਜ਼ੋਰ ਦੀ ਧੜਕਦਾ ਤੇ ਉਹ ਬਾਲਟੀ ਨੂੰ ਉਥੇ ਹੀ ਛੱਡ ਕੇ ਆਪਣੀ ਕੋਠੀ ਮੁੜ ਆਉਂਦਾ।

ਪਰ ਜਿਉਂ ਹੀ ਸੀਤੋ ਨੂੰ ਪਤਾ ਲੱਗਿਆ, ਉਸ ਦਾ ਦੁਨੀਆਂ ਵਿਚ ਕੋਈ ਨਹੀਂ, ਉਹ ਇਕ ਦਮ ਪਿਘਲ ਗਈ। ਪਰ ਜਿਉਂ ਜਿਉਂ ਉਹ ਅੱਗੇ ਵਧੀ, ਉਹ ਪਿੱਛੇ ਹਟਦਾ ਗਿਆ। ਉਹ ਤਾਂ ਉਸ ਦੀ ਮਾਂ ਵਰਗੀ ਹੀ ਬੈਤਲ ਸੀ। ਆਪਣੇ ਸੁਆਦ ਲਈ ਉਸ ਨੇ ਆਪਣਾ ਘਰ ਉਜਾੜਿਆ ਸੀ। ਜਦੋਂ ਵੀ ਕਦੇ ਉਹ ਪਿਆਰ ਨਾਲ ਉਸ ਵੱਲ ਤੱਕਦੀ ਉਹ ਧਰਤੀ ਉਤੇ ਥੁੱਕ ਦਿੰਦਾ ਤੇ ਪਾਸਾ ਭੁਆ ਲੈਂਦਾ।

ਪਰ ਅੱਜ ਉਸ ਦਾ ਦਿਲ ਕਰਦਾ ਸੀ ਜੇ ਕਿਧਰੇ ਉਹ ਕੁਆਟਰ ਵਿਚ ਹੋਵੇ ਤਾਂ ਉਹ ਜ਼ਰੂਰ ਉਸ ਦੇ ਸਾਹਾਂ ਦੀ ਮਹਿਕ ਮਾਣੇ...।

ਸ਼ਾਇਦ ਉਹ ਵੀ ਉਸੇ ਵਾਂਗ ਰਾਤ ਕੱਟਣ ਜੇਲ੍ਹ ਜਾਂਦੀ ਹੋਵੇ...। ਉਹ ਵੀ ਕੈਦਣ ਸੀ...ਕੈਦੀਆਂ ਨੂੰ ਰਾਤ ਨੂੰ ਘਰੇ ਕੌਣ ਰੱਖਦੈ...।

ਜਾਂ ਹੋ ਸਕਦੈ, ਉਹ ਸਾਹਮਣੇ ਸਰਵਨ ਦੇ ਕੁਆਟਰ ਵਿਚ ਗਈ ਹੋਵੇ ? ਸਵਰਨ ਦੇ ਕੁਆਟਰ ਬਾਰੇ ਸੋਚਦਿਆਂ ਹੀ ਉਸ ਦਾ ਚਿਹਰਾ ਸੂਹਾ ਹੋ ਗਿਆ। ਸਰਵਨ ਦਾ ਕੁਆਟਰ, ਜਿਥੇ ਸਾਰੀ ਜਸ਼ਨ ਮਨਾਏ ਜਾਂਦੇ ਸਨ...ਤਿੰਨ ਸੌ ਰੁਪਏ ਦੇ ਕੇ ਕੋਈ ਵੀ ਕੈਦੀ ਕਿਸੇ ਵੀ ਔਰਤ ਨੂੰ ਉਥੇ ਬੁਲਾ ਸਕਦਾ ਸੀ....। ਜੇ ਕੋਈ ਪੰਜ ਸੌ ਦੇ ਸਕੇ ਤਾਂ ਜ਼ਨਾਨੀ ਦਾ ਪ੍ਰਬੰਧ ਵੀ ਸਰਵਨ ਕਰ ਦਿੰਦਾ ਸੀ। ਉਸ ਨੂੰ ਪਤਾ ਸੀ, ਜ਼ਨਾਨਾ ਜੇਲ੍ਹ ਦੀਆਂ ਕੈਦਣਾਂ ਅਕਸਰ ਇਥੇ ਆਉਂਦੀਆਂ ਸਨ। ਕਈ ਮਰਜ਼ੀ ਨਾਲ ਤੇ ਕਈਆਂ ਨੂੰ ਖਿੱਚ-ਧੂਹ ਵੀ ਹੁੰਦੀ ਸੀ। ਉਹ ਕੁਆਟਰ ਉਸ ਦਾ ਸੁਪਨਾ ਬਣ ਕੇ ਰਹਿ ਗਿਆ ਸੀ। ਨਾ ਉਸ ਕੋਲ ਪੰਜ ਸੌ ਰੁਪਿਆ ਜੁੜਿਆ ਸੀ ਤੇ ਨਾ ਹੀ ਉਸ ਦੀ ਇਹ ਸੱਧਰ ਪੂਰੀ ਹੋਈ ਸੀ।

ਸਰਵਨ ਦੇ ਕੁਆਟਰ ਵਿਚ ਬੱਤੀ ਜਲ ਰਹੀ ਸੀ। ਮਿੰਨ੍ਹੀ ਮਿੰਨ੍ਹੀ ਰੋਸ਼ਨੀ ਵਿਰਲਾਂ ਥਾਣੀਂ ਛਣ ਕੇ ਸੜਕ ਉਤੇ ਲਕੀਰਾਂ ਖਿੱਚ ਰਹੀ ਸੀ।

''ਜ਼ਰੂਰ ਉਹ ਉਥੇ ਹੀ ਗਈ ਹੋਵੇਗੀ...।'' ਸੋਚਦਿਆਂ ਹੀ ਉਸ ਦੀਆਂ ਮੁੱਠੀਆਂ ਬੱਝ ਗਈਆਂ। ਘਰ ਵਾਲੇ ਦਾ ਗਲ ਘੁਟ ਕੇ ਜ਼ਰੂਰ ਉਹ ਕਿਸੇ ਅਫ਼ੀਮ ਦੇ ਸਮਗਲਰ ਜਾਂ ਕਿਸੇ ਸਿਆਸੀ ਕੈਦੀ ਦੀ ਬਗਲ ਵਿਚ ਸੁੱਤੀ ਹੋਏਗੀ। ਜੇ ਕਿਧਰੇ ਉਹ ਸਾਹਮਣੇ ਆ ਜਾਵੇ ਤਾਂ ਉਹ ਉਸ ਦਾ ਗਲਾ ਘੁੱਟ ਦਏ।

ਮਹਿੰਦਰ ਦਾ ਸਾਹ ਤੇਜ਼ ਤੇਜ਼ ਚੱਲਣ ਲੱਗਿਆ। ਉਸ ਨੇ ਆਪਣੇ ਅੰਗੂਠਿਆਂ ਦੀਆਂ ਲਕੀਰਾਂ

ਵੱਲ ਦੇਖਿਆ। ਇਨਾਂ ਅੰਗੂਠਿਆਂ ਉਤੇ ਉਸ ਨੂੰ ਮਾਣ ਸੀ। ਇਹਨਾਂ ਨੇ ਹੀ ਉਸ ਦੀ ਮਾਂ ਦਾ ਗਲਾ ਘੁੱਟਿਆ ਸੀ। ਤੇ ਤਾਂ ਹੀ ਲੋਕਾਂ ਦੇ ਮੇਹਣਿਆਂ ਦੀ ਅਵਾਜ਼ ਬੰਦ ਹੋਈ ਸੀ। ਨਹੀਂ ਤਾਂ ਉਸ ਬਦਮਾਸ਼ ਔਰਤ ਕਰਕੇ ਉਸ ਦਾ ਜੀਣਾ ਹਰਾਮ ਹੋ ਗਿਆ ਸੀ।

''ਤੂੰ ਕੀ ਬੋਲਣ ਨੂੰ ਮਰਦੈਂ ? ਤੇਰੀ ਮਾਂ ਨੇ ਤੇਰਾ ਬਾਪ ਮਾਰਤਾ ਤੇ ਸ਼ਿੰਦਾ ਕਰ ਲਿਆ...।''

ਜਦੋਂ ਵੀ ਕਦੇ ਉਹ ਸਾਥੀਆਂ ਦੀ ਢਾਣੀ ਵਿਚ ਹਿੱਕ ਤਾਣ ਕੇ ਖਲੋਂਦਾ ਤਾਂ ਇਹੋ ਤਾਹਨਾ ਉਸ ਦੇ ਸੀਨੇ ਨੂੰ ਚੀਰ ਦਿੰਦਾ। ਅੱਧ-ਮੋਏ ਪੰਛੀ ਵਾਂਗ ਉਹ ਤੜਫ ਕੇ ਰਹਿ ਜਾਂਦਾ। ਉਸ ਦੀ ਸਾਰੀ ਚੁਸਤੀ ਮੱਧਮ ਪੈ ਜਾਂਦੀ। ਕਈ ਕਈ ਦਿਨ ਉਹ ਘੁੱਗੂ ਜਿਹਾ ਬਣਿਆ ਰਹਿੰਦਾ। ਉਹ ਆਪਣੇ ਮਾਂ ਤੇ ਕਚੀਚੀਆਂ ਵੱਟਦਾ ਤੇ ਸ਼ਿੰਦੇ ਨੂੰ ਸੌ ਸੌ ਗਾਲ੍ਹਾਂ ਕੱਢਦਾ।

ਪਰ ਜਦੋਂ ਇਸੇ ਕਾਰਨ ਪੰਡਤਾਂ ਦਾ ਰਮੇਸ਼ ਉਸ ਹੱਥੋਂ ਗੁੱਡੋ ਖੋਹ ਕੇ ਲੈ ਗਿਆ ਤਾਂ ਉਹ ਪਾਗਲ ਜਿਹਾ ਹੋ ਗਿਆ। ਗੁੱਡੋ ਦੀ ਕੀ ਮਜਾਲ, ਉਹ ਉਸ ਦੀ ਮਾਂ ਦਾ ਨਾਂਅ ਲੈ ਕੇ ਘੋੜੀ ਵਾਂਗ ਹਿਣਹਿਣਾਏ। ਗੁੱਡੋ ਨੇ ਉਸ ਅੰਦਰਲੇ ਮਰਦ ਨੂੰ ਵੰਗਾਰ ਦਿੱਤਾ ਸੀ। ਉਸ ਦੇ ਸਬਰ ਦੇ ਕੜ ਪਾਟ ਗਏ ਸਨ। ਇਕ ਕਾਲੀ ਬੋਲੀ ਰਾਤ ਨੂੰ ਕਿਰਪਾਨ ਲਿਆ ਕੇ ਉਸ ਨੇ ਪੇਟੀ ਹੇਠ ਲਕੋ ਦਿੱਤੀ। ਜਦੋਂ ਵੀ ਦਾਅ ਲੱਗਿਆ ਉਹ ਦੋਹਾਂ ਦਾ ਸਿਰ ਕੱਟ ਦੇਵੇਗਾ।

ਜਿਉਂ ਹੀ ਇਕ ਦਿਨ ਮੌਕਾ ਤਾੜ ਕੇ ਉਸ ਨੇ ਪੇਟੀ ਹੇਠ ਹੱਕ ਮਾਰਿਆ ਕਿਰਪਾਨ ਗਾਇਬ ਸੀ। ਉਸ ਦੀ ਮਾਂ ਨੇ ਯਾਰ ਨਾਲ ਯਾਰੀ ਨਿਭਾਈ ਸੀ। ਉਸ ਅੰਦਰ ਮਚਦੇ ਭਾਂਬੜ ਹੋਰ ਭੜਕ ਪਏ ਸਨ। ਉਸ ਦੀਆਂ ਅੱਖਾਂ ਵਿਚੋਂ ਵਰਸਦੀ ਅੱਗ ਦੀ ਸ਼ਿੰਦਾ ਤਾਬ ਨਹੀਂ ਸੀ ਝੱਲ ਸਕਿਆ। ਉਹ ਭੱਜ ਨਿਕਲਿਆ ਸੀ, ਹਾਰੇ ਹੋਏ ਢੱਗੇ ਵਾਂਗ। ਉਸ ਦੇ ਹੱਥ ਨਿਹੱਥੀ ਮਾਂ ਹੀ ਲੱਗੀ ਸੀ। ਨਾ ਉਹ ਭੱਜੀ ਸੀ ਤੇ ਨਾ ਹੀ ਉਸ ਨੇ ਮੁਕਾਬਲਾ ਕੀਤਾ ਸੀ। ਉਹ ਮਾਸੂਮ ਜਿਹਾ ਚਿਹਰਾ ਲਈ ਉਸ ਵੱਲ ਦੇਖਦੀ ਰਹੀ...ਸੈਂਕੜੇ ਸਵਾਲ ਉਸ ਦੀਆਂ ਅੱਖਾਂ ਵਿਚ ਲਟਕ ਗਏ ਸਨ। ਪਰ ਗੁੱਸੇ ਨਾਲ ਕੰਬਦਾ ਮਹਿੰਦਰ ਆਪਣੇ ਆਪ ਨੂੰ ਰੋਕ ਨਹੀਂ ਸੀ ਸਕਿਆ। ਉਸ ਦੇ ਅੰਗੂਠੇ ਮਾਂ ਦੇ ਗਲ ਵਿਚ ਧਸ ਗਏ ਸਨ। ਮਾਂ ਦੀਆਂ ਅੱਖਾਂ ਬਾਹਰ ਨਿਕਲ ਆਈਆਂ ਸਨ, ਪਰ ਉਹ ਦਰਿੰਦਿਆਂ ਵਾਂਗ ਉਸ ਦੀ ਹਿੱਕ ਉਤੇ ਬੈਠਾ ਰਿਹਾ ਸੀ....ਬੈਠਾ ਰਿਹਾ ਸੀ।

....ਹਵਾ ਵਿਚ ਉਡਦਾ ਪੱਗ ਦਾ ਲੜ ਜਿਉਂ ਹੀ ਉਸ ਦੇ ਮੂੰਹ ਉਪਰ ਵੱਜਿਆ, ਉਹ ਤ੍ਰਬਕ ਜਿਹਾ ਗਿਆ। ਉਸ ਨੇ ਸਰਵਨ ਦੇ ਕੁਆਟਰ ਵਲੋਂ ਧਿਆਨ ਮੋੜਿਆ। ਉਹ ਵਾਧੂ ਵਕਤ ਖਰਾਬ ਕਰ ਰਿਹਾ ਸੀ। ਉਹ ਉਸ ਦੀ ਕੀ ਲੱਗਦੀ ਸੀ ? ਜੋ ਜੀਅ ਆਵੇ ਸੋ ਕਰੇ। ਇਸੇ ਲਈ ਤਾਂ ਉਸ ਨੂੰ ਜੇਲ੍ਹ ਆਉਣਾ ਪਿਆ ਸੀ। ਉਸ ਨੂੰ ਕਲੋਨੀ ਵਿਚੋਂ ਭੱਜ ਜਾਣਾ ਚਾਹੀਦਾ ਸੀ। ਜਿੰਨੀ ਵੀ ਜਲਦੀ ਹੋ ਸਕੇ।

ਅੱਗੇ ਵਧਣ ਤੋਂ ਪਹਿਲਾਂ ਉਸ ਨੇ ਜੇਲ੍ਹ ਦੇ ਵੱਡੇ ਸਾਰੇ ਦਰਵਾਜ਼ੇ ਉਪਰ ਬਣੀ ਬਾਲਕੋਨੀ ਵੱਲ ਦੇਖਿਆ। ਉਥੇ ਡਿਊਟੀ ਵਾਲਾ ਸੰਤਰੀ ਹਾਜ਼ਰ ਨਹੀਂ ਸੀ। ਉਹ ਤਾਂ ਕਦੋਂ ਦਾ ਸੌਂ ਗਿਆ ਹੋਏਗਾ। ਨਹੀਂ ਤਾਂ ਹੁਣ ਤਕ ਕਿੰਨੇ ਹੀ ਵਾਰ ਘੜਿਆਲ ਨੇ ਟਨ ਟਨ ਕਰਨੀ ਸੀ ਤੇ ਕੈਦੀਆਂ ਦੀ ਨੀਂਦ ਹਰਾਮ





ਕਰਨੀ ਸੀ। ਘੜਿਆਲ ਦੀ ਟਨ ਟਨ ਵੀ ਸ਼ਾਇਦ ਸਜ਼ਾ ਦਾ ਇਕ ਹਿੱਸਾ ਹੀ ਸੀ। ਇਹ ਕਿਸੇ ਨੂੰ ਅਰਾਮ ਨਾਲ ਸੌਣ ਨਹੀਂ ਸੀ ਦਿੰਦੀ। ਸਾਰੀ ਰਾਤ ਤੜਫਾਈ ਰੱਖਦੀ। ਜਾਗਦਾ ਜਾਗਦਾ ਹਰ ਕੋਈ ਅਤੀਤ ਦੇ ਪਰਛਾਵਿਆਂ ਵਿਚ ਉਲਝ ਕੇ ਆਪਣੇ ਆਪ ਨੂੰ ਕੋਸਦਾ ਰਹਿੰਦਾ।

ਜਦੋਂ ਉਹ ਨਵਾਂ ਨਵਾਂ ਆਇਆ ਸੀ ਇਸ ਘੜਿਆਲ ਨੇ ਉਸ ਨੂੰ ਵੀ ਕਈ ਰਾਤਾਂ ਸੌਣ ਨਹੀਂ ਸੀ ਦਿੱਤਾ। ਜਿਉਂ ਹੀ ਉਸ ਦੀ ਅੱਖ ਲਗਦੀ ਘੜਿਆਲ ਦੀ ਟਨ ਟਨ ਉਸ ਨੂੰ ਕੰਨੋਂ ਫੜ ਕੇ ਉਠਾ ਦਿੰਦੀ ਸੀ।

ਅੰਦਰ ਦਾ ਖ਼ਿਆਲ ਆਉਂਦਿਆਂ ਹੀ ਉਸ ਦਾ ਸਿਰ ਚਕਰਾ ਗਿਆ। ਹੰਸੂ ਹੰਸੂ ਕਰਦੀਆਂ ਬੈਠਕਾਂ ਅਸਲੋਂ ਬਹੁਤ ਸੁੰਨੀਆਂ ਤੇ ਉਦਾਸ ਸਨ। ਇਸ ਦਾ ਅਹਿਸਾਸ ਰਾਤ ਨੂੰ ਹੀ ਹੁੰਦਾ ਸੀ। ਦਿਨੇ ਕਹਿਕੇ ਲਾ ਕੇ ਹੱਸਦੇ ਕੈਦੀ ਸਾਰੀ ਸਾਰੀ ਰਾਤ ਰੋਂਦੇ ਉਸ ਨੇ ਦੇਖੇ ਸਨ।

ਉਸ ਨਾਲ ਵੀ ਇੰਝ ਹੀ ਹੋਇਆ ਸੀ। ਪੰਦਰਾਂ ਸਾਲ ਦੀ ਉਮਰ ਕੋਈ ਜੇਲ੍ਹ ਭੁਗਤਣ ਵਾਲੀ ਹੁੰਦੀ ਹੈ ? ਜੇਲ੍ਹ ਦਾ ਗੇਟ ਵੜਦਿਆਂ ਹੀ ਉਸ ਨੂੰ ਲੱਗਿਆ ਸੀ ਜਿਵੇਂ ਉਹ ਚੂਹਿਆਂ ਵਾਲੇ ਪਿੰਜਰੇ ਵਿਚ ਬੰਦ ਹੋ ਗਿਆ ਸੀ। ਉਸ ਨੂੰ ਤਾਂ ਪਹਿਲਾਂ ਹੀ ਬਹੁਤ ਵੱਡੀ ਸਜ਼ਾ ਮਿਲ ਗਈ ਸੀ। ਹੋਰ ਸਜ਼ਾ ਦੀ ਕੀ ਜ਼ਰੂਰਤ ਸੀ ? ਉਸ ਦਾ ਦਿਲ ਦਿਮਾਗ ਸਭ ਦੁਖੀ ਹੋ ਗਏ ਸਨ। ਉਸ ਦਾ ਪਿਉ ਉਸ ਦੀ ਮਾਂ ਹੱਥੋਂ ਮਰਿਆ ਸੀ। ਉਸ ਦੀ ਮਾਂ ਉਸ ਹੱਥੋਂ ਤੁਰ ਗਈ ਸੀ। ਹੁਣ ਉਹ ਜਿਧਰ ਤੱਕਦਾ ਸੀ, ਖ਼ੂਨ ਹੀ ਖ਼ੂਨ ਸੀ। ਉਸ ਦੀ ਮਾਂ ਦਾ ਪਰਛਾਵਾਂ ਉਸ ਦਾ ਖਹਿੜਾ ਨਹੀਂ ਸੀ ਛੱਡਦਾ। ਉਹ ਹਾਲਾਂ ਵੀ ਉਸ ਨੂੰ ਲੋਰੀਆਂ ਦਿੰਦੀ, ਚੂਰੀਆਂ ਖਵਾਉਂਦੀ ਤੇ ਹਿੱਕ ਨਾਲ ਘੁੱਟ ਕੇ ਸੁੱਤੀ ਨਜ਼ਰ ਆਉਂਦੀ ਸੀ। ਇਹ ਕੀ ਝੱਖੜ ਝੁੱਲ ਗਿਆ ਸੀ, ਉਸ ਨੂੰ ਸਮਝ ਨਹੀਂ ਸੀ ਆਉਂਦੀ। ਇਹ ਦੋਚਿੱਤੀ ਕੋਈ ਘੱਟ ਸਜ਼ਾ ਸੀ ਜੋ ਉਸ ਨੂੰ ਇਥੇ ਲਿਆ ਬਿਠਾਇਆ ਸੀ ?

ਫੇਰ ਜਦੋਂ ਕੈਦੀਆਂ ਨੇ ਉਸ ਦਾ ਨਾਂਅ 'ਮਾਂ ਦਾ ਸ਼ੇਰ'' ਰੱਖ ਲਿਆ ਤਾਂ ਉਸ ਨੂੰ ਲੱਗਿਆ, ਜਿਵੇਂ ਉਹਨਾਂ ਉਸ ਦੇ ਮੂੰਹ ਉਤੇ ਕਾਲਖ ਮਲ ਦਿੱਤੀ ਸੀ। 'ਮਾਂ ਦਾ ਸ਼ੇਰ' ਜਾਣੀ ਮਾਂ ਨੂੰ ਖਾਣ ਵਾਲਾ। ਇਸ ਨਾਂਅ ਤੋਂ ਉਸ ਨੂੰ ਬੜੀ ਚਿੜ ਚੜ੍ਹਦੀ ਸੀ। ਉਸ ਦੇ ਮੱਥੇ ਉਤੇ ਤਰੇਲੀ ਆ ਜਾਂਦੀ ਤੇ ਸ਼ਰਮ ਨਾਲ ਪਾਣੀ ਪਾਣੀ ਹੋਇਆ ਉਹ ਧਰਤੀ ਵਿਚ ਅੱਖਾਂ ਗੱਡ ਲੈਂਦਾ। ਉਸ ਨੂੰ ਗਿਲਾ ਸੀ, ਉਸ ਦੇ ਸਾਥੀਆਂ ਨੇ ਉਸ ਦੀ ਪੂਰੀ ਕਹਾਣੀ ਸੁਣੀ ਹੀ ਨਹੀਂ ਸੀ। ਕਿਸੇ ਦੀ ਮਾਂ ਕਿਸੇ ਪਰਾਏ ਮਰਦ ਨੂੰ ਸ਼ਰੇਆਮ ਘਰੇ ਰੱਖ ਲਏ, ਇਹ ਭਲਾ ਇਕ ਅਣਖ ਵਾਲਾ ਗੱਭਰੂ ਕਿਵੇਂ ਬਰਦਾਸ਼ਤ ਕਰ ਸਕਦਾ ਸੀ ? ਪਰ ਇਹ ਗੱਲਾਂ ਉਹ ਨਾ ਕਦੇ ਦੱਸ ਸਕਿਆ ਸੀ ਤੇ ਨਾ ਹੀ ਕਦੇ ਉਹਨਾਂ ਸੁਣਨ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਕਦੇ ਉਸ ਨੂੰ ਬਹਾਦਰਾਂ ਵਾਲੀ ਇੱਜ਼ਤ ਨਹੀਂ ਸੀ ਦਿੱਤੀ। ਉਹਨਾਂ ਉਸ ਨੂੰ ਕੁੱਤਿਆਂ ਬਿੱਲਿਆਂ ਵਰਗਾ ਹੀ ਸਮਝਿਆ ਸੀ। ਜਿਵੇਂ ਕਿਤੇ ਉਸ ਨੂੰ ਚਿੜੀ ਮਾਰਨ ਬਦਲੇ ਸਜ਼ਾ ਹੋਈ ਹੋਵੇ।

ਉਹ ਆਪਣੀ ਮਾਂ ਵਰਗਾ ਹੀ ਸੋਹਣਾ ਨਿਕਲਿਆ ਸੀ। ਜੇਲ੍ਹ ਵਿਚ ਆਉਂਦਿਆਂ ਹੀ ਉਸ ਦਾ ਲੁਗ ਲੁਗ ਕਰਦਾ ਸਰੀਰ ਉਸ ਦਾ ਵੈਰੀ ਬਣ ਗਿਆ ਸੀ। ਮਾੜੇ ਦੀ ਰੰਨ ਸਭ ਦੀ ਭਰਜਾਈ ਵਾਂਗ ਸਾਰੇ ਕੈਦੀਆਂ ਨੇ ਉਸ ਦਾ ਨਾਂਅ ਆਪਣੀਆਂ ਰੰਨਾਂ ਦੀ ਲਿਸਟ ਵਿਚ ਚਾੜ੍ਹ ਲਿਆ ਸੀ। ਗੱਲ੍ਹਾਂ

ਪੁੱਟਣੀਆਂ, ਚੂੰਡੀਆਂ ਵੱਢਣਾ ਤੇ ਜੱਫੀ ਪਾ ਕੇ ਚੁੰਮ ਚੱਟ ਕਰਨੀ ਤਾਂ ਜਿਵੇਂ ਜੇਲ੍ਹ ਦੇ ਕਾਇਦੇ ਕਾਨੂੰਨ ਵਿਚ ਆਉਂਦਾ ਸੀ। ਕਦੇ ਕਿਸੇ ਜੇਲ੍ਹ ਅਧਿਕਾਰੀ ਨੇ ਉਸ ਦੀ ਗੱਲ ਨਹੀਂ ਸੀ ਸੁਣੀ। ''ਇਥੇ ਕੀ ਮਾਂ ਦੀ ਬਰਾਤ ਆਇਐਂ ਬਈ ਹਾਰ ਪੈਣ।'' ਆਖ ਕੇ ਸਗੋਂ ਉਹਨਾਂ ਉਸ ਦੀ ਜ਼ਬਾਨ ਬੰਦ ਕੀਤੀ ਸੀ। ਪਹਿਲਾਂ ਪਹਿਲ ਉਹ ਘੰਟਿਆਂ ਬੱਧੀ ਰੋਂਦਾ ਰਹਿੰਦਾ। ਪਰ ਨਾ ਕਦੇ ਕਿਸੇ ਨੇ ਉਸ ਦੀਆਂ ਸਿਸਕੀਆਂ ਸੁਣੀਆਂ ਤੇ ਨਾ ਹੀ ਕਿਸੇ ਨੇ ਹੰਝੂ ਪੂੰਝੇ। ਆਪੇ ਉਹ ਰੋਣ ਲੱਗਦਾ ਤੇ ਆਪੇ ਅੱਖਾਂ ਪੂੰਝ ਕੇ ਉਠ ਖੜੋਂਦਾ। ਆਦਮੀਆਂ ਨਾਲ ਤੁੰਨ ਤੁੰਨ ਭਰੀ ਜੇਲ੍ਹ ਵਿਚ ਉਹ ਇਕੱਲਾ ਸੀ...ਟੁੰਡ-ਮਰੁੰਡ ਰੱਖ ਵਾਂਗ....

ਜੇ ਕਿਧਰੇ ਨੇਤਾ ਜੀ ਨੂੰ ਕੈਦ ਨਾ ਹੁੰਦੀ ਉਹ ਪਤਾ ਨਹੀਂ ਕੀ ਕਰ ਬੈਠਦਾ। ਜੇਲ੍ਹ ਵਿਚ ਆਉਂਦਿਆਂ ਹੀ ਉਸ ਨੇ ਕਾਫੀ ਸਿੱਖੀ ਸੇਵਕੀ ਬਣਾ ਲਈ ਸੀ। ਉਸ ਨੂੰ ਕਿਸੇ ਸੋਸਾਇਟੀ ਦੇ ਤਿੰਨ ਲੱਖ ਰੁਪਏ ਗਬਨ ਕਰਨ ਦੇ ਦੋਸ਼ ਵਿਚ ਤਿੰਨ ਸਾਲ ਦੀ ਸਜ਼ਾ ਹੋਈ ਸੀ। ਪਰ ਉਸ ਨੇ ਕਦੇ ਪੈਰਾਂ ਉਤੇ ਪਾਣੀ ਨਹੀਂ ਸੀ ਪੈਣ ਦਿੱਤਾ। ਉਹ ਤਾਂ ਇਸ ਨੂੰ ਇਕ ਸਿਆਸੀ ਚਾਲ ਆਖਦੇ ਸਨ। ਉਹਨਾਂ ਨੂੰ ਫ਼ਖ਼ਰ ਸੀ ਕਿ ਜਦੋਂ ਉਹਨਾਂ ਦੀ ਸਰਕਾਰ ਬਣੀ, ਉਹ ਵਜ਼ੀਰ ਬਣ ਕੇ ਬਾਹਰ ਨਿਕਲਣਗੇ। ਜੇਲ੍ਹ ਤਾਂ ਉਹਨਾਂ ਲਈ ਵਰਦਾਨ ਸੀ। ਇਸ ਲਈ ਉਹਨਾਂ ਜੇਲ੍ਹ ਆਉਣ ਦੀ ਗੱਲ ਇਕ ਦਿਨ ਵੀ ਦਿਲ ਉਤੇ ਨਹੀਂ ਸੀ ਲਾਈ।

ਉਂਝ ਉਹਨਾਂ ਨੂੰ ਤਕਲੀਫ ਵੀ ਕੋਈ ਨਹੀਂ ਸੀ। ਦਸੀਂ ਪੰਦਰੀਂ ਦਿਨੀਂ ਉਹ ਤਰੀਕ ਦੇ ਬਹਾਨੇ ਘਰੇ ਗੇੜਾ ਮਾਰ ਆਉਂਦੇ ਸਨ। ਜਵਾਕਾਂ ਜਲਿਆਂ ਦੀ ਖਬਰ ਲਿਆਉਂਦੇ ਸਨ।

ਮਹਿੰਦਰ ਦੀਆਂ ਅੱਖਾਂ ਅਤੇ ਰੇਸ਼ਮ ਵਰਗੇ ਕੂਲੇ ਸਰੀਰ ਉਤੇ ਨੇਤਾ ਜੀ ਨੂੰ ਰਹਿਮ ਆ ਗਿਆ ਸੀ। ਉਹਨਾਂ ਝਟ ਉਸ ਦੀ ਡਿਊਟੀ ਆਪਣੇ ਨਾਲ ਲਗਵਾ ਲਈ। ਮਹਿੰਦਰ ਨੂੰ ਵੀ ਮੌਜਾਂ ਹੋ ਗਈਆਂ ਸਨ ਤੇ ਨੇਤਾ ਜੀ ਨੂੰ ਵੀ। ਕੰਮ ਕਾਜ ਕੋਈ ਨਹੀਂ ਸੀ ਤੇ ਖਾਣ ਪੀਣ ਨੂੰ ਖੁਲ੍ਹਾ।

ਨੇਤਾ ਜੀ ਦੀਆਂ ਲੱਤਾਂ ਘੁੱਟ ਕੇ ਅਤੇ ਕੂਲੇ ਕੂਲੇ ਪੱਟਾਂ ਉਤੇ ਪੋਲੇ ਪੋਲੇ ਹੱਥ ਫੇਰ ਕੇ ਮਹਿੰਦਰ ਨੂੰ ਅਜੀਬ ਜਿਹਾ ਚਾਅ ਚੜ੍ਹਦਾ ਸੀ। ਇਸ ਤਰ੍ਹਾਂ ਕਰਦੇ ਕਰਦੇ ਉਸ ਦੇ ਸਰੀਰ ਵਿਚ ਕਰੰਟ ਜਿਹਾ ਦੌੜ ਜਾਂਦਾ। ਉਸ ਦਾ ਅੰਗ ਅੰਗ ਨਸ਼ਿਆ ਜਾਂਦਾ। ਉਸ ਦਾ ਅੰਗ ਅੰਗ ਕਸਿਆ ਜਾਂਦਾ। ਉਸ ਨੂੰ ਕਈ ਵਾਰ ਧੁੜਧੁੜੀਆਂ ਜਿਹੀਆਂ ਆਉਂਦੀਆਂ। ਹੌਲੀ ਹੌਲੀ ਉਹ ਨੇਤਾ ਜੀ ਦੇ ਸਰੀਰ ਦੀ ਗੁਦਗੁਦੀ ਮਹਿਸੂਸ ਕਰਦਾ ਕਰਦਾ ਨਸ਼ਿਆ ਜਾਂਦਾ। ਨੇਤਾ ਜੀ ਵੀ ਪਿਆਰ ਨਾਲ ਉਸ ਨੂੰ ਆਪਣੇ ਨਾਲ ਘੁਟਦੇ। ਜਦੋਂ ਉਹ ਅੱਡ ਹੁੰਦੇ ਉਹਨਾਂ ਦੇ ਸਰੀਰਾਂ ਵਿਚ ਬਦਬੂ ਫੈਲ ਗਈ ਹੁੰਦੀ। ਉਹੋ ਜਿਹੀ ਬਦਬੂ ਜਿਹੜੀ ਪਹਿਲੀ ਰਾਤ ਉਸ ਦੀ ਮਾਂ ਅਤੇ ਸ਼ਿੰਦੇ ਵਿਚੋਂ ਨਿਕਲੀ ਸੀ।

ਨੇਤਾ ਜੀ ਦਾ ਖ਼ਿਆਲ ਆਉਂਦਿਆਂ ਹੀ ਉਸ ਨੂੰ ਆਪਣੇ ਆਪ ਉਤੇ ਗਲਿਆਨੀ ਜਿਹੀ ਆਈ ਤੇ ਉਹ ਸਾਵਧਾਨ ਹੋ ਕੇ ਖੜੋ ਗਿਆ।

ਲੁਕਦਾ ਛਿਪਦਾ ਉਹ ਜੇਲ੍ਹ ਦੇ ਗੇਟ ਤਕ ਅੱਪੜ ਗਿਆ। ਦੂਰੋਂ ਖੜੋ ਕੇ ਉਸ ਨੇ ਬੜੀ ਨੀਝ ਨਾਲ ਦਰਵਾਜ਼ੇ ਨੂੰ ਹੇਠਾਂ ਤੋਂ ਲੈ ਕੇ ਉੱਪਰ ਵਲ ਤਕਿਆ। ਕਿੰਨਾ ਕਰਾਮਾਤੀ ਸੀ ਇਹ ਦਰਵਾਜ਼ਾ ਜੋ ਇਸ ਦੇ ਅੰਦਰ ਚਲੇ ਜਾਂਦੇ ਸਨ, ਉਹ ਕੈਦੀ ਅਖਵਾਉਂਦੇ ਸਨ-ਇਸ ਅੰਦਰੋਂ ਬਾਹਰ ਆਉਣ

(21)

LAAM



ਲਈ ਉਹ ਸਾਲਾਂ ਬੱਧੀ ਤੜਪਦੇ ਸਨ। ਤੇ ਜੋ ਬਾਹਰ ਸਨ, ਉਹ ਅਜ਼ਾਦ ਸਨ। ਇਸ ਦਰਵਾਜ਼ੇ ਵਿਚ ਇਕ ਤਾਕੀ-ਨੁਮਾ ਛੋਟਾ ਦਰਵਾਜ਼ਾ ਸੀ। ਜਦੋਂ ਵੀ ਕੋਈ ਅੰਦਰ ਜਾਂਦਾ ਸੀ ਤਾਂ ਉਸ ਨੂੰ ਗਰਦਨ ਝੁਕਾ ਕੇ ਇਸ ਦਰਵਾਜ਼ੇ ਰਾਹੀਂ ਲੰਘਣਾ ਪੈਂਦਾ ਸੀ। ਸ਼ਾਇਦ ਬੰਦੇ ਦੀ ਗਰਦਨ ਵਿਚ ਅੜੇ ਕੀਲੇ ਨੂੰ ਕੱਢਣ ਲਈ ਹੀ ਇਸ ਦਰਵਾਜ਼ੇ ਦੀ ਉਚਾਈ ਘੱਟ ਰੱਖੀ ਗਈ ਸੀ। ਇਕ ਵਾਰ ਉਹ ਵੀ ਗਰਦਨ ਝੁਕਾ ਕੇ ਇਸ ਦਰਵਾਜ਼ੇ ਰਾਹੀਂ ਅੰਦਰ ਗਿਆ ਸੀ ਤੇ ਅੱਜ ਤਕ ਉਸ ਦੀ ਗਰਦਨ ਉਪਰ ਨਹੀਂ ਸੀ ਉਠ ਸਕੀ।

ਮਹਿੰਦਰ ਨੂੰ ਮਹਿਸੂਸ ਹੋਇਆ, ਜ਼ਰੂਰ ਉਸ ਦੇ ਪੰਜ ਚਾਰ ਸਾਥੀ ਜ਼ਨਾਨਾ ਜੇਲ੍ਹ ਵਾਲੀ ਸਾਂਝੀ ਕੰਧ ਨੂੰ ਜੱਫੀਆਂ ਪਾਈ ਜਾਂ ਹੀਰ ਗਾ ਰਹੇ ਹੋਣਗੇ ਤੇ ਜਾਂ ਕਿਸੇ ਦਾ ਨਾਂਅ ਲੈ ਕੇ ਉੱਚੀ ਉੱਚੀ ਚਾਂਗਰਾਂ ਮਾਰ ਰਹੇ ਹੋਣਗੇ। ਪਹਿਲਾਂ ਪਹਿਲਾਂ ਉਹ ਇਸ ਤਰ੍ਹਾਂ ਕਰਨ ਤੋਂ ਸੰਗਿਆ ਸੀ। ਪਰ ਫੇਰ ਇਸ ਤਰ੍ਹਾਂ ਕਰਨ ਦਾ ਉਸ ਨੂੰ ਨਸ਼ਾ ਹੋ ਗਿਆ ਸੀ। ਜਿਉਂ ਜਿਉਂ ਉਹ ਜੇਲ੍ਹ ਦੇ ਵਾਤਾਵਰਣ ਵਿਚ ਢਲਦਾ ਗਿਆ ਸੀ, ਤਿਉਂ ਤਿਉਂ ਉਸ ਨੂੰ ਕਿਸੇ ਔਰਤ ਦੇ ਸਾਥ ਦੀ ਲੋੜ ਮਹਿਸੂਸ ਹੋਣ ਲੱਗੀ ਸੀ। ਸ਼ਾਇਦ ਹੀ ਜੇਲ੍ਹ ਵਿਚ ਉਸ ਵਰਗਾ ਕੋਈ ਹੋਵੇ, ਜਿਸ ਨੇ ਔਰਤ ਦਾ ਸਾਥ ਨਾ ਮਾਣਿਆ ਹੋਵੇ। ਕੋਈ ਤਰੀਕ ਭੁਗਤਣ ਗਿਆ ਘਰੇ ਰਾਤ ਕੱਟ ਆਉਂਦਾ ਸੀ, ਕਿਸੇ ਨੂੰ ਸਵਰਨ ਦੇ ਕੁਆਟਰ ਵਿਚ ਸਵਰਗੀ ਝਲਕ ਮਿਲ ਜਾਂਦੀ ਸੀ ਤੇ ਕੋਈ ਜੇਲ੍ਹ ਦੇ ਕਿਸੇ ਅਧਿਕਾਰੀ ਨਾਲ ਰਿਸ਼ਤੇਦਾਰੀ ਕੱਢ ਕੇ ਆਪਣਾ ਕੰਮ ਕੱਢ ਜਾਂਦਾ ਸੀ। ਪਰ ਉਹ ਵੀ ਬੇਸ਼ਰਮ ਜਿਹਾ ਹੋ ਗਿਆ ਸੀ। ਉੱਚੀ-ਉੱਚੀ ਅਵਾਜ਼ਾ ਮਾਰ ਕੇ ਉਸ ਨੂੰ ਰਾਹਤ ਮਿਲਣ ਲੱਗੀ ਸੀ। ਤੇ ਉਹ ਰਾਤ ਨੂੰ ਅਰਾਮ ਨਾਲ ਸੌਂ ਜਾਂਦਾ ਸੀ।

ਗੇਟ ਸਾਹਮਣੇ ਖੜ੍ਹੇ ਮਹਿੰਦਰ ਨੂੰ ਸੰਤੋਖ ਦਾ ਵੀ ਖ਼ਿਆਲ ਆਇਆ। ਸੰਤੋਖ ਦੀਆਂ ਉਸ ਨੇ ਬੜੀਆਂ ਮੁੱਠੀਆਂ ਭਰੀਆਂ ਸਨ, ਬੜੀਆਂ ਮਿੰਨਤਾਂ ਕੀਤੀਆਂ ਸਨ....ਕਦੇ ਉਸ ਦਾ ਵੀ ਧੰਨੋ ਕੋਲ ਦਾਅ ਲਵਾ ਦੇਵੇ। ਉਸ ਦਾ ਕੀ ਵਿਗੜਦਾ ਸੀ ? ਧੰਨੋ ਉਸ ਦੇ ਇਸ਼ਾਰਿਆਂ ਉਤੇ ਨੱਚਦੀ ਸੀ। ਉਸ ਦੇ ਕਹਿਣ ਤੇ ਧੰਨੋ ਨੇ ਚੇਤੂ, ਦਰਸ਼ਨ ਤੇ ਮਾੜੂ ਸਭ ਨੂੰ ਮੌਜਾ ਕਰਾਈਆਂ ਸਨ। ਉਹ ਸੰਤੋਖ ਦੀ ਘਰਾਂ ਵਿਚੋਂ ਤਾਈ ਲਗਦੀ ਸੀ। ਪਰ ਸੰਤੋਖ ਦਾ ਹਾਣ ਦੀ ਸੀ ਤੇ ਉਸ ਨਾਲ ਜੇਲ੍ਹ ਤਕ ਯਾਰੀ ਨਿਭਾਉਂਦੀ ਆ ਰਹੀ ਸੀ। ਪਰ ਸੰਤੋਖ ਨੇ ਉਸ ਦਾ ਨੰਬਰ ਕਦੀ ਵੀ ਨਹੀਂ ਸੀ ਲਵਾਇਆ। ਉਸ ਦੇ ਪੱਲੇ ਤਾਂ ਬਸ ਗੱਲਾਂ ਦਾ ਸੁਆਦ ਹੀ ਰਹਿ ਜਾਂਦਾ ਸੀ। ਸੰਤੋਖ ਉਸ ਨੂੰ ਆਪਣੇ ਨਾਲ ਘੁੱਟ ਕੇ ਆਖਦਾ ਸੀ, ''ਲੈ ਧੰਨੋ ਦੀ ਖ਼ੁਸ਼ਬੋ ਮਾਣ ਲੈ।'' ਸੰਤੋਖ ਦੇ ਸਰੀਰ ਨਾਲ ਸਰੀਰ ਰਗੜ ਕੇ ਉਹ ਸੱਚਮੁੱਚ ਧੰਨੋ ਦੀ ਛੋਹ ਮਹਿਸੂਸ ਕਰਦਾ ਸੀ। ਫੇਰ ਅੱਖਾਂ ਵਿਚ ਸੁਨਹਿਰੀ ਸੁਪਨੇ ਲਈ ਉਹ ਧੰਨੋ ਦੀ ਅਗਲੀ ਮੁਲਾਕਾਤ ਦਾ ਇੰਤਜ਼ਾਰ ਆਰੰਭ ਦਿੰਦਾ। ਸੰਤੋਖ ਤੋਂ ਹਾਂ ਕਹਾਉਣ ਲਈ ਕਈ ਵਾਰ ਉਸ ਨੂੰ ਧੰਨੋ ਵੀ ਬਣਨਾ ਪਿਆ ਸੀ।

ਪਰ ਬਿਨਾ ਵਾਅਦਾ ਨਿਭਾਏ ਸੰਤੋਖ ਵੀ ਚਲਾ ਗਿਆ ਸੀ ਤੇ ਨੇਤਾ ਜੀ ਵੀ।

ਗੇਟ ਉਤੇ ਖੜੇ ਮਹਿੰਦਰ ਨੂੰ ਆਪਣੇ ਆਪ ਉਤੇ ਸ਼ਰਮ ਆਉਣ ਲੱਗੀ। ਜੇਲ੍ਹ ਵਿਚ ਉਹ ਕਿਹੋ ਜਿਹਾ ਹੋ ਗਿਆ ਸੀ ? 'ਮਾਂ ਦੇ ਸ਼ੇਰ' ਤੋਂ ਉਹ 'ਨੇਤਾ ਜੀ ਦੀ ਰੰਨ' ਬਣ ਗਿਆ ਸੀ। ਪਰ 'ਰੰਨ' ਸ਼ਬਦ ਤੋਂ ਉਸ ਨੂੰ ਕਦੇ ਚਿੜ ਨਹੀਂ ਸੀ ਹੋਈ। ਉਸ ਦੀ ਅਣਖ ਜਿਵੇਂ ਕਿਧਰੇ ਖੰਭ ਲਾ ਗਈ ਸੀ। ਅਣਖ ਦੀ ਵੰਗਾਰ ਉਤੇ ਮਾਂ ਦਾ ਗਲ ਘੁੱਟਣ ਵਾਲਾ ਮਹਿੰਦਰ ਜਿਵੇਂ ਮਰ ਗਿਆ ਸੀ। ਬਾਕੀ ਰਹਿ ਗਿਆ....'ਮਹਿੰਦਰ ਕੈਦੀ'...।

''ਚਲੋ ਖੈਰ ਮੈਂ ਹੁਣ ਇਸ ਨਰਕ ਵਿਚ ਨਹੀਂ ਜਾਵਾਂਗਾ...।'' ਸੋਚਦਿਆਂ ਉਸ ਨੇ ਨਫ਼ਰਤ ਨਾਲ ਜੇਲ੍ਹ ਦੇ ਦਰਵਾਜ਼ੇ ਨੂੰ ਮੱਥਾ ਟੇਕਿਆ। ਪੱਗ ਦੇ ਲੜ ਨਾਲ ਮੂੰਹ ਢੱਕਿਆ ਤੇ ਜੇਲ੍ਹ ਕਲੋਨੀ ਦੇ ਬਾਹਰਲੇ ਗੇਟ ਵੱਲ ਤੁਰ ਪਿਆ।

ਗੇਟ ਦੇ ਬਾਹਰ ਸੱਪ ਵਾਂਗ ਮੇਲਦੀ ਸੜਕ ਉਸ ਦੀਆਂ ਅੱਖਾਂ ਅੱਗੇ ਨੱਚ ਰਹੀ ਸੀ। ਉਥੇ ਪਹੁੰਚਦਿਆਂ ਹੀ ਉਹ ਅਜ਼ਾਦ ਹੋ ਜਾਏਗਾ। ਉਸ ਦੀ ਹਿੱਕ ਉਪਰੋਂ ਕੈਦੀ ਨੰਬਰ ਲਹਿ ਜਾਏਗਾ....ਤੇ ਮੁੜ ਉਹ ਪਹਿਲਾਂ ਵਾਲਾ ਮਹਿੰਦਰ ਬਣ ਜਾਏਗਾ।

ਕਲੋਨੀ ਦੇ ਗੇਟ ਉਪਰ ਖੜਾ ਸੰਤਰੀ ਹੀ ਇਕੋ ਇਕ ਔਕੜ ਰਹਿ ਗਈ ਸੀ। ਉਂਝ ਉਥੇ ਕਿਹੜਾ ਬਹੁਤੀ ਪੁੱਛ ਪੜਤਾਲ ਹੋਣੀ ਸੀ। ਉਹ ਆਖ ਦੇਵੇਗਾ, ਉਹ ਜੇਲ੍ਹ ਸੁਪਰਡੈਂਟ ਦਾ ਰਿਸ਼ਤੇਦਾਰ ਹੈ...ਮੁੰਡੇ ਦੀ ਪਾਰਟੀ ਉਪਰ ਆਇਆ ਸੀ...। ਜੇ ਬਹੁਤੀ ਲੋੜ ਈ ਤਾਂ ਉਹ ਉਸ ਦਾ ਗਲਾ ਘੁੱਟਣੋਂ ਵੀ ਪਿਛੇ ਨਹੀਂ ਹਟੇਗਾ। ਇਥੇ ਲਿਆਉਣ ਵਾਲੇ ਅੰਗੂਠੇ ਉਸ ਨੂੰ ਇਥੋਂ ਭਜਾ ਵੀ ਲਿਜਾਣਗੇ, ਉਸ ਨੂੰ ਫ਼ਖ਼ਰ ਸੀ।

ਉਹ ਸਰਵਨ ਦੇ ਕੁਆਟਰ ਅੱਗੋਂ ਲੰਘਣਾ ਨਹੀਂ ਸੀ ਚਾਹੁੰਦਾ। ਪਰ ਹੋਰ ਕੋਈ ਰਸਤਾ ਵੀ ਨਹੀਂ ਸੀ। ਉਂਝ ਵੀ ਉਹ ਡੰਡੀ ਧੁਰ ਤਕ ਵਿਰਾਨ ਸੀ। ਪੰਜ ਚਾਰ ਦਰੱਖ਼ਤਾਂ ਦੀ ਛਾਵੇਂ ਛਾਵੇਂ ਤੁਰਦਾ ਉਹ ਕਿਸੇ ਦੀ ਵੀ ਨਿਗਾਹ ਨਹੀਂ ਚੜ੍ਹ ਸਕਦਾ।

ਜਿਉਂ ਹੀ ਉਹ ਅੱਗੇ ਵਧਿਆ ਕੁਆਟਰ ਦਾ ਦਰਵਾਜ਼ਾ ਇਕ ਦਮ ਖੁਲ੍ਹਿਆ। ਪਟਾਕ ਦੇਣੇ ਚਾਨਣ ਦਾ ਦਰਿਆ ਧਰਤੀ ਉਤੇ ਵਿਛ ਗਿਆ। ਇਕ ਪ੍ਰਛਾਵਾਂ ਅੰਦਰੋਂ ਨਿਕਲਿਆ ਤੇ ਚਾਨਣ ਦਾ ਦਰਿਆ ਮੁੜ ਕਮਰੇ ਅੰਦਰ ਧਸ ਗਿਆ। ਪ੍ਰਛਾਵਾਂ ਅੱਗੇ ਵਧਿਆ। ਉਹ ਉਸੇ ਡੰਡੀ ਉਪਰ ਤੁਰ ਪਿਆ, ਜਿਸ ਦੇ ਇਕ ਦਰੱਖ਼ਤ ਹੇਠਾਂ ਉਹ ਦਮ ਘੁੱਟ ਕੇ ਖੜੋ ਗਿਆ ਸੀ।

''ਇਹ ਕੌਣ ਹੈ ?'' ਉਸ ਨੇ ਆਪਣੀ ਕਲਪਨਾ ਦੇ ਘੋੜੇ ਦੌੜਾਏ। ਧਕ ਧਕ ਵੱਜਦੇ ਦਿਲ ਦੀ ਧੜਕਣ ਨੂੰ ਰੋਕਣ ਦੀ ਉਸ ਨੇ ਲੱਖ ਕੋਸ਼ਿਸ਼ ਕੀਤੀ, ਪਰ ਉਹ ਧੜਕਦਾ ਹੀ ਰਿਹਾ।

ਪ੍ਰਛਾਵੇਂ ਨੇ ਵੀ ਜਿਵੇਂ ਉਸ ਨੂੰ ਤਾੜ ਲਿਆ ਸੀ। ਉਹ ਉਸ ਉਤੇ ਆ ਖਲੋਤਾ। ਉਹ ਸੀਤੋ ਸੀ। ਕੁਆਟਰੋਂ ਆਈ ਸੀ ਤੇ ਕੋਠੀ ਨੂੰ ਜਾ ਰਹੀ ਸੀ। ਉਸ ਨੂੰ ਸਮਝਣ ਵਿਚ ਦੇਰ ਨਾ ਲੱਗੀ।

ਉਸ ਦਾ ਖ਼ੂਨ ਖੌਲਣ ਲੱਗਿਆ। ਉਹ ਉਸ ਦਿਨ ਵਰਗਾ ਮਹਿੰਦਰ ਬਣ ਗਿਆ। ਜਿਹੋ ਜਿਹਾ ਉਹ ਆਪਣੀ ਮਾਂ ਦਾ ਗਲ ਘੁੱਟਣ ਵਾਲੇ ਦਿਨ ਬਣਿਆ ਸੀ। ਸੀਤੋ ਤੇ ਉਸ ਦੀ ਮਾਂ, ਇਕੋ ਗੱਲ ਸੀ। ਉਹ ਉਸ ਦਾ ਵੀ ਗਲ ਘੁੱਟ ਦੇਵੇਗਾ...ਸੋਚਦਾ ਉਹ ਡੰਡੀ ਦੇ ਵਿਚਕਾਰ ਆ ਖੜੋਤਾ।

ਪਰ ਸੀਤੋ ਡਰੀ ਨਹੀਂ। ਉਹ ਉਸ ਵੱਲ ਵਧਦੀ ਰਹੀ। ਉਸ ਨੇ ਆਪਣੇ ਮੂੰਹ ਉਪਰ ਲਿਆ ਸਾੜ੍ਹੀ ਦਾ ਪੱਲਾ ਲਾਹ ਕੇ ਮੋਢਿਆਂ ਉਪਰ ਕਰ ਲਿਆ। ਉਸ ਦਾ ਦੰਦੀਆਂ ਨਾਲ ਖਾਧਾ ਮੁਰਝਾਇਆ ਚਿਹਰਾ ਸਾਫ ਦਿਖਾਈ ਦੇਣ ਲੱਗਿਆ। ਥੋੜ੍ਹਾ ਹੋਰ ਅੱਗੇ ਆ ਕੇ ਉਸ ਨੇ ਆਪਣੇ ਮੋਢਿਆਂ ਉਪਰੋਂ ਵੀ ਸਾੜ੍ਹੀ ਖਿਸਕਾ ਦਿੱਤੀ। ਉਸ ਦੀਆਂ ਭਾਰੀਆਂ ਛਾਤੀਆਂ ਛਲਕਣ ਲੱਗੀਆਂ।





ਮਹਿੰਦਰ ਨੇ ਵੀ ਆਪਣੇ ਮੂੰਹ ਉਤੋਂ ਪੱਲਾ ਲਾਹ ਦਿੱਤਾ। ਧੜਕਦੇ ਦਿਲ ਅਤੇ ਕੰਬਦੀਆਂ ਲੱਤਾਂ ਨਾਲ ਉਹ ਉਸ ਨੂੰ ਨਜ਼ਦੀਕ ਆਉਂਦੀ ਨੂੰ ਦੇਖਦਾ ਰਿਹਾ। ਉਸ ਦੀਆਂ ਮੁੱਠੀਆਂ ਢਿੱਲੀਆਂ ਪੈ ਗਈਆਂ। ਉਸ ਦਾ ਗਲਾ ਸੁੱਕਣ ਲਗਿਆ। ਉਸ ਦੀਆਂ ਪਿਆਸੀਆਂ ਨਿਗਾਹਾਂ ਸੀਤੋ ਦੀਆਂ ਅੱਧ-ਨੰਗੀਆਂ ਛਾਤੀਆਂ ਉਪਰ ਟਿਕ ਗਈਆਂ।

''ਆ ਵੇ ਨਿਖੱਟੂਆ, ਦੇਖਾਂ ਤੇਰੀ ਗਰਮੀ-ਨਿਤ ਆਂਨੇ ਕੱਢਦਾ ਰਹਿਨੈ...ਉਸ ਬੁੱਢੇ ਖੂਸਟ ਤੋਂ ਤਾਂ ਕੀ ਹੋਣਾ ਸੀ।

ਤੇ ਬਿਨਾ ਝਿਜਕ ਦੇ ਸੀਤੋ ਨੇ ਉਸ ਦੀ ਬਾਂਹ ਫੜ ਲਈ। ਉਸ ਦੇ ਮੂੰਹ ਨੂੰ ਵਾਹੋ ਧਾਹੀ ਚੁੰਮਣ ਲੱਗੀ।

ਉਹ ਹਰੇ ਹਰੇ ਘਾਹ ਉਪਰ ਢੇਰ ਹੋ ਗਏ....ਮਹਿੰਦਰ ਨੂੰ ਯਕੀਨ ਨਹੀਂ ਸੀ ਆ ਰਿਹਾ...ਉਸ ਨੂੰ ਲੱਗਦਾ ਸੀ ਹਜ਼ਾਰਾਂ-ਸੁਪਨਿਆਂ ਵਾਂਗ ਇਹ ਵੀ ਇਕ ਸੁਪਨਾ ਹੀ ਸੀ, ਜੋ ਪਲ ਕੁਲ ਨੂੰ ਟੁੱਟ ਜਾਏਗਾ। ਤੇ ਉਹ ਨਿਮੋਝਾਣਾ ਜਿਹਾ ਹੋ ਕੇ ਉਠ ਖੜੋਏਗਾ। ਪਰ ਨਹੀਂ, ਇਹ ਸਚਾਈ ਸੀ। ਉਹ ਸੱਚਮੁੱਚ ਕਿਸੇ ਔਰਤ ਨਾਲ ਪਿਆ ਸੀ...ਸੱਚਮੁੱਚ ਦੀ ਔਰਤ ਨਾਲ। ਉਹ ਚਾਹੁੰਦਾ ਸੀ, ਸਮਾਂ ਖਲੋ ਜਾਏ। ਉਹ ਸੀਤੋ ਦਾ ਸਾਥ ਮਾਣਦਾ ਰਹੇ ਮਾਣਦਾ ਰਹੇ। ਪਰ ਇਕ ਬਦਬੂ ਸਾਰੀ ਫਿਜ਼ਾ ਵਿਚ ਫੈਲ ਗਈ ਸੀ। ਸੀਤੋ ਉਸ ਦੇ ਕਲਾਵੇ ਵਿਚੋਂ ਨਿਕਲਣ ਦੇ ਯਤਨ ਕਰ ਰਹੀ ਸੀ। ਉਹੋ ਜਿਹੀ ਬੂ ਜਿਹੜੀ ਪਹਿਲੀ ਰਾਤ ਉਸ ਦੀ ਮਾਂ ਅਤੇ ਸ਼ਿੰਦੇ ਵਿਚੋਂ ਨਿਕਲੀ ਸੀ।

ਬਦਬੂ ਦੇ ਨੱਕ ਵਿਚ ਵੜਦਿਆਂ ਹੀ ਉਹ ਪੱਥਰ ਜਿਹਾ ਹੋ ਗਿਆ। ਉਸ ਦੇ ਅੰਗੂਠਿਆਂ ਵਿਚ ਥਰਥਰਾਹਟ ਆਈ ਤੇ ਉਹ ਸੀਤੋ ਦੀ ਗਰਦਨ 'ਤੇ ਨੱਚਣ ਲੱਗੇ।

''ਪਰਾਂ ਹਟ ਕੰਜਰਾ...ਇਹ ਤੇਰੀ ਮਾਂ ਦਾ ਗਲ ਨਹੀਂ ਜਿਸ ਨੂੰ ਘੁੱਟ ਦੇਵੇਂਗਾ...ਇਹ ਸੀਤੋ ਐ..ਤੇਰੇ ਵਰਗੇ ਕਈਆਂ ਦੇ ਗਲ ਘੁੱਟੇ ਨੇ...।''

ਉਸ ਨੇ ਇਕੋ ਝਟਕੇ ਨਾਲ ਮਹਿੰਦਰ ਨੂੰ ਪਰ੍ਹਾਂ ਵਗਾਹ ਮਾਰਿਆ। ਕਪੜੇ ਠੀਕ ਕਰਦੀ ਉਠੀ ਤੇ ਕੋਠੀ ਵੱਲ ਤੁਰ ਪਈ। ਉਸ ਨੇ ਇਕ ਵਾਰ ਪਿਛਾਂਹ ਮੁੜ ਕੇ ਦੇਖਿਆ ਤੇ ਉਸੇ ਤਰ੍ਹਾਂ ਧਰਤੀ ਉਤੇ ਥੁੱਕ ਦਿੱਤਾ, ਜਿਵੇਂ ਮਹਿੰਦਰ ਉਸ ਨੂੰ ਦੇਖ ਕੇ ਥੁੱਕਿਆ ਕਰਦਾ ਸੀ।

ਉਸ ਦੇ ਇਸ ਤਰ੍ਹਾਂ ਕਰਨ ਨਾਲ ਮਹਿੰਦਰ ਨੂੰ ਝਟਕਾ ਜਿਹਾ ਲਗਿਆ ਤੇ ਉਹ ਉਠ ਕੇ ਬੈਠ ਗਿਆ।

ਮਹਿੰਦਰ ਨੇ ਆਪਣੇ ਕਮਜ਼ੋਰ ਹੋ ਚੁੱਕੇ ਅੰਗੂਠਿਆਂ ਵੱਲ ਦੇਖਿਆ। ਆਪਣੀ ਮਾਂ ਦਾ ਗਲਾ ਘੁੱਟਣ ਵਾਲੇ ਅੰਗੂਠੇ ਸੀਤੋ ਦੇ ਗਲੇ ਤੋਂ ਕਿਉਂ ਵਾਪਸ ਆ ਗਏ ਸਨ, ਉਸ ਨੂੰ ਸਮਝ ਨਹੀਂ ਸੀ ਆ ਰਹੀ।

ਅੰਗੂਠਿਆਂ ਦੀਆਂ ਲਕੀਰਾਂ ਵਿਚ ਉਸ ਦੀ ਮਾਂ ਦੇ ਅਕਸ ਉਭਰ ਆਏ ਸਨ। ਉਸ ਦੀਆਂ ਅੱਖਾਂ ਵਿਚ ਨਫ਼ਰਤ ਦੀ ਅੱਗ ਵਰਸ ਰਹੀ ਸੀ। ਉਸ ਦੀ ਮਾਂ ਦੇ ਹੋਂਠ ਫਰਕ ਰਹੇ ਸਨ। ਉਹਨਾਂ

ਥਰਥਰਾਹਟਾਂ ਵਿਚੋਂ ਉਭਰਦੇ ਸੈਂਕੜੇ ਪ੍ਰਸ਼ਨ ਉਸ ਦੇ ਦਿਮਾਗ ਵਿਚ ਹਥੌੜਿਆਂ ਵਾਂਗ ਵੱਜਣ ਲੱਗੇ।

''ਜਿਸ ਅੱਗ ਵਿਚ ਤੂੰ ਜਲਦੈਂ ਉਸੇ ਵਿਚ ਮੈਂ ਜਲਦੀ ਸੀ। ਜੋ ਹੁਣ ਤੂੰ ਕੀਤੈ ਉਹੋ ਮੈਂ ਕਰਦੀ ਸੀ....ਧੰਨੋ ਵੀ ਮੇਰਾ ਰੂਪ ਹੈ ਤੇ ਸੀਤੋ ਵੀ ਫੇਰ ਤੂੰ ਸੀਤੋ ਦਾ ਗਲਾ ਕਿਉਂ ਨਹੀਂ ਘੁੱਟਿਆ ? ਤੂੰ ਆਪਣਾ ਗਲਾ ਕਿਉਂ ਨਹੀਂ ਘੁੱਟਦਾ ? ਤੂੰ ਮੇਰਾ ਗਲਾ ਇਸੇ ਲਈ ਘੁੱਟਿਆ ਕਿ ਮੈਂ ਤੇਰੀ ਮਾਂ ਲਗਦੀ ਸੀ ? ਤੇਰੀ ਅਣਖ ਨੂੰ ਧੱਬਾ ਲੱਗਦਾ ਸੀ ?...ਹੋਰ ਮੇਰਾ ਕੀ ਕਸੂਰ ਸੀ ?''

ਉਸ ਕੋਲ ਜਿਵੇਂ ਕਿਸੇ ਵੀ ਪ੍ਰਸ਼ਨ ਦਾ ਉੱਤਰ ਨਹੀਂ ਸੀ। ਉਸ ਨੂੰ ਆਪਣੇ ਅੰਗੂਠੇ ਕਸੂਰਵਾਰ ਨਜ਼ਰ ਆ ਰਹੇ ਸਨ। ਪਹਿਲੀ ਵਾਰ ਉਸ ਨੂੰ ਆਪਣੀ ਮਾਂ ਦਾ ਚਿਹਰਾ ਭੋਲਾ ਭਾਲਾ ਲੱਗ ਰਿਹਾ ਸੀ।

ਘੜਿਆਲ ਉਪਰ ਹੁੰਦੀ ਟਣ ਟਣ ਨੇ ਉਸ ਦੇ ਦਿਮਾਗ ਵਿਚ ਖਲਲ ਪਾ ਦਿੱਤਾ।

ਉਸ ਨੇ ਦੂਰ ਤੱਕ ਨਜ਼ਰ ਦੌੜਾਈ। ਸਾਰੀ ਕਲੋਨੀ ਜਿਵੇਂ ਜਾਗ ਪਈ ਸੀ। ਸੀਤੋ ਆਪਣੇ ਠਿਕਾਣੇ ਪਹੁੰਚ ਗਈ ਸੀ।

ਜੇਲ੍ਹ ਦੇ ਦਰਵਾਜ਼ੇ ਉਪਰ ਸੰਤਰੀ ਨੇ ਆਪਣਾ ਪਹਿਰਾ ਸੰਭਾਲ ਲਿਆ ਸੀ।

''ਮੈਂ ਕਸੂਰਵਾਰ ਹਾਂ, ਮੈਂ ਨਹੀਂ ਭੱਜ ਸਕਦਾ।'' ਸੋਚਦਿਆਂ ਉਸ ਨੇ ਸਿਰ ਉਪਰ ਲਪੇਟੀ ਪੱਗ ਪਰ੍ਹਾਂ ਵਗਾਹ ਮਾਰੀ। ਹਜ਼ਾਰ ਹਜ਼ਾਰ ਮਣ ਦੇ ਭਾਰੇ ਕਦਮ ਪੁੱਟਦਾ ਉਹ ਜੇਲ੍ਹ ਦੇ ਦਰਵਾਜ਼ੇ ਅੱਗੇ ਜਾ ਖੜੋਤਾ।

ਸੰਤਰੀ ਨੇ ਛੋਟਾ ਦਰਵਾਜ਼ਾ ਖੋਲ੍ਹ ਦਿੱਤਾ। ਸਿਰ ਝੁਕਾ ਕੇ ਉਹ ਅੰਦਰ ਲੰਘ ਗਿਆ। ਇਸ ਵਾਰ ਜੇਲ੍ਹ ਅੰਦਰ ਜਾਣਾ ਉਸ ਨੂੰ ਬੁਰਾ ਨਹੀਂ ਸੀ ਲੱਗ ਰਿਹਾ। ਉਸ ਨੂੰ ਲੱਗਾ ਸੀ, ਉਹ ਤਾਂ ਬਹੁਤ ਵੱਡਾ ਅਪਰਾਧੀ ਸੀ ਤੇ ਕਾਨੂੰਨ ਵਲੋਂ ਦਿੱਤੀ ਕੋਈ ਵੀ ਸਜ਼ਾ ਉਸ ਦੇ ਜੁਰਮ ਦੇ ਹਾਣ ਦੀ ਨਹੀਂ ਸੀ।

☆☆☆



# ਸਟਾਰ

ਜਿਉਂ ਜਿਉਂ ਸੂਰਜ ਦੀ ਗਰਦਨ ਉੱਚੀ ਹੁੰਦੀ ਜਾ ਰਹੀ ਸੀ ਤਿਉਂ ਤਿਉਂ ਉਹਨਾਂ ਦੇ ਹੌਂਸਲੇ ਪਸਤ ਹੁੰਦੇ ਜਾ ਰਹੇ ਸਨ।

ਭੋਗ ਪੈਣ ਵਿਚ ਸਾਰੇ ਦੋ ਕੁ ਘੰਟੇ ਬਾਕੀ ਸਨ ਪਰ ਪੁੱਜਣ ਵਾਲੇ ਮਹਿਮਾਨਾਂ ਗਿਣਤੀ ਸੌ ਤਕ ਵੀ ਨਹੀਂ ਸੀ ਅੱਪੜੀ।

ਪ੍ਰੀਤਮ ਅਤੇ ਉਸ ਦੇ ਦੋਸਤ ਸਾਰੀ ਰਾਤ ਅੱਖ ਨਹੀਂ ਸੀ ਝਪਕ ਸਕੇ। ਪ੍ਰਬੰਧ ਵਿਚ ਥੋੜ੍ਹੀ ਜਿਹੀ ਗੜਬੜ ਵੀ ਹੋ ਗਈ ਤਾਂ ਸਭ ਗੁੜ-ਗੋਬਰ ਹੋ ਜਾਣਾ ਸੀ।

ਇਹ ਗੁਰਮੁਖ ਸਿੰਘ ਦੀ ਪਹਿਲੀ ਬਰਸੀ ਸੀ। ਉਹ ਕੋਈ ਕਾਇਰਾਂ ਵਾਲੀ ਮੌਤ ਮਰਿਆ ਥਾਣੇਦਾਰ ਨਹੀਂ ਸੀ ਕਿ ਉਸ ਦੇ ਵਾਰਸਾਂ ਨੂੰ ਮੂੰਹ ਲਕੋਨਾ ਪਏ। ਉਹ 'ਮਾਸੂਮਾਂ' ਲਈ ਲੜਦਾ 'ਆਤਿਵਾਦੀਆਂ' ਹੱਥੋਂ ਸ਼ਹੀਦ ਹੋਇਆ ਸੀ। ਬਿਨਾਂ ਬੁਲਾਇਆਂ ਹੀ ਜਦੋਂ ਉਸ ਦੇ ਭੋਗ 'ਤੇ ਪੰਜ ਛੇ ਹਜ਼ਾਰ ਦਾ ਇਕੱਠ ਹੋ ਗਿਆ ਸੀ ਤਾਂ ਇਸ ਵਾਰ ਤਾਂ ਗਿਣਤੀ ਦੁਗਣੀ ਤਿਗਣੀ ਹੋ ਸਕਦੀ ਸੀ। ਇਸੇ ਲਈ ਵਿਆਪਕ ਪ੍ਰਬੰਧਾਂ ਦੇ ਨਾਲ ਨਾਲ ਨਿਗਰਾਨੀ ਵੀ ਸਿਆਣੇ ਬੰਦਿਆਂ ਨੂੰ ਸੌਂਪੀ ਗਈ ਸੀ।

ਬਰਸੀ ਦਾ ਪ੍ਰਚਾਰ ਪੂਰੇ ਜ਼ੋਰਾਂ ਸ਼ੋਰਾਂ ਨਾਲ ਹੋਇਆ ਸੀ। ਕੰਧਾਂ 'ਤੇ ਪੋਸਟਰ ਚਿਪਾਉਣ ਤੋਂ ਲੈ ਕੇ ਅਖਬਾਰਾਂ ਵਿਚ ਇਸ਼ਤਿਹਾਰ ਤਕ ਦਿੱਤੇ ਗਏ ਸਨ। ਗਵਰਨਰ ਤੋਂ ਲੈ ਕੇ ਪੁਲਿਸ ਮਹਿਕਮੇ ਦੇ ਛੋਟੇ ਤੋਂ ਛੋਟੇ ਮੁਲਾਜਮਾਂ ਨੂੰ ਸੱਦਾ-ਪੱਤਰ ਘੱਲਿਆ ਗਿਆ ਸੀ।

ਨਿਜੀ ਸੰਪਰਕ ਕਾਇਮ ਕਰਨ ਦੀ ਵੀ ਪ੍ਰੀਤਮ ਨੇ ਕੋਈ ਕਸਰ ਨਹੀਂ ਛੱਡੀ। ਕਈ ਦਿਨ ਟੈਕਸੀ ਘੁੰਮਦੀ ਰਹੀ। ਲੀਡਰਾਂ ਅਤੇ ਅਫਸਰਾਂ ਵਲੋਂ ਦਿਖਾਏ ਉਤਸ਼ਾਹ ਤੋਂ ਉਸ ਨੂੰ ਲੱਗਣ ਲੱਗਾ ਸੀ ਇਸ ਵਾਰ ਥਾਣੇਦਾਰੀ ਵੱਟ ਤੇ ਪਈ ਸੀ।

ਆਉਣ ਵਾਲੇ ਸੱਜਣਾਂ ਨੂੰ ਬੈਠਣ ਉਠਣ ਵਿਚ ਦਿੱਕਤ ਨਾ ਹੋਵੇ, ਇਸ ਲਈ ਵੱਡੇ ਵੱਡੇ ਸ਼ਾਮਿਆਨੇ ਲਾਏ ਗਏ ਸਨ। ਖਾਣ ਪੀਣ ਦੀ ਕਮੀ ਨਾ ਰਹੇ ਇਸ ਲਈ ਹਲਵਾਈ ਬਿਠਾਇਆ ਗਿਆ ਸੀ। ਬੁਲਾਰਿਆਂ ਦਾ ਵੀ ਖ਼ਿਆਲ ਰੱਖਿਆ ਗਿਆ ਸੀ। ਪੰਡਾਲ ਦੇ ਵਿਚਕਾਰ ਇਕ ਛੋਟੀ ਜਿਹੀ ਸਟੇਜ ਬਣਾਈ ਗਈ ਸੀ, ਤਾਂ ਜੋ ਯੂਨੀਅਨ ਵਾਲਿਆਂ ਨੂੰ ਮੰਗਾਂ ਰੱਖਣ ਅਤੇ ਸਰਕਾਰੀ ਨੁਮਾਇੰਦਿਆਂ ਨੂੰ ਐਲਾਨ ਕਰਨ ਵਿਚ ਕੋਈ ਦਿੱਕਤ ਨਾ ਹੋਵੇ।

ਸਰਕਾਰ ਦੀ ਗੈਰ-ਹਾਜ਼ਰੀ ਦੇ ਅਸਾਰ ਤਾਂ ਪ੍ਰੀਤਮ ਨੂੰ ਪਹਿਲਾਂ ਹੀ ਦਿਖਾਈ ਦੇ ਗਏ ਸਨ। ਅੱਜ ਕੱਲ ਦੇ ਗੜਬੜੀ ਵਾਲੇ ਦਿਨਾਂ ਵਿਚ ਜੇ ਤਹਿਸੀਲਦਾਰ ਨੇ ਵੀ ਪਿੰਡ ਗੇੜਾ ਮਾਰਨਾ ਹੋਵੇ ਤਾਂ

ਤਿੰਨ ਦਿਨ ਪਹਿਲਾ ਪੁਲਿਸ ਪਿੰਡ ਗੇੜੇ ਮਾਰਨੇ ਸ਼ੁਰੂ ਕਰ ਦਿੰਦੀ ਹੈ। ਡਿਪਟੀ ਕਮਿਸ਼ਨਰ ਜਾਂ ਉਸ ਤੋਂ ਕਿਸੇ ਵੱਡੇ ਅਫਸਰ ਨੇ ਆਉਣਾ ਹਵੇ ਤਾਂ ਪੂਰੀ ਚੌਕੀ ਹੀ ਡੇਰਾ ਲਾ ਲੈਂਦੀ ਹੈ। ਤਲਾਸ਼ੀਆਂ ਅਤੇ ਫੜ-ਫੜਾਈਆਂ ਹੁੰਦੀਆਂ ਹਨ। ਇਥੇ ਗੱਲ ਹੋਰ ਹੀ ਹੈ। ਏਡੇ ਵੱਡੇ ਡਗ ਡਗੇ ਦੇ ਬਾਵਜੂਦ ਵੀ ਪੁਲਿਸ, ਸੀ.ਆਰ.ਪੀ. ਤਾਂ ਕੀ, ਕਿਸੇ ਹੋਮਗਾਡੀਏ ਨੇ ਵੀ ਸ਼ਕਲ ਨਹੀਂ ਸੀ ਦਿਖਾਈ।

ਸਰਕਾਰੀ ਅਣਗਹਿਲੀ ਤੋਂ ਗਲਤ ਕਿਆਸ ਕੱਢ ਕੇ ਚੁਪ ਕਰਨ ਵਾਲਾ ਪ੍ਰੀਤਮ ਵੀ ਨਹੀਂ ਸੀ। ਸਰਕਾਰ ਦਾ ਕੀ ਹੈ, ਚਾਹੇ ਤਾਂ ਅਲਾਦੀਨ ਦੇ ਚਰਾਗ ਵਾਂਗ ਮਿੰਟਾਂ ਸਕਿੰਟਾਂ ਵਿਚ ਹੀ ਸਾਰੇ ਪ੍ਰਬੰਧ ਕਰ ਦੇਵੇ। ਥਾਣੇਕਾਰੀ ਹਾਸਲ ਕਰਨੀ ਹੈ ਤਾਂ ਪਾਪੜ ਤਾਂ ਵੇਲਣੇ ਹੀ ਪੈਣੇ ਹਨ। ਜੋਖਮ ਵੀ ਉਠਾਉਣੇ ਪੈਂਦੇ ਹਨ। ਕਈ ਵਾਰ ਨਜਾਇਜ਼ ਖਰਚ ਵੀ ਹੋ ਜਾਂਦੈ।

ਸੌਖਿਆਂ ਹੀ ਥਾਣੇਦਾਰੀ ਮਿਲਣੀ ਹੁੰਦੀ ਤਾਂ ਪਿਛਲੀ ਵਾਰੀ ਭੋਗ ਤੇ ਹੀ ਨਾ ਮਿਲ ਜਾਂਦੀ। ਮਾੜੀ ਕਿਸਮਤ ਉਸੇ ਦਿਨ ਮੁਕਤਸਰ ਬੱਸ ਕਾਂਡ ਹੋ ਗਿਆ। ਗਵਰਨਰ ਅਤੇ ਡਾਇਰੈਕਟਰ ਜਨਰਲ ਸਭ ਉਥੇ ਉਲਝ ਗਏ। ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹ ਆਪਣੇ ਬਹਾਦਰ ਅਫ਼ਸਰਾਂ ਨੂੰ ਹੀ ਭੁੱਲ ਗਏ। ਗੁਰਮੁਖ ਦੇ ਹਮਦਰਦਾਂ ਦੀ ਧੀਰ ਬੰਧਾਉਣ ਲਈ ਉਹਨਾਂ ਵਿਸ਼ੇਸ਼ ਪ੍ਰਤੀਨਿਧ ਘਲੇ ਸਨ। ਭਰੇ ਗਲੇ ਨਾਲ ਜਦੋਂ ਡਿਪਟੀ ਕਮਿਸ਼ਨਰ ਨੇ ਗਵਰਨਰ ਦਾ ਸੰਦੇਸ਼ ਪੜ੍ਹ ਕੇ ਸੁਣਾਇਆ ਤਾਂ ਸਭ ਅਸ਼ ਅਸ਼ ਕਰ ਉਠੇ ਸਨ। ਹਾਲ ਦੀ ਘੜੀ ਪ੍ਰੀਤਮ ਲਈ ਥਾਣੇਦਾਰੀ ਅਤੇ ਦੁਖੀ ਪਰਿਵਾਰ ਲਈ ਇਕ ਲੱਖ ਰੁਪਏ ਦੀ ਗਰਾਂਟ। ਦਿਨੋ ਦਿਨ ਗਿਰ ਰਹੇ ਪੁਲਿਸ ਦੇ ਮਨੋਬਲ ਨੂੰ ਠੁੰਮਣਾ ਦੇਣ ਲਈ ਸਰਕਾਰ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਵਿਚੋਂ ਇਹ ਪਹਿਲਾ ਕਦਮ ਸੀ।

ਇਹ ਵੱਖਰੀ ਗੱਲ ਹੈ ਕਿ ਸਰਕਾਰ ਦੇ ਹੋਰ ਹਜ਼ਾਰਾਂ ਐਲਾਨਾਂ ਵਾਂਗ ਇਹ ਵੀ ਇਕ ਇਸ਼ਤਿਹਾਰ-ਬਾਜ਼ੀ ਬਣ ਕੇ ਰਹਿ ਗਿਆ ਸੀ। ਪੂਰਾ ਇਕ ਸਾਲ ਦਫਤਰਾਂ ਦੇ ਚੱਕਰ ਕੱਟ ਕੇ ਵੀ ਉਸ ਦੇ ਪੱਲੇ ਕੁਝ ਨਹੀਂ ਸੀ ਪਿਆ। ਛੇ ਮਹੀਨੇ ਫਾਰਮੈਲਟੀਆਂ ਪੂਰੀਆਂ ਕਰਦਿਆਂ ਲੰਘ ਗਏ। ਜਦੋਂ ਫ਼ਾਇਲ ਮੁਕੰਮਲ ਹੋਈ ਤਾਂ ਦਫ਼ਤਰ ਵਾਲੇ ਪੁੱਠੀਆਂ ਸਿੱਧੀਆਂ ਸੁਣਾਉਣ ਲੱਗੇ। ਗੁਰਮੁਖ ਸਿੰਘ ਦੀ ਸ਼ਹੀਦੀ ਤੇ ਹੀ ਸ਼ੱਕ ਕਰਨ ਲੱਗੇ।

ਅੱਕ ਥੱਕ ਕੇ ਹੀ ਪ੍ਰੀਤਮ ਨੇ ਬਰਸੀ ਦੇ ਇਸ ਮੌਕੇ ਨੂੰ ਸੁੱਤੀ ਸਰਕਾਰ ਨੂੰ ਜਗਾਉਣ ਲਈ ਵਰਤਣਾ ਚਾਹਿਆ ਸੀ। ਹਰ ਇਕ ਨੂੰ ਆਪਣਾ ਆਪਣਾ ਰੋਲ ਸਮਝਾ ਦਿੱਤਾ ਗਿਆ ਸੀ। ਕਿਸੇ ਨੇ ਪੁਲਿਸ ਨੂੰ ਦਰਪੇਸ਼ ਖ਼ਤਰਿਆਂ ਦੀ ਦੁਹਾਈ ਦੇਣੀ ਹੈ। ਕਿਸ ਨੇ ਗੁਰਮੁਖ ਦੀ ਬਹਾਦਰੀ ਦੇ ਸੋਹਲੇ ਗਾਉਣੇ ਹਨ ਅਤੇ ਕਿਸ ਨੇ ਪ੍ਰੀਤਮ ਨੂੰ ਫੌਰੀ ਤੌਰ 'ਤੇ ਭਰਤੀ ਨਾ ਕਰਨ ਦੀ ਸੂਰਤ ਵਿਚ ਐਜੀਟੇਸ਼ਨ ਦੀ ਧਮਕੀ ਦੇਣੀ ਹੈ।

ਹਰ ਕੰਮ ਯੋਜਨਾ ਅਨੁਸਾਰ ਹੋ ਰਿਹਾ ਸੀ। ਬਸ ਆਉਣ ਵਾਲਿਆਂ ਨੂੰ ਹੀ ਸੱਪ ਸੁੰਘ ਗਿਆ ਲਗਦਾ ਸੀ।

ਸਰਕਾਰ ਕੋਲ ਤਾਂ ਭਲਾ ਇੰਨਾ ਵਕਤ ਕਿਥੇ ਹੈ ਕਿ ਉਹ ਆਪਣੇ ਸ਼ਹੀਦ ਅਫਸਰਾਂ ਨੂੰ ਸਾਲਾਂ ਬੱਧੀ ਯਾਦ ਰੱਖ ਸਕੇ। ਲਗਦਾ ਸੀ ਗੁਰਮੁਖ ਸਿੰਘ ਨੂੰ ਤਾਂ ਉਸ ਦੇ ਯਾਰਾਂ ਦੋਸਤਾਂ ਅਤੇ ਸਾਕ-ਸੰਬੰਧੀਆਂ



ਨੇ ਵੀ ਭੁਲਾ ਦਿੱਤਾ ਸੀ। ਇਕੱਠ ਵਿਚ ਉਹਨਾਂ ਦੀ ਗਿਣਤੀ ਆਟੇ 'ਚ ਲੂਣ ਜਿੰਨੀ ਵੀ ਨਹੀਂ ਸੀ।

ਸਵਾਗਤੀ ਗੇਟ ਤੇ ਵੇਹਲਾ ਖੜਾ ਪ੍ਰੀਤਮ ਬਾਪੂ ਦੇ ਅੜੀਅਲ ਸੁਭਾਅ ਤੇ ਚਿੜਨ ਲਗਿਆ। ਰਿਸ਼ਤੇਦਾਰ ਆਉਣ ਵੀ ਕਿਹੜਾ ਨਿਉਂਦਾ ਉਤਾਰਨ ? ਨਿੰਮ੍ਹ ਚੜ੍ਹੇ ਕਰੇਲੇ ਵਾਂਗ ਲੋਕਾਂ ਨਾਲ ਵਿਗਾੜਨ ਲਈ ਤਾਂ ਉਸ ਦਾ ਰੁੱਖਾ ਸੁਭਾਅ ਹੀ ਕਾਫੀ ਸੀ, ਉਤੋਂ ਕਿਧਰੋਂ ਈਮਾਨਦਾਰੀ ਦਾ ਕੀਲਾ ਗਰਦਨ 'ਚ ਆ ਅੜਿਆ। ਸਾਰੀ ਉਮਰ ਉਹ ਇਹਨਾਂ ਦੀ ਹੀ ਧੌਂਸ ਦਿਖਾਉਂਦਾ ਰਿਹਾ। ਘਰ ਆਏ ਰਿਸ਼ਤੇਦਾਰਾਂ ਦੀ ਨਾ ਕਦੇ ਗੱਲ ਸੁਣੀ, ਨਾ ਕੰਮ ਕੀਤਾ ਅਤੇ ਨਾ ਮੂੰਹ-ਮੁਲਾਹਜ਼ਾ ਰੱਖਿਆ। ਸਗੋਂ ਸਿਫਾਰਸ਼ ਕਰਾਉਣ ਵਾਲੇ ਦੇ ਦੋ ਵੱਧ ਹੀ ਧਰਦਾ। ਸ਼ਰੀਕਾਂ ਨੇ ਤਾਂ ਸ਼ੁਕਰ ਕੀਤਾ ਹੋਣੈ। ਚੰਗਾ ਹੋਇਆ ਵੱਡੇ ਨਰੜੇ ਵਾਲੇ ਦਾ ਫਾਹਾ ਵੱਢਿਆ ਗਿਆ।

ਰਿਸ਼ਤੇਦਾਰਾਂ ਨੇ ਤਾਂ ਫਿਟਕਾਰਨਾ ਹੀ ਸੀ, ਘਰ ਵਿਚ ਕਿਹੜਾ ਕੋਈ ਉਸ ਨੂੰ ਖੰਡ ਪਾਉਂਦਾ ਸੀ। ਪ੍ਰੀਤਮ ਦੀ ਮਾਂ ਨੂੰ ਗਿਲਾ ਸੀ ਗੁਰਮੁਖ ਨੇ ਕਦੇ ਵੀ ਤਨਖਾਹ ਤੋਂ ਬਿਨਾਂ ਧੇਲਾ ਵੀ ਉਸ ਦੀ ਹਥੇਲੀ 'ਤੇ ਨਹੀਂ ਰੱਖਿਆ। ਵੱਡੇ ਭਰਾ ਨੂੰ ਗਿਲਾ ਸੀ ਮਿੱਟੀ ਨਾਲ ਮਿੱਟੀ ਹੋ ਕੇ ਵੀ ਉਸ ਦੇ ਪੱਲੇ ਭੁੱਖ ਨੰਗ ਤੋਂ ਬਿਨਾਂ ਕੁਝ ਨਹੀਂ ਸੀ ਪੈਂਦਾ। ਪਿਉ ਦਾਦਿਆਂ ਤੋਂ ਵਿਰਾਸਤ 'ਚ ਮਿਲੇ ਤਿੰਨ ਕਿਲਿਆਂ 'ਚ ਗੁਰਮੁਖ ਨੇ ਇਕ ਸਿਆੜ ਦਾ ਵੀ ਵਾਧਾ ਨਹੀਂ ਸੀ ਕੀਤਾ। ਤਾਏ ਦਿਆਲ ਸਿੰਘ ਵਾਂਗ ਦਸ ਵੀਹ ਕਿੱਲੇ ਅੜਕਾ ਦਿੰਦਾ ਤਾਂ ਉਹ ਵੀ ਸਰਦਾਰੀ ਕਰ ਸਕਦਾ ਸੀ। ਦਿਆਲ ਸਿੰਘ ਤਾਂ ਉਸ ਤੋਂ ਵੀਹ ਸਾਲ ਪਿਛੋਂ ਥਾਣੇਦਾਰ ਬਣਿਆ ਸੀ। ਸਿੱਧੂ ਫਾਰਮ ਦੂਰ ਦੂਰ ਤਕ ਮਸ਼ਹੂਰ ਹੈ। ਮੁੰਡੇ ਨਹੀਂ ਪੜ੍ਹੇ ਨਾ ਸਹੀ। ਅਫ਼ਸਰਾਂ ਨਾਲੋਂ ਵੱਧ ਚਲਦੀ ਹੈ। ਹਰ ਹਫਤੇ ਫਾਰਮ 'ਤੇ ਅਫ਼ਸਰਾਂ ਦੀ ਮਹਿਫਲ ਜੰਮਦੀ ਸੀ। ਮੁਰਗੇ ਰਿਝਦੇ ਤੇ ਬੋਤਲਾਂ ਖੁੱਲ੍ਹਦੀਆਂ ਹਨ। ਵੱਡੇ ਨੇ ਖੱਦਰ ਦਾ ਕੁੜਤਾ ਪਾ ਲਿਆ। ਇਸ ਵਾਰੀ ਨਹੀਂ ਤਾਂ ਅਗਲੀ ਵਾਰੀ ਟਿਕਟ ਵੱਟ 'ਤੇ ਹੈ। ਇਸੇ ਗੁੱਸੇ 'ਚ ਵੱਡੇ ਭਰਾ ਨੇ ਬਰਸੀ ਲਈ ਫੁਟੀ ਕੌਡੀ ਵੀ ਨਹੀਂ ਦਿੱਤੀ। ਜਿਸ ਬਾਪ ਨੇ ਸਭ ਕੁਝ ਕਰਾਉਣ ਦੀ ਹਾਲਤ ਵਿਚ ਹੁੰਦਿਆਂ ਵੀ ਔਲਾਦ ਲਈ ਕੱਖ ਨਾ ਕੀਤਾ ਹੋਵੇ ਉਸ ਬਾਪ ਦੀ ਔਲਾਦ ਵੀ ਫੋਕੀਆਂ ਟੌਰ੍ਹਾਂ ਖਾਤਰ ਕਿਉਂ ਆਪਣਾ ਝੁੱਗਾ ਚੌੜ ਕਰਦੀ ਫਿਰੇ।

ਗਿਲਾ ਤਾਂ ਪ੍ਰੀਤਮ ਨੂੰ ਵੀ ਬਾਪੂ ਨਾਲ ਘੱਟ ਨਹੀਂ ਸੀ। ਉਸ ਨੇ ਕਦੇ ਵੀ ਪ੍ਰੀਤਮ ਦੇ ਕੈਰੀਅਰ ਵਿਚ ਦਿਲਚਸਪੀ ਨਹੀਂ ਸੀ ਲਈ। ਪ੍ਰੀਤਮ ਨੇ ਹਰ ਡਿਗਰੀ ਪਹਿਲੇ ਦਰਜੇ ਵਿਚ ਪਾਸ ਕੀਤੀ ਸੀ। ਪੰਜਾਬ ਯੂਨੀਵਰਸਿਟੀ ਵਰਗੀ ਯੂਨੀਵਰਸਿਟੀ ਦਾ ਉਹ ਲਾਅ ਗਰੈਜੂਏਟ ਸੀ। ਗੁਰਮੁਖ ਉਸ ਨੂੰ ਬਣਦਾ ਹੱਕ ਵੀ ਦਿਵਾ ਦਿੰਦਾ ਤਾਂ ਉਹ ਜ਼ਰੂਰ ਕਿਸੇ ਚੰਗੀ ਕੁਰਸੀ ਨੂੰ ਹੱਥ ਮਾਰ ਲੈਂਦਾ।

ਅਖਬਾਰਾਂ ਵਿਚ ਜੇ.ਐਸ. ਚਹਿਲ ਦਾ ਨਾਂਅ ਪੜ੍ਹ ਕੇ ਉਸ ਅੰਦਰ ਭਾਂਬੜ ਬਲਣ ਲੱਗਦੇ ਹਨ। ਕਿਸੇ ਜ਼ਮਾਨੇ 'ਚ ਉਹ ਪ੍ਰੀਤਮ ਨਾਲ ਹੀ ਪੜ੍ਹਦਾ ਹੁੰਦਾ ਸੀ। ਇਲ ਤੋਂ ਕੁੱਕੜ ਨਹੀਂ ਸੀ ਆਉਂਦਾ ਭਲੇਮਾਨਸ ਨੂੰ। ਸਕੂਲ 'ਚ ਹਾਕੀ ਖੇਡਣ ਅਤੇ ਕਾਲਜ 'ਚ ਕੁੜੀਆਂ ਪਿੱਛੇ ਫਿਰਨ ਤੋਂ ਸਿਵਾ ਕਦੇ ਉਸ ਨੇ ਡੱਕਾ ਦੂਹਰਾ ਨਹੀਂ ਸੀ ਕੀਤਾ। ਗੁਰਮੁਖ ਸਿੰਘ ਵਰਗਾ ਹੁੰਦਾ ਕਦੋਂ ਦਾ ਕੰਨੋਂ ਫੜ ਕੇ ਡੰਗਰਾਂ ਪਿੱਛੇ ਲਾਇਆ ਹੁੰਦਾ। ਪਰ ਚਹਿਲ ਦਾ ਬਾਪੂ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਸੀ ਉਹ ਖ਼ੁਦ ਡੰਗਰਾਂ ਵਾਂਗ ਉਹਦੇ ਪਿੱਛੇ ਘੁੰਮਦਾ ਰਿਹਾ। ਦਾਰੂਆਂ ਵਿਸਕੀਆਂ ਦੇ ਸਹਾਰੇ ਪਹਿਲਾਂ ਉਸ

ਨੇ ਬੀ.ਏ. ਕਰਾਈ ਅਤੇ ਫੇਰ ਥੱਬਾ ਨੋਟਾਂ ਦਾ ਡੋਨੇਸ਼ਨ ਦੇ ਕੇ ਕਿਧਰੋਂ ਲਾਅ ਦੀ ਡਿਗਰੀ ਖਰੀਦ ਦਿੱਤੀ। ਜੱਜਾਂ ਦੀਆਂ ਨੌਕਰੀਆਂ ਨਿਕਲੀਆਂ ਤਾਂ ਸਭ ਕੁਝ ਦਾਅ 'ਤੇ ਲਾ ਕੇ ਪਟਿਆਲੇ ਸੀ.ਆਈ.ਡੀ. ਵਿਚ ਜਾ ਬੈਠਾ। ਪੇਪਰ ਕਿਸ ਨੇ ਬਣਾਏ, ਕਿਥੇ ਛਪੇ, ਕਿਥੇ ਜਾਣੇ ਹਨ ਇਹ ਜਾਨਣਾ ਉਸ ਦਾ ਸਰਕਾਰੀ ਹੱਕ ਸੀ। ਜਦੋਂ ਪਰਛਾਵੇਂ ਵਾਂਗ ਕੋਈ ਪਿੱਛੇ ਹੀ ਲੱਗਾ ਹੋਵੇ ਤਾਂ ਮੈਰਿਟ ਵਿਚ ਆਉਣਾ ਕਿਹੜੀ ਵੱਡੀ ਗੱਲ ਸੀ। ਜੀਤਾ ਬਾਪੂ ਦੇ ਮੋਢਿਆਂ 'ਤੇ ਚੜ੍ਹ ਕੇ ਸਿੱਧਾ ਪੌੜੀ ਦੇ ਆਖਰੀ ਡੰਡੇ 'ਤੇ ਜਾ ਬੈਠਾ। ਦੋ ਨੰਬਰਾਂ ਦੇ ਫਰਕ ਨਾਲ ਪਛੜਿਆ ਪ੍ਰੀਤਮ ਅੱਜ ਤੱਕ ਪਛੜਿਆ ਚਲਿਆ ਆ ਰਿਹਾ ਹੈ।

ਖੁੱਸੀ ਕੁਰਸੀ ਦਾ ਗ਼ਮ ਕਚਹਿਰੀਆਂ ਵਿਚ ਵੀ ਪ੍ਰੀਤਮ ਦਾ ਖਹਿੜਾ ਨਹੀਂ ਸੀ ਛੱਡਦਾ। ਟੁੱਟੀਆਂ ਫੁੱਟੀਆਂ ਯੂਨੀਵਰਸਿਟੀਆਂ ਵਿਚੋਂ ਡਿਗਰੀਆਂ ਹਾਸਲ ਕਰਨ ਵਾਲੇ ਜਦੋਂ ਦਿਨਾਂ ਵਿਚ ਹੀ ਮਸ਼ਹੂਰ ਹੋਣ ਲਗਦੇ ਤਾਂ ਉਸ ਦੀ ਬਲਦੀ ਤੇ ਹੋਰ ਫੂਸ ਪੈ ਜਾਂਦਾ। ਉਸ ਨੂੰ ਆਪਣੇ ਆਪ ਨਾਲ, ਆਲੇ ਦੁਆਲੇ ਨਾਲ ਅਤੇ ਸਭ ਕਾਸੇ ਨਾਲ ਨਫ਼ਰਤ ਹੋਣ ਲੱਗੀ। ਕੋਈ ਲੀਡਰ ਦਾ ਪੁੱਤ ਹੈ। ਧੜਾ ਧੜ ਕੇਸ ਆ ਰਹੇ ਹਨ। ਕੋਈ ਵਕੀਲ ਦਾ ਪੁੱਤ ਹੈ। ਬਣੀ ਬਣਾਈ ਦੁਕਾਨਦਾਰੀ ਸਾਂਭ ਲਈ। ਹੋਰ ਤਾਂ ਹੋਰ ਹੌਲਦਾਰ ਅਬਦੁੱਲ ਦੇ ਪੁੱਤਰ ਨੇ ਹੀ ਧੁੰਮਾਂ ਪਾ ਦਿੱਤੀਆਂ। ਬਸ ਲਾਈਸੈਂਸ ਹੀ ਰਹਿਮਾਨ ਦੇ ਨਾਂ ਸੀ ਬਾਕੀ ਸਭ ਕੰਮ ਅਬਦਲ ਹੀ ਕਰਦਾ ਸੀ। ਪੂਰੇ ਛੇ ਥਾਣੇ ਪੈਂਦੇ ਹਨ। ਉਨ੍ਹਾਂ ਦੀ ਸਬ-ਡਵੀਜਨ ਵਿਚ। ਪੰਝੀ ਸਾਲ ਅਬਦੁਲ ਨੇ ਇਹਨਾਂ ਹੀ ਥਾਣਿਆਂ 'ਚ ਧੱਕੇ ਖਾਂਦੇ ਹਨ। ਇਲਾਕੇ ਦਾ ਕਿਹੜਾ ਬਦਮਾਸ਼ਾ, ਚੋਰ, ਜੇਬ-ਤਰਾਸ਼ ਜਾਂ ਸਟੇਬਾਜ਼ ਸੀ ਜਿਹੜਾ ਉਸ ਦੀ ਹਾਜ਼ਰੀ ਨਹੀਂ ਸੀ ਭਰਦਾ। ਜਦੋਂ ਅਬਦੁਲ ਦਾ ਪੁੱਤਰ ਵਕਾਲਤ ਕਰਦਾ ਹੋਵੇ ਤਾਂ ਉਨ੍ਹਾਂ ਦੀ ਕੀ ਮਜਾਲ ਉਹ ਕਿਸੇ ਹੋਰ ਦੇ ਥੜੇ 'ਤੇ ਜਾ ਚੜ੍ਹਨ। ਪਿਆਰ ਵਾਲੇ ਨਾਲ ਪਿਆਰ, ਡੰਡੇ ਵਾਲੇ ਨਾਲ ਡੰਡਾ। ਹਿੱਸਾ-ਪੱਤੀ ਵਾਲੇ ਨੂੰ ਹਿੱਸਾ-ਪੱਤੀ, ਦਾਰੂ ਸਿਕੇ ਵਾਲੇ ਨੂੰ ਦਾਰੂ ਸਿਕਾ। ਵੀਹ ਸਾਲ ਕਚਿਹਰੀਆਂ ਵਿਚ ਹੀ ਧੱਕੇ ਖਾਧੇ ਸਨ। ਸਾਰੇ ਦਾਅ ਪੇਚਾਂ ਤੋਂ ਅਬਦੁਲ ਵਾਕਫ ਸੀ। ਫੱਟੇ ਤੇ ਬੈਠ ਕੇ ਗਵਾਹ ਪੁਚਕਾਰੇ, ਰੀਡਰਾਂ, ਸਟੈਨੋਆਂ ਨਾਲ ਗੱਠ-ਤੁਪ ਕੀਤੀ। ਸਾਰੀ ਉਮਰ ਜੱਜਾਂ ਦੀਆਂ ਕੀਤੀਆਂ ਵਗਾਰਾਂ ਦਾ ਫਾਇਦਾ ਉਠਾਇਆ। ਦਿਨਾਂ ਵਿਚ ਹੀ 'ਰਹਿਮਾਨ', 'ਰਹਿਮਾਨ' ਹੋ ਗਈ। ਹੁਣ ਕੋਠੀ ਹੈ, ਕਾਰ ਹੈ ਅਤੇ ਹਰ ਤਰ੍ਹਾਂ ਦਾ ਟੌਰ ਟੱਪਾ।

ਗੁਰਮੁਖ ਇੰਝ ਕਰਨ ਲਈ ਤਿਆਰ ਨਹੀਂ ਸੀ। ਚੇਲੇ ਚਪਟੇ ਰਹਿ ਚੁਕੇ ਹੌਲਦਾਰਾਂ ਮੁਨਸ਼ੀਆਂ ਦੇ ਹਾੜੇ ਕੱਢਣਾ ਉਸ ਦੇ ਸੁਭਾਅ ਦੇ ਉਲਟ ਸੀ। ਜਿਨ੍ਹਾਂ ਨੂੰ ਪ੍ਰੀਤਮ ਖੜਾ ਦਿਖਾਈ ਨਹੀਂ ਦਿੰਦਾ ਉਨ੍ਹਾਂ ਨੂੰ ਬੈਠਾ ਕੀ ਖਾਕ ਦਿਖਾਈ ਦੇਵੇਗਾ ? ਉਸ ਦਾ ਮਤ ਸੀ।

ਖੈਰ ! ਹੁਣ ਨਾ ਬਾਪੂ ਰਿਹਾ ਸੀ ਤੇ ਨਾ ਹੀ ਕੋਈ ਗਿਲਾ ਸ਼ਿਕਵਾ। ਉਹ ਆਪਣੀ ਮਰਜ਼ੀ ਦੀ ਜ਼ਿੰਦਗੀ ਜਿਉਂ ਗਿਆ ਸੀ, ਪ੍ਰੀਤਮ ਨੇ ਆਪਣਾ ਰਾਹ ਚੁਣਨਾ ਸੀ।

ਹਾਲੇ ਵੀ ਜੇ ਉਸ ਨੂੰ ਬਾਪੂ ਦੀ ਥਾਂ ਥਾਣੇਦਾਰੀ ਮਿਲ ਜਾਵੇ ਸਮਝੇਗਾ ਉਸ ਨੂੰ ਵਿਰਾਸਤ ਵਿਚ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਮਿਲੀ ਹੈ। ਪਰ ਮੁਰਗੀ ਸੀ ਕਿ ਹਾਲੇ ਹੱਥ ਆਉਂਦੀ ਨਜ਼ਰ ਨਹੀਂ ਸੀ ਆ ਰਹੀ।

ਇਸੇ ਮੁਰਗੀ ਦੀ ਉਡੀਕ ਵਿਚ ਪ੍ਰੀਤਮ ਸਵੇਰ ਤੋਂ ਸਵਾਗਤੀ ਗੇਟ 'ਤੇ ਖੜਾ ਸੀ।





ਧੂੜਾਂ ਪੁੱਟਦੀ ਫੀਅਟ ਕਾਰ ਦੇਖ ਕੇ ਪ੍ਰੀਤਮ ਨੂੰ ਥੋੜਾ ਜਿਹਾ ਧਰਵਾਸ ਹੋਇਆ। ਜ਼ਰੂਰ ਇਸ ਵਿਚ ਕੋਈ ਅਫ਼ਸਰ ਹੋਏਗਾ। ਅੱਜ ਕੱਲ੍ਹ ਦੀਆਂ ਮਾੜਾਂ ਧਾੜਾਂ ਨੂੰ ਦੇਖਦੇ ਹੋਏ ਜ਼ਰੂਰੀ ਤਾਂ ਨਹੀਂ ਕਿ ਅਫ਼ਸਰਾਂ ਦੇ ਦੌਰੇ ਦਾ ਲਾਊਡ ਸਪੀਕਰਾਂ 'ਤੇ ਰੌਲਾ ਪਾਇਆ ਜਾਵੇ। ਭੰਡੀ ਪ੍ਰਚਾਰ ਲਈ ਇਹ ਕਿਹੜਾ ਕੋਈ ਸਰਕਾਰੀ ਪ੍ਰੋਗਰਾਮ ਹੈ। ਅਫ਼ਸਰ ਚੁਪਕੇ ਜਿਹੇ ਆ ਕੇ ਵੀ ਤਾਂ ਆਪਇਟਮੈਂਟ ਦੇ ਸਕਦਾ ਹੈ।

ਗੰਨਮੈਨਾਂ ਨਾਲ ਘਿਰੇ ਸੰਦੀਪ ਨੂੰ ਗੱਡੀ 'ਚੋਂ ਉਤਰਦਿਆਂ ਦੇਖ ਕੇ ਪ੍ਰੀਤਮ ਅੰਦਰ ਵਿਹੁ ਘੁਲਣ ਲੱਗੀ। ਉਸ ਦੇ ਮਾੜਚੂ ਜਿਹੇ ਮੋਢਿਆਂ 'ਤੇ ਲਿਸ਼ਕਦੇ ਦੋ ਸਟਾਰ ਸੱਪਾਂ ਵਾਂਗ ਉਸ ਨੂੰ ਡਸਨ ਲੱਗੇ।

ਦਸ ਵਰ੍ਹੇ ਪਹਿਲਾਂ ਕਿਸ ਨੂੰ ਪਤਾ ਸੀ ਕਿ ਇੱਲ੍ਹ ਦੇ ਖੰਭ ਤੋਂ ਡਰਨ ਵਾਲਾ, ਗਲੀ ਮਹੱਲੇ ਦੇ ਹਰ ਬੱਚੇ ਤੋਂ ਮਾਰ ਖਾਣ ਵਾਲਾ ਇਹ 'ਨਲੀ ਚੋਚ' ਕਿਸੇ ਦਿਨ ਥਾਣੇਦਾਰ ਬਣ ਜਾਏਗਾ। ਕਿਸ ਨੂੰ ਪਤਾ ਸੀ ਰੇਡੀਮੇਡ ਕਪੜਿਆਂ ਦੀ ਦੁਕਾਨ 'ਤੇ ਪੰਜ ਪੰਜ ਰੁਪਏ ਦੀਆਂ ਬਨੈਣਾਂ ਵੇਚਣ ਵਾਲੇ ਸੰਦੀਪ ਦੇ ਅਚਾਨਕ ਭਾਗ ਜਾਗ ਪੈਣਗੇ। ਉਸ ਦੇ ਬਾਪ ਨੇ ਜਿਉਂਦਿਆਂ ਵੀ ਧਨ ਇਕੱਠਾ ਕਰਨ ਦੀ ਕਸਰ ਨਹੀਂ ਸੀ ਛੱਡੀ। ਮੋਇਆ ਵੀ ਤਾਂ ਹਾਥੀ ਵਾਂਗ ਸਵਾ ਲੱਖ ਦਾ ਹੋ ਕੇ। ਸਾਰੇ ਤਿੰਨ ਮਹੀਨੇ ਰਹਿੰਦਤੇ ਸਨ ਉਸ ਦੇ ਰਟਾਇਰਮੈਂਟ ਦੇ। ਏਨਾ ਕੁ ਚਿਰ ਹੋਰ ਮੰਜੀ 'ਚ ਪਿਆ ਰਹਿੰਦਾ ਤਾਂ ਕਿਸੇ ਨੇ ਸੰਦੀਪ ਨੂੰ ਚਪੜਾਸੀ ਵੀ ਭਰਤੀ ਨਹੀਂ ਸੀ ਕਰਨਾ। ਲੋਕ ਲੱਖ ਆਖੀ ਜਾਣ ਸੰਦੀਪ ਨੇ ਡਾਕਟਰ ਨਾਲ ਮਿਲ ਕੇ ਆਪਣੇ ਬਾਪ ਨੂੰ ਜ਼ਹਿਰ ਦਾ ਟੀਕਾ ਲਵਾਇਐ। ਭਰਤੀ ਹੁੰਦਿਆਂ ਹੀ ਉਹਦੀ ਅਤਿਵਾਦੀਆਂ ਨਾਲ ਮੁੱਠ-ਭੇੜ ਹੋ ਗਈ। ਨਾਲੇ ਬੱਲੇ ਬੱਲੇ ਹੋ ਗਈ ਨਾਲੇ ਇਕ ਸਟਾਰ ਹੋਰ ਲੱਗ ਗਿਆ। ਸਭ ਅਫਵਾਹਾਂ ਦਬ ਗਈਆਂ।

ਸੰਦੀਪ ਦੀ ਠਾਠ ਬਾਠ ਦੇਖ ਕੇ ਪ੍ਰੀਤਮ ਦੇ ਦਿਲ 'ਚ ਲਾਲਸਾ ਜਾਗੀ ਸੀ। ਅਜੀਬ ਅਜੀਬ ਜਿਹੇ ਵਿਚਾਰ ਉਹਦੇ ਜ਼ਿਹਨ ਵਿਚ ਉਪਜੇ ਸਨ। ਨਿਤ ਦਿਹਾੜੇ ਉਸ ਨੂੰ ਬਾਪੂ ਦੀ ਮੌਤ ਦੀ ਕਾਮਨਾ ਰਹਿਣ ਲੱਗੀ ਸੀ। ਨੌਕਰੀ ਦਾ ਗੁਰਮੁਖ ਦਾ ਸਾਰਾ ਇਕ ਸਾਲ ਰਹਿੰਦਾ ਸੀ। ਕਹਿੰਦੇ ਨੇ ਰਟਾਇਰ ਹੋ ਕੇ ਪੁਲਿਸ ਵਾਲੇ ਬਹੁਤਾ ਚਿਰ ਨਹੀਂ ਜਿਉਂਦੇ। ਜੇ ਸਾਲ ਦੋ ਸਾਲ ਪਹਿਲਾਂ 'ਮਾਇਆ ਦਾ ਮੋਹ' ਟੁੱਟ ਜਾਵੇ ਤਾਂ ਕੀ ਫ਼ਰਕ ਪੈਂਦਾ ਹੈ।

ਜਿਸ ਤਰ੍ਹਾਂ ਦੀ ਗੁਰਮੁਖ ਦੀ ਸੇਹਤ ਸੀ ਉਸ ਹਿਸਾਬ ਤਾਂ ਉਸ ਨੇ ਵੀਹ ਸਾਲ ਨਹੀਂ ਸੀ ਮਰਨਾ। ਸ਼ਰਾਬ ਉਸ ਨੇ ਕਦੀ ਪੀਤੀ ਨਹੀਂ। ਬਿਨਾਂ ਸ਼ਰਾਬ ਪੀਤੇ ਚਾਹੇ ਜਿੰਨਾ ਮਰਜ਼ੀ ਤੇਜ਼ ਮੋਟਰ-ਸਾਈਕਲ ਭਜਾ ਲਓ ਕਦੇ ਐਕਸੀਡੈਂਟ ਨਹੀਂ ਹੁੰਦਾ।

ਹੁਣ ਤਾਂ ਡਾਕੂ ਬਦਮਾਸ਼ ਵੀ ਉਸ ਨੂੰ ਭੁਲ ਭੁਲਾ ਗਏ। ਇਮਾਨਦਾਰੀ ਨੇ ਦਸਾਂ ਸਾਲਾਂ ਤੋਂ ਉਸ ਨੂੰ ਪੁਲਿਸ ਲਾਈਨ ਦਿਖਾਈ ਹੋਈ ਸੀ। ਅੱਜ ਕੱਲ੍ਹ ਦੇ ਪੁਲਿਸ ਕਪਤਾਨ ਗੁਰਮੁਖ ਵਰਗਿਆਂ ਨੂੰ ਥਾਣੇ ਲਾ ਕੇ ਕਿਸੇ ਹੋਰ ਦਾ ਪੈਸੇ ਕਮਾਉਣ ਦਾ ਚਾਨਸ ਖਰਾਬ ਨਹੀਂ ਕਰਦੇ।

ਅਤਿਵਾਦੀਆਂ ਵਲੋਂ ਵੀ ਕਦੇ ਉਸ ਨੂੰ ਕੋਈ ਧਮਕੀ ਨਹੀਂ ਆਈ। ਇਹ ਨਹੀਂ ਕਿ ਉਸ ਨੂੰ ਕਦੇ ਅਤਿਵਾਦੀਆਂ ਨਾਲ ਨਿਬੜਨ ਦਾ ਮੌਕਾ ਨਹੀਂ ਮਿਲਿਆ। ਉਸ ਦਾ ਪੁਰਾਣਾ ਰਿਕਾਰਡ ਦੇਖ ਕੇ ਇਕ ਵਾਰ ਉਸ ਨੂੰ ਮੰਡ ਵਿਚ ਭੇਜਿਆ ਗਿਆ ਸੀ। ਅਤਿਵਾਦੀਆਂ ਨੂੰ ਲੋਹੇ ਦੇ ਹੱਥ ਦਿਖਾਉਣ

ਲਈ। ਅਫ਼ਸਰਾਂ ਨੂੰ ਉਮੀਦ ਸੀ ਉਸ ਦੀ ਬੱਬਰ ਸ਼ੇਰਾਂ ਵਾਲੀ ਗਰਜ ਸਾਹਮਣੇ ਅਤਿਵਾਦੀ ਦੁੰਮ ਦਬਾ ਕੇ ਭੱਜ ਜਾਣਗੇ। ਖ਼ਤਰਨਾਕ ਤੋਂ ਖ਼ਤਰਨਾਕ ਬਦਮਾਸ਼ਾਂ ਅਤੇ ਨਕਸਲੀਆਂ ਨੂੰ ਠਿਕਾਨੇ ਲਾਉਣ ਦਾ ਉਸ ਦਾ ਬਹੁਤ ਤਜਰਬਾ ਸੀ।

ਲੋਕ ਆਖਦੇ ਨੇ ਜਿਥੇ ਉਹ ਥਾਣੇਦਾਰ ਲਗਦਾ ਸੀ ਸਾਂਸੀ ਬਾਜ਼ੀਗਰ ਕੁੱਲੀਆਂ ਚੁਕ ਚੁਕ ਪੰਜਾਹ ਪੰਜਾਹ ਕੋਹ ਦੂਰ ਨਿਕਲ ਜਾਂਦੇ ਸਨ। ਅਫ਼ੀਮ ਸ਼ਰਾਬਾਂ ਵਾਲੇ ਸੁਸਰੀ ਵਾਂਗ ਸੌਂ ਜਾਂਦੇ। ਇਸੇ ਤਰ੍ਹਾਂ ਉਸ ਨੇ ਨਕਸਲੀਆਂ ਦੇ ਛੱਕੇ ਛੁਡਾਏ ਸਨ।

ਗਰੀਬੜੇ ਬਾਜ਼ੀਗਰਾਂ ਸਾਂਸੀਆਂ ਨਾਲ ਕਿਵੇਂ ਨਿਬੜਿਆ ਜਾਂਦਾ ਸੀ, ਇਸ ਦਾ ਤਾਂ ਪ੍ਰੀਤਮ ਨੂੰ ਇਲਮ ਨਹੀਂ। ਜਦੋਂ ਨਕਸਲੀਆਂ ਨਾਲ ਮੁੱਠ ਭੇੜ ਹੋਈ ਸੀ ਉਦੋਂ ਉਹ ਕਾਲਜ ਜਾਣ ਲੱਗਾ ਸੀ ਤੇ ਆਲੇ ਦੁਆਲੇ ਦੀ ਸੂਝ ਰੱਖਣ ਲੱਗਾ ਸੀ।

ਪ੍ਰੀਤਮ ਨਾਲ ਪੜ੍ਹਦੇ ਰਾਜ ਨੂੰ ਸਿਨੇਮੇ ਵਿਚੋਂ ਚੁੱਕ ਕੇ ਤਿੰਨ ਦਿਨ ਉਨ੍ਹਾਂ ਦੇ ਘਰ ਹੀ ਇੰਟੈਰੋਗੇਟ ਕੀਤਾ ਗਿਆ ਸੀ। ਕਈ ਦਿਨ ਪੁੱਠਾ ਲਟਕ ਕੇ ਵੀ ਜਦੋਂ ਉਹ ਕੁਝ ਨਾ 'ਬਕਿਆ' ਤਾਂ ਤੂੰ ਵਾਂਗ ਬੋਰੀ ਵਿਚ ਤੁੰਨ ਕੇ ਨਹਿਰ ਵਲ ਜਾਂਦੇ ਉਸ ਨੇ ਤਕੇ ਸਨ। ਅਗਲੇ ਦਿਨ ਉਸ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦੀ ਖਬਰ ਛੱਪੀ ਸੀ। ਜਗਤਾਰ ਨੂੰ ਨਹਿਰ ਵਿਚ ਡੋਬਣ ਦੀ ਸਕੀਮ ਉਸ ਦੇ ਪੜ੍ਹਨ ਵਾਲੇ ਕਮਰੇ ਵਿਚ ਹੀ ਬਣੀ ਸੀ। ਸੰਕਜਿਆਂ 'ਚ ਕਸੇ, ਤੇਜ਼ ਰੋਸ਼ਨੀਆਂ ਸਾਹਮਣੇ ਬੈਠੇ ਅਤੇ ਜਮੂਰਾਂ ਨਾਲ ਮਾਸ ਖਿਚਵਾਉਂਦੇ ਬੇਅੰਤ, ਜਗਜੀਤ ਅਤੇ ਜੂਨਸ ਅੱਜ ਤਕ ਉਸ ਨੂੰ ਝੰਜੋੜਦੇ ਹਨ। ਉਹੋ ਇਤਿਹਾਸ ਦੁਹਰਾਉਣ ਲਈ ਉਸ ਨੂੰ ਮੰਡ ਭੇਜਿਆ ਗਿਆ ਸੀ।

ਇਹ ਢਲਦੀ ਉਮਰ ਦਾ ਤਕਾਜਾ ਸੀ ਜਾਂ ਬਦਲੇ ਹਲਾਤਾਂ ਦਾ ਮੰਡ ਤੋਂ ਗੁਰਮੁਖ ਨੂੰ ਸੀਂਹ ਵਾਂਗ ਡਰ ਲੱਗਦਾ ਸੀ। ਕਈ ਮਹੀਨੇ ਮੈਡੀਕਲ ਘਲਦਾ ਅਤੇ ਘਰਵਾਲੀ ਦੀ ਬਿਮਾਰੀ ਦੇ ਬਹਾਨੇ ਘੜਦਾ ਰਿਹਾ।

ਸਥਾਂ 'ਚ ਬੈਠ ਕੇ ਘਰ ਬੈਠਣ ਦੇ ਸਪਸ਼ਟੀਕਰਨ ਦਿੰਦਾ ਉਹ ਆਖਦਾ ਪਹਿਲਾਂ ਗੱਲ ਹੋਰ ਸੀ। ਚਾਹੇ ਵੀਹ ਬਦਮਾਸ਼ਾਂ ਨੂੰ ਚੌਂਕ 'ਚ ਖੜਾ ਕੇ ਗੋਲੀ ਮਾਰ ਦਿਓ ਮਜਾਲ ਸੀ ਕੋਈ ਪੁਲਿਸ ਵਲ ਅੱਖ ਭਰ ਕੇ ਵੀ ਦੇਖ ਜਾਂਦਾ। ਨਕਸਲੀਏ ਵੀ ਗਿਣਤੀ ਮਿਣਤੀ ਦੇ ਸਨ। ਦਿਨਾਂ ਵਿਚ ਚੁੱਕੇ ਗਏ। ਹੁਣ ਗੱਲ ਹੋਰ ਹੈ। ਧਰਮ ਦੀ ਕਬਚ ਉਨ੍ਹਾਂ ਦੀ ਰਖਿਆ ਕਰਦੀ ਹੈ। ਲੁਕਣ ਵਾਲੀਆਂ ਥਾਵਾਂ 'ਚ ਦਾਖਲ ਹੋਣ ਤੋਂ ਸਰਕਾਰ ਡਰਦੀ ਹੈ। ਇਕ ਵਾਰ ਕਿਸੇ ਦੇ ਪਿੱਛੇ ਪੈ ਜਾਣ ਤਾਂ ਕੁਨਬੇ ਦਾ ਕੁਨਬਾ ਤਬਾਹ ਕਰ ਦਿੰਦੇ ਹਨ। ਡੀ.ਆਈ.ਜੀ. ਅਟਵਾਲ ਅਤੇ ਡੀ.ਐਸ.ਪੀ. ਬਚਨ ਸਿੰਘ ਵਰਗਿਆਂ ਦੇ ਕਿੱਸੇ ਸਭ ਦੇ ਸਾਹਮਣੇ ਸਨ।

ਮਜਬੂਰੀ ਵਸ ਗਿਆ ਵੀ ਤਾਂ ਕਬੂਤਰ ਵਾਂਗ ਅੱਖਾਂ ਮੀਚ ਲਈਆਂ। ਕਿਤੇ ਕੁਝ ਵੀ ਹੁੰਦਾ ਰਹੇ ਉਸ ਨੇ ਕਦੇ ਪ੍ਰਵਾਹ ਨਹੀਂ ਕੀਤੀ। ਵਾਰਦਾਤ ਪੂਰਬ ਵਿਚ ਹੁੰਦੀ ਪੁਲਿਸ ਪੱਛਮ ਵਲ ਜਾਂਦੀ। ਬੈਂਕ ਡਕੈਤੀਆਂ ਕਾਰਾਂ ਵਾਲੇ ਕਰਦੇ ਕੁਟਾਪਾ ਸਾਂਸੀਆਂ 'ਤੇ ਚੜ੍ਹਦਾ। ਕੋਈ ਝਪਟ ਨਹੀਂ। ਕੋਈ ਪੁਲਿਸ ਮੁਕਾਬਲਾ ਨਹੀਂ। ਅੱਕ ਕੇ ਆਪੇ ਐਸ.ਐਸ.ਪੀ. ਨੇ ਹਥਿਆਰ ਸੁੱਟ ਦਿੱਤੇ। ਮੁੜ ਉਹੋ ਪੁਲਿਸ ਲਾਈਨ।



ਜਿਹੜਾ 'ਖਾੜਕੂਆਂ' ਦੇ ਕੰਮ ਵਿਚ ਦਖਲ ਹੀ ਨਹੀਂ ਦਿੰਦਾ ਤਾਂ ਉਨ੍ਹਾਂ ਦਾ ਸਿਰ ਭਵਿਆਂ ਹੈ ਕਿ ਉਸ ਨੂੰ ਆਪਣੀ ਹਿਟ ਲਿਸਟ 'ਤੇ ਚਾੜ੍ਹੀ ਫਿਰਨ।

ਗੁਰਮੁਖ ਦਾ ਸਾਲ ਦੇ ਅੰਦਰ ਅੰਦਰ ਅਕਾਲ ਚਲਾਣਾ ਕਰਨ ਦਾ ਤਾਂ ਫੇਰ ਇਕੋ ਰਾਹ ਸੀ। ਉਹੋ ਰਾਹ ਜਿਸ 'ਤੇ ਲੋਕ ਆਖਦੇ ਨੇ ਸੰਦੀਪ ਤੁਰਿਆ ਸੀ।

ਉਹ ਵਕੀਲ ਸੀ। ਕਾਨੂੰਨ ਜਾਣਨ ਵਾਲੇ ਦਾ ਮਨ ਕਮਜ਼ੋਰ ਹੁੰਦਾ ਹੈ। ਉਸ ਨੂੰ ਪਤਾ ਸੀ ਪੁਲਿਸ ਚਾਹੇ ਤਾਂ ਦਿਨਾਂ ਵਿਚ ਹੇਠਲੀ ਧਰਤੀ ਉਤੇ ਕਰ ਸਕਦੀ ਹੈ। ਕਈ ਭਾੜੇ ਦਾ ਟਟੂ ਕਰਿਆ ਤਾਂ ਪਹਿਲੇ ਹੂਰੇ ਵਿਚ ਹੀ ਉਸ ਨੇ ਸਭ ਕੁਝ ਉਂਗਲ ਦੇਣੈਂ। ਇਹ ਕੌੜਾ ਘੁਟ ਤਾਂ ਉਸ ਨੂੰ ਖ਼ੁਦ ਹੀ ਭਰਨਾ ਪੈਣਾ ਸੀ।

ਪਾਠ ਦੀ ਆਖਰੀ ਵਾਕ ਸੁਣ ਕੇ ਪ੍ਰੀਤਮ ਦੇ ਸਾਹ ਸੁਕਣ ਲੱਗੇ। ਕੁਝ ਹੀ ਪਲਾਂ ਬਾਅਦ ਬਿਨਾਂ ਥਾਣੇਦਾਰੀ ਦਾ ਮੂੰਹ ਬਣਾਏ ਉਸ ਦੇ ਵੀਹ ਹਜ਼ਾਰ ਨੂੰ ਥੁਕ ਲੱਗ ਜਾਣਾ ਸੀ।

ਐਨ ਆਖਰੀ ਵਕਤ ਤੇ ਤੁਰੇ ਆਉਂਦੇ ਪ੍ਰਧਾਨ ਨੂੰ ਦੇਖ ਕੇ ਉਸ ਨੂੰ ਲੱਗਾ ਵਾਹਿਗੁਰੂ ਖ਼ੁਦ ਡੁਬਦੇ ਨੂੰ ਤਿਨਕੇ ਦਾ ਸਹਾਰਾ ਬਣ ਕੇ ਆਇਆ ਹੈ। ਚਲੋ ਕੋਈ ਬੋਲਣ ਵਾਲਾ ਤਾਂ ਪੁਜਿਆ ਹੈ। ਪ੍ਰੈਸ 'ਚ ਖ਼ਬਰਾਂ ਦੇਣ ਜੋਗੇ ਤਾਂ ਹੋਏ।

ਪ੍ਰਧਾਨ ਦੀ ਮੱਧਮ ਚਾਲ ਦੇਖ ਕੇ ਇਕ ਵਾਰ ਫੇਰ ਉਹਦਾ ਦਿਲ ਧਕ ਧਕ ਕਰਨ ਲੱਗਿਆ। ਪ੍ਰਧਾਨ ਦੀ ਤੋਰ ਉਦੋਂ ਹੀ ਮੱਠੀ ਪੈਂਦੀ ਹੈ ਜਦੋਂ ਉਹ ਉਦਾਸ ਹੋਵੇ। ਨਹੀਂ ਤਾਂ ਉਹ ਘੋੜੇ ਵਾਂਗ ਛਾਲਾਂ ਮਾਰਦਾ ਹੈ।

ਹੋਰ ਸਬਰ ਕਰਨ ਦੀ ਹਿੰਮਤ ਨਹੀਂ ਸੀ। ਤੇਜ਼ ਕਦਮੀ ਉਹ ਪ੍ਰਧਾਨ ਨਾਲ ਨਾਲ ਜਾ ਰਲਿਆ।

ਪ੍ਰਧਾਨ ਉਸ ਤੋਂ ਵੀ ਜ਼ਿਆਦਾ ਖਿਝਿਆ ਪਿਆ ਸੀ। ਪ੍ਰੀਤਮ ਦੇ ਪਹਿਲੇ ਹੀ ਸਵਾਲ ਦੇ ਜਵਾਬ ਵਿਚ ਉਸ ਨੇ ਠਾਹ ਸੋਟਾ ਜੜ੍ਹ ਦਿੱਤਾ।

''ਸਰਕਾਰ ਤੈਨੂੰ ਨੌਕਰੀ ਦੇਣ ਨੂੰ ਤਿਆਰ ਨਹੀਂ। ਸਾਲੇ ਆਖਦੇ ਨੇ ਕਤਲ ਕਿਸੇ ਦੁਸ਼ਮਣ ਨੇ ਕੀਤੈ। ਅਤਿਵਾਦੀਆਂ ਨਾਲ ਤਾਂ ਉਹਦਾ ਲਾਗਾ-ਦੇਗਾ ਹੀ ਨਹੀਂ ਸੀ।''

''ਇਹ ਸਭ ਬਕਵਾਸ ਹੈ। ਉਹਨਾਂ ਦਾ ਕੀ ਹੈ ? ਮਾੜੀ ਜਿਹੀ ਗੱਲ ਤੇ ਹੀ ਬੰਦਾ ਮਾਰ ਦਿੰਦੇ ਨੇ। ਉਹਨਾਂ ਨੂੰ ਬਾਪੂ ਦਾ ਰਿਵਾਲਵਰ ਚਾਹੀਦਾ ਸੀ। ਨਿੱਤ ਦੀਆਂ ਮਾੜਾਂ ਧਾੜਾਂ ਕਰਨ ਵਾਲਿਆਂ ਲਈ ਅਸਲਾ ਕੋਟੀ ਮਾਮੂਲੀ ਚੀਜ਼ ਨਹੀਂ ਹੁੰਦੀ।''

ਪ੍ਰਧਾਨ ਦੇ ਸਿਧੇ ਸਪਾਟ ਜਵਾਬ ਤੇ ਪ੍ਰੀਤਮ ਇਉਂ ਬੜਬੜਾ ਉਠਿਆ ਜਿਵੇਂ ਉਸ ਨੂੰ ਕਾਤਲ ਗਰਦਾਨਿਆ ਗਿਆ ਹੋਵੇ।

''ਹੋਰ ਕੀ ਕਹਿੰਦੇ ਨੇ ? ਫੇਰ ਕਿਸ ਨੇ ਕਤਲ ਕੀਤਾ ਹੋਇਆ ?'' ਪ੍ਰੀਤਮ ਦੀ ਜ਼ਬਾਨ ਥਥਲਾਉਣ ਲੱਗੀ ਸੀ।

''ਮੈਨੂੰ ਬਹੁਤਾ ਪਤਾ ਨਹੀਂ....ਰਣਜੀਤ ਪਿੱਛੇ ਆਉਂਦੈ...ਹੁਣ ਤਫਸੀਸ ਉਹ ਕਰ ਰਿਹੈ। ਸਭ ਕੁਝ ਦੱਸ ਦਿਉ....। ਤੂੰ ਘਬਰਾ ਨਾ ਆਪਾਂ ਨੌਕਰੀ ਲੈ ਕੇ ਛੱਡਾਂਗੇ...''

ਕੀਰਤਨ ਸਮਾਪਤ ਹੋ ਗਿਆ ਸੀ। ਤਕਰੀਰਾਂ ਦੀ ਵਾਰੀ ਸੀ। ਪ੍ਰੀਤਮ ਦੀ ਪਿੱਠ ਥਾਪੜ ਕੇ ਉਹ ਪੰਡਾਲ ਵਲ ਵੱਧ ਗਿਆ। ਸਟੇਜ ਦਾ ਕੰਮ ਉਸ ਨੇ ਸੰਭਾਲਣਾ ਸੀ।

ਬੁੱਤ ਬਣੇ ਪ੍ਰੀਤਮ ਨੂੰ ਸਾਰੀ ਧਰਤੀ ਘੁੰਮਦੀ ਨਜ਼ਰ ਆਉਣੀ ਲੱਗੀ।

ਇਸੇ ਮੁਕੱਦਮੇ ਦੀ ਛਾਣ ਬੀਣ ਏਨੀ ਸ਼ਿਦਤ ਨਾਲ ਕਿਉਂ ਹੋ ਰਹੀ ਹੈ ?

''ਅਣਪਛਾਤੇ ਵਿਅਕੀਆਂ'' ਹੱਥੋਂ ਕਤਲ ਹੋਏ ਮੁਕੱਦਮੇ ਦੀ ਤਫਸੀਸ ਤੋਂ ਤਾਂ ਹਰ ਪੁਲਿਸ ਅਫ਼ਸਰ ਭੂਤ ਵਾਂਗ ਡਰਦਾ ਹੈ ਜਿਵੇਂ ਕਮੇਟੀ ਵਾਲੇ ਮਰੇ ਕੁੱਤੇ ਦੀ ਪੂਛ 'ਚ ਰੱਸੀ ਪਾ ਕੇ ਰੂੜੀ 'ਤੇ ਸੁੱਟਣ ਤਕ ਜ਼ਿੰਮੇਵਾਰ ਹੁੰਦੇ ਹਨ ਇਸੇ ਤਰ੍ਹਾਂ ਪੁਲਿਸ ਅਗਲੇ ਦਾ ਪੋਸਟ ਮਾਰਟਮ ਕਰਾ ਕੇ ਲਾਸ਼ ਵਾਰਸਾਂ ਦੇ ਹਵਾਲੇ ਕਰਕੇ ਗਹਿਰੀ ਨੀਂਦ ਸੌਂ ਜਾਂਦੀ ਹੈ। ਕਾਤਲ ਭਾਵੇਂ ਥਾਣੇਦਾਰ ਦੇ ਬਰਾਬਰ ਕੁਰਸੀ ਡਾਹੀ ਬੈਠੇ ਹੋਣ ਮਿਸਲਾਂ 'ਚ ਉਹ ਪਾਕਿਸਤਾਨ ਅੱਪੜੇ ਹੁੰਦੇ ਹਨ ਜਾਂ ਕਿਸੇ ਧਾਰਮਿਕ ਸਥਾਨ 'ਚ ਛੁਪੇ ਹੁੰਦੇ ਹਨ। ਪ੍ਰੀਤਮ ਨੂੰ ਤਾਂ ਉਮੈਦ ਸੀ ਉਹਨਾਂ ਦੇ ਕੇਸ ਨਾਲ ਵੀ ਇੰਝੇ ਹੋਵੇਗੀ। ਨਾ ਕਿਸੇ ਨੂੰ ਕਾਰਾਂ ਘੁੰਮਣ ਨੂੰ ਮਿਲਦੀਆਂ ਹਨ ਅਤੇ ਨਾ ਵਿਸਕੀਆਂ ਪੀਣ ਨੂੰ। ਫੇਰ ਕਿਸ ਕੋਲ ਵਕਤ ਹੈ ਇਸ ਵਗਾਰ ਤੇ ਮੱਥਾ ਮਾਰਨ ਦਾ।

ਰਣਜੀਤ ਅੰਕਲ ਨੂੰ ਤਫ਼ਤੀਸ਼ ਨਾਲ ਜੁੜਿਆ ਸੁਣ ਕੇ ਪ੍ਰੀਤਮ ਦਾ ਸਰੀਰ ਪਸੀਨੋ ਪਸੀਨੀ ਹੋ ਗਿਆ। ਬਿੰਦੇ ਝਟੇ ਇਕ ਘੁਮੇਰ ਦਿਲ ਵਿਚੋਂ ਉਠ ਕੇ ਦਿਮਾਗ ਨੂੰ ਜਾ ਚੜ੍ਹਦੀ। ਡਿਗਦਾ ਡਿਗਦਾ ਉਹ ਮਸਾਂ ਹੀ ਸੰਭਲਿਆ ਸੀ।

ਰਣਜੀਤ ਨੂੰ ਕਿਉਂ ਅਚਾਨਕ ਇਸ ਪਰਿਵਾਰ ਨਾਲ ਮੋਹ ਜਾਗ ਪਿਆ ਸੀ। ਇਸ ਦੀ ਸਮਝ ਹੁਣ ਪ੍ਰੀਤਮ ਨੂੰ ਆਈ ਸੀ। ਠੀਕ ਹੈ ਬਾਪੂ ਨੇ ਉਸ ਨੂੰ ਪੁਲਿਸ 'ਚ ਭਰਤੀ ਕਰਾਇਆ। ਤਰੱਕੀਆਂ ਦਵਾਈਆਂ। ਤਾਂ ਵੀ ਬਾਪੂ ਦੇ ਜਿਊਂਦੇ ਜਿਊਂਦੇ ਸਾਲ 'ਚ ਉਹ ਏਕ ਅੱਧ ਚੱਕਰ ਹੀ ਮਾਰਦਾ ਸੀ। ਇਸ ਸਾਲ ਤਾਂ ਉਹ ਕਈ ਰਾਤਾਂ ਵੀ ਕੱਟ ਗਿਆ ਸੀ। ਆਨੇ ਬਹਾਨੇ ਉਹ ਕਈ ਵਾਰ ਵਾਰਦਾਤ ਵਾਲੀ ਜਗ੍ਹਾ 'ਤੇ ਵੀ ਗਿਆ ਸੀ ਅਤੇ ਮੋਟਰ ਤੇ ਵੀ। ਘੰਟਿਆਂ ਬੱਧੀ ਉਹ ਬਾਪੂ ਦੇ ਪੁਰਾਣੇ ਚਿੱਠੇ ਖੋਲ੍ਹੀ ਰੱਖਦਾ। ਇਕ ਵਾਰ ਪ੍ਰੀਤਮ ਤੋਂ ਚੋਰੀ ਚੋਰੀ ਉਹ ਬੰਦੂਕ ਵੀ ਲੈ ਗਿਆ। ਬੰਦੂਕ ਦੀ ਵਾਪਸੀ ਨੇ ਨਾਲ ਨਾਲ ਹੀ ਮਾਂ ਦੇ ਤੌਰ ਤਰੀਕੇ ਵੀ ਬਦਲ ਗਏ ਸਨ। ਕਈ ਵਾਰ ਉਸ ਨੇ ਬੰਦੂਕ ਨੂੰ 'ਦਫਾ ਕਰਨ' ਦੀ ਗੱਲ ਆਖੀ ਸੀ।

ਕੁਝ ਦਿਨ ਪਹਿਲਾਂ ਸ਼ਿਵਦਿਆਲੇ ਵਾਲੇ ਖੂਹ ਦੀ ਛਾਣ ਬੀਣ ਵੀ ਹੋਈ ਸੀ। ਚੋਰੀ ਦਾ ਮਾਲ ਬਰਾਮਦ ਕਰਨਾ ਤਾਂ ਪੁਲਿਸ ਦਾ ਡਰਾਮਾ ਹੀ ਸੀ। ਲੱਭਣ ਤਾਂ ਉਹ ਰਿਵਾਲਵਰ ਹੀ ਆਏ ਸਨ। ਜੋ ਉਹਨਾਂ ਲੱਭ ਲਿਆ ਸੀ।

ਸਵਾਗਤੀ ਗੇਟ 'ਤੇ ਖੜਿਆਂ ਖੜਿਆਂ ਹੀ ਪ੍ਰੀਤਮ ਦੇ ਕਾਨੂੰਨੀ ਦਿਮਾਗ ਨੇ ਗੁਰਮੁਖ ਦੇ ਕਤਲ ਦੀ ਗੁੱਥੀ ਸੁਲਝਾ ਲਈ।



ਸਵਾਗਤੀ ਗੇਟ 'ਤੇ ਉਸ ਦਾ ਕੋਈ ਕੰਮ ਨਹੀਂ ਸੀ। ਮਣ ਮਣ ਦੇ ਕਦਮ ਪੁੱਟਦਾ ਉਹ ਪੰਡਾਲ ਦੀ ਇਕ ਨੁਕਰ ਵਿਚ ਜਾ ਬੈਠਾ।

ਪ੍ਰਧਾਨ ਮਾਇਕ ਤੇ ਗਰਜ ਰਿਹਾ ਸੀ। ਜਿਸ ਦਿਸ਼ਾ ਵੱਲ ਪ੍ਰਧਾਨ ਦਾ ਭਾਸ਼ਣ ਵਧ ਰਿਹਾ ਸੀ ਉਸ ਤੋਂ ਲੱਗਦਾ ਸੀ ਉਹ ਕਿਸੇ ਵੀ ਸਮੇਂ ਗੁਰਮੁੱਖ ਦੇ ਕਾਤਲਾਂ ਦੀ ਸ਼ਨਾਖਤ ਦਾ ਐਲਾਨ ਕਰ ਸਕਦਾ ਸੀ। ਕੁਝ ਹੀ ਦਿਨਾਂ 'ਚ ਉਹਨਾਂ ਨੂੰ ਕਟਹਿਰੇ ਵਿਚ ਖੜਾਉਣ ਦਾ ਦਾਅਵਾ ਕਰ ਸਕਦਾ ਸੀ।

ਕਉਲੇ ਨਾਲ ਸੁੰਗੜੇ ਬੈਠੇ ਪ੍ਰੀਤਮ ਨੂੰ ਬਿੰਦੇ ਝਟੇ ਰਣਜੀਤ ਦਾ ਵਿਰਾਟ ਪੁਲਸੀਆ ਰੂਪ ਦਿਖਾਈ ਦੇਣ ਲੱਗਦਾ। ਉਸ ਨੂੰ ਲੱਗਦਾ ਰਣਜੀਤ ਦੀਆਂ ਪੁਲਸੀਆਂ ਅੱਖਾਂ ਉਸ ਨੂੰ ਤਿੰਨਾਂ ਲੋਕਾਂ ਵਿਚ ਖੋਜਣ ਦੀ ਸਮਰਥਾ ਰੱਖਦੀਆਂ ਸਨ। ਉਸ ਦੇ ਲੰਬੇ ਖ਼ੂੰਖਾਰ ਹੱਥ ਹੌਲੀ ਹੌਲੀ ਪ੍ਰੀਤਮ ਦੀ ਗਿਚੀ ਵਲ ਵਧ ਰਹੇ ਸਨ।

ਭਾਸ਼ਣ ਦਾ ਇਕ ਇਕ ਸ਼ਬਦ ਸਿੱਕਾ ਬਣ ਕੇ ਉਸ ਦੇ ਕੰਨਾਂ ਵਿਚ ਘੁੰਮਣ ਲਗਿਆ। ਬੋਲੇ ਹੋ ਚੁਕੇ ਕੰਨਾਂ ਨੂੰ ਸਾਂ ਸਾਂ ਤੋਂ ਬਿਨਾਂ ਕੁਝ ਵੀ ਨਹੀਂ ਸੁਣ ਰਿਹਾ।

ਮਾਂ ਦੇ ਕੰਨ 'ਚ ਘੁਸਰ ਮੁਸਰ ਕਰਦੇ ਰਣਜੀਤ ਨੂੰ ਦੇਖ ਕੇ ਪ੍ਰੀਤਮ ਨੂੰ ਹੱਥਾਂ ਪੈਰਾਂ ਦੀ ਪੈ ਗਈ। ਰਣਜੀਤ ਨਾਲ ਕਿਸ ਮੂੰਹ ਨਾਲ ਅੱਖ ਮਿਲਾਵੇ।

ਡਰਿਆ ਸਹਿਮਿਆ, ਮੁਰਦਾ ਦੇਹ ਨੂੰ ਸੰਭਾਲਦਾ ਉਹ ਉਠਿਆ ਤੇ ਹਨੇਰੀ ਸਬਾਤ 'ਚ ਸੰਦੂਕਾਂ ਲਾਗੇ ਪਏ ਪਲੰਘ 'ਤੇ ਜਾ ਡਿੱਗਾ।

ਨਮ ਹੋਈਆਂ ਅੱਖਾਂ ਅੱਗੇ ਭੰਬੂ ਤਾਰੇ ਨੱਚਣ ਲੱਗੇ। ਤਰ੍ਹਾਂ ਤਰ੍ਹਾਂ ਦੇ ਉਹਨਾਂ 'ਚ ਉਭਰਦੇ ਚਿਤਰ ਉਹਨੂੰ ਡਰਾਉਣ ਲੱਗੇ। ਕਿਸੇ ਵਿਚ ਉਸ ਨੂੰ ਥਾਣੇਦਾਰ ਦੀ ਥਾਂ ਕੈਦੀਆਂ ਵਾਲੀ ਵਰਦੀ ਮਿਲ ਰਹੀ ਹੁੰਦੀ ਤੇ ਕਿਸੇ ਵਿਚ ਰਣਜੀਤ ਉਸ ਦੀ ਮਾਂ ਤੋਂ ਚੈਕ ਹਥਿਆ ਰਿਹਾ ਹੁੰਦਾ।

ਸਬਾਤ ਵੱਲ ਵਧਦੇ ਨਿੱਗਰ ਬੂਟਾਂ ਦਾ ਖੜਕਾ ਸੁਣ ਕੇ ਉਹ ਹੋਰ ਆਪਣੇ ਆਪ ਵਿਚ ਸੁੰਗੜ ਗਿਆ।

''ਤੂੰ ਇਥੇ ਪਿਐਂ....ਅਸੀਂ ਤੈਨੂੰ ਲੱਭ ਲੱਭ ਹੰਭ ਗਏ....।'' ਪ੍ਰੀਤਮ ਉਤਲਾ ਖੇਸ ਖਿਸਕਾ ਕੇ ਜਦੋਂ ਮਾਂ ਨੇ ਤਕਿਆ ਪ੍ਰੀਤਮ ਸਿਰਹਾਣੇ 'ਚ ਮੂੰਹ ਦੇਈ ਹੁਬਕੀ-ਹੁਬਕੀ ਰੋ ਰਿਹਾ ਸੀ।

ਮਾਂ ਦੀ ਵੀ ਭੁੱਬ ਨਿਕਲ ਗਈ। ਬਾਲਾਂ ਵਾਂਗ ਉਸ ਨੇ ਪ੍ਰੀਤਮ ਨੂੰ ਗੋਦ ਵਿਚ ਪਾ ਲਿਆ ਤੇ ਵਾਹੋ ਧਾਹੀ ਚੁੰਮਣ ਲੱਗੀ।

''ਤੂੰ ਏਨਾ ਕਿਉਂ ਓਦਰ ਗਿਐਂ ਪੁੱਤਰ...ਜੋ ਇਸ ਸੰਸਾਰ 'ਤੇ ਆਇਐ ਉਸ ਨੇ ਇਕ ਦਿਨ ਜਾਣਾ ਹੀ ਹੈ....ਤੇਰਾ ਬਾਪ ਤਾਂ ਨਾਂ ਕਮਾ ਕੇ ਮਰਿਐ....।''

ਆਖਦੀ ਮਾਂ ਦੀਆਂ ਗੱਲ੍ਹਾਂ ਤੇ ਗਿਰੇ ਨਿੱਘੇ ਹੰਝੂਆਂ ਨੇ ਉਸ ਅੰਦਰਲੀ ਅੱਧੀ ਜ਼ਹਿਰ ਚੂਸ ਲਈ। ਮਾਂ ਤਾਂ ਹਾਲੇ ਵੀ ਉਸ ਨੂੰ ਓਨਾ ਹੀ ਮੋਹ ਕਰਦੀ ਸੀ।

ਪ੍ਰੀਤਮ ਨੂੰ ਸੰਭਲਦਾ ਦੇਖ ਕੇ ਰਣਜੀਤ ਵੀ ਉਹਦੇ ਬਰਾਬਰ ਬੈਠ ਗਿਆ।

ਸਾਡੇ ਹੁੰਦੇ ਤੈਨੂੰ ਕਾਹਦਾ ਫਿਕਰ ਐ ਭਾਣਜੇ....। ਤਫ਼ਤੀਸ਼ ਪੁੱਠੇ ਰਾਹ ਪੈਣ ਲੱਗੀ ਸੀ ਇਸ ਲਈ ਮੈਨੂੰ ਦਖਲ-ਅੰਦਾਜ਼ੀ ਕਰਨੀ ਪਈ। ਮੈਂ ਆਪੇ ਕਿਸੇ ਕੁਰਬਾਨੀ ਦੇ ਬੱਕਰੇ ਤੇ ਕੇਸ ਫਿਟ ਕਰ ਦਿਊਂ...। ਦੇਖੀਂ ਚਾਰ ਦਿਨਾਂ ਨੂੰ ਥਾਣੇਦਾਰੀ ਤੇਰੇ ਪਿੱਛੇ ਪਿੱਛੇ ਫਿਰੂ।''

ਰਣਜੀਤ ਦੇ ਸਹਾਰੇ ਪ੍ਰੀਤਮ ਉਠ ਕੇ ਬੈਠ ਗਿਆ।

ਪ੍ਰਧਾਨ ਉੱਚੀ ਉੱਚੀ ਗੜਕ ਰਿਹਾ ਸੀ। ਐਜੀਟੇਸ਼ਨ ਦੀ ਧਮਕੀ ਦਿੱਤੀ ਜਾ ਰਹੀ ਸੀ।

ਬੁਲਾਰਿਆਂ ਦੀਆਂ ਤਕਰੀਰਾਂ ਸੁਣ ਸੁਣ ਕੇ ਇਕ ਵਾਰ ਫੇਰ ਪ੍ਰੀਤਮ ਦੀਆਂ ਅੱਖਾਂ ਵਿਚ ਸੁਪਨੇ ਲਟਕਣ ਲੱਗੇ। ਮੋਢਿਆਂ 'ਤੇ ਲਿਸ਼ਕਦੇ ਸਟਾਰਾਂ ਦੇ ਸੁਪਨੇ।

☆☆☆



# ਬਦਲੀ

ਲਾਗੇ ਬਣਦੇ ਡੈਮ ਦੇ ਠੇਕੇਦਾਰ ਨੇ ਜਦੋਂ ਤੋਂ ਸੁਦਰਸ਼ਨ ਬਾਬੂ ਦੇ ਘਰ ਸਾਹਮਣੇ ਆਪਣਾ ਬੰਗਲਾ ਉਸਾਰਿਆ ਸੀ ਉਸ ਨੂੰ ਲੱਗਦਾ ਸੀ ਜਿਵੇਂ ਬੰਗਲੇ ਨੇ ਉਸ ਦੇ ਘਰ ਦੀ ਪੱਗ ਨੂੰ ਹੱਥ ਪਾਇਆ ਸੀ। ਲਿਸ਼ਕਾਂ ਮਾਰਦੇ ਬੰਗਲੇ ਸਾਹਮਣੇ ਉਸ ਦਾ ਛੋਟਾ ਜਿਹਾ ਕੱਚਾ ਮਕਾਨ ਇਉਂ ਲੱਗਦਾ ਸੀ ਜਿਵੇਂ ਬੰਗਲੇ ਦੇ ਬਚਦੇ ਕੂੜੇ ਦਾ ਕਿਸੇ ਨੇ ਢੇਰ ਲਾ ਦਿੱਤਾ ਹੋਵੇ।

ਪਹਿਲਾਂ ਪਹਿਲ ਜਦੋਂ ਬੰਗਲੇ ਦੀਆਂ ਸਕੀਮਾਂ ਬਣਾਉਂਦਾ ਠੇਕੇਦਾਰ ਉਹਦੇ ਘਰ ਆਇਆ ਸੀ ਉਸ ਨੂੰ ਬੜੀ ਖ਼ੁਸ਼ੀ ਹੋਈ ਸੀ। ਮੀਲਾਂ ਤਕ ਵਿਖਰੇ ਇਕਾਂਤ ਵਿਚ ਰਹਿ ਰਹਿ ਉਹ ਅੱਕ ਗਿਆ ਸੀ। ਉਸ ਨੇ ਠੇਕੇਦਾਰ ਨੂੰ ਬੰਗਲਾ ਬਣਾਉਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਵਾਅਦਾ ਕੀਤਾ ਸੀ ਭਾਵੇਂ ਉਸ ਨੂੰ ਪਤਾ ਸੀ ਉਹ ਠੇਕੇਦਾਰ ਦੀ ਕਿਸੇ ਵੀ ਸਹਾਇਤਾ ਦੇ ਕਾਬਲ ਨਹੀਂ ਸੀ।

ਦਿਨਾਂ ਵਿਚ ਬੰਗਲੇ ਦੀਆਂ ਨੀਹਾਂ ਪੁੱਟੀਆਂ ਗਈਆਂ, ਭਰੀਆਂ ਗਈਆਂ ਅਤੇ ਕਮਰੇ ਤੇ ਕਮਰਾ ਇਵੇਂ ਉਸਰਨ ਲਗਿਆ ਜਿਵੇਂ ਕਿਸੇ ਜਾਦੂਗਰ ਦੀ ਜਾਦੂਨਗਰੀ ਉਸਰਦੀ ਹੋਵੇ। ਹਰ ਸੁਬ੍ਹਾ ਮੂੰਹ ਵਿਚ ਦਾਤਨ ਲਈ ਸੁਦਰਸ਼ਨ ਜਦੋਂ ਬਾਹਰ ਨਿਕਲਦਾ ਤਾਂ ਦੂਰ ਦੂਰ ਤਕ ਲੱਗੇ ਬਰੇਤੀ, ਬਜਰੀ ਤੇ ਸੀਮਿੰਟ ਦੇ ਢੇਰ ਉਸ ਨੂੰ ਦਿਖਾਈ ਦਿੰਦੇ। ਹਰ ਸ਼ਾਮ ਜਦੋਂ ਉਹ ਦਫਤਰੋਂ ਮੁੜਦਾ ਤਾਂ ਉਹ ਕਿਧਰੇ ਅਲੋਪ ਹੋ ਗਏ ਹੁੰਦੇ ਤੇ ਬੰਗਲੇ ਦਾ ਕੋਈ ਨਾ ਕੋਈ ਹਿੱਸਾ ਲਿਸ਼ਕਾਂ ਮਾਰ ਰਿਹਾ ਹੁੰਦਾ।

ਸੁਦਰਸ਼ਨ, ਉਸ ਦੀ ਪਤਨੀ ਤੇ ਬੱਚੇ ਸਾਰੇ ਦੇ ਸਾਰੇ ਖ਼ੁਸ਼ੀ ਨਾਲ ਫੂਲੇ ਫਿਰਦੇ ਸਨ। ਅਖੇ ਗੁਆਂਢ ਤਾਂ ਕੁੱਤੇ ਬਿਲਿਆਂ ਦਾ ਮਾਣ ਨਹੀਂ ਹੁੰਦਾ ਉਹਨਾਂ ਦੇ ਗੁਆਂਢ ਤਾਂ ਵੱਡਾ ਠੇਕੇਦਾਰ ਆ ਕੇ ਵਸਿਆ ਸੀ। ਫੇਰ ਅੰਤਾਂ ਦਾ ਭਲਾਮਾਨਸ। ਸੁਬ੍ਹਾ ਸ਼ਾਮ ਸੁਦਰਸ਼ਨ ਨੂੰ ਆ ਕੇ ਆਖਦਾ :

''ਕੋਈ ਕੰਮ ਕਾਰ ਹੋਵੇ ਦੱਸਣਾ....ਤੁਸੀਂ ਅੱਧੀ ਰਾਤੋਂ ਹੁਕਮ ਕਰੋ ਅਸੀਂ ਅੱਧੀ ਰਾਤੋਂ ਵੀ ਤਿਆਰ ਹਾਂ।''

ਸੁਦਰਸ਼ਨ ਹੋਰਾਂ ਵੀ ਕੋਈ ਕਸਰ ਨਹੀਂ ਛੱਡੀ। ਉਸ ਦੇ ਬੰਗਲੇ ਵਿਚ ਉਹਨਾਂ ਹਰ ਤਰ੍ਹਾਂ ਦਾ ਹਿੱਸਾ ਪਾਇਆ ਸੀ। ਦਿਨ 'ਚ ਕਈ ਕਈ ਵਾਰ ਸੁਦਰਸ਼ਨ ਦੀ ਪਤਨੀ ਚਾਹ ਕਰ ਕਰ ਪਿਲਾਉਂਦੀ। ਜਿੰਨੀ ਦੇਰ ਮੋਟਰ ਦਾ ਇੰਤਜ਼ਾਮ ਨਹੀਂ ਸੀ ਹੋਇਆ, ਮਜ਼ਦੂਰਾਂ ਨੇ ਉਹਨਾਂ ਦੇ ਨਲਕੇ ਨੂੰ ਹੀ ਤੋੜਿਆ ਸੀ।

''ਬੜੇ ਪੁਰਾਣੇ ਢੰਗ ਦਾ ਐ ਤੁਹਾਡਾ ਮਕਾਨ। ਬਦਲ ਸੁੱਟੋ ਪਰੇ...ਦੋ ਕਮਰੇ ਖੜੇ ਕਰੋ ਕੀ ਲਗਦੈ ? ਸੀਮਿੰਟ ਸੁਮੰਟ ਦੀ ਮਦਦ ਅਸੀਂ ਕਰ ਦਿਆਂਗੇ।'' ਇਕ ਦਿਨ ਬੈਠਿਆਂ ਬੈਠਿਆਂ ਠੇਕੇਦਾਰ ਨੇ ਸਲਾਹ ਦਿੱਤੀ।

ਸੁਦਰਸ਼ਨ ਨੂੰ ਗੱਲ ਖਾਸੀ ਟੁੰਬੀ। ਉਸ ਨੂੰ ਮਹਿਸੂਸ ਹੋਇਆ ਉਹ ਤਾਂ ਸੱਚ ਮੁੱਚ ਹੀ ਨਰਕ ਵਿਚ ਰਹਿ ਰਿਹਾ ਸੀ। ਰਹਿਣਾ ਤਾਂ ਠੇਕੇਦਾਰ ਦੇ ਬੰਗਲੇ ਵਿਚ ਹੈ। ਠੰਡੇ ਠਾਰ ਕਮਰੇ, ਫੁੱਲਾਂ ਦੀ ਖੁਸ਼ਬੋ ਤੇ ਘਾਹ ਦੇ ਮੈਦਾਨ।

''ਬਹੁਤੇ ਨਹੀਂ ਤਾਂ ਘੱਟੋ ਘੱਟ ਦੋ ਚੰਗੇ ਕਮਰੇ ਹੋਣੇ ਤਾਂ ਜ਼ਰੂਰੀ ਹਨ।'' ਸੋਚ ਕੇ ਇਕ ਰਾਤ ਗੱਲ ਉਸ ਨੇ ਆਪਣੀ ਪਤਨੀ ਸਵਿਤਰੀ ਕੋਲੋਂ ਤੋਰੀ। ਸਵਿਤਰੀ ਨੂੰ ਜਿਵੇਂ ਯਕੀਨ ਨਹੀਂ ਸੀ ਆ ਰਿਹਾ। ਉਠ ਕੇ ਉਹ ਸੁਦਰਸ਼ਨ ਦੇ ਮੰਜੇ ਉਪਰ ਆ ਬੈਠੀ।

''ਅੱਜ ਪਹਿਲੀ ਵਾਰ ਤੁਸੀਂ ਮੇਰੇ ਮਨ ਦੀ ਗੱਲ ਕੀਤੀ ਐ। ਕਿੰਨੇ ਦਿਨਾਂ ਦੀ ਦਿਲ 'ਚ ਐ ਬਈ ਅਸੀਂ ਵੀ ਦੋ ਕਮਰੇ ਖੜ੍ਹੇ ਕਰ ਲਈਏ, ਆਏ ਗਏ ਤੋਂ ਬੜੀ ਸ਼ਰਮ ਆਉਂਦੀ ਹੈ। ਦੋ ਕਮਰੇ ਤਾਂ ਮਾੜਾ ਮੋਟਾ ਵੀ ਪਾ ਲੈਂਦੈ। ਘਰ ਲਿਪਦੀ ਦੇ ਮੇਰੇ ਤਾਂ ਹੱਥ ਹੀ ਝੜ ਗਏ। ਸਾਰੀਆਂ ਇੱਟਾਂ ਖੁਰੀਆਂ ਪਈਆਂ ਨੇ। ਕਦੇ ਇਧਰੋਂ ਕਿਰ ਗਿਆ ਕਦੇ ਉਧਰੋਂ। ਚੋਰੀ ਦਾ ਅੱਡ ਡਰ। ਜਦੋਂ ਮਰਜ਼ੀ ਕੋਈ ਕੰਧ ਟੱਪ ਜਾਏ। ਮੈਂ ਤਾਂ ਸਵਰਗ 'ਚ ਈ ਪਹੁੰਚ ਜਾਂ ਜੇ ਕਿਤੇ ਤੁਸੀਂ ਮਕਾਨ ਖੜਾ ਕਰ ਲਵੋ। ਪਿੱਛੇ ਜੇ ਜਦੋਂ ਲੀਲਾ ਦਾ ਪ੍ਰਾਹੁਣਾ ਆਇਆ ਤਾਂ ਮੈਂ ਜ਼ਮੀਨ 'ਚ ਧਸਦੀ ਜਾਵਾਂ। ਬੜੀ ਸ਼ਰਮ ਆਈ। ਜੀ ਕਰੇ ਘਰੋਂ ਨਿਕਲ ਜਾਵਾਂ। ਬਣੀ ਬਣਾਈ ਸੌ ਮਣ ਦੀ ਇੱਜ਼ਤ ਮਿੱਟੀ 'ਚ ਮਿਲ ਗਈ।''

ਸਵਿਤਰੀ ਨੇ ਲੰਬਾ ਲੈਕਚਰ ਝਾੜਿਆ।

''ਪਰ ਗੱਲ ਤਾਂ ਪੈਸਿਆਂ ਦੀ ਐ।''

''ਕੰਮ ਸ਼ੁਰੂ ਤਾਂ ਕਰੋ। ਆਪੇ ਸਭ ਕੁਝ ਬਣ ਜਾਣੈ। ਆਪਣਾ ਕੰਮ ਨਾਲੇ ਇਸ ਤਰ੍ਹਾਂ ਚਲਦੈ। ਨਾ ਸਾਉਣ ਸੁਕੇ ਨਾ ਹਾੜ ਹਰੇ। ਨਾ ਕੁਝ ਪਲੇ ਹੋਇਐ ਨਾ ਸਿਰੇ ਚੜਿਐ। ਪਿੱਛੇ ਜੇ ਜਦੋਂ ਛਕ ਦਾ ਖਰਚਾ ਆਇਆ ਸੀ ਆਪੇ ਕਿਧਰੋਂ ਪੈਸੇ ਆ ਗਏ ਸੀ। ਫੇਰ ਤਾਏ ਦੀ ਬਰਸੀ ਵੇਲੇ ਵੀ ਪੰਜ ਸੌ ਲਗ ਗਿਆ ਸੀ ਆਪੇ ਵੱਧ ਆਮਦਨ ਹੋ ਗਈ। ਹੋਰ ਨਹੀਂ ਤਾਂ ਦਫਤਰੋਂ ਹੀ ਦੋ ਪੈਸੇ ਵੱਧ ਆ ਜਾਂਦੇ ਐ।''

ਉਹਨਾਂ ਦੀਆਂ ਗੱਲਾਂ ਕਿਧਰੇ ਅੱਧ ਸੁੱਤੀ ਸਰੋਜ ਦੇ ਕੰਨੀ ਪੈ ਗਈਆਂ। ਨਵੇਂ ਮਕਾਨ ਦੀ ਗੱਲ ਸੁਣ ਕੇ ਉਸ ਨੇ ਰਜਾਈ ਪਰੇ ਵਗਾਹ ਮਾਰੀ ਤੇ ਉਠ ਕੇ ਬੈਠ ਗਈ।

''ਹਾਂ ਡੈਡੀ। ਘੱਟੋ ਘੱਟ ਇਕ ਡਰਾਇੰਗ ਰੂਪ ਜ਼ਰੂਰ ਪਾ ਲਉ। ਮੈਂ ਲੋਕਾਂ ਦੇ ਘਰੇ ਜਾਨੀ ਆਂ ਤਾਂ ਬਸ ਦੇਖਦੀ ਰਹਿ ਜਾਨੀ ਆਂ। ਉਹ ਨੀਲਮ ਦਾ ਬਾਪ ਵੀ ਤਾਂ ਤਹਿਸੀਲ ਵਿਚ ਕਲਰਕ ਏ ਨਾ। ਉਹਨੇ ਕਿਡੀ ਸੋਹਣੀ ਕੋਠੀ ਬਣਾਈ ਐ। ਗੀਤ ਦੇ ਡੈਡੀ ਹੋਰਾਂ ਨੇ ਵੀ ਐਤਕੀ ਡਰਾਇੰਗ ਰੂਪ ਬਣਾ ਲਿਐ। ਦੇਖੋ ਡੈਡੀ ਆਪਣੇ ਘਰੋਂ ਤਾਂ ਗੋਹੇ ਦੀ ਬੂ ਆਉਂਦੀ ਰਹਿੰਦੀ ਐ। ਮੰਮੀ ਏ ਕੇ ਲਿਪਣੋ ਪੋਚਣੋ ਏ ਨੀ ਹਟਦੀ, ਪਿੱਛੇ ਜੇ ਜਦੋਂ ਰੀਟਾ ਆਈ ਤਾਂ ਨੱਕ 'ਤੇ ਰੁਮਾਲ ਰੱਖ ਕੇ ਈ ਬੈਠ ਗਈ। ਮੇਰੀ ਉਹ ਬੇਇੱਜ਼ਤੀ ਹੋਈ ਬਸ ਰਹੇ ਰੱਬ ਦਾ ਨਾਂ। ਹੁਣ ਹਰ ਰੋਜ਼ ਮੈਨੂੰ ਖਿਝਾਉਂਦੀ ਐ। ਜੇ ਸਾਡਾ ਘਰ ਵਧੀਆ ਹੋਵੇ ਮੈਂ ਵੀ ਆਪਣਾ 'ਬਰਥ-ਡੇ' ਮਨਾਇਆ ਕਰਾਂ। ਵਾਰ ਵਾਰ ਮੈਂ ਸਹੇਲੀਆਂ ਨੂੰ ਗਿਫਟ ਦੇ ਕੇ ਆਉਂਦੀ ਹਾਂ। ਪਰ ਮੈਨੂੰ ਗਿਫਟ ਲੈਣ ਦਾ ਮੌਕਾ ਨਹੀਂ ਮਿਲਦਾ। ਮੇਰੇ ਬਣਾਏ ਸਾਰੇ ਡੈਕੋਰੇਸ਼ਨ ਪੀਸ ਮਿੱਟੀ ਘਟੇ ਨਾਲ ਲਿਬੜ ਕੇ ਖਰਾਬ ਹੋ ਜਾਂਦੇ ਨੇ। ਡੈਡੀ ਜੀ ਇਹ ਕੰਮ ਜ਼ਰੂਰ...ਜਿਵੇਂ ਮਰਜ਼ੀ ਕਰੋ...।''





ਫੇਰ ਉਠ ਕੇ ਉਹ ਨਾਲ ਦੇ ਕਮਰੇ ਵਿਚ ਆਪਣੇ ਵੱਡੇ ਭਰਾ ਰਕੇਸ਼ ਕੋਲ ਦੌੜ ਗਈ। ਉਹ ਇਨ੍ਹੀਂ ਦਿਨੀ ਬੀ.ਏ. ਵਿਚ ਪੜ੍ਹਦਾ ਸੀ ਤੇ ਉਸ ਦਾ ਵੀ ਇਹੋ ਸ਼ਿਕਾਇਤ ਸੀ। ''ਦੇਖਿਆ...ਬੱਚੇ ਕਿਵੇਂ ਘਟੀਆ ਘਟੀਆ ਮਹਿਸੂਸ ਕਰਦੇ ਨੇ...। ਖੁਲ੍ਹ ਕੇ ਕਦੇ ਆਖ ਵੀ ਨਹੀਂ ਸਕਦੇ...ਅਗੋਂ ਤੁਸੀਂ ਗਲ ਪੈ ਜਾਂਦੇ ਹੋ...ਦੁਨੀਆਂ ਕਿੰਨੀ ਅੱਗੇ ਲੰਘ ਗਈ ਐ...ਬੱਚੇ ਚੰਗੇ ਸਕੂਲਾਂ ਕਾਲਜਾਂ 'ਚ ਪੜ੍ਹਦੇ ਨੇ। ਸੋਸਾਇਟੀ ਵਿਚ ਰਹਿਣ ਲਈ ਮਾੜਾ ਮੋਟਾ ਸਟੈਂਡਰਡ ਤਾਂ ਰੱਖਣਾ ਹੀ ਪੈਂਦੈ, ਤਾਂ ਹੀ ਨਿਭਦੀ ਐ।''

''ਮੈਂ ਕਿਹੜਾ ਵਧੀਆ ਵਧੀਆ ਮਹਿਸੂਸ ਕਰਦਾ। ਮੇਰਾ ਕਿਹੜਾ ਦਿਲ ਨਹੀਂ ਕਰਦਾ। ਮੈਂ ਸੈਰ ਕਰਨ ਗਿਆ ਬਾਬੂਆਂ ਦੇ ਘਰ ਆਪ ਜਾਨਾ। ਤਾਂ ਉਨ੍ਹਾਂ ਨੂੰ ਨਾਲ ਰਲਾਉਣਾ। ਮੇਰਾ ਵੀ ਦਿਲ ਕਰਦੈ ਉਹ ਸਾਡੇ ਘਰੇ ਆਉਣ....ਇਕੱਠੇ ਬੈਠ ਕੇ ਗਪ-ਸ਼ਪ ਕਰੀਏ...ਤਾਸ਼ ਖੇਡੀਏ...ਤੇ ਰੇਡੀਓ ਸੁਣੀਏ...ਪਰ ਇਹੋ ਜਿਹੇ ਕੱਚੇ ਖੋਲੇ ਵਿਚ ਕੌਣ ਆਉਣਾ ਪਸੰਦ ਕਰਦੈ...ਨਾ ਕਿਸੇ ਅਫ਼ਸਰ ਨੂੰ ਬੁਲਾ ਕੇ ਪਾਰਟੀ ਦੇ ਸਕਦੇ ਹਾਂ...ਤਾਂ ਹੀ ਪਿੱਛੇ ਰਹਿ ਜਾਈਦੈ...।''

ਸਰੋਜ ਕਿੰਨਾਂ ਹੀ ਚਿਰ ਰਕੇਸ਼ ਨੂੰ ਧੂੰਹਦੀ ਰਹੀ। ਪਰ ਉਹ ਉਸ ਦੀ ਗੱਲ ਨੂੰ ਸੱਚ ਮੰਨ ਕੇ ਟਿਚਰਾਂ ਦਾ ਸ਼ਿਕਾਰ ਨਹੀਂ ਸੀ ਹੋਣਾ ਚਾਹੁੰਦਾ।

''ਡੈਡੀ ! ਕੀ ਸਰੋਜ ਠੀਕ ਆਖਦੀ ਐ ?'' ਉਹ ਵੀ ਉਸੇ ਬਿਸਤਰੇ ਵਿਚ ਘੁਸੜ ਗਏ, ਜਿਥੇ ਸੁਦਰਸ਼ਨ ਅਤੇ ਉਸ ਦੀ ਪਤਨੀ ਬੈਠੇ ਸਨ।

''ਸੱਚ ਵੀ ਐ ਤੇ ਝੂਠ ਵੀ।''

''ਕੀ ਮਤਲਬ ?''

''ਦਿਲ ਕਰਦੈ ਬਣਾ ਲਈਏ...ਪਰ ਬੈਂਕ ਬੈਲੰਸ ਕਹਿੰਦੈ ਪੈਸੇ ਕਿਥੋਂ ਆਉਣਗੇ।''

''ਛਡੋ ਪਰ੍ਹੇ। ਬਹੁਤਾ ਨਾ ਸੋਚਿਆ ਕਰੋ। ਜਿਹੜਾ ਪੰਜ ਹਜ਼ਾਰ ਬੀਮੇ ਦਾ ਮਿਲਿਐ, ਉਹ ਲਾ ਦਿਉ। ਸੁਣਿਐ ਤੁਹਾਨੂੰ ਲੋਨ ਵੀ ਮਿਲ ਸਕਦੈ। ਕੁਝ ਇਧਰੋਂ ਉਧਰੋਂ ਕਰ ਲਉ। ਦੋ ਕਮਰੇ ਦਾ ਮਕਾਨ ਬਣਾਉਣਾ ਕੀ ਔਖੈ। ਹਾਂ, ਪਰ ਇਕ ਗੱਲ ਦਾ ਜ਼ਰੂਰ ਧਿਆਨ ਰਖਿਓ। ਮੇਰਾ ਰੀਡਿੰਗ ਰੂਮ ਜ਼ਰੂਰ ਹੋਵੇ। ਹਰ ਵਾਰ ਤੁਸੀਂ ਸ਼ਿਕਾਇਤ ਕਰਦੇ ਹੋ। ਮੇਰੇ ਚੰਗੇ ਨੰਬਰ ਨਹੀਂ ਆਏ। ਪਰ ਮੈਂ ਕੀ ਕਰਾਂ। ਇਥੇ ਪੜ੍ਹਿਆ ਕਿਥੇ ਜਾਂਦੈ। ਭੋਰਾ ਠੰਡ ਹੋ ਜਾਏ ਤਾਂ ਬਰਫ਼ ਜੰਮਣ ਲਗਦੀ ਐ। ਮਾੜੀ ਜੀ ਗਰਮੀ ਹੋ ਜਾਏ ਤਾਂ ਮੱਛਰ ਤੋੜ ਤੋੜ ਖਾਂਦੇ ਨੇ। ਲੋਆਂ ਦਾ ਨਾਂ ਸੁਣ ਕੇ ਤਾਂ ਮੇਰੇ ਹੋਸ਼ ਹੀ ਉਡ ਜਾਂਦੇ ਨੇ। ਪੜ੍ਹਨ ਲਈ ਘਟੋ ਘੱਟ ਇਕ ਅਰਾਮ-ਦਾਇਕ ਕਮਰਾ ਜ਼ਰੂਰ ਹੋਵੇ। ਜਿਥੇ ਕੋਈ ਸ਼ੋਰ ਨਾ ਹੋਵੇ, ਗਰਮੀ ਸਰਦੀ ਦਾ ਅਸਰ ਨਾ ਹੋਵੇ। ਮੇਰੇ ਲਈ ਬਸ ਰੀਡਿੰਗ ਰੂਪ ਬਣਾ ਦਿਉ। ਫੇਰ ਵੇਖਣਾ ਮੇਰੇ ਨੰਬਰ। ਜਦੋਂ ਕਦੇ ਸੁਰੇਸ਼ ਦੇ ਘਰ ਜਾਈਦੈ ਪਤਾ ਏ ਨੀ ਲਗਦਾ ਬਾਹਰ ਕੀ ਮੌਸਮ ਹੁੰਦੈ।''

''ਪਰ ਬੇਟੇ ਗੱਲ ਤਾਂ ਸਾਰੀ ਪੈਸਿਆਂ ਦੀ ਐ...।''

ਉਸ ਨੇ ਆਖ ਤਾਂ ਦਿਤੈ ਪੰਜ ਹਜ਼ਾਰ ਬੀਮੇ ਦਾ...ਦੋ ਕੁ ਹਜ਼ਾਰ ਮੈਂ ਪੇਕਿਆਂ ਤੋਂ ਲਿਆ ਦਿਉਂ। ਬਾਕੀ ਦਸ ਹਜ਼ਾਰ ਦਾ ਲੋਨ ਲੈ ਲਉ। ਇੰਨੇ ਕੁ ਨਾਲ ਦੋ ਕਮਰੇ ਪੈ ਜਾਣਗੇ ਬਸ...।'' ਸਵਿਤਰੀ

ਨੇ ਸੁਦਰਸ਼ਨ ਦੀ ਗੱਲ ਟੋਕੀ।

''ਪਰ ਕੁਝ ਉਤਾਰਨ ਦਾ ਵੀ ਸੋਚੋ।''

''ਆਪੇ ਉਤਰ ਜਾਣਗੇ। ਦੋ ਸਾਲ ਤਾਂ ਰਹਿੰਦੇ ਨੇ ਸਾਰੇ ਰਕੇਸ਼ ਦੇ।''

''ਠੇਕੇਦਾਰ ਅੰਕਲ ਵੀ ਹਰ ਰੋਜ਼ ਆਖਦੇ ਨੇ...ਸੀਮਿੰਟ ਵਗੈਰਾ ਮੰਗਵਾ ਦੇਣਗੇ...ਉਨ੍ਹਾਂ ਨੂੰ ਕੀ ਫ਼ਰਕ ਪੈਣ ਲਗਿਐ।'' ਸਰੋਜ ਨੇ ਠੇਕੇਦਾਰ ਦੀ ਵੀ ਯਾਦ ਦੁਆਈ।

ਅਗਲੇ ਦਿਨ ਜਦੋਂ ਸੁਦਰਸ਼ਨ ਨੇ ਠੇਕੇਦਾਰ ਨਾਲ ਗੱਲ ਤੋਰੀ, ਉਹ ਖ਼ੁਸ਼ੀ ਨਾਲ ਜਿਵੇਂ ਨੱਚ ਹੀ ਉਠਿਆ। ਉਸ ਨੇ ਪਿਆਰ ਭਰਿਆ ਹੱਥ ਸੁਦਰਸ਼ਨ ਦੀ ਪਿਠ ਉਤੇ ਰੱਖਿਆ ਤੇ ਪੂਰਨ ਸਹਿਯੋਗ ਦਾ ਬਚਨ ਦਿੱਤਾ। ਉਹ ਆਪਣੇ ਟਰੱਕਾਂ ਨਾਲ ਬਜਰੀ, ਬਰੇਤੀ ਤੇ ਮਿੱਟੀ ਸੁਟਵਾ ਦੇਵੇਗਾ। ਭਾਅ ਦੇ ਭਾਅ ਖਰੀਦ ਦੇਵੇਗਾ। ਉਸ ਦਾ ਓਵਰਸੀਅਰ ਨਕਸ਼ਾ ਵੀ ਬਣਵਾ ਦੇਵੇਗਾ ਅਤੇ ਕੰਮ ਕਾਰ ਦੀ ਦੇਖ ਭਾਲ ਵੀ ਕਰਦਾ ਰਹੇਗਾ। ਉਹ ਮਕਾਨ-ਉਸਾਰੀ ਦੇ ਕੰਮ ਦਾ ਮਾਹਰ ਸੀ। ਉਸ ਦੇ ਤਜਰਬੇ ਕਾਰਨ ਅੱਧੇ ਖਰਚੇ ਵਿਚ ਹੀ ਉਨ੍ਹਾਂ ਦੀ ਯੋਜਨਾ ਸਿਰੇ ਚੜ੍ਹ ਜਾਏਗੀ। ਉਸ ਨੇ ਕਹਿਾ ਸੀ।

ਸੋਚ ਸਮਝ ਕੇ ਸਾਰੀ ਯੋਜਨਾ ਬਣਾਈ ਗਈ। ਵੀਹ ਹਜ਼ਾਰ ਦਾ ਬਜਟ। ਮਕਾਨ ਵਿਚ ਦੋ ਬੈਡ-ਰੂਮ, ਇਕ ਰੀਡਿੰਗ ਰੂਪ, ਡਰਾਇੰਗ-ਰੂਪ, ਰਸੋਈ, ਗੁਸਲਖਾਨਾ ਤੇ ਸਟੋਰ।

ਅਗਲੇ ਹੀ ਦਿਨ ਸੁਦਰਸ਼ਨ ਪੈਸਿਆਂ ਦੇ ਇੰਤਜਾਮ ਵਿਚ ਰੁਝ ਗਿਆ। ਅਰਜ਼ੀਆਂ ਲਿਖੀਆਂ, ਟਾਈਪ ਹੋਈਆਂ ਤੇ ਦਫ਼ਤਰਾਂ ਦੇ ਚੱਕਰ ਵੱਜਣ ਲੱਗੇ। ਆਥਣ ਉਗਣ ਘਰ ਵਿਚ ਮਹਿਫਲਾਂ ਲੱਗਦੀਆਂ ਅਤੇ ਯੋਜਨਾਵਾਂ ਬਣਦੀਆਂ।

ਫੇਰ ਉਹ ਦਿਨ ਵੀ ਆ ਗਿਆ ਜਦੋਂ ਸੁਦਰਸ਼ਨ ਕਰਜ਼ੇ ਦੀ ਰਕਮ ਲੈ ਕੇ ਘਰ ਆਇਆ। ਘਰ ਨੂੰ ਆਉਂਦਾ ਹੀ ਉਹ ਭੱਠੇ ਉਤੇ ਇੱਟਾਂ ਨੂੰ ਆਖ ਆਇਆ, ਮਿਸਤਰੀ ਨਾਲ ਸਾਈ ਲਾ ਆਇਆ ਤੇ ਮਜ਼ਦੂਰਾਂ ਨੂੰ ਘਰ ਦਾ ਤਾ ਠਿਕਾਣਾ ਸਮਝਾ ਆਇਆ।

ਦਿਨਾਂ ਵਿਚ ਹੀ ਕੰਮ ਸ਼ੁਰੂ ਹੋ ਗਿਆ। ਵੀਹ ਹਜ਼ਾਰ ਫੂਸੜੇ ਵਾਂਗ ਹੀ ਉਡ ਗਿਆ। ਹਾਲੀ ਤਾਂ ਉਨ੍ਹਾਂ ਦੇ ਮਕਾਨ ਦੇ ਦੋ ਕਮਰਿਆਂ ਦਾ ਢਾਂਚਾ ਹੀ ਮਸਾਂ ਖੜ੍ਹਾ ਹੋਇਆ ਸੀ। ਰਕੇਸ਼ ਦਾ ਰੀਡਿੰਗ ਰੂਮ, ਸਰੋਜ ਦਾ ਡਰਾਇੰਗ ਰੂਮ ਤੇ ਬਾਕੀ ਦਾ ਸਾਰਾ ਕੰਮ ਹਾਲੀਂ ਰਹਿੰਦਾ ਸੀ।

ਉਨ੍ਹਾਂ ਦੀ ਯੋਜਨਾ ਅਸਫਲ ਹੋ ਗਈ ਸੀ। ਸੀਮਿੰਟ ਥੁੜ ਗਿਆ ਸੀ। ਜਿਥੋਂ ਆਸ ਸੀ ਉਥੋਂ ਤਿਨਕਾ ਵੀ ਨਾ ਮਿਲਿਆ। ਹਾਲੀਂ ਦਰਵਾਜ਼ੇ ਜੋੜੀਆਂ ਦਾ ਕੰਮ ਸਿਰ ਉਤੇ ਖੜ੍ਹਾ ਸੀ।

ਔਖੇ ਸੌਖੇ ਦੋ ਕਮਰੇ ਜ਼ਰੂਰ ਉਸਰ ਗਏ ਸਨ, ਪਰ ਕਈ ਗੱਲਾਂ ਨਿਖਰ ਕੇ ਸਾਹਮਣੇ ਆ ਗਈਆਂ ਸਨ। ਜਿਸ ਠੇਕੇਦਾਰ ਦੇ ਗੁਆਂਢ ਉਤੇ ਉਹ ਖ਼ੁਸ਼ ਹੋਏ ਫਿਰਦੇ ਸਨ ਉਹ ਨਿਰਾ ਫਰਾਡ ਨਿਕਲਿਆ ਸੀ। ਦਿਨ ਵਿਚ ਵੀਹ ਵੀਹ ਵਾਰ ਸਹਾਇਤਾ ਦਾ ਯਕੀਨ ਦਿਵਾਉਣ ਵਾਲੇ ਮੀਆਂ ਮਿੱਠੂ ਨੂੰ ਜਦੋਂ ਉਸ ਨੇ ਸਵਾਲ ਪਾਇਆ ਤਾਂ ਸ਼ਰੀਫ਼ ਜਾਂ ਮੂੰਹ ਬਣਾ ਕੇ ਉਸ ਨੇ ਕੋਰਾ ਜਵਾਬ ਦੇ ਦਿੱਤਾ ਸੀ।

''ਸਾਰਾ ਸਟਾਕ ਖ਼ਤਮ ਹੋਇਆ ਪਿਐ...ਨਵਾਂ ਐਕਸੀਅਨ ਇਹੋ ਜਾ ਆਇਐ ਇਕ ਬੋਰੀ ਨਹੀਂ





ਹਿਲਣ ਦਿੰਦਾ....ਦੋ ਠੇਕੇਦਾਰਾਂ ਤੇ ਕੇਸ ਬਣਾ ਦਿੱਤੇ...ਬਸ ਕੁਝ ਕੁ ਦਿਨ ਠਹਿਰੋ। ਜਿੰਨਾ ਮਰਜ਼ੀ ਲੈ ਲਿਉ....।''

ਪਰ ਸੁਦਰਸ਼ਨ ਤੋਂ ਕੀ ਭੁਲਿਆ ਸੀ। ਨਿਤ ਟਰਾਲੀਆਂ ਦੀਆਂ ਟਰਾਲੀਆਂ ਉਹ ਸੀਮਿੰਟ ਦੀਆਂ ਵੇਚਦਾ ਸੀ। ਸੁਦਰਸ਼ਨ ਨੇ ਸਾਫ਼ ਦੱਸ ਦਿੱਤਾ ਸੀ ਉਹ ਮੁਫਤ ਦਾ ਇਛੁਕ ਨਹੀਂ ਸੀ। ਉਹ ਤਾਂ ਬਲੈਕ ਵਿਚ ਸੀਮਿੰਟ ਖਰੀਦਣ ਤੋਂ ਅਸਮਰਥ ਸੀ। ਬਸ ਕੁਝ ਰਿਆਇਤ ਦੀ ਆਸ ਰੱਖਦਾ ਸੀ।

ਪਰ ਬੋਰੀਆਂ ਤਾਂ ਕੀ ਉਹ ਤਾਂ ਸਿੱਧੇ ਮੂੰਹ ਗੱਲ ਵੀ ਕਰਨੋਂ ਹਟ ਗਿਆ ਸੀ। ਘੰਟਾ ਘੰਟਾ ਉਸ ਨੂੰ ਕੋਠੀ ਦੇ ਗੇਟ ਅੱਗੇ ਹੀ ਉਸ ਨੂੰ ਉਡੀਕਣਾ ਪੈਂਦਾ।

ਫੇਰ ਉਸ ਨੂੰ ਪਤਾ ਲੱਗਿਆ ਸੀ ਉਹ ਚਾਂਹੁਦਾ ਸੀ ਸੁਦਰਸ਼ਨ ਉਸ ਨੂੰ ਪੈਸੇ ਫੜਾ ਦੇਵੇ ਤੇ ਉਹ ਆਪਣੇ ਬਲੈਕ ਦੇ ਸਮਾਨ ਨਾਲ ਮਕਾਨ ਉਸਾਰ ਕੇ ਪੈਸੇ ਹਜ਼ਮ ਕਰ ਲਏ। ਪਰ ਇਸ ਤਰ੍ਹਾਂ ਕਰਨਾ ਸੁਦਰਸ਼ਨ ਨੂੰ ਚੰਗਾ ਨਹੀਂ ਸੀ ਲਗਿਆ।

ਚਲੋ ਉਹ ਤਾਂ ਵੱਡਾ ਆਦਮੀ ਸੀ। ਉਸ ਨੂੰ ਸੁਦਰਸ਼ਨ ਤਕ ਕੀ ਲੋੜ। ਉਸ ਨੂੰ ਤਾਂ ਔਕੜ ਸਮੇਂ ਜਿਗਰੀ ਦੋਸਤ ਨਰਿੰਦਰ ਨੇ ਵੀ ਸਾਥ ਨਾ ਦਿੱਤਾ। ਇਕ ਉਹ ਸੀ ਕਿ ਉਸ ਨੇ ਆਪਣੀ ਬੀਵੀ ਦੀ ਬਿਮਾਰੀ ਦੀ ਪ੍ਰਵਾਹ ਨਾ ਕਰਦੇ ਹੋਏ ਨਰਿੰਦਰ ਦੀ ਬੀਵੀ ਦੀ ਡਲਿਵਰੀ ਉਤੇ ਉਸ ਨੂੰ ਇਕ ਮਹੀਨਾ ਉਸ ਦੇ ਘਰ ਛਡੀ ਰੱਖਿਆ ਸੀ। ਜਦੋਂ ਉਸ ਨੇ ਕੇਵਲ ਪੰਜ ਸੌ ਰੁਪਏ ਮੰਗੇ ਸਨ ਤਾਂ ਉਸ ਨੇ ਸਾਫ਼ ਆਖ ਦਿੱਤਾ ਸੀ :

''ਦੋਸਤ ਪੈਸਿਆਂ ਦੇ ਮਸਲੇ ਵਿਚ ਮੈਂ ਮਜਬੂਰ ਹਾਂ। ਦਰਅਸਲ ਸਾਰਾ ਕੰਮ ਪਿਤਾ ਜੀ ਦੇ ਹੱਥ ਐ...ਹੋਰ ਜੋ ਕਹੋਂ ਮੈਂ ਹਾਜ਼ਰ ਹਾਂ।''

ਸੁਦਰਸ਼ਨ ਰੋਣ ਹਾਕਾ ਹੋ ਕੇ ਮੁੜ ਆਇਆ ਸੀ। ਹੋਰ ਨਰਿੰਦਰ ਨੂੰ ਕੀ ਉਸ ਨੇ ਚੁਹਲੇ ਪਾਉਣਾ ਸੀ।

ਕੰਮ ਉਨ੍ਹਾਂ ਨੂੰ ਵਿਚਾਲੇ ਹੀ ਛੱਡਣਾ ਪਿਆ। ਰਕੇਸ਼ ਦਾ ਰੀਡਿੰਗ ਰੂਮ ਤੇ ਸਰੋਜ ਦਾ ਡਰਾਇੰਗ ਰੂਮ ਕਿਧਰੇ ਨਜ਼ਰ ਨਹੀਂ ਸੀ ਆ ਰਹੇ। ਪਰ ਕਰਜ਼ਾ ਪੂਰੇ ਪੰਜ ਹਜ਼ਾਰ ਤਕ ਅਪੜ ਗਿਆ ਸੀ। ਦੋ ਹਜ਼ਾਰ ਲਈ ਤਾਂ ਉਸ ਨੂੰ ਵੱਡੇ ਵਿਆਜ਼ ਉਪਰ ਪ੍ਰਨੋਟ ਵੀ ਭਰਨਾ ਪਿਆ ਸੀ।

ਮਕਾਨ ਜ਼ਰੂਰ ਬਣ ਗਿਆ ਸੀ, ਪਰ ਖ਼ੁਸ਼ੀ ਉਨ੍ਹਾਂ ਨੂੰ ਨਸੀਬ ਨਾ ਹੋਈ। ਸੁਦਰਸ਼ਨ ਸਾਰਾ ਦਿਨ ਠੇਕੇਦਾਰ ਅਤੇ ਨਰਿੰਦਰ ਉਤੇ ਕੁੜ੍ਹਦਾ ਰਹਿੰਦਾ। ਉਂਝ ਭਾਵੇਂ ਉਨ੍ਹਾਂ ਦਾ ਬਹੁਤਾ ਕਸੂਰ ਵੀ ਨਹੀਂ ਸੀ।

ਮਹੀਨੇ ਕੋਈ ਬਹੁਤੇ ਨਹੀਂ ਸੀ ਗੁਜ਼ਰੇ ਕਿ ਲੋਨ ਦੀ ਕਿਸ਼ਤ ਕੱਟਣ ਲੱਗੀ। ਕਰਜ਼ੇ ਵਾਲਿਆਂ ਨੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਲੋਨ ਵਾਲੇ ਤਾਂ ਤਨਖਾਹੋਂ ਲੈਂਦੇ, ਪਰ ਕਰਜ਼ੇ ਦੇ ਪੈਸੇ ਉਤਾਰਨ ਦਾ ਕੋਈ ਵਸੀਲਾ ਨਹੀਂ ਸੀ ਬਣ ਰਿਹਾ। ਕਰਜ਼ੇ ਵਾਲਾ ਕਿੰਨੀ ਕੁ ਦੇਰ ਚੁੱਪ ਰਹਿੰਦਾ। ਉਸ ਨੇ ਬਜ਼ਾਰ ਵਿਚ ਢੰਡੋਰਾ ਪਿਟਨਾ ਸ਼ੁਰੂ ਕਰ ਦਿੱਤਾ।

ਹੁਣ ਫਿਰ ਸ਼ਾਮੀਂ ਉਨ੍ਹਾਂ ਦੀ ਮਹਿਫਲ ਜੁੜਦੀ। ਪਰ ਸਭ ਦੇ ਚਿਹਰੇ ਉਤਰੇ ਉਤਰੇ ਹੁੰਦੇ। ਉਨ੍ਹਾਂ

ਦੀ ਇਕੋ ਇਕ ਆਸ ਰਕੇਸ਼ ਉਤੇ ਸੀ, ਪਰ ਹਾਲੀਂ ਤਾਂ ਪਹਾੜ ਜਿੱਡਾ ਸਾਲ ਰਹਿੰਦਾ ਸੀ। ਕਦੋਂ ਬੀ.ਏ. ਹੋਈ ਤੇ ਕਦੋਂ ਨੌਕਰੀ ਮਿਲੀ। ਨੌਕਰੀ ਕਿਹੜਾ ਅਸਾਨੀ ਨਾਲ ਮਿਲਦੀ ਹੈ। ਜੇ ਮਿਲ ਵੀ ਗਈ ਤਾਂ ਕਿਹੜਾ ਡੀ.ਸੀ. ਲਗਣਾ ਸੀ।

ਸੁਦਰਸ਼ਨ ਨੂੰ ਹੁਣ ਮਹਿਸੂਸ ਹੋਣ ਲਗਿਆ ਸੀ ਮਕਾਨ ਬਣਾ ਕੇ ਉਸ ਨੇ ਬਲਾ ਛੇੜ ਲਈ ਸੀ। ਜ਼ਿੰਦਗੀ ਭਰ ਦਾ ਕਰਜ਼ ਉਸ ਨੇ ਸਹੇੜ ਲਿਆ ਸੀ।

ਇਸ ਉਲਝਨ ਵਿਚੋਂ ਨਿਕਲਣ ਦਾ ਉਸ ਨੂੰ ਕੋਈ ਹੀਲਾ ਨਜ਼ਰ ਨਹੀਂ ਸੀ ਆ ਰਿਹਾ। ਸਾਰੇ ਘਰ ਦੀ ਖ਼ੁਸ਼ੀ ਉੱਡ ਗਈ ਸੀ। ਨਵੇਂ ਮਕਾਨ ਦੇ ਨਾਲ ਨਾਲ ਜਿਵੇਂ ਉਦਾਸੀ ਨੇ ਵੀ ਡੇਰੇ ਲਾ ਲਏ ਸਨ।

ਫੇਰ ਇਕ ਦਿਨ ਸੁਦਰਸ਼ਨ ਨੇ ਆਪਣੀ ਪਤਨੀ ਦੇ ਕੰਨ ਵਿਚ ਇਕ ਗੱਲ ਦੱਸੀ। ਕਰਜ਼ਾ ਉਤਾਰਨ ਦੀ ਇਕ ਵਧੀਆ ਸਕੀਮ ਸੀ ਜੋ ਉਸ ਦੇ ਪਰੇਸ਼ਾਨ ਦਿਮਾਗ ਨੂੰ ਕਈ ਦਿਨਾਂ ਦੇ ਘੋਲ ਪਿਛੋਂ ਸੁਝੀ ਸੀ।

''ਇਹ ਕਿਵੇਂ ਹੋ ਸਕਦੈ ? ਲੋਕ ਕੀ ਆਖਣਗੇ ? ਆਪਣਾ ਮਕਾਨ ਛੱਡ ਕੇ ਕਿਰਾਏ ਤੇ ਪਿੰਡ ਰਹੀਏ...।''

''ਲੋਕਾਂ ਨੂੰ ਮਾਰ ਗੋਲੀ। ਅੱਗੇ ਲੋਕਾਂ ਪਿੱਛੇ ਲੱਗ ਕੇ ਆਹ ਦਿਨ ਦੇਖਣੇ ਪਏ। ਜਿਵੇਂ ਕਿਵੇਂ ਜਿਊਣਾ ਵੀ ਹੈ। ਜਦੋਂ ਬਜ਼ਾਰ ਵਿਚ ਉਹ ਜਲੂਸ ਕੱਢਦੇ ਉਦੋਂ ਇੱਜ਼ਤ ਕਿਥੇ ਜਾਂਦੀ ਐ। ਨਾਲੇ ਮਕਾਨ ਕਿਹੜਾ ਕਿਤੇ ਜਾਂਦੈ। ਕਿਰਾਏ ਉਤੇ ਹੀ ਦੇਣੈ। ਹੌਲੀ ਹੌਲੀ ਆਪੇ ਠੀਕ ਹੋ ਜਾਊ। ਨਾਲੇ ਰਕੇਸ਼ ਵੱਡਾ ਹੋ ਜਾਊ।''

ਸੁਦਰਸ਼ਨ ਕਈ ਦਿਨ ਆਪਣੀ ਗੱਲ ਤੇ ਅੜਿਆ ਰਿਹਾ। ਇਕ ਦਿਨ ਮੂੰਹ-ਹਨੇਰੇ ਹੀ ਪਿੰਡੋਂ ਗੱਡਾ ਆਇਆ, ਉਸ ਵਿਚ ਸਮਾਨ ਲਦਿਆ ਗਿਆ। ਭਾਂ ਭਾਂ ਕਰਦੇ ਮਕਾਨ ਨੂੰ ਛੱਡ ਕੇ ਉਹ ਪਿੰਡ ਵਲ ਤੁਰ ਪਏ।

ਸਵੇਰੇ ਸਵੇਰੇ ਸੈਰ ਕਰਨ ਨਿਕਲਿਆ ਠੇਕੇਦਾਰ ਲੱਦਿਆ ਸਮਾਨ ਦੇਖ ਕੇ ਹੈਰਾਨ ਰਹਿ ਗਿਆ। ਉਸ ਨੇ ਅੱਗੇ ਵਧ ਕੇ ਪੁੱਛਿਆ :

''ਕਿਧਰ ਸੁਦਰਸ਼ਨ ਬਾਬੂ ?''

''ਬਦਲੀ ਹੋ ਗਈ।''

ਉਸ ਨੇ ਸੰਖੇਪ ਜਿਹਾ ਜਵਾਬ ਦਿੱਤਾ ਤੇ ਤੇਜ਼ ਕਦਮੀ ਅੱਗੇ ਲੰਘ ਚੁਕੇ ਗੱਡੇ ਨਾਲ ਰਲਣ ਦਾ ਯਤਨ ਕਰਨ ਲਗਿਆ।

☆☆☆

(31)

LAAM

# ਕੌਰਵ ਸਭਾ

ਸ਼ੀਸ਼ੇ ਵਾਲੀ ਖਿੜਕੀ ਕੋਲ ਬੈਠੀ ਕੁੜੀ ਫਿਕਰਾਂ ਨੇ ਦਬੋਚ ਰੱਖੀ ਸੀ। ਉਸ ਨੂੰ ਲੱਗਦਾ ਉਹ ਬੱਸ ਵਿਚ ਨਹੀਂ ਦੁਰਯੋਧਨ ਦੀ ਸਭਾ ਵਿਚ ਬੈਠੀ ਹੈ। ਵਾਰ ਵਾਰ ਉਹਦੀ ਨਿਗਾਹ ਆਪਣੇ ਫਟੇ ਕਪੜਿਆਂ 'ਤੇ ਜਾਂਦੀ ਜਿਹੜੇ ਰਿਕਸ਼ੇ ਦੇ ਟੀਨ ਵਿਚ ਫਸ ਕੇ ਪਾਟ ਗਏ ਸਨ। ਕਾਲਜੀਏਟ ਮੁੰਡਿਆਂ ਦੀਆਂ ਅੱਖਾਂ ਉਸ ਦੇ ਫਟੇ ਕਪੜਿਆਂ ਵਿਚੋਂ ਝਾਤੀ ਮਾਰਦੇ ਗੋਰੇ ਸਰੀਰ ਉਪਰ ਜੰਮੀਆਂ ਹੋਈਆਂ ਸਨ। ਗੁੱਸੇ ਨਾਲ ਉਸ ਦਾ ਚਿਹਰਾ ਸੂਹਾ ਹੋ ਗਿਆ ਸੀ ਅਤੇ ਨਸਾਂ ਕੱਸੀਆਂ ਗਈਆਂ ਸਨ।

ਬੇਵਸ ਦਰੋਪਤੀ ਵਾਂਗ ਉਹ ਨੀਵੀਂ ਪਾਈ ਬੈਠੀ ਸੀ ਅਤੇ ਤਾਕੀ ਰਾਹੀਂ ਬਾਹਰ ਝਾਕ ਕੇ ਬਾਜ਼ਾਰ ਦੇ ਭੀੜ ਭੜੱਕੇ ਵਿਚ ਗੁਆਚਣ ਦੀ ਕੋਸ਼ਿਸ਼ ਕਰ ਰਹੀ ਸੀ।

ਉਸ ਦੀ ਨਿਗਾਹ ਚੌਕ ਵਿਚ ਖੜੇ ਸਿਪਾਹੀ ਉਪਰ ਜਾ ਰੁਕੀ। ਉਸ ਨੂੰ ਲੱਗਾ ਸਿਪਾਹੀ ਭੀਮ ਬਣ ਕੇ ਨੰਗਾ ਕਰਨ ਵਾਲੇ ਦੁਸ਼ਾਸ਼ਨ ਨੂੰ ਵਿਚਕਾਰੋਂ ਚੀਰ ਦੇਵੇਗਾ।

ਉਸ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ। ਉਸ ਦੀਆਂ ਅੱਖਾਂ ਨੇ ਰਿਕਸ਼ੇ ਵਾਲੇ ਦਾ ਮਰੂੰਡਾ ਹੁੰਦਾ ਤਕਿਆ। ਉਹ ਖਿੜਖਿੜਾ ਕੇ ਹੱਸ ਪਈ।

ਹੱਸਦੀ ਕੁੜੀ ਨੂੰ ਦੇਖ ਕੇ ਬਾਪੂ ਸਹਿਮ ਗਿਆ। ਗੁੱਸੇ ਨਾਲ ਉਸ ਨੇ ਕੁੜੀ ਦੀਆਂ ਅੱਖਾਂ ਵਿਚ ਤੱਕਿਆ। ਕੁੜੀ ਫੇਰ ਸਹਿਮ ਗਈ। ਉਸ ਨੂੰ ਲੱਗਾ ਉਸ ਦਾ ਹਾਸਾ ਤਾਂ ਦਰੋਪਤੀ ਦਾ ਹਾਸਾ ਹੈ ਜੋ ਮਹਾਂਭਾਰਤ ਕਰਾ ਕੇ ਛੱਡੇਗਾ।

''ਬਾਪੂ ਆਹ ਜਾਂਦੈ ਰਿਕਸ਼ੇਵਾਲਾ ਜਿਸ ਨੇ ਮੇਰੇ ਕਪੜੇ ਪਾੜੇ ਐ...ਉਸ ਚੌਕ 'ਚ ਸਿਪਾਹੀ ਖੜੈ....ਕਰਾਂ ਉਸ ਟੁੱਟ ਪੈਣੇ ਦੀ ਝੰਡ....।''

ਬੁੱਢੇ ਦੇ ਝੁਰੜੀਆਂ ਵਾਲੇ ਹੱਥ ਨੂੰ ਆਪਣੇ ਹੱਥਾਂ ਵਿਚ ਘੁੱਟਦੀ ਕੁੜੀ ਨੇ ਬੁੱਢੇ ਤੋਂ ਇਨਸਾਫ ਦੀ ਮੰਗ ਕੀਤੀ। ਇਕ ਵਾਰ ਫਿਰ ਉਸ ਨੇ ਸਵਾਰੀਆਂ ਵਲ ਤੱਕਿਆ ਜਿਹੜੀਆਂ ਹੋਰ ਸ਼ਿੱਦਤ ਨਾਲ ਉਹਦੇ ਨੰਗੇ ਹੋਣ ਦਾ ਇੰਤਜ਼ਾਰ ਕਰਨ ਲੱਗੀਆਂ ਸਨ।

ਬੁੱਢਾ ਮੁਸਕਰਾਇਆ। ਸਫੇਦ ਦਾੜ੍ਹੀ 'ਚ ਹੱਥ ਫੇਰਿਆ। ਫੇਰੀ ਕੁੜੀ ਦੇ ਕੰਨ 'ਚ ਉਸ ਨੇ ਨਵੀਂ ਗੀਤਾ ਦਾ ਸਾਰ ਸੁਣਾਇਆ :

''ਕੋਈ ਨੀ ਕੁੜੇ ਸਬਰ ਕਰ....ਰਿਕਸ਼ੇ ਵਾਲੇ ਨੇ ਤਾਂ ਕਪੜੇ ਪਾੜੇ ਈ ਨੇ...ਸਿਵਾਂ ਲਵਾਂਗੇ...ਜੇ ਥਾਣੇ ਸ਼ਿਕਾਇਤ ਕਰਨ ਗਏ ਤਾਂ ਉਹਨਾਂ ਭਲੇਮਾਣਸਾਂ ਨੇ ਕਪੜੇ ਲਾਹ ਹੀ ਲੈਣੇ ਨੇ....ਫੇਰ ਕੀ

ਕਰਾਂਗੇ ?''

ਨਿੰਮੋਝੂਣੀ ਹੋਈ ਕੁੜੀ ਨੇ ਬੁੱਢੇ ਦੀਆਂ ਤਜਰਬੇਕਾਰ ਅੱਖਾਂ ਵਿਚ ਤੱਕਿਆ। ਬੁੱਢਾ ਨਹੀਂ ਇਹ ਤਾਂ ਕ੍ਰਿਸ਼ਨ ਸੀ। ਪਿਆਰ-ਮੁਗਧ ਹੋਈ ਉਹ ਬੁੱਢੇ ਨਾਲ ਚਿਪਕ ਗਈ।

ਉਸ ਨੂੰ ਲੱਗਾ ਇਸ ਵਾਰ ਬਾਪੂ ਨੇ ਇਕ ਹੋਰ ਦਰੋਪਤੀ ਨੂੰ ਕੌਰਵਾਂ ਦੀ ਸਭਾ ਵਿਚ ਨਿਰਵਸਤਰ ਹੋਣ ਤੋਂ ਬਚਾਅ ਲਿਆ ਹੈ।

☆☆☆





# ਨੀਲ ਕੰਠ

ਦੂਸਰਾ ਦਿਨ ਵੀ ਆਖਰੀ ਸਾਹਾਂ 'ਤੇ ਆ ਗਿਐ। ਮਾਰੂਥਲ ਵਾਂਗ ਤਪਦਾ ਮਨ ਤਪਦਾ ਹੀ ਜਾ ਰਿਹੈ। ਕੀ ਕਰੇ ਵਿਚਾਰਾ ? ਮੁਹੱਬਤ ਦੀਆਂ ਠੰਡਕਾਂ ਵੰਡਦੀ ਸੁਮਿਦਾ ਦੀ ਇਕ ਵੀ ਨਜ਼ਰ ਹਾਲੇ ਤਕ ਇਸ ਨੂੰ ਨਸੀਬ ਨਹੀਂ ਹੋਈ।

ਜਿਉਂ-ਜਿਉਂ ਸਮਾਂ ਸਕਿੰਟ-ਸਕਿੰਟ ਕਰਕੇ ਹੱਥੋਂ ਕਿਰ ਰਿਹੈ ਤਿਉਂ-ਤਿਉਂ ਮੇਰਾ ਮਨ ਵੀ ਲਹੂ ਲੁਹਾਨ ਹੁੰਦਾ ਜਾ ਰਿਹੈ। ਉਠਦੀ ਬੈਠਦੀ, ਨੱਚਦੀ-ਟੱਪਦੀ ਹਰ ਵਕਤ ਮੇਰੀਆਂ ਅੱਖਾਂ ਵਿਚ ਅੱਖਾਂ ਪਾਈ ਰੱਖਣ ਵਾਲੀ ਸੁਮਿਦਾ ਪਹਾੜ ਜਿਡੇ ਦੋ ਦਿਨ ਪਿੱਠ ਵਿਖਾ ਕੇ ਹੀ ਕੱਢ ਦੇਵੇ ਇਹ ਸ਼ੁਭ ਸ਼ਗਨ ਥੋੜ੍ਹਾ ਸੀ ?

ਮੇਰਾ ਮੱਥਾ ਤਾਂ ਤਿੰਨ ਦਿਨ ਪਹਿਲਾਂ ਆਈ ਚਿੱਠੀ ਪੜ੍ਹ ਕੇ ਹੀ ਠਣਕ ਗਿਆ ਸੀ। ਪਹਿਲੀ ਵਾਰ ਉਸ ਨੇ ਮਿਲਣ ਤੋਂ ਮਜਬੂਰੀ ਜਾਹਰ ਕੀਤੀ ਸੀ। ਨਹੀਂ ਤਾਂ ਮਿਲਣ ਵਾਸਤੇ ਪਾਉਂਦੀਆਂ ਉਸ ਦੀਆਂ ਚਿੱਠੀਆਂ ਹੀ ਮੇਰੇ ਪਾਣੀ ਵਾਂਗ ਟਿਕੇ ਮਨ ਅੰਦਰ ਪੱਥਰ ਸੁੱਟ ਕੇ ਲਹਿਰਾਂ ਪੈਦਾ ਕਰਦੀਆਂ ਸਨ। ਬਿਰਹਾ ਦੀ ਅੱਗ ਵਿਚ ਸੜਦੀ ਸੁਮਿਦਾ ਦੇ ਦਿਲ ਦੀਆਂ ਗਹਿਰਾਈਆਂ ਵਿਚੋਂ ਉਠਦੀਆਂ ਤ੍ਰਾਟਾਂ ਨੂੰ ਬਿਆਨਦੀਆਂ, ਕਵਿਤਾ ਵਰਗੀਆਂ ਚਿੱਠੀਆਂ ਮੇਰੇ ਮਨ ਅੰਦਰ ਧੂੜਾਂ ਪੁੱਟ ਦਿੰਦੀਆਂ। ਹਰ ਸਤਰ ਵਿਚੋਂ ਆਪਣੀ ਖ਼ੁਸ਼ਨਸੀਬੀ ਦੀਆਂ ਬੁਲੰਦੀਆਂ ਦੀ ਝਲਕ ਦੇਖਦਾ ਦੇਖਦਾ, ਪਿਆਰੀਆਂ-ਪਿਆਰੀਆਂ ਨਿੱਕੀਆਂ-ਨਿੱਕੀਆਂ ਬਾਹਾਂ ਵਿਚ ਸਿਮਟਣ ਦੀ ਕਲਪਨਾ ਕਰਦਾ-ਕਰਦਾ ਮੈਂ ਇਕ-ਇਕ ਪਲ ਨੂੰ ਇਕ-ਇਕ ਯੁੱਗ ਵਾਂਗ ਹੰਡਾਉਣ ਲੱਗਦਾ।

ਨਾਜ਼ਕ ਜਿਹੀ ਸੁਮਿਦਾ ਜੋ ਪੂਰੇ ਪੰਜ ਸਾਲ ਮੇਰੇ ਜ਼ਿਹਨ ਉਪਰ ਛਾਈ ਰਹੀ ਹੋਵੇ ਉਸ ਦੀ ਬੇਰੁਖੀ ਕਿਵੇਂ ਸਹਾਰਾ। ਉਸ ਦੇ ਧੜਕਦੇ ਦਿਲ ਵਿਚੋਂ ਉਠਦੀਆਂ ਮਧੁਰ ਤਰੰਗਾਂ ਅਤੇ ਸੰਗੀਤਮਈ ਸੁਰਾਂ ਨੂੰ ਸੁਣ-ਸੁਣ ਮੇਰਾ ਅਪੂਰਨ ਜੀਵਨ ਪੂਰਨਤਾ ਵੱਲ ਵਧਿਆ। ਵਿਦਰੋਹੀ ਹੋ ਕੇ ਬਲਦੇ ਸੜਦੇ ਮੇਰੇ ਮਨ ਨੂੰ ਉਸਦੀਆਂ ਪਲਕਾਂ ਦੀਆਂ ਛਾਵਾਂ ਤੇ ਠੰਡਕ ਮਿਲੀ। ਉਸ ਦੀਆਂ ਪਿਆਰ-ਛੋਹਾਂ ਨੇ ਠੰਡੀਆਂ-ਠੰਡੀਆਂ ਕਣੀਆਂ ਵਾਂਗ ਉਸ ਦੀ ਮੈਲ ਨੂੰ ਧੋ ਕੇ ਨਿਰਮਲ ਬਣਾਇਆ। ਸੋਚਾਂ ਦੀਆਂ ਕਾਲਖਾਂ ਕਿਧਰੇ ਉਡਾਰੀ ਮਾਰ ਗਈਆਂ। ਦੁਨੀਆਂ ਦੀਆਂ ਰੰਗੀਨੀਆਂ ਦੇ ਦਰਸ਼ਨ ਕਰਾਉਣ ਵਾਲੀ ਇਹ ਸੁਮਿਦਾ ਹੀ ਤਾਂ ਹੈ।

ਉਸ ਕੋਲ ਹੁਣ ਮੇਰੇ ਲਈ ਸਮਾਂ ਨਹੀਂ ਰਿਹਾ ? ਉਹ ਮੇਲ ਵੱਲ ਤੱਕਦੀ ਕਿਉਂ ਨਹੀਂ ? ਇਹ ਸਵਾਲ ਪਿੱਛਾ ਨਹੀਂ ਛੱਡ ਰਹੇ।

ਮੈਂ ਦੇਖ ਰਿਹਾ ਉਹ ਆਪਣੇ ਨਵੇਂ ਜੀਜੇ ਉੱਪਰ ਲੱਟੂ ਹੈ। ਆਨੇ ਬਹਾਨੇ ਉਸ ਕੋਲ ਜਾ ਬੈਠਦੀ ਹੈ। ਉਸ ਦੀਆਂ ਅੱਖਾਂ ਵਿਚ ਉਸੇ ਤਰ੍ਹਾਂ ਤਕਦੀ ਹੈ ਜਿਵੇਂ ਕਦੇ ਮੇਰੀਆਂ ਅੱਖਾਂ ਵਿਚ ਤੱਕਦੀ ਹੁੰਦੀ ਸੀ। ਮੇਰੇ ਸੀਨੇ 'ਤੇ ਸੱਪ ਲੇਟ ਰਹੇ ਹਨ। ਮੇਰਾ ਜੀ ਕਰਦਾ ਹੈ ਮੈਂ ਹੁਣੇ ਵਾਪਸ ਉਡਾਰੀ ਮਾਰ ਜਾਵਾਂ। ਪਰ ਭਾਈ ਸਾਹਿਬ ਦੀ ਲਾਈ ਡਿਊਟੀ ਹਾਲੇ ਪੂਰੀ ਨਹੀਂ ਹੋਈ। ਜਿੰਨਾ ਚਿਰ ਘਰ ਵਿਚ ਚਲਦਾ ਫੰਕਸ਼ਨ ਮੁੱਕ ਨਹੀਂ ਜਾਂਦਾ ਮੈਂ ਨਹੀਂ ਜਾ ਸਕਦਾ।

ਮੈਨੂੰ ਭਾਈ ਸਾਹਿਬ ਤੇ ਗੁੱਸਾ ਆ ਰਿਹੈ। ਉਨ੍ਹਾਂ ਨੇ ਹੀ ਮੈਨੂੰ ਇਸ ਝੰਜਟ ਵਿਚ ਫਸਾਇਐ।

ਸੁਮਿਦਾ ਉਨ੍ਹਾਂ ਦੀ ਸਾਲੀ ਹੈ। ਜਦੋਂ ਉਨ੍ਹਾਂ ਦਾ ਵਿਆਹ ਹੋਇਆ ਦਸਵੀਂ ਵਿਚ ਪੜ੍ਹਦੀ ਸੀ। ਇਕ ਦੋ ਵਾਰ ਇਥੇ ਆਇਆ ਮੈਂ ਥੋੜ੍ਹਾ-ਥੋੜ੍ਹਾ ਇਸ ਬਾਰੇ ਸੋਚਣ ਲਗਿਆ ਸਾਂ। ਪੈਂਟ ਕਮੀਜ਼ ਵਿਚ ਦਬਕਦੀ ਛੋਟੀਆਂ-ਛੋਟੀਆਂ ਦੋ ਗੁੱਤਾਂ ਨੂੰ ਛਾਤੀਆਂ ਉਪਰ ਨਚਾਉਂਦੀ ਇਹ ਬੁਲਬੁਲ ਮੇਰੇ ਜ਼ਿਹਨ ਦੀ ਕਿਸੇ ਨੁੱਕਰੇ ਆਲ੍ਹਣਾ ਬਣਾ ਗਈ।

ਦੋ-ਤਿੰਨ ਸਾਲ ਮੈਂ ਉਸ ਦੀਆਂ ਗੁੱਤਾਂ ਤੋਂ ਵੱਧ ਕਦੇ ਵੀ ਨਾ ਸੋਚ ਸਕਿਆ। ਪਰ ਜਦੋਂ ਉਹ ਸਾਡੇ ਨਾਲ ਹਰਿਦੁਆਰ ਗਈ ਤਾਂ ਇਕ ਦਮ ਮੇਰੇ ਜ਼ਿਹਨ ਉਪਰ ਛਾ ਗਈ। ਭਾਈ ਸਾਹਿਬ ਭਾਬੀ ਵਿਚ ਉਲਝੇ ਰਹਿੰਦੇ ਅਤੇ ਮੈਂ ਸੁਮਿਦਾ ਵਿਚ ਗੁਆਚ ਗਿਆ। ਗੰਗਾ ਦੀਆਂ ਠੰਡੀਆਂ ਲਹਿਰਾਂ ਨੇ ਸਾਡੇ ਸਰੀਰਾਂ ਨੂੰ ਤਪਸ਼ ਬਖਸ਼ੀ। ਆਨੇ ਬਹਾਨੇ ਮੈਂ ਉਸ ਦਾ ਹੱਥ ਫੜਦਾ। ਉਹ ਗੰਗਾ ਵਿਚ ਡੁਬਕੀਆਂ ਲਾਉਂਦੀ। ਜਦੋਂ ਬਾਹਰ ਨਿਕਲਦੀ ਮੇਰੀ ਹਿਕ ਨਾਲ ਚੰਬੜੀ ਹੁੰਦੀ। ਉਸ ਦੇ ਸਰੀਰ ਨੂੰ ਛੋਹ ਕੇ ਆਏ ਪਾਣੀ ਨੂੰ ਮੈਂ ਅੰਮ੍ਰਿਤ ਸਮਝ ਕੇ ਪੀਂਦਾ। ਗੰਗਾ ਦੀਆਂ ਲਹਿਰਾਂ ਵਿਚ ਗੁਆਚੇ ਸਾਡੇ ਦਿਲਾਂ ਦੀ ਅਦਲਾ-ਬਦਲੀ ਹੋ ਗਈ। ਕਈ ਦਿਨ ਗੰਗਾ ਕਿਨਾਰੇ ਬੈਠ ਕੇ ਜ਼ਿੰਦਗੀ ਭਰ ਸਾਥ ਨਿਭਾਉਣ ਦੇ ਵਾਅਦੇ ਹੋਏ। ਕਦੇ ਬਾਹਾਂ ਵਿਚ ਬਾਹਾਂ ਪਾ ਕੇ ਅਮਰ ਆਸ਼ਰਮ ਤਕ ਸੈਰ ਕਰਨ ਗਏ ਅਸੀਂ ਕਲਪਨਾ ਦੇ ਘੋੜਿਆਂ 'ਤੇ ਸਵਾਰ ਸੱਤ ਅਸਮਾਨੀ ਜਾ ਚੜ੍ਹਦੇ। ਤੇ ਕਦੇ ਸੁਰੰਗ ਦੇ ਹਨੇਰੇ ਦਾ ਫਾਇਦਾ ਉਠਾ ਕੇ ਸਾਡੇ ਜਲਦੇ ਹੋਂਠ ਠੰਡਕ ਦੀ ਤਲਾਸ਼ ਵਿਚ ਇਕ ਦੂਜੇ ਦੇ ਹੋਠਾਂ ਨਾਲ ਚਿਪਕ ਜਾਂਦੇ।

ਵਾਪਸ ਆਏ ਨੂੰ ਮੈਨੂੰ ਲਗਿਆ ਮੇਰਾ ਸਭ ਕੁਝ ਹਰਿਦੁਆਰ ਹੀ ਰਹਿ ਗਿਐ। ਕਈ ਵਾਰ ਮਨ ਮਚਲਿਆ ਹਰਿਦੁਆਰ ਵਾਲੀ ਗੱਡੀ ਇਕੱਲਾ ਹੀ ਚੜ੍ਹ ਜਾਵਾਂ। ਗੰਗਾ ਦੀ ਰੂਹ ਤਾਂ ਸੁਮਿਦਾ ਚੁਰਾ ਲਿਆਈ ਹੈ।। ਉਸ ਬਿਨਾਂ ਉਥੇ ਕੀ ਐ ?

ਉਨੀਂ ਦਿਨੀਂ ਮੇਰੀ ਪੋਸਟਿੰਗ ਸੁਮਿਦਾ ਦੇ ਸ਼ਹਿਰੋਂ ਕੋਈ ਬਹੁਤ ਦੂਰ ਨਹੀਂ ਸੀ। ਪੋਸਟਿੰਗ ਵਾਲੇ ਸ਼ਹਿਰ ਤੋਂ ਪਿੰਡ ਪਹੁੰਚਣ ਲਈ ਉਸ ਦੇ ਸ਼ਹਿਰ ਵਿਚ ਦੀ ਗੁਜ਼ਰਨਾ ਪੈਂਦਾ ਸੀ।

ਉਸ ਦੇ ਸ਼ਹਿਰ ਪੁੱਜ ਕੇ ਮੇਰੇ ਪੈਰ ਜਕੜੇ ਜਾਂਦੇ। ਆਨੇ ਬਹਾਨੇ ਮੈਂ ਸੁਮਿਦਾ ਨੂੰ ਫੋਨ ਕਰਦਾ। ਜਾਂ ਰੁਕਣ ਦਾ ਬਹਾਨਾ ਲੱਭ ਕੇ ਰੁਕ ਹੀ ਜਾਂਦਾ। ਮੇਰਾ ਸੰਗਾਊ ਸੁਭਾਅ ਉਸ ਦੇ ਘਰਦਿਆਂ ਦਾ ਦਿਲ ਜਿੱਤਣ ਲਈ ਕਾਫੀ ਸੀ। ਫੇਰ ਮੈਂ ਕਿਹੜਾ ਕੋਈ ਬਿਗਾਨਾ ਸੀ। ਉਨ੍ਹਾਂ ਦੇ ਜੁਆਈ ਦਾ ਸਕਾ ਭਰਾ ਸੀ।

ਮੇਰੀ ਪ੍ਰਾਹੁਣਾਚਾਰੀ ਦੀ ਸਾਰੀ ਜ਼ਿੰਮੇਵਾਰੀ ਸੁਮਿਦਾ ਆਪਣੇ ਹੱਥ ਵਿਚ ਲੈ ਲੈਂਦੀ। ਰੋਟੀ



ਖੁਆਉਣ ਲਈ ਮੈਨੂੰ ਆਪਣੇ ਕੋਲ ਹੀ ਬਹਾ ਲੈਂਦੀ। ਨਿੱਕੇ-ਨਿੱਕੇ ਹੱਥਾਂ ਵਿਚ ਨੱਚਦੀਆਂ ਛੋਟੀਆਂ-ਛੋਟੀਆਂ ਰੋਟੀਆਂ ਵਿਚੋਂ ਨਿਕਲਦੀਆਂ ਕਿਸੇ ਅਮਰ-ਗੀਤ ਦੀਆਂ ਧੁੰਨਾਂ ਮੇਰੇ ਕੰਨਾਂ ਵਿਚ ਸ਼ਹਿਦ ਘੋਲਦੀਆਂ। ਮੈਂ ਉਸ ਦੀਆਂ ਸਮੁੰਦਰ ਵਰਗੀਆਂ ਅੱਖਾਂ ਵਿਚ ਗੁਆਚ ਜਾਂਦਾ। ਮੈਨੂੰ ਇਸ ਤਰ੍ਹਾਂ ਤਕਦਾ ਦੇਖ ਕੇ ਉਹ ਲਾਲ ਸੂਹੀ ਹੋ ਜਾਂਦੀ। ਕਦੇ ਉਸ ਦੀ ਰੋਟੀ ਮੱਚ ਜਾਂਦੀ ਅਤੇ ਕਦੇ ਬੁਰਕੀ ਸਮਝ ਕੇ ਮੈਂ ਉਂਗਲ ਚੱਬ ਜਾਂਦਾ। ਹਾਸਾ ਠੱਠਾ ਹੁੰਦਾ। ਸਾਡੀ ਖਾਮੋਸ਼ੀ ਅੱਖਾਂ ਹਜ਼ਾਰਾਂ ਵਾਅਦੇ ਕਰਦੀਆਂ। ਜਿੰਨਾ ਚਿਰ ਮੈਂ ਉਸ ਦੇ ਘਰ ਰਹਿੰਦਾ ਉਹ ਮੇਰੇ ਅੱਗੇ ਪਿੱਛੇ ਨੱਚਦੀ ਫਿਰਦੀ।

ਇਸ ਵਾਰ ਪਤਾ ਨਹੀਂ ਉਸ ਨੂੰ ਕੀ ਹੋ ਗਿਐ। ਇਕ ਵਾਰ ਵੀ ਨਹੀਂ ਤੱਕ ਰਹੀ।

ਕੀ ਉਹੀ ਸੁਮਿਦਾ ਹੈ ਜਿਸ ਨੇ ਮੇਰੇ ਕਾਰਨ ਸਿਰ ਪੀੜ ਦਾ ਰੋਗ ਸਹੇੜ ਲਿਆ ਸੀ। ਦੁਆਈ ਦੇ ਬਹਾਨੇ ਪਟਿਆਲੇ ਜਾਣ ਦਾ ਇਹ ਵਧੀਆ ਬਹਾਨਾ ਬਣ ਗਿਆ ਸੀ।

ਉਸ ਦੇ ਸ਼ਹਿਰ ਤੋਂ ਪਟਿਆਲੇ ਤੱਕ ਦਾ ਸਫ਼ਰ ਇਕ ਕਾਵਿਕ ਸਫ਼ਰ ਹੁੰਦਾ। ਉਹ ਮੇਰੇ ਨਾਲ ਸਿਮਟ ਕੇ ਬੈਠਦੀ। ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੁਸਕਰਾਉਂਦੀ। ਉਸ ਦੇ ਸਰੀਰ ਨਾਲ ਸਰੀਰ ਛੁਹਾ ਕੇ ਮੈਨੂੰ ਅਜੀਬ ਜਿਹੀ ਕੰਬਣੀ ਛਿੜਦੀ। ਸ਼ਾਲ ਨੂੰ ਦੋਹਾਂ ਦੇ ਪੱਟਾਂ ਉਤਰ ਵਿਛਾ ਕੇ ਉਹ ਮੇਰੇ ਹੱਥ ਵਿਚ ਆਪਣਾ ਹੱਥ ਰੱਖਦੀ। ਮੈਨੂੰ ਜਿਵੇਂ ਦੁਨੀਆਂ ਭਰ ਦਾ ਖ਼ਜ਼ਾਨਾ ਮਿਲ ਜਾਂਦਾ। ਜਿਉਂ-ਜਿਉਂ ਅਸੀਂ ਸਫਰ ਲੰਬਾ ਹੋਣ ਦੀਆਂ ਸੁੱਖਾਂ ਸੁੱਖਦੇ ਤਿਉਂ ਤਿਉਂ ਉਹ ਹੋਰ ਛੋਟਾ ਹੋ ਜਾਂਦਾ।

ਅਸੀਂ ਭਾਵੇਂ ਪਿਕਚਰ ਦੇਖਦੇ, ਭਾਵੇਂ ਮਹਾਰਾਜਾ ਹੋਟਲ ਦੇ ਹਨੇਰੇ ਕੋਨੇ ਵਿਚ ਬੈਠ ਕੇ ਇਕ ਦੇ ਮੂੰਹ ਵਿਚ ਬੁਰਕੀਆਂ ਪਾਉਂਦੇ ਭਾਵੇਂ ਉਹ ਬਾਰਾਂਦਰੀ ਦੇ ਕਿਸੇ ਹਰੇ ਹਰੇ ਮੈਦਾਨ ਵਿਚ ਮੇਰੇ ਪੱਟਾਂ 'ਤੇ ਸਿਰ ਰੱਖ ਕੇ ਮੇਰੀਆਂ ਅੱਖਾਂ ਵਿਚੋਂ ਕੁਝ ਲੱਭਦੀ। ਅੰਦਰੋਂ ਅਸੀਂ ਇਕੋ ਦੁਆ ਕਰ ਰਹੇ ਹੁੰਦੇ। ਰੱਬਾ ! ਸਾਡੇ ਸਾਥੀ ਨੂੰ ਜਨਮ ਜਨਮ ਤਕ ਇਸੇ ਤਰ੍ਹਾਂ ਮੁਹੱਬਤਾਂ ਨਿਭਾਉਣ ਦਾ ਬਲ ਬਖ਼ਸ਼ੀਂ।

ਸਾਡੀ ਮੁਹੱਬਤ ਦੀਆਂ ਪੀਂਘਾਂ ਉੱਚੀਆਂ ਹੁੰਦੀਆਂ-ਹੁੰਦੀਆਂ ਅਸਮਾਨੀਂ ਜਾ ਚੜ੍ਹੀਆਂ। ਅਸੀਂ ਇਕ ਦੂਜੇ ਤੋਂ ਕੁਝ ਵੀ ਬਚਾਅ ਕੇ ਨਾ ਰੱਖ ਸਕੇ। ਕਈ ਵਾਰ ਉਸ ਨੇ ਆਪਣਾ ਤਨ ਮਨ ਮੇਰੇ ਅੱਗੇ ਢੇਰ ਕੀਤਾ।

ਮੈਂ ਹਜ਼ਾਰ ਵਾਰ ਉਸ ਨੂੰ ਆਪਣੇ ਕਲਾਵੇ ਵਿਚ ਭਰ ਕੇ ਸੱਤ ਸਮੁੰਦਰ ਪਾਰ ਉਡ ਜਾਣ ਦੀ ਕਲਪਨਾ ਕੀਤੀ। ਪਰ ਉਹ ਮੇਰੇ ਵਾਂਗ ਕਦੇ ਵੀ ਭਾਵਨਾਵਾਂ ਦੇ ਸਮੁੰਦਰ ਵਿਚ ਨਹੀਂ ਗੁਆਚੀ।

''ਤੁਸੀਂ ਵਿਆਹੇ ਹੋਏ ਹੋ। ਸਾਡੀ ਸ਼ਾਦੀ ਸੰਭਵ ਨਹੀਂ। ਨਾਲੇ ਵਿਆਹ ਅਤੇ ਮੁਹੱਬਤ ਦਾ ਕੀ ਸੰਬੰਧ ? ਅਸੀਂ ਸਦੀਆਂ ਤਕ ਇਸੇ ਤਰ੍ਹਾਂ ਮੁਹੱਬਤਾਂ ਨਿਭਾਵਾਂਗੇ।''

ਉਸ ਦੇ ਇਸ ਉੱਤਰ ਨਾਲ ਮੈਨੂੰ ਆਪਣੇ ਵਿਆਹ ਤੇ ਹਮੇਸ਼ਾ ਪਛਤਾਵਾ ਹੋਇਆ। ਮੈਨੂੰ ਉਹ ਪਹਿਲਾਂ ਕਿਉਂ ਨਹੀਂ ਮਿਲੀ। ਕਾਸ਼ ! ਕਿਧਰੇ ਸੁਮਿਦਾ ਸਦਾ-ਸਦਾ ਲਈ ਮੇਰੀ ਹੋ ਸਕਦੀ। ਜ਼ਿੰਦਗੀ ਦਾ ਮਜ਼ਾ ਹੀ ਹੋਰ ਹੁੰਦਾ।

ਠੀਕ ਹੈ ਉਸ ਦਾ ਦਿਲ ਪਾਰੇ ਵਾਂਗ ਨਿਰਮਲ ਹੈ ਪਰ ਉਸ ਦੀ ਚਟਾਨ ਵਰਗੀ ਸਖਤੀ ਵੀ ਤਾਂ ਮੈਨੂੰ ਭੁਲੀ ਨਹੀਂ। ਉਸ ਦੀ ਭਾਬੀ ਦੇ ਹੱਥ ਲੱਗੀ ਇਕ ਚਿੱਠੀ ਨੇ ਸਾਰੇ ਘਰ ਵਿਚ ਹੰਗਾਮਾ ਖੜਾ

ਕਰ ਦਿੱਤਾ ਸੀ। ਪਰ ਉਹ ਚਟਾਨ ਵਾਂਗ ਅਡੋਲ ਖੜੀ ਰਹੀ। ਉਸ ਨੇ ਕਦੇ ਵੀ ਮੈਨੂੰ ਮਿਲਣਾ ਬੰਦ ਨਹੀਂ ਕੀਤਾ। ਬਸ ਅਸੀਂ ਘਰ ਦੀ ਥਾਂ ਸਟੇਸ਼ਨ 'ਤੇ ਮਿਲਣ ਲੱਗੇ।

ਮੁਹੱਬਤ ਦੇ ਨਸ਼ੇ ਵਿਚ ਮੈਂ ਅਜਿਹਾ ਬੇਸੁਧ ਹੋਇਆ ਕਿ ਮੈਨੂੰ ਪਤਾ ਵੀ ਨਾ ਲਗਿਆ ਕਦੋਂ ਤਿੰਨ ਸਾਲ ਉਡਾਰੀ ਮਾਰ ਗਏ। ਮੇਰੀ ਪੋਸਟਿੰਗ ਦੀ ਟਰਮ ਪੂਰੀ ਹੋ ਗਈ। ਲੱਖ ਭੱਜ-ਨੱਠ ਕਰਨ ਤੇ ਵੀ ਮੇਰੀ ਬਦਲੀ ਰੁਕ ਨਾ ਸਕੀ। ਮੈਨੂੰ ਪੰਜਾਬ ਦੇ ਦੂਸਰੇ ਕੋਨੇ ਵੱਲ ਧੱਕ ਦਿੱਤਾ ਗਿਆ।

ਉਸ ਨੇ ਪੂਰੇ ਦੋ ਵਰ੍ਹੇ ਦੂਰੀ ਮਹਿਸੂਸ ਨਹੀਂ ਹੋਣ ਦਿੱਤੀ। ਦੀਵਾਲੀ ਅਤੇ ਨਵੇਂ ਸਾਲ ਦੇ ਗਰੀਟਿੰਗ ਮੇਰੇ ਪਿਆਰ ਨੂੰ ਤਾਜ਼ਗੀ ਬਖ਼ਸ਼ਦੇ ਰਹੇ। ਉਸ ਦੀਆਂ ਚਿੱਠੀਆਂ ਵਿਚਲੀ ਬਿਰਹਾ ਦੀ ਤੜਪ ਮੈਨੂੰ ਸਕੂਨ ਬਖ਼ਸ਼ਦੀ ਰਹੀ। ਕਦੇ-ਕਦੇ ਉਹ ਮਿਲਣ ਲਈ ਸਮਾਂ ਨਿਯਤ ਕਰਦੀ। ਮੈਂ ਪਾਗਲਾਂ ਵਾਂਗ ਸਭ ਕੁਝ ਵਿਚੇ ਹੀ ਛੱਡ ਕੇ ਉਸ ਦੀਆਂ ਬਾਹਾਂ ਵਿਚ ਜਾ ਸਿਮਟਦਾ।

ਪਿਛਲਾ ਪਹਾੜ ਜਿੱਡਾ ਵਰ੍ਹਾ ਉਸ ਦੀ ਛੋਹ ਨੂੰ ਤਰਸਦਾ ਲੰਘ ਗਿਆ। ਮੈਨੂੰ ਉਸ ਦੀ ਚਿੱਠੀ ਦੀ ਤਾਂਘ ਸੀ। ਕਈ ਵਾਰ ਮੈਨੂੰ ਲੱਗਦਾ ਵਗਦੇ ਪਾਣੀ ਖੜੋ ਗਏ ਨੇ। ਤੌਖਲਾ ਹੋਣ ਲੱਗਦਾ ਕਿਧਰੇ ਖੜੇ ਪਾਣੀਆਂ ਵਿਚ ਸਾੜਾ ਹੀ ਨਾ ਪੈ ਜਾਏ। ਮੈਂ ਮੁੜ ਉਸਦੀਆਂ ਝੀਲ ਵਰਗੀਆਂ ਅੱਖਾਂ ਵਿਚ ਤਕ ਕੇ ਲਹਿਰਾਂ ਪੈਦਾ ਕਰਨਾ ਚਾਹੁੰਦਾ ਸੀ।

ਇਸੇ ਲਈ ਮੈਂ ਉਸ ਨੂੰ ਮਿਲਣ ਦੀ ਪਹਿਲ ਕੀਤੀ। ਪਰ ਉਸ ਨੇ ਝੱਟ ਜਵਾਬ ਪਾ ਦਿੱਤਾ। ਮਿਲਣ ਦਾ ਕੋਈ ਰਸਤਾ ਨਹੀਂ ਲੱਭਦਾ।

ਸੁਮਿਦਾ ਦੇ ਵੱਡੇ ਭਰਾ ਦੇ ਲੜਕਾ ਹੋਇਐ। ਉਸ ਦੀ ਖ਼ੁਸ਼ੀ ਵਿਚ ਉਨ੍ਹਾਂ ਦੇ ਘਰ ਪ੍ਰੋਗਰਾਮ ਹੈ। ਕਾਰਡ ਮੈਨੂੰ ਵੀ ਪਾਇਆ ਗਿਆ ਸੀ ਤੇ ਭਾਈ ਸਾਹਿਬ ਨੂੰ ਵੀ। ਭਾਈ ਸਾਹਿਬ ਕਾਰੋਬਾਰ ਦੇ ਸੰਬੰਧ ਵਿਚ ਮੁੰਬਈ ਗਏ ਸਨ, ਇਸ ਲਈ ਉਨ੍ਹਾਂ ਮੇਰੀ ਹੀ ਡਿਊਟੀ ਲਾਈ ਸੀ।

ਮੇਰਾ ਸਵੈ-ਅਭਿਮਾਨ ਮੈਨੂੰ ਇਥੋਂ ਆਉਣੋਂ ਰੋਕਦਾ ਰਿਹਾ। ਪਰ ਦਿਲ ਸੁਮਿਦਾ ਦੀ ਬੇਰੁਖੀ ਜਾਣਨ ਲਈ ਕਾਹਲਾ ਪੈਂਦਾ ਰਿਹਾ। ਦੁਬਿਧਾ ਵਿਚ ਫਸਿਆ ਮੈਂ ਚਲਿਆ ਆਇਆ।

ਦੋ ਦਿਨ ਉਡੀਕਦਾ ਰਿਹਾ। ਸੁਮਿਦਾ ਨੇ ਮੇਰੇ ਲਈ ਇਕ ਪਲ ਵੀ ਵਿਹਲਾ ਨਾ ਕੀਤਾ। ਕਈ ਵਾਰ ਦਿਲ ਕੀਤਾ ਬਾਹੋਂ ਫੜ ਕੇ ਖੜਾ ਲਵਾਂ। ਪਰ ਉਹ ਭੀੜ ਭੜੱਕੇ ਵਿਚ ਗੁਆਚਦੀ ਰਹੀ।

ਇਕ ਵਾਰ ਹਿੰਮਤ ਕਰਕੇ ਮੈਂ ਉਸ ਦੇ ਚੁਬਾਰੇ 'ਚ ਗਿਆ ਵੀ। ਜਿਸ ਗੁਸਤਾਖੀ ਨਾਲ ਉਹ ਪੇਸ਼ ਆਈ ਉਸ ਨੇ ਮੇਰੀ ਕਲਪਨਾ ਦੇ ਮਹਿਲ ਖੇਰੂੰ ਖੇਰੂੰ ਕਰ ਦਿੱਤੇ।

ਰੋਣ ਹੱਕਾ ਹੋਇਆ ਮੈਂ ਰਜਾਈ ਵਿਚ ਦੁਬਕ ਗਿਆ। ਮੈਨੂੰ ਉਹ ਭੁੱਲ ਨਹੀਂ ਸਕਦੀ। ਕਦੇ ਵੀ ਨਹੀਂ। ਜਦੋਂ ਅਸੀਂ ਪਿਆਰ ਦੀ ਪਹਿਲੀ ਪੂਣੀ ਕੱਤੀ ਸੀ ਤਾਂ ਉਹ ਸੋਲ੍ਹਵੇਂ ਵਰ੍ਹੇ ਨੂੰ ਨੱਥ ਪਾਈ ਫਿਰਦੀ ਸੀ। ਅਲ੍ਹੜਪੁਣੇ ਦਾ ਪਿਆਰ ਤਾਂ ਮੜ੍ਹੀਆਂ ਵਿਚ ਵੀ ਖਹਿੜਾ ਨਹੀਂ ਛੱਡਦਾ। ਮੇਰੇ ਲਈ ਹਰ ਤਰ੍ਹਾਂ ਦਾ ਜੋਖਮ ਉਠਾਉਣ ਵਾਲੀ ਸੁਮਿਦਾ ਕਦੇ ਇਸ ਤਰ੍ਹਾਂ ਵੀ ਪੇਸ਼ ਆਏਗੀ, ਇਹ ਤਾਂ ਮੈਂ ਕਦੇ ਸੋਚਿਆ ਵੀ ਨਹੀਂ।





ਮੇਰਾ ਅੰਦਰਲਾ ਵਿਦਰੋਹ ਜਾਗ ਉਠਦਾ ਹੈ। ਮੈਂ ਇਥੋਂ ਜਿੰਨਾ ਜਲਦੀ ਹੋ ਸਕੇ ਨਿਕਲ ਜਾਣ ਦੀ ਸੋਚਦਾ ਹਾਂ। ਪਰ 'ਪੰਜਾਬ ਬੰਦ' ਮੇਰਾ ਵੱਸ ਨਹੀਂ ਜਾਣ ਦਿੰਦਾ।

ਮੈਨੂੰ ਇਕੱਲੇ ਬੈਠਿਆਂ ਦੇਖ ਕੇ ਉਸ ਦਾ ਜੀਜਾ ਮੇਰੇ ਕੋਲ ਆ ਜਾਂਦਾ ਹੈ। ਉਹ ਸੁਮਿਦਾ ਤੋਂ ਹੀ ਗੱਲ ਸ਼ੁਰੂ ਕਰਦਾ ਹੈ। ਬੜੀ ਸੋਹਣੀ ਹੈ, ਬੜੀ ਦਲੇਰ ਹੈ ਤੇ ਗਹਿਣਿਆਂ ਦੀ ਬੜੀ ਸ਼ੌਕੀਨ ਹੈ, ਉਹ ਦੱਸਦਾ ਹੈ ਉਸ ਨੇ ਸੁਮਿਦਾ ਲਈ ਸੋਨੇ ਦੀ ਛਾਪ ਬਣਵਾ ਕੇ ਦਿੱਤੀ ਹੈ। ਦਿੱਲੀ ਤੋਂ ਹਾਥੀ ਦੰਦ ਦੀਆਂ ਵੰਗਾਂ ਮੰਗਵਾਈਆਂ ਹਨ। ਨਵੇਂ ਫੈਸ਼ਨ ਦੇ ਲਹਿੰਗੇ ਤੇ ਸੂਟ ਸਿਵਾਏ ਹਨ। ਜੋ ਗੱਲ ਉਹ ਕਹਿਣਾ ਚਾਹੁੰਦਾ ਹੈ ਉਸ ਨੂੰ ਮੇਰੇ ਕੰਨ ਸੁਣਨ ਨੂੰ ਤਿਆਰ ਨਹੀਂ। ਮੈਂ ਵਿਸ਼ਾ ਬਦਲਣ ਲਈ ਗੱਲ ਬਿਜਨੈਸ ਵੱਲ ਮੋੜਦਾ ਹਾਂ।

ਸੁਮਿਦਾ ਦੀ ਨਰਾਜ਼ਗੀ ਦਾ ਉੱਤਰ ਉਹ ਦੇ ਗਿਐ। ਉਹ ਸੋਨੇ ਚਾਂਦੀ ਦੀ ਚਮਕ ਵਿਚ ਗੁਆਚ ਗਈ ਹੈ। ਉਹ ਸਾਧਾਰਨ ਕੁੜੀ ਹੀ ਤਾਂ ਹੈ। ਉਸ ਨੂੰ ਛਾਪਾਂ, ਛੱਲਿਆਂ ਤੇ ਲਿਸ਼ਕਦੇ ਕਪੜਿਆਂ ਵਿਚੋਂ ਮਾਨ ਸਨਮਾਨ ਦੀ ਝਲਕ ਪਈ ਹੋਏਗੀ। ਉਸ ਨੂੰ ਕੀ ਪਤੈ ਮੇਰਾ ਸਾਹਿਤਕ ਮਨ ਕਿਸੇ ਹੋਰ ਤਾਜ ਮਹਿਲ ਦੀ ਤਲਾਸ਼ ਵਿਚ ਹੈ। ਮੈਂ ਮੁਹੱਬਤ ਦੀ ਦੁਨੀਆਂ ਵਿਚ ਉਸ ਨੂੰ ਮੁਮਤਾਜ਼ ਵਾਂਗ ਚਮਕਾਉਣਾ ਚਾਹੁੰਦਾ ਹਾਂ। ਕਿੰਨੇ ਹੀ ਬਜ਼ਾਰ ਛਾਣੇ ਹਨ। ਇਕ ਵੀ ਚੀਜ਼ ਆਪਣੇ ਇਸ਼ਕ ਦੇ ਹਾਣ ਦੀ ਨਹੀਂ ਲੱਭਦੀ। ਜੋ ਕੁਝ ਵੀ ਮੇਰੇ ਕੋਲ ਹੈ ਉਹ ਤਾਂ ਮੈਂ ਇਕੋ ਝਟਕੇ ਵਿਚ ਉਸ ਅੱਗੇ ਢੇਰ ਕਰ ਸਕਦਾ ਹਾਂ।

ਤੂੰ ਢੇਰ ਨਹੀਂ ਕੀਤਾ ਨਾ। ਇਸੇ ਲਈ ਪਛੜ ਗਿਐਂ। ਤੇਰੀ ਲੰਬੀ ਜੁਦਾਈ ਤੇ ਅਣਗਹਿਲੀ ਨੇ ਤੈਥੋਂ ਸੁਮਿਦਾ ਖੋਹ ਲਈ ਐ।

ਅਗਲੇ ਕਈ ਘੰਟੇ ਮੈਂ ਉਸ ਤੋਂ ਵੱਖ ਹੋਣ ਦੇ ਯਤਨਾਂ ਵਿਚ ਗੁਜ਼ਾਰਦਾ ਹਾਂ। ਉਸ ਨੂੰ ਭੁਲਣ ਲਈ ਮਨ ਤਕੜਾ ਕਰਦਾ ਹਾਂ। ਉਂਜ ਪਤਾ ਹੈ ਦਿਨ ਵਿਚ ਹਜ਼ਾਰ ਹਜ਼ਾਰ ਵਾਰ ਯਾਦ ਆਉਣ ਵਾਲੀ ਸੁਮਿਦਾ ਜ਼ਿਹਨ ਵਿਚੋਂ ਨਹੀਂ ਨਿਕਲ ਸਕੇਗੀ। ਮੈਂ ਸਾਹਿਤਕ ਮਨ ਨੂੰ ਕੋਸ ਰਿਹਾ ਹਾਂ। ਇਕ ਵਧੀਆ ਜਿਹਾ ਕਾਵਿ-ਸੰਗ੍ਰਹਿ ਲਿਖ ਕੇ ਉਸ ਨੂੰ ਭੇਂਟ ਕਰਨ ਲਈ ਹੀ ਸੋਚਦਾ ਰਿਹਾ। ਕਾਵਿ-ਸੰਗ੍ਰਹਿ ਵਿਚ ਆਪਣੀ ਪ੍ਰੇਰਣਾ ਨੂੰ ਚਿਤ੍ਰਨ ਦੇ ਸੁਪਨੇ ਦੇਖਦਾ ਰਿਹਾ। ਇਸ ਗੱਲ ਤੋਂ ਉਹ ਖ਼ੁਦ ਹੀ ਰੋਕਦੀ ਸੀ। ਕਿਧਰੇ ਉਸ ਦੀ ਸ਼ਨਾਖਤ ਨਾ ਹੋ ਜਾਏ। ਵਿਆਹੁਤਾ ਜੀਵਨ ਬਿਖਰ ਨਾ ਜਾਏ। ਮੈਂ ਚੁੱਪ ਰਿਹਾ। ਨਾ ਕੁਝ ਲਿਖਿਆ ਨਾ ਉਸ ਨੂੰ ਭੇਂਟ ਕੀਤਾ। ਮੈਂ ਸੁਮਿਦਾ ਦੇ ਅੰਦਰ ਹੀ ਤੱਕਦਾ ਰਿਹਾ। ਬਾਹਰਲੀਆਂ ਉਸ ਦੀਆਂ ਕੀਮਤਾਂ ਕਦਰਾਂ ਨੂੰ ਕਦੇ ਵੀ ਨਾ ਛੋਹਿਆ। ਜੇ ਉਸ ਨੂੰ ਗਹਿਣੇ ਹੀ ਪਸੰਦ ਹਨ ਤਾਂ ਮੈਂ ਉਸ ਨੂੰ ਗਹਿਣਿਆਂ ਨਾਲ ਲੱਦ ਦਿਆਂਗਾ। ਨਰਾਜ਼ ਨਹੀਂ ਹੋਣ ਦਿਆਂਗਾ।

ਸਾਰੀ ਰਾਤ ਮੈਨੂੰ ਉਸ ਦੀ ਉਡੀਕ ਰਹੀ। ਸ਼ਾਇਦ ਮੇਰੇ ਦਰਵਾਜ਼ੇ ਉੱਪਰ ਦਸਤਕ ਹੋਏ ਜਾਂ ਵਿਹੜੇ ਵਿਚ ਆ ਕੇ ਖੰਘੇ। ਜਿਵੇਂ ਉਹ ਅਕਸਰ ਕਰਦੀ ਹੁੰਦੀ ਸੀ। ਪਰ ਕੁਝ ਵੀ ਨਾ ਹੋਇਆ। ਕਦੇ ਕਦੇ ਉਸ ਦੇ ਹੱਸਣ ਦੀ ਆਵਾਜ਼ ਆਉਂਦੀ ਤੇ ਮਨ ਅੰਦਰ ਤ੍ਰਾਟਾਂ ਉਠਾ ਕੇ ਚੁੱਪ ਹੋ ਜਾਂਦੀ।

ਅਗਲੀ ਸਵੇਰ ਵੀ ਉਸ ਦਾ ਕੰਮੀ ਕਾਰੀਂ ਰੁਝਿਆ ਰਹਿਣਾ ਮੈਨੂੰ ਚੰਗਾ ਨਹੀਂ ਲੱਗਦਾ। ਅਖਬਾਰ ਚੁੱਕ ਕੇ ਕੋਸੀ-ਕੋਸੀ ਧੁੱਪ ਦੇ ਬਹਾਨੇ ਕੋਠੇ ਉਪਰ ਜਾ ਬੈਠਦਾ ਹਾਂ। ਕਪੜੇ ਧੋ ਰਹੀ ਹੈ। ਉਪਰ ਤਾਂ

ਆਏਗੀ ਹੀ।

ਸੱਚਮੁੱਚ ਉਹ ਕੋਠੇ ਉਪਰ ਆ ਗਈ। ਮੇਰਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਦਾ ਹੈ ਜਿਵੇਂ ਕਦੇ ਪਹਿਲੀ-ਪਹਿਲੀ ਵਾਰ ਧੜਕਦਾ ਸੀ। ਉਹ ਜਲਦੀ-ਜਲਦੀ ਕਪੜੇ ਸੁੱਕਣੇ ਪਾਉਂਦੀ ਹੈ ਤੇ ਹੇਠਾਂ ਉਤਰ ਜਾਂਦੀ ਹੈ।

ਅਗਲੀ ਵਾਰ ਮੈਂ ਉਸ ਨੂੰ ਘੇਰ ਲੈਂਦਾ ਹਾਂ। ਪੁੱਛਾਂ ਤਾਂ ਸਹੀ ਆਖਰ ਗੱਲ ਕੀ ਹੈ ? ਕੁਝ ਕੁ ਪੱਲ ਸਾਂਝੇ ਹੁੰਦੇ ਹਨ। ਪ੍ਰਸ਼ਨਾਂ ਦਾ ਉੱਤਰ ਸੁਣਨ ਲਈ ਉਹ ਇਕ ਦਿਨ ਹੋਰ ਰੁਕਣ ਦਾ ਤਰਲਾ ਕਰਦੀ ਹੈ।

ਚੁੱਪ ਕਰਿਆ ਮੈਂ ਉਨ੍ਹਾਂ ਪੱਲਾਂ ਦੀ ਉਡੀਕ ਕਰਦਾ ਹਾਂ ਜਿਹੜੇ ਉਸ ਨੇ ਮੇਰੇ ਲਈ ਰਾਖਵੇਂ ਰੱਖੇ ਹਨ।

ਸੱਚਮੁੱਚ ਉਸ ਨੇ ਕੁਝ ਕ ਪਲ ਲਈ ਮੇਰੇ ਲਈ ਕੱਢ ਹੀ ਲਏ। ਸੁਮਿਦਾ ਨੂੰ ਮੇਰੇ 'ਤੇ ਸ਼ੱਕ ਹੋ ਗਿਐ। ਉਸ ਦੇ ਵਿਆਹ ਦੀਆਂ ਗੱਲਾਂ ਚੱਲ ਰਹੀਆਂ ਹਨ। ਵਿਆਹ ਪਿੱਛੋਂ ਕੀ ਹੋਏਗਾ ? ਕਿਧਰੇ ਉਸ ਦੇ ਪਤੀ ਕੋਲ ਗੱਲ ਨਾ ਕਰ ਬਹਾਂ। ਮੈਨੂੰ ਉਸ ਦੇ ਭੋਲੇਪਨ ਤੇ ਹਾਸਾ ਆ ਰਿਹੈ। ਉਹ ਮੇਰੀ ਪ੍ਰੇਰਨਾ ਹੈ। ਉਸ ਨੇ ਮੇਰੀ ਸਾਹਿਤ-ਕਲਾ ਨੂੰ ਨੁੰਮਣਾ ਦਿੱਤਾ ਹੈ। ਮੈਂ ਤਨ ਨਾਲੋਂ ਜ਼ਿਆਦਾ ਉਸ ਦੇ ਮਨ ਨੂੰ ਪਿਆਰਿਆ ਹੈ। ਭਲਾ ਕਿਸ ਸਵਾਰਥ ਲਈ ਮੈਂ ਇਹ ਕਦਮ ਚੁੱਕਾਂਗਾ ? ਕਿੰਨੀਆਂ ਵੀ ਭੱਠੀਆਂ ਤਪਦੀਆਂ ਰਹਿਣ ਤੇ ਮੇਰੇ ਸੀਨੇ ਨੂੰ ਸਾੜਦੀਆਂ ਰਹਿਣ। ਮੇਰੀ ਸੁਮਿਦਾ ਨੂੰ ਕਦੇ ਆਂਚ ਨਹੀਂ ਆਏਗੀ। ਉਸ ਦਾ ਉਦਾਸ ਚਿਹਰਾ ਮੇਰਾ ਗ਼ਮ ਹੈ। ਉਹ ਦੀ ਖ਼ੁਸ਼ੀ ਮੇਰੀ ਖ਼ੁਸ਼ੀ। ਖ਼ੁਸ਼ੀਆਂ ਦੇ ਬਾਗ ਕੌਣ ਉਜਾੜੇਗਾ ?

ਉਸ ਦੇ ਚਿਹਰੇ 'ਤੇ ਛਾਏ ਫਿਕਰਾਂ ਦੇ ਬੱਦਲ ਉਡਾਰੀ ਮਾਰ ਗਏ। ਮੇਰੇ ਹੱਥ ਉਹ ਆਪਣੇ ਹੱਥਾਂ ਵਿਚ ਘੁੱਟਦੀ ਹੈ। ਬਾਕੀ ਸਮਾਂ ਮੈਂ ਖ਼ੁਸ਼ੀ ਖ਼ੁਸ਼ੀ ਗੁਜ਼ਾਰਦਾ ਹਾਂ।

ਸਵੇਰੇ ਅਸੀਂ ਵਿਛੜ ਜਾਣਾ ਹੈ। ਕੱਲ੍ਹ ਨਵਾਂ ਸਾਲ ਚੜ੍ਹਨਾ ਹੈ। ਮੈਨੂੰ ਉਸ ਦੀ ਛੋਹ ਦੀ ਪਿਆਸ ਹੈ।

ਦਿਲਾਂ ਨੂੰ ਦਿਲਾਂ ਵਾਲੇ ਰਾਹ ਕੌਣ ਰੋਕ ਸਕਦੈ ? ਆਨੇ-ਬਹਾਨੇ ਉਹ ਮੇਰੇ ਅੱਗੇ ਆ ਖਲੋਂਦੀ ਹੈ। ਸ਼ਾਇਦ ਆਪਣੀ ਬੇਰੁਖੀ ਤੇ ਪਛਾਤਾ ਵੀ ਰਹੀ ਹੈ।

ਦੂਰੀ ਮੈਥੋਂ ਸਹਾਰ ਨਹੀਂ ਹੁੰਦੀ। ਉਸ ਦੇ ਤਪਦੇ ਹੋਠਾਂ ਉਪਰ ਮੈਂ ਆਪਣੇ ਹੋਂਠ ਟਿਕਾ ਦਿੰਦਾ ਹਾਂ।

ਮੇਰੇ ਨਾਲ ਸਿਮਟ ਕੇ ਉਹ ਮੇਰੇ ਅੰਦਰ ਸਮਾ ਜਾਣ ਦੇ ਯਤਨ ਕਰਦੀ ਹੈ। ਮੇਰੇ ਦੋਵੇਂ ਹੋਂਠ ਉਸ ਨੇ ਅੰਦਰ ਸਮੋ ਲਏ ਹਨ।

ਉਸ ਦੀਆਂ ਅੱਖਾਂ ਵਿਚ ਛਾਏ ਖੁਮਾਰ ਨੂੰ ਦੇਖ ਕੇ ਮੈਂ ਆਪੇ ਤੋਂ ਬਾਹਰ ਹੋ ਜਾਂਦਾ ਹਾਂ। ਗਲਵਕੜੀ ਹੋਰ ਪੀਢੀ ਹੋ ਜਾਂਦੀ ਹੈ।





ਉਸ ਤੋਂ ਵੱਖ ਹੋ ਕੇ ਮੈਂ ਹਲਕਾ ਫੁੱਲ ਮਹਿਸੂਸ ਕਰਦਾ ਹਾਂ।

ਤਿੰਨ ਦਿਨਾਂ ਦੇ ਜ਼ਿਹਨ-ਮੰਥਨ 'ਚੋਂ ਨਿਕਲਿਆ ਸਾਰਾ ਜ਼ਹਿਰ ਸੁਮਿਦਾ ਨੇ ਸ਼ਿਵ ਬਣ ਕੇ ਚੂਸ ਲਿਐ।

ਉਹ ਨੀਲ ਕੰਠ ਬਣ ਕੇ ਸਾਰੇ ਬ੍ਰਹਿਮੰਡ ਉੱਪਰ ਛਾਂਦੀ ਜਾ ਰਹੀ ਹੈ ਅਤੇ ਮੈਂ ਅੰਮ੍ਰਿਤ ਕੁੰਡ ਹਾਸਲ ਕਰਕੇ ਵੀ ਛੋਟਾ, ਹੋਰ ਛੋਟਾ ਹੁੰਦਾ ਜਾ ਰਿਹਾ।

ਅਦਨਾ ਜਿਹਾ ਇਨਸਾਨ ਬਣਿਆ ਮੈਂ ਸਿਰ ਝੁਕਾਉਂਦਾ ਹਾਂ ਤੇ ਉਸ ਤੋਂ ਵੱਖ ਹੋਣ ਲਈ ਹੌਂਸਲਾ ਬਟੋਰਨ ਲੱਗਦਾ ਹਾਂ।

ਉਸ ਦੀਆਂ ਅੱਖਾਂ 'ਚ ਉਮਡ ਆਏ ਸਮੁੰਦਰ ਅੱਗੇ ਖੜੋਣ ਦੀ ਮੇਰੇ 'ਚ ਹਿੰਮਤ ਨਹੀਂ ਹੈ।

☆☆☆

(36)

LAAM

# ਸਰਘੀ ਵੇਲੇ ਦਾ ਸੁਫਨਾ

ਅੱਗੇ ਤਾਂ ਪਹਿਲੇ ਪੈੱਗ ਨਾਲ ਹੀ ਉਹਦੀਆਂ ਅੱਖਾਂ ਵਿਚ ਨੀਂਦ ਰੜਕਣ ਲੱਗਦੀ। ਦੂਸਰੇ ਪੈੱਗ ਲਾ ਕੇ ਤਾਂ ਉਹ ਲੱਖ ਯਤਨ ਕਰਨ ਤੇ ਵੀ ਘੁਰਾੜੇ ਮਾਰਨੋਂ ਨਾ ਰਹਿ ਸਕਦਾ।

ਅੱਜ ਸਟਰਾਂਗ ਵਿਸਕੀ ਦੇ ਵੱਡੇ ਵੱਡੇ ਨੀਟ ਪੈੱਗ ਵੀ ਕੋਈ ਅਸਰ ਨਹੀਂ ਸੀ ਦਿਖਾ ਰਹੇ।

ਰਾਤ ਅੱਧੀ ਤੋਂ ਵੱਧ ਬੀਤ ਚੁੱਕੀ ਸੀ। ਬੋਤਲ ਵੀ ਅੱਧੀ ਤੋਂ ਵੱਧ ਖ਼ਾਲੀ ਹੋ ਗਈ ਸੀ। ਪਰ ਕੀ ਮਜਾਲ ਭਿਆਨਕ ਸੋਚਾਂ ਨੇ ਇਕ ਪੱਲ ਲਈ ਵੀ ਉਹਦਾ ਖਹਿੜਾ ਛੱਡਿਆ ਹੋਵੇ।

ਹਰ ਪੱਲ ਮੌਤ ਨੂੰ ਉਡੀਕਦਾ ਪਵਨ ਦੀਵਾਰਾਂ ਨੂੰ ਘੂਰਨ ਤੋਂ ਬਿਨਾ ਕੁਝ ਨਹੀਂ ਸੀ ਕਰ ਸਕਦਾ। ਜੋ ਕਰ ਸਕਦਾ ਸੀ ਕਰ ਰਿਹਾ ਸੀ। ਕੋਸ ਰਿਹਾ ਸੀ ਉਸ ਮਨਹੂਸ ਘੜੀ ਨੂੰ ਜਦੋਂ ਵਧੀਆ ਚਲਦੀ ਵਕਾਲਤ ਨੂੰ ਲੱਤ ਮਾਰ ਕੇ ਉਹ ਸਰਕਾਰੀ ਵਕੀਲ ਭਰਤੀ ਹੋਇਆ ਸੀ। ਘਿਰਣਾ ਕਰ ਰਿਹਾ ਸੀ ਪੁਲਿਸ ਤੋਂ ਸਲਟ ਮਰਵਾ ਕੇ ਹਿੱਕ ਚੌੜੀ ਕਰਨ ਦੇ ਆਪਣੇ ਘਟੀਆ ਜਿਹੇ ਸ਼ੌਂਕ ਨੂੰ।

ਉਦੋਂ ਉਹਨੂੰ ਕੀ ਪਤਾ ਸੀ, ਮੁਜਰਮਾਂ ਨੂੰ ਜਮਰਾਜ ਬਣ ਕੇ ਡਰਾਉਣ ਵਾਲੇ ਸਰਕਾਰੀ ਵਕੀਲਾਂ ਨੂੰ ਹੀ ਕਦੇ ਉਹਨਾਂ 'ਚੋਂ ਜਮਦੂਤਾਂ ਦੇ ਝਉਲੇ ਪੈਣ ਲੱਗਣਗੇ।

ਉਨ੍ਹਾਂ ਸਮਿਆਂ ਨੂੰ ਲੰਘਿਆਂ ਤਾਂ ਪਹਾੜ ਜਿੱਡਾ ਸਮਾਂ ਹੋ ਗਿਆ ਸੀ ਜਦੋਂ ਦਲੀਲਾਂ ਨੂੰ ਪੇਸ਼ ਕਰਦਿਆਂ ਉਹਦੀ ਦਹਾੜ ਸਾਰੀ ਕਚਹਿਰੀ ਵਿਚ ਗੂੰਜਦੀ ਹੁੰਦੀ ਸੀ। ਉਹਨੂੰ ਕਦੇ ਖ਼ਿਆਲ ਵੀ ਨਹੀਂ ਸੀ ਆਇਆ ਕਿ ਕਟਹਿਰੇ ਵਿਚ ਖੜੇ ਮੁਜਰਮ ਦਾ ਹੁਲੀਆ ਕੀ ਹੈ ? ਉਹ ਸਰਦਾਰ ਹੈ, ਚੌਧਰੀ ਹੈ ਜਾਂ ਮਜ਼ਦੂਰ। ਪਵਨ ਦੀਆਂ ਦਲੀਲਾਂ ਸਭ ਦੇ ਦਿਲਾਂ 'ਚ ਇਕੋ ਜਿਹਾ ਡੋਬ ਪਾਉਂਦੀਆਂ ਸਨ।

ਸਮਾਂ ਬਦਲਿਆ ਤਾਂ ਕੁਝ ਕੁਝ ਉਹ ਵੀ ਬਦਲਿਆ ਸੀ। ਇਨ੍ਹੀਂ ਦਿਨੀਂ ਉਹ ਮੁਕੱਦਮੇ ਦੀ ਪੈਰਵਾਈ ਮੁਜਰਮ ਤੇ ਲੱਗੀਆਂ ਦਫ਼ਾਫ਼ਾਂ ਅਨੁਸਾਰ ਕਰਦਾ ਹੈ। ਕੋਈ ਅਫ਼ੀਮ ਸ਼ਰਾਬ ਦਾ ਕੇਸ ਹੋਵੇ ਤਾਂ ਉਹਦੀ ਬੜ੍ਹਕ ਪਹਿਲਾਂ ਵਰਗੀ ਹੀ ਹੁੰਦੀ ਹੈ। ਟੈਰੋਰਿਸਟ ਐਕਟ ਹੋਵੇ ਤਾਂ ਉਹ ਗਿਣਵੇਂ ਹੁਣਵੇਂ ਸ਼ਬਦ ਬੋਲਦਾ ਹੈ, ਮਿੱਠਤ ਦੀ ਚਾਸ਼ਣੀ ਚਾੜ੍ਹ ਕੇ। ਮਲਕੜੇ ਜਿਹੇ। ਜਿਹੜੇ ਮੁਜਰਮ ਤੱਕ ਤਾਂ ਕੀ ਅੱਪੜਨੇ ਹਨ ਜੱਜ ਦੇ ਕੰਨਾਂ ਤੱਕ ਵੀ ਮਸਾਂ ਹੀ ਅੱਪੜਦੇ ਹਨ।

ਇਸ ਦੋਗਲੀ ਨੀਤੀ ਦੇ ਅਧਾਰ 'ਤੇ ਹੀ ਉਹ ਦਹਿਸ਼ਤਗਰਦਾਂ ਦੇ ਇਸ ਗੜ੍ਹ ਵਿਚ ਦੋ ਵਰ੍ਹੇ ਕੱਟ ਸਕਿਆ ਸੀ। ਕਦੇ ਕਿਸੇ ਨੇ ਉਹਦੇ ਵੱਲ ਕਹਿਰੀ ਅੱਖ ਨਾਲ ਨਹੀਂ ਸੀ ਤੱਕਿਆ। ਧਮਕੀ ਤਾਂ ਕੀ ਕਿਸੇ ਨੇ ਖੰਘੂਰਾ ਤਕ ਨਹੀਂ ਸੀ ਮਾਰਿਆ।



ਛੋਟੀਆਂ ਵੱਡੀਆਂ ਵਾਰਦਾਤਾਂ ਇਧਰ ਰੋਜ਼ ਦਾ ਕੰਮ ਸੀ। ਕਦੇ ਸ਼ਹਿਰ ਵਿਚ ਗੋਲੀ ਚਲਦੀ। ਸੱਥਰ ਚੱਕੀਆਂ ਵਾਲਿਆਂ ਦੇ ਵਿਛਦਾ, ਸੈਰ ਕਰਨ ਵਾਲਿਆਂ ਦੇ ਜਾਂ ਫੇਰ ਸੰਘੀਆਂ ਦੇ। ਕਦੇ ਗੋਲੀ ਪਿੰਡਾਂ ਵਿਚ ਚਲਦੀ। ਮਕਾਣਾਂ ਕਦੇ ਮੁਖਬਰਾਂ ਦੇ ਆਉਂਦੀਆਂ, ਕਦੇ ਕਾਮਰੇਡਾਂ ਦੇ ਤੇ ਕਦੇ ਹਟ-ਬਾਣੀਆਂ ਦੇ।

ਵਾਰਦਾਤ ਅੰਮ੍ਰਿਤਸਰ ਹੁੰਦੀ ਭਾਵੇਂ ਦਿੱਲੀ, ਸਹਿਮ ਇਥੇ ਛਾਉਂਦਾ। ਸੂਰਜ ਛਿਪਦਿਆਂ ਹੀ ਦੁਕਾਨਾਂ ਦੇ ਸ਼ਟਰ ਗਿਰਨ ਲੱਗਦੇ। ਅੱਡਿਆਂ ਠੇਕਿਆਂ 'ਤੇ ਮੁਰਦ-ਹਾਨੀ ਛਾ ਜਾਂਦੀ। ਸਵੇਰ ਸ਼ਾਮ ਸੈਰ ਕਰਨ ਨਿਕਲਦੀਆਂ ਲੋਕਾਂ ਦੀਆਂ ਡਾਰਾਂ ਦੀਆਂ ਡਾਰਾਂ ਕੁਝ ਦਿਨਾਂ ਹ. ਕਿਧਰੇ ਛਾਈਂ ਮਾਈਂ ਹੋ ਜਾਂਦੀਆਂ।

ਕਿਧਰੇ ਕੁਝ ਵੀ ਹੁੰਦਾ ਰਿਹਾ ਪਵਨ ਨੇ ਸਵੇਰ ਦੀ ਸੈਰ ਦਾ ਨਿਯਮ ਨਹੀਂ ਸੀ ਤੋੜਿਆ।

ਹੁਣ ਜਦੋਂ ਛੁੱਟਣ ਤੇ ਆਇਆ ਤਾਂ ਸੈਰ ਤਾਂ ਕੀ ਖਾਣਾ-ਪੀਣਾ ਵੀ ਛੁੱਟ ਗਿਆ।

ਸੈਰ ਤਾਂ ਉਹਦੀ ਉਸ ਦਿਨ ਹੀ ਛੁੱਟ ਗਈ ਸੀ। ਜਦੋਂ ਉਹਨੂੰ ਲੱਗਾ ਸੀ ਕੰਬਲਾਂ ਦੀਆਂ ਬੁੱਕਲਾਂ ਮਾਰੀ ਦੋ ਅਣ-ਪਛਾਤੇ ਨੌਜਵਾਨ ਉਹਦਾ ਹੀ ਪਿੱਛਾ ਕਰ ਰਹੇ ਹਨ।

ਗੱਲ ਕਰੀਬ ਮਹੀਨਾ ਪੁਰਾਣੀ ਹੈ। ਉਸ ਦਿਨ ਤੋਂ ਅੱਜ ਤਕ ਉਹ ਹੱਥੋਂ ਨਿਕਲੇ ਇਕ ਇਕ ਮੁਕੱਦਮੇ ਦੀ ਪੜਤਾਲ ਕਰਦਾ ਰਿਹਾ ਹੈ। ਕਿਹੜਾ ਬੰਦਾ ਜਾਂ ਧੜਾ ਉਸ ਤੋਂ ਨਰਾਜ਼ ਹੋ ਗਿਆ। ਉਹਨੂੰ ਸਮਝ ਨਹੀਂ ਸੀ ਆਈ।

ਇਕ ਦੋ ਮੁਕੱਦਮੇ ਜ਼ਰੂਰ ਉਹਦੀ ਨਿਗਾਹ ਚੜ੍ਹੇ ਸਨ ਜਿਨ੍ਹਾਂ ਵਿਚ ਲੋੜੋਂ ਵੱਧ ਪੁਲਿਸ ਰਿਮਾਂਡ ਮਿਲਿਆ ਸੀ। ਉਹਨਾਂ ਵਿਚੋਂ ਸੰਤੇ ਦਾ ਤਾਂ ਸਭ ਨੂੰ ਪਤਾ ਹੈ ਉਹ ਕਿੱਡਾ ਕੁ ਵੱਡਾ ਅਤਿਵਾਦੀ ਹੈ। ਨਾਮੀ ਚੋਰ ਹੈ। ਸਾਲ 'ਚੋਂ ਨੌਂ ਮਹੀਨੇ ਜੇਲ੍ਹ 'ਚ ਰਹਿੰਦਾ ਹੈ। ਪੁਲਿਸ ਨੇ ਪੰਜ ਚਾਰ ਮਹੀਨੇ ਉਹਤੋਂ ਖਹਿੜਾ ਛੁਡਾਉਣ ਲਈ ਹੀ ਇਹ ਐਕਟ ਵਰਤਿਆ ਸੀ।

ਦੂਜਾ ਵੀ ਮਹੀਨੇ ਦਾ ਥਾਣੇ ਬੈਠਾਇਆ ਹੋਇਆ ਸੀ। ਘਰ ਦਿਆਂ ਨੇ ਹੀ ਫੜਾਇਆ ਸੀ। ਉਹਨਾਂ ਨੂੰ ਡਰ ਸੀ ਬਾਹਰ ਫਿਰਦਾ ਰਿਹਾ ਤਾਂ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਊ। ਚਾਰ ਦਿਨ ਵੱਧ ਥਾਣੇ ਬੈਠਾ ਰਿਹਾ ਤਾਂ ਕੀ ਫਰਕ ਪੈਂਦਾ ਹੈ। ਉਹਦੇ ਵਾਰਿਸ ਤਾਂ ਉਹਨੂੰ ਜੇਲ੍ਹ ਭੇਜ ਕੇ ਬਾਗੋ ਬਾਗ ਹੋ ਗਏ ਸਨ।

ਨਿੱਤ ਵਰਤਦੇ ਭਾਣਿਆਂ ਤੋਂ ਡਰਦੇ ਕਦੇ ਕਦੇ ਦਹਿਸ਼ਤਗਰਦ ਦੇ ਵਾਰਸ ਵੀ ਉਹਨੂੰ ਪੈਸੇ ਦੇ ਜਾਇਆ ਕਰਦੇ ਸਨ। ਪੈਸੇ ਉਹ ਲੈ ਲਿਆ ਕਰਦਾ ਸੀ। ਕਿਸੇ ਲਾਲਚ 'ਚ ਨਹੀਂ। ਐਵੇਂ ਉਹਨਾਂ ਦਾ ਦਿਲ ਜਿੱਤਣ ਲਈ। ਪੈਸੇ ਲਏ ਹੁੰਦੇ ਤਾਂ ਕਚਹਿਰੀ 'ਚ ਮਜਬੂਰੀ 'ਚ ਬੋਲੇ ਸ਼ਬਦਾਂ ਤੇ ਵੀ ਪਰਦਾ ਪੈ ਜਾਂਦਾ। ਬਸ ਏਸੇ ਖ਼ਿਆਲ ਨਾਲ।

ਪੁਲਿਸ ਵਾਲੇ ਉਸ ਦੀ ਇਸ ਕਮਜ਼ੋਰੀ ਤੇ ਅਕਸਰ ਘੁਸਰ ਮੁਸਰ ਕਰਦੇ। ਸਰਕਾਰੀ ਵਕੀਲ ਦੀ ਚੁੱਪ ਕਰਕੇ ਪੂਰਾ ਪੁਲਿਸ ਰਿਮਾਂਡ ਨਹੀਂ ਮਿਲਦਾ। ਤਫਤੀਸ਼ ਅਧੂਰੀ ਰਹਿ ਜਾਂਦੀ ਹੈ।

ਅਤਿਵਾਦੀਆਂ ਨਾਲ ਹਮਦਰਦੀ ਰੱਖਦਾ ਹੈ।

ਪਵਨ ਨੂੰ ਕੋਈ ਫ਼ਿਕਰ ਨਹੀਂ ਸੀ। ਮਹਿਕਮੇ ਵਾਲੇ ਕਿਹੜੇ ਫਾਹਾ ਲਾ ਦੇਣਗੇ। ਅਫਸਰ ਉਪਰੋਂ ਉਪਰੋਂ ਜੋ ਮਰਜ਼ੀ ਕਹਿਣ ਉਂਞ ਹਦਾਇਤਾਂ ਸਾਫ ਹਨ। ਆਪਣੀ ਜਾਨ ਬਚਾਓ ਜੋ ਹੁੰਦੈ ਹੋਈ ਜਾਵੇ।

ਫੇਰ ਵੀ ਜੇ ਕਿਸੇ ਨੂੰ ਉਹਦਾ ਪਿੱਛਾ ਕਰਨ ਦੀ ਜ਼ਰੂਰਤ ਪਈ ਤਾਂ ਕਿਉਂ ?

ਕੁਝ ਦਿਨ ਬੁਰਕੀ ਉਹਦੇ ਗਲੇ 'ਚ ਫੁਲਦੀ ਰਹੀ। ਹਰ ਕਦਮ ਉਹ ਫੂਕ ਫੂਕ ਧਰਦਾ। ਘਰੋਂ ਕਚਹਿਰੀ ਅਤੇ ਕਚਹਿਰੀਓਂ ਘਰੇ ਜਾਣ ਤਕ ਕਿਸੇ ਨਾ ਕਿਸੇ ਬਹਾਨੇ ਇਕ ਦੋ ਸਿਪਾਹੀਆਂ ਨੂੰ ਨਾਲ ਰੱਖਦਾ।

ਚਾਹੁੰਦਾ ਤਾਂ ਇਕ ਦੋ ਸਕਿਉਰਟੀ ਗਾਰਡ ਵੀ ਮਿਲ ਸਕਦੇ ਸਨ। ਪਵਨ ਨੂੰ ਇਸ ਡਰਾਮੇ ਨਾਲ ਨਫ਼ਰਤ ਸੀ। ਇਹਨਾਂ ਵਿਚਾਰਿਆਂ ਨੇ ਆਪਣੀਆਂ ਜਾਨਾਂ ਗਵਾਉਣ ਤੋਂ ਸਿਵਾ ਕਿਸੇ ਦਾ ਕੁਝ ਸੰਵਾਰਿਐ ਭਲਾ ? ਮੌਕੇ ਤੇ ਜਾਂ ਤਾਂ ਇਹਨਾਂ ਦੇ ਹਥਿਆਰਾਂ ਦੇ ਘੋੜੇ ਜਾਮ ਹੋ ਜਾਂਦੇ ਹਨ ਜਾਂ ਫੇਰ ਘੰਟਿਆਂ ਬਾਅਦ, ਕੰਬਦੇ ਹੱਥਾਂ ਨਾਲ ਕੀਤੇ ਫਾਇਰ ਨਿਸ਼ਾਨੇ ਤੋਂ ਚੁੱਕ ਜਾਂਦੇ ਹਨ।

ਗਾਰਡਾਂ ਦੀ ਰਿਹਾਇਸ਼ ਲਈ ਵੀ ਪਵਨ ਕੋਲ ਨਾ ਵਾਧੂ ਕਮਰਾ ਹੈ ਅਤੇ ਨਾ ਹੀ ਟੈਂਟ ਗੱਡਣ ਲਈ ਖੁਲ੍ਹਾ ਲਾਅਨ। ਆਥਣ ਉਗਣ ਮੁਰਗੇ ਵਿਸਕੀਆਂ ਵੀ ਭਾਲਦੇ ਹਨ। ਨਹੀਂ ਤਾਂ ਉਹਨਾਂ ਨੂੰ ਕੀ ਚੱਟੀ ਪਈ ਹੈ ਬਈ ਕਿਸੇ ਮਲੰਗ ਖਾਤਰ ਜਾਨ ਤਲੀ 'ਤੇ ਧਰੀ ਫਿਰਨ। ਇਹਨਾਂ ਨੂੰ ਲੀਡਰਾਂ, ਸਰਦਾਰਾਂ, ਸੇਠਾਂ ਜਾਂ ਵੱਡੇ ਅਫ਼ਸਰਾਂ ਦੀਆਂ ਕੋਠੀਆਂ ਹੀ ਮੁਬਾਰਕ।

ਉਂਞ ਗਾਰਦ ਕਿਹੜਾ ਉਹਨੂੰ ਪਹਿਲੇ ਹੱਲੇ ਮਿਲ ਜਾਣੀ ਸੀ। ਖਤਰੇ ਦੇ ਪੱਕੇ ਸਬੂਤ ਚਾਹੀਦੇ ਹਨ। ਧਮਕੀਆਂ ਵਾਲੀਆਂ ਚਿੱਠੀਆਂ ਦਾ ਥੱਬਾ ਹੋਵੇ। ਉਹਨੂੰ ਤਾਂ ਹਾਲੇ ਤਕ ਇਕ ਵੀ ਚਿੱਠੀ ਨਹੀਂ ਆਈ। ਪੁਲਿਸ ਵਿਹਲੀ ਨਹੀਂ ਬਈ ਹਰ ਡਰਪੋਕ ਦੇ ਅੱਗੇ ਪਿੱਛੇ ਫਿਰਦੀ ਰਹੇ।

ਹਾਲੇ ਤਕ ਤਾਂ ਇਹ ਡਰ ਉਹਨੇ ਆਪਣੇ ਸੀਨੇ ਵਿਚ ਹੀ ਦਬਾ ਰੱਖਿਆ ਸੀ। ਗਾਰਦ ਆ ਗਈ ਤਾਂ ਬੀਵੀ ਬੱਚਿਆਂ ਦੇ ਸਾਹ ਤਾਂ ਸੁਕਣੇ ਹੀ ਸਨ ਗੁਆਂਢੀਆਂ ਨੇ ਵੀ ਬੜਾਅ ਬੜਾਅ ਉਠਣਾ ਸੀ। ਕੀ ਪਤੈ ਉਹਨੂੰ ਮਾਰਨ ਆਏ ਗੁਆਂਢੀਆਂ 'ਤੇ ਹੀ ਨਜ਼ਲਾ ਝਾੜ ਜਾਣ। ਡਰਦੇ ਨੇ ਕਿਸੇ ਨੇ ਪਵਨ ਕੋਲ ਨਹੀਂ ਖਲੋਣਾ। ਕੀ ਪਤੈ ਉਹਦੇ ਨਾਲ ਅਗਲਾ ਵੀ ਸ਼ਹੀਦ ਹੋ ਜਾਵੇ।

ਹੋਰਾਂ ਨੂੰ ਕੁਝ ਹੋਵੇ ਜਾਂ ਨਾ ਪਵਨ ਦੀ ਜਾਨ ਨੂੰ ਖਤਰਾ ਸੁਣ ਕੇ ਉਹਦੀ ਮਾਂ ਨੇ ਜ਼ਰੂਰ ਪ੍ਰਾਣ ਤਿਆਗ ਦੇਣੇ ਸਨ। ਉਹ ਤਾਂ ਪਹਿਲਾਂ ਹੀ ਹਾਲ ਦੁਹਾਈ ਦਿੰਦੀ ਰਹਿੰਦੀ ਹੈ। ਅੱਗ 'ਚ ਖੇਡਣ ਨਾਲੋਂ ਤਾਂ ਨੌਕਰੀ ਛੱਡੀ ਭਲੀ। ਘਰੇ ਖਾਣ ਨੂੰ ਹੈਗਾ। ਬੱਸ ਪਵਨ ਹੀ ਜ਼ਿਦ ਫੜੀ ਬੈਠਾ ਸੀ। ਇਹ ਕਾਲੇ ਦਿਨ ਕੋਈ ਸਦਾ ਤਾਂ ਨਹੀਂ ਰਹਿਣੇ। ਵਧੀਆ ਸਟੇਟਸ ਹੈ। ਐਵੇਂ ਥੋੜਾ ਛੱਡ ਦੇਣੈ।

ਆਪਣੀ ਰੱਖਿਆ ਆਪ ਕਰਨ ਦੀ ਨੀਯਤ ਨਾਲ ਉਹ ਲੋੜੋਂ ਵੱਧ ਚੌਕਸ ਰਹਿਣ ਲੱਗਾ। ਹਰ ਅਨਜਾਣਾ ਬੰਦਾ ਉਹਨੂੰ ਸ਼ੱਕੀ ਲੱਗਦਾ। ਗਿਰਝ ਵਾਂਗ ਉਹਦੀਆਂ ਤੇਜ਼ ਨਿਗਾਹਾਂ ਮੀਲਾਂ ਤੱਕ ਘੋਖ ਕਰਦੀਆਂ ਰਹਿੰਦੀਆਂ। ਕੋਈ ਦੂਸਰੀ ਬਾਰ ਦਫ਼ਤਰ ਅੱਗੋਂ ਲੰਘ ਜਾਂਦਾ ਜਾਂ ਸਾਹਮਣੇ ਖੜੋ ਕੇ ਮੁੱਛ ਮਰੋੜ ਜਾਂਦਾ ਉਹਦਾ ਦਿਲ ਧੱਕ ਧੱਕ ਕਰਨ ਲੱਗਦਾ। ਝੱਟ ਸਿਪਾਹੀ ਉਹਦੇ ਪਿੱਛੇ ਲਾ ਦਿੰਦਾ।





ਜਿੰਨਾ ਚਿਰ ਉਸ ਗਰੀਬ ਦੀ ਪੂਰੀ ਸ਼ਨਾਖਤ ਨਾ ਹੋ ਜਾਂਦੀ ਉਹਦਾ ਮਨ ਨਾ ਟਿਕਦਾ।

ਦਸ ਪੰਦਰਾਂ ਦਿਨ ਇਸੇ ਤਰ੍ਹਾਂ ਗੁਜ਼ਰੇ ਤਾਂ ਮਨ ਥੋੜ੍ਹਾ ਥੋੜ੍ਹਾ ਥਾਂ ਸਿਰ ਆਉਣਾ ਲੱਗਾ। ਜੇ ਉਹਨਾਂ ਪਵਨ ਨੂੰ ਮਾਰਨਾ ਹੁੰਦਾ ਤਾਂ ਇੰਨੇ ਦਿਨ ਨਹੀਂ ਸੀ ਪੈਣ ਦਿੰਦੇ। ਹੁਣ ਨੂੰ ਨਿਹੱਥੇ ਦਾ ਉਹਦਾ ਕਦੋਂ ਦਾ ਅਰਦਾਸਾ ਸੋਧਿਆ ਹੁੰਦਾ। ਹੋਰ ਨਹੀਂ ਤਾਂ ਇਕ ਅੱਧ ਚਿੱਠੀ ਜ਼ਰੂਰ ਅਪੜ ਜਾਂਦੀ।

ਪਹਿਲੀ ਘਟਨਾ ਨੂੰ ਵਹਿਮ ਸਮਝ ਕੇ ਮੁੜ ਸੈਰ ਸ਼ੁਰੂ ਕਰਨ ਦਾ ਪ੍ਰੋਗਰਾਮ ਬਣਾਇਆ ਹੀ ਸੀ ਕਿ ਨਵੀਂ ਘਟਨਾ ਘਟ ਗਈ।

ਕੱਲ ਘੁਸ ਮੁਸਾ ਜਿਹਾ ਹੁੰਦਿਆਂ ਦੋ ਨੌਜਵਾਨਾਂ ਨੇ ਉਹਦੀ ਕੋਠੀ ਦੀ ਬੈੱਲ ਖੜਕਾਈ ਸੀ। ਇਕ ਸਕੂਟਰ ਸਟਾਰਟ ਕਰੀ ਗਲੀ ਵਿਚ ਖੜਾ ਰਿਹਾ ਤੇ ਦੂਜਾ ਬੁੱਕਲ ਮਾਰੀ ਪਵਨ ਦੀ ਪਤਨੀ ਤੋਂ ਉਹਦਾ ਥਹੁ ਠਿਕਾਣਾ ਪੁੱਛਦਾ ਰਿਹਾ। ਚੰਗੀ ਕਿਸਮਤ ਨੂੰ ਜੇ ਉਹ ਬਜ਼ਾਰ ਨਾ ਗਿਆ ਹੁੰਦਾ ਤਾਂ ਭਾਣਾ ਕੱਲ ਹੀ ਵਰਤ ਗਿਆ ਹੁੰਦਾ।

ਲੱਖ ਯਤਨ ਕਰਨ ਤੇ ਵੀ ਪਤਨੀ ਉਹਨਾਂ ਵਿਚੋਂ ਕਿਸੇ ਨੂੰ ਪਹਿਚਾਣ ਨਹੀਂ ਸਕੀ। ਇੰਨਾ ਕੁ ਦੱਸਦੀ ਸੀ ਕਿ ਉਹ ਪਹਿਲਾਂ ਕਦੇ ਨਹੀਂ ਆਏ, ਵੀਹਾਂ ਪੰਝੀਆਂ ਦੇ ਦਰਮਿਆਨ ਸਨ ਤੇ ਨਾਂ ਲੈ ਕੇ ਉਸੇ ਨੂੰ ਪੁੱਛ ਰਹੇ ਸਨ।

ਇਸ ਤੋਂ ਪਿਛੋਂ ਵੀ ਸ਼ੱਕ ਵਿਚ ਰਹਿਣਾ ਬੇਵਕੂਫੀ ਸੀ। ਆਪਣੀ ਜਾਣ-ਪਹਿਚਾਣ ਵਾਲਿਆਂ ਸਭ ਥਾਵਾਂ 'ਤੇ ਉਹਨੇ ਪੁੱਛ ਪੜਤਾਲ ਕੀਤੀ। ਕਿਸੇ ਨੇ ਵੀ ਉਸ ਵੱਲ ਬੰਦੇ ਨਹੀਂ ਸੀ ਘੱਲੇ।

ਸਵੇਰ ਤਕ ਉਹਨੇ ਬਹੁਤੀ ਪਰਵਾਹ ਨਹੀਂ ਕੀਤੀ। ਜਿਸ ਨੂੰ ਕੰਮ ਹੋਊ ਆਪੇ ਸਵੇਰੇ ਆ ਧਮਕੂ।

ਜਦੋਂ ਦੁਪਹਿਰ ਤੱਕ ਵੀ ਕੋਈ ਨਾ ਅਪੜਿਆ ਤਾਂ ਉਹਦੇ ਫਿਕਰਾਂ ਦੀ ਪੰਡ ਭਾਰੀ ਹੋ ਗਈ।

ਰਾਤ ਪੈਂਦਿਆਂ ਹੀ ਮੌਤ ਉਹਨੂੰ ਸਰਾਹਣੇ ਖੜੀ ਦਿਖਾਈ ਦੇਣ ਲੱਗੀ।

ਪਤਨੀ ਦੇ ਮਨ੍ਹਾਂ ਕਰਦਿਆਂ ਵੀ ਦੋ ਵੱਡੇ ਵੱਡੇ ਪੈੱਗ ਉਹਨੇ ਅੰਦਰ ਸੁੱਟ ਲਏ। ਬਿੰਦ ਝੱਟ ਨੂੰ ਨਸ਼ੇ ਦੀ ਲੋਰ ਵਿਚ ਆਪੇ ਨੀਂਦ ਆ ਜਾਏਗੀ। ਅਗਲੇ ਦਿਨ ਕੋਈ ਹੀਲਾ ਸੋਚੇਗਾ। ਉਹਦਾ ਖ਼ਿਆਲ ਸੀ।

ਵਿਆਹੁਤਾ ਜੀਵਨ ਦੇ ਦਸਾਂ ਸਾਲਾਂ ਵਿਚ ਇਹ ਪਹਿਲੀ ਵਾਰ ਸੀ ਕਿ ਉਹਨੂੰ ਆਪਣੀ ਪਤਨੀ 'ਤੇ ਤਰਸ ਆਉਣ ਲੱਗਾ ਸੀ ਤੇ ਉਹਨੂੰ ਆਪੇ ਤੋਂ ਨਫ਼ਰਤ ਹੋ ਰਹੀ ਸੀ। ਉਹਦੇ ਤੁਰ ਜਾਣ ਬਾਅਦ ਦੁੱਖਾਂ ਦਾ ਸਭ ਤੋਂ ਲੰਬਾ ਸਫ਼ਰ ਉਸ ਨੇ ਕਰਨਾ ਸੀ। ਉਸੇ ਪਤਨੀ ਦੀਆਂ ਅੱਖਾਂ ਵਿਚ ਮਰਦੇ ਦਮ ਤੱਕ ਹੰਝੂਆਂ ਦੀ ਝੜੀ ਲੱਗੀ ਰਹਿਣੀ ਸੀ ਜਿਸ ਨੂੰ ਹਾਲੇ ਤਕ ਉਹਨੇ ਆਪਣੀ ਪਤਨੀ ਨਹੀਂ ਮੰਨਿਆ। ਲੱਖਾਂ ਰੁਪਏ ਕਮਾ ਕੇ ਵੀ ਧੇਲਾ ਉਹਦੀ ਹਥੇਲੀ 'ਤੇ ਨਹੀਂ ਰੱਖਿਆ, ਮਨ ਪਸੰਦ ਦੀ ਸਾੜ੍ਹੀ ਨਹੀਂ ਖਰੀਦੀ, ਕਿਸੇ ਪਾਰਟੀ 'ਤੇ ਨਹੀਂ ਲੈ ਕੇ ਗਿਆ ਅਤੇ ਕਦੇ ਖਿੜੇ ਮੱਥੇ ਉਹਦੇ ਰਿਸ਼ਤੇਦਾਰਾਂ ਨੂੰ ਮੂੰਹ ਨਹੀਂ ਲਾਇਆ। ਉਹਦੀ ਜ਼ਰੂਰੀ ਲੋੜ ਵੀ ਵਗਾਰ ਵਰਗੀ ਲੱਗਦੀ ਸੀ।

ਆਮ ਵਾਂਗ ਜਲਦੀ ਹੀ ਸੌਂ ਗਈ ਪਤਨੀ ਨੂੰ ਉਹਨੇ ਮੋਹ ਭਰਿਆ ਹੱਥ ਫੇਰ ਕੇ ਉਠਾਇਆ। ਝੱਲਿਆ ਵਾਂਗ ਗੱਲਾਂ ਕਰਦਾ ਰਿਹਾ। ਪਵਨ ਦੀਆਂ ਗੱਲਾਂ ਸੁਣ-ਸੁਣ ਉਹਦੀ ਪਤਨੀ ਦਾ ਮੂੰਹ ਅੱਡੇ

ਦਾ ਅੱਡਿਆ ਰਹਿ ਗਿਆ। ਸੱਚਮੁੱਚ ਉਹਨਾਂ ਕੋਲ ਇੰਨੇ ਪੈਸੇ ਹਨ ? ਉਹਦੀ ਮੰਗਲ ਸੂਤਰ ਦੀ ਮੰਗ ਤਾਂ ਪੰਜਾਂ ਸਾਲਾਂ ਤੋਂ ਪੈਸਿਆਂ ਕਾਰਨ ਲਟਕਦੀ ਆ ਰਹੀ ਹੈ। ਅੱਜ ਉਹ ਆਖ ਰਿਹੈ ਬਠਿੰਡੇ ਵਾਲਿਆਂ ਕੋਲ ਇਕ ਨੰਬਰ ਦੇ ਦੋ ਲੱਖ ਜਮ੍ਹਾਂ ਹਨ। ਦਿੱਲੀ, ਪਟਿਆਲਾ ਬੈਂਕ ਵਿਚਲੇ ਲਾਕਰ ਵਿਚ ਸੋਨੇ ਦੇ ਦਸ ਬਿਸਕੁਟ ਰੱਖੇ ਹਨ। ਚਾਬੀ ਭੂਆ ਦੇ ਪੁੱਤਰ ਕੋਲ ਹੈ। ਲੁਧਿਆਣੇ ਵਾਲਿਆਂ ਦੇ ਕੋਲ ਦੋ ਨੰਬਰ ਦਾ ਇਕ ਲੱਖ ਰੁਪਿਆ ਪਿਆ ਹੈ। ਸੁੱਖ ਰਹੀ ਤਾਂ ਉਹ ਕੱਲ ਹੀ ਰਕਮ ਫੜ ਲਿਆਏਗਾ। ਸਾਰੇ ਪੈਸੇ ਪਤਨੀ ਸੰਗੀਤਾ ਨੂੰ ਫੜਾ ਦੇਵੇਗਾ। ਜਿਵੇਂ ਮਰਜ਼ੀ ਖਰਚ ਕਰੇ ਪੈਸੇ ਦਾ ਹਿਸਾਬ ਨਹੀਂ ਲਏਗਾ। ਆਖਰ ਸੰਗੀਤਾ ਉਹਦੀ 'ਘਰਵਾਲੀ' ਹੈ।

ਪਹਿਲੀ ਵਾਰ ਉਹਨੇ ਪਤਨੀ ਦੇ ਮਨ ਭਾਉਂਦਾ ਪਿਆਰ ਕੀਤਾ। ਅਜੀਬ ਜਿਹਾ ਸਕੂਨ ਹਾਸਲ ਕਰਕੇ ਉਹ ਗਹਿਰੀ ਨੀਂਦ ਸੌਂ ਗਈ।

ਉਹ ਚਾਹੁੰਦਾ ਸੀ ਪਤਨੀ ਨਾਲ ਸਾਰੀ ਰਾਤ ਗੱਲਾਂ ਕਰਦਾ ਰਹੇ। ਜਿੰਨਾ ਚਿਰ ਉਹ ਜਾਗਦੀ ਰਹੀ ਮਨ ਟਿਕਿਆ ਰਿਹਾ। ਸੌਂ ਗਈ ਤਾਂ ਡਰ ਮੂੰਹ ਨੂੰ ਆਉਣ ਲੱਗਾ। ਥੋੜ੍ਹੀ ਜਿਹੀ ਆਹਟ ਵਿਚੋਂ ਉਸ ਨੂੰ ਮੌਤ ਦਾ ਸੁਨੇਹਾ ਸੁਣਾਈ ਦੇਣ ਲੱਗਦਾ।

ਸੰਗੀਤਾ ਨੂੰ ਜਗਾਉਣ ਦੀ ਉਹਦੀ ਹਿੰਮਤ ਨਾ ਪਈ। ਕੀ ਪਤੈ ਇਹ ਅਮਨ ਚੈਨ ਨਾਲ ਸੌਣ ਵਾਲੀ ਸੰਗੀਤਾ ਦੀ ਆਖਰੀ ਰਾਤ ਹੀ ਹੋਵੇ ? ਕੀ ਪਤੈ ਕੱਲ ਨੂੰ ਉਹਨੂੰ ਪਵਨ ਦੀ ਲਾਸ਼ ਦੁਆਲੇ ਬੈਠ ਕੇ ਕੀਰਣੇ ਪਾਉਣੇ ਪੈਣ।

ਦਿਲ ਕਰੜਾ ਕਰਕੇ ਉਹਨੇ ਇਕੱਲਿਆਂ ਹੀ ਸੰਤਾਪ ਭੋਗਣ ਦਾ ਮਨ ਬਣਾਇਆ।

''ਲੈ ਧੀਏ। ਹੁਣ ਮੈਂ ਤੈਨੂੰ ਕਦੇ ਨਹੀਂ ਮਾਰਾਂਗਾ। ਪੜ੍ਹਨਾ ਹੋਊ ਪੜ੍ਹੀਂ, ਨਹੀਂ ਪੜ੍ਹਨਾ ਹੋਊ ਨਾ ਪੜ੍ਹੀਂ। ਤੇਰਾ ਧੁੰਦਲਾ ਭਵਿੱਖ ਤੇਰੇ ਹਵਾਲੇ....।''

ਬੇਟੀ ਨੀਰਜ਼ ਦੇ ਸਹਿਮੇ ਚਿਹਰੇ ਨੂੰ ਦੇਖ ਕੇ ਪਵਨ ਦਾ ਗੱਚ ਭਰ ਆਇਆ। ਕਿਹੋ ਜਿਹਾ ਬਾਪ ਸੀ ਉਹ ? ਕਚਹਿਰੀਆਂ ਵਾਲਾ ਰੋਹਬ ਘਰ ਵੀ ਲੈ ਆਇਆ। ਪਵਨ ਦੇ ਘਰ ਵੜਦਿਆਂ ਹੀ ਡਰੀ ਸਹਿਮੀ ਉਹ ਲੁਕ ਲੁਕੀ ਰਹਿੰਦੀ। ਪੜ੍ਹਾਉਣ ਲਗਿਆਂ ਉਹ ਭੁੱਲ ਜਾਂਦਾ ਨੀਰਜ਼ ਪਵਨ ਜਿੱਡੀ ਨਹੀਂ। ਦਸ ਮਿੰਟ ਪੜ੍ਹਾਉਂਦਾ ਤਾਂ ਵੀਹ ਵਾਰ ਕੁੱਟਦਾ। ਕਈ ਵਾਰ ਸੁੱਤੀ ਪਈ ਉਹ ਬੜਾਉਣ ਲੱਗਦੀ। ਉੱਚੀ ਉੱਚੀ ਪਹਾੜਾ ਸੁਣਾਉਂਦੀ। ਪਵਨ ਦੇ ਮਰਨ ਨਾਲ ਸ਼ਾਇਦ ਇਕ ਵਾਰ ਤਾਂ ਉਹ ਸੁੱਖ ਦਾ ਸਾਹ ਲਏ। ਵਿਚਾਰੀ ਨੀਰਜ਼।

ਬੱਚਿਆਂ ਪ੍ਰਤੀ ਜਾਗੇ ਮੋਹ ਨੇ ਪਵਨ ਨੂੰ ਮਾਂ ਪਿਓ ਦੀ ਯਾਦ ਦਿਵਾ ਦਿੱਤੀ। ਕਦੇ ਉਹਨਾਂ ਵੀ ਸੁਖਾਲੇ ਬੁਢਾਪੇ ਦੇ ਸੁਫਨੇ ਲੈ ਕੇ ਉਹਨੂੰ ਰੀਝਾਂ ਨਾਲ ਵੱਡਾ ਕੀਤਾ ਹੋਣਾ ਹੈ। ਬਾਪ ਤਾਂ ਅਧੂਰੀਆਂ ਸੱਧਰਾਂ ਲਈ ਜਵਾਨੀ ਵਿਚ ਹੀ ਚਿਤਾ ਜਾ ਚੜ੍ਹਿਆ। ਮਾਂ ਦੇ ਸੁਫਨਿਆਂ ਦਾ ਗਲਾ ਘੁੱਟ ਕੇ ਸੈਂਕੜੇ ਮੀਲ ਦੂਰ ਉਹ ਇਥੇ ਆ ਬੈਠਾ। ਕਦੇ ਪਾਸਾ ਥਲਣ ਇਥੇ ਆ ਜਾਵੇ। ਪਵਨ ਦਾ ਸਾਹ ਘੁੱਟਣ ਲੱਗਦਾ। ਸਾਰੇ ਟੱਬਰ ਦੇ ਖਾਣ-ਪੀਣ, ਉਠਣ-ਬੈਠਣ ਅਤੇ ਪੜ੍ਹਨ ਲਿਖਣ ਵਿਚ ਵਿਘਨ ਪੈ ਜਾਂਦਾ। ਪੰਜੀ ਸੱਤੀਂ ਦਿਨੀਂ ਉਹ ਉਹਨੂੰ ਪਿੰਡ ਵਾਲੀ ਬੱਸ ਬਿਠਾ ਆਉਂਦਾ।



ਪਿਓ ਗਿਆ ਸੋ ਗਿਆ। ਮਾਂ ਨੂੰ ਮਨ ਮਸੋਸ ਕੇ ਉਹ ਮਰਨ ਨਹੀਂ ਦੇਵੇਗਾ। ਲੜਾਈ ਉਹਦੀ ਵੱਡੇ ਭਰਾ ਨਾਲ ਹੈ। ਮਾਂ ਤਾਂ ਸਭ ਦੀ ਸਾਂਝੀ ਹੁੰਦੀ ਹੈ। ਪਿੰਡ ਵਾਲੀ ਬੈਂਕ ਵਿਚ ਉਹਦੇ ਬਥੇਰੇ ਪੈਸੇ ਜਮ੍ਹਾਂ ਹਨ। ਚੈੱਕ-ਬੁੱਕ ਮਾਂ ਦੇ ਹਵਾਲੇ ਕਰ ਆਏਗਾ। ਪੁੰਨ ਕਰੇ, ਤੀਰਥਾਂ 'ਤੇ ਜਾਵੇ ਜਾਂ ਦੋਹਤੀਆਂ, ਪੋਤੀਆਂ ਨੂੰ ਦੇਵੇ ਉਹਦੀ ਮਰਜ਼ੀ।

ਵੱਡੇ ਭਰਾ ਰਮੇਸ਼ ਤੋਂ ਮੁਆਫੀ ਮੰਗਣ ਲਈ ਵੀ ਉਹ ਤਰਲੋ ਮੱਛੀ ਹੋ ਰਿਹਾ ਸੀ। ਇਕੋ ਥਾਲੀ 'ਚ ਰੋਟੀ ਖਾਧਿਆਂ ਕਿੰਨੇ ਵਰ੍ਹੇ ਬੀਤ ਗਏ ਹਨ। ਜਿਉਂਦਿਆਂ ਉਹ ਲੱਖ ਪਵਨ ਨੂੰ ਬੁਰਾ ਭਲਾ ਕਹਿੰਦਾ ਰਹੇ ਮਰਨ ਪਿੱਛੋਂ ਉਸੇ ਨੂੰ ਪਵਨ ਦੇ ਬੱਚਿਆਂ ਦੇ ਸਿਰ 'ਤੇ ਹੱਥ ਰੱਖਣਾ ਪੈਣਾ ਹੈ।

ਉਹਦੀ ਪਤਨੀ ਕਿਹੜੇ ਮੂੰਹ ਰਮੇਸ਼ ਦੀ ਦੇਹਲੀ ਚੜ੍ਹੇਗੀ। ਪਵਨ ਨੇ ਤਾਂ ਉਹਨੂੰ ਉਜਾੜਨ ਦੀ ਕੋਈ ਕਸਰ ਨਹੀਂ ਛੱਡੀ। ਅਖੇ ਮਾਂ ਜੇ ਮੈਂ ਥਾਣੇਦਾਰ ਬਣ ਗਿਆ ਤਾਂ ਪਹਿਲਾਂ ਤੇਰੇ ਹੀ ਹੱਡ ਭੰਨੂ। ਸਰਕਾਰੀ ਵਕੀਲ ਨੇ ਪੁਲਿਸ ਤੋਂ ਫਾਇਦਾ ਉਠਾਇਆ ਵੀ ਤਾਂ ਵੱਡੇ ਭਰਾ ਤੇ ਡੰਡਾ ਫਿਰਾਉਣ ਲਈ। ਤਮਾਸ਼ਬੀਨਾਂ ਦੇ ਚੁੱਕੇ ਚੁਕਾਏ। ਐਵੇਂ ਹੈਂਕੜ ਦਿਖਾਉਣ ਲਈ।

ਝਗੜਾ ਵੀ ਕੀ ਸੀ ? ਖ਼ਾਲੀ ਪਲਾਟ ਦਾ ਇਕ ਛੋਟਾ ਜਿਹਾ ਟੁਕੜਾ। ਰਮੇਸ਼ ਦੇ ਨਾਲ ਲੱਗਦਾ ਹੈ। ਵਾਧੂ ਘਾਟੂ ਸਮਾਨ ਰੱਖ ਲੈਂਦਾ ਸੀ ਤਾਂ ਉਹਦਾ ਕੀ ਵਿਗੜਦਾ ਸੀ। ਉਹ ਕਰਾਇਆ ਦੇਣ ਨੂੰ ਵੀ ਤਿਆਰ ਸੀ। ਨਾਲ ਲਗਦੀ ਜਗ੍ਹਾ ਦਾ ਸੁੱਖ ਤੱਕਦਾ ਸੀ। ਜਗ੍ਹਾ ਖ਼ਾਲੀ ਕਰਕੇ ਕਿਹੜਾ ਉਹ ਭੁੱਖ ਮਰਨ ਲੱਗ ਪਿਆ। ਕੰਧ 'ਤੇ ਜਾ ਬੈਠੇ ਡੱਬੂਆਂ ਨੇ ਮਾਮੂਲੀ ਜਿਹੇ ਮਸਲੇ ਨੂੰ ਕੱਚੀ ਲੱਸੀ ਵਾਂਗ ਵਧਾ ਵਧਾ ਕੇ ਥਾਣੇ ਕਚਹਿਰੀਆਂ ਤਕ ਪਹੁੰਚਾ ਦਿੱਤਾ।

ਘੜੀ 'ਤੇ ਦੋ ਨਾ ਵੱਜੇ ਹੁੰਦੇ ਤਾਂ ਗੁਆਂਢੀਆਂ ਦੇ ਜਾ ਕੇ ਉਹ ਹੁਣੇ ਟੈਲੀਫੋਨ 'ਤੇ ਗੱਲ ਕਰਦਾ। ਆਖਰ ਨਹੁੰ ਮਾਸ ਦਾ ਰਿਸ਼ਤਾ ਹੈ। ਦੋ ਗਿੱਠਾਂ ਜਗ੍ਹਾ ਖਾਤਰ ਕਿੰਨਾ ਕੁ ਚਿਰ ਮੂੰਹ ਮੋਟਾ ਰੱਖਣਗੇ। ਉਹਦੇ ਬੱਚਿਆਂ ਨੇ ਤਾਂ ਪਤਾ ਨਹੀਂ ਕਿਥੇ ਕਿਥੇ ਧੱਕੇ ਖਾਣੇ ਹਨ। ਭਰਾ ਤਾਂ ਸੁਖੀ ਵਸੇ। ਵਾਧੂ ਘਾਟੂ ਸਮਾਨ ਤਾਂ ਕੀ ਉਹ ਭਾਵੇਂ ਹਵੇਲੀ ਉਸਾਰ ਲਏ।

ਕਿੰਨਾ ਹੀ ਕੁਝ ਚਾਹ ਰਿਹਾ ਸੀ ਪਵਨ। ਪਰ ਸਮਾਂ ਇੰਨਾ ਥੋੜਾ ਸੀ ਕਿ ਕੁਝ ਵੀ ਨੇਪਰੇ ਚੜ੍ਹਨ ਦੀ ਆਸ ਨਹੀਂ ਸੀ।

ਕੀ ਪਤੈ ਕਦੋਂ ਕੋਈ ਕੁੰਡਾ ਖੜਕਾ ਦੇਵੇ ? ਕਦੋਂ ਕੋਈ ਕੰਧ ਟੱਪ ਆਏ ? ਚੰਗਾ ਹੋਵੇ ਜੇ ਉਹ ਪਵਨ ਦੇ ਜਾਗਦਿਆਂ ਜਾਗਦਿਆਂ ਆ ਜਾਣ। ਚੰਗਾ ਹੋਵੇ ਉਹ ਮਾਰਨ ਤੋਂ ਪਹਿਲਾਂ ਉਹਦੀ ਬੇਨਤੀ ਸੁਣ ਲੈਣ। ਹੱਥ ਬੰਨ੍ਹ ਕੇ ਉਹ ਆਖੇਗਾ ਮੇਰੇ ਸਾਰੇ ਟੱਬਰ ਨੂੰ ਮਾਰ ਦਿਉ। ਪਿਛੋਂ ਇਨ੍ਹਾਂ ਬੁਰੇ ਦਿਨਾਂ ਨੂੰ ਯਾਦ ਕਰਕੇ ਕੀਰਣੇ ਪਾਉਣ ਵਾਲਾ ਕੋਈ ਨਾ ਰਹੇ।

ਉਹਦੇ ਚਾਹੁਣ ਜਾਂ ਨਾ ਚਾਹੁਣ ਦਾ ਕੀ ਹੈ ? ਉਹ ਤਾਂ ਚਾਹੁੰਦਾ ਹੈ ਉਹਦੀ ਦੋ ਘੜੀ ਅੱਖ ਲੱਗ ਜਾਵੇ। ਅੱਖਾਂ ਦੀ ਰੜਕ ਥੋੜੀ ਮੱਠੀ ਪਵੇ ਤੇ ਮਨ ਦਾ ਬੋਝ ਹਲਕਾ ਹੋਵੇ।

ਵਿਸਕੀ ਤਾਂ ਕੋਈ ਅਸਰ ਨਹੀਂ ਕਰ ਸਕੀ। ਮਲਕੜੇ ਜਿਹੇ ਉੱਠ ਕੇ ਉਹਨੇ ਦਵਾਈਆਂ ਵਾਲਾ ਡੱਬਾ ਖੋਲ੍ਹਿਆ। ਸੰਗੀਤਾ ਦੀਆਂ ਨੀਂਦ ਵਾਲੀਆਂ ਗੋਲੀਆਂ ਹੀ ਸ਼ਾਇਦ ਕੁਝ ਰਾਹਤ ਦਿਵਾ ਦੇਣ।

(39)
LAAM

ਜਦੋਂ ਤੋਂ ਸੰਗੀਤਾ ਨੂੰ ਪਵਨ ਦੇ ਅਨੀਤਾ ਨਾਲ ਇਸ਼ਕ ਦੀ ਭਿਣਕ ਪਈ ਹੈ ਉਹ ਅੰਦਰੋਂ ਅੰਦਰ ਖੁਰਦੀ ਜਾ ਰਹੀ ਹੈ। ਜਦੋਂ ਮਨ ਉਖੜਦਾ ਹੈ ਤਾਂ ਇਹੋ ਗੋਲੀਆਂ ਉਹਦਾ ਸਹਾਰਾ ਬਣੀਆਂ ਹਨ।

ਗੱਲਾਂ ਗੱਲਾਂ ਵਿਚ ਪਵਨ ਨੇ ਉਹਨੂੰ ਵੀਹ ਵਾਰ ਸਮਝਾਇਆ ਹੈ। ਅਨੀਤਾ ਨਾਲ ਹੁਣ ਉਹਦਾ ਕੋਈ ਵਾਸਤਾ ਨਹੀਂ । ਉਹਨੂੰ ਤਾਂ ਵਿਆਹਿਆਂ ਵੀ ਵਰ੍ਹਾ ਹੋ ਗਿਐ। ਜਨਮ ਜਨਮਾਂਤਰਾਂ ਤਕ ਸਾਥ ਨਿਭਾਉਣ ਦੇ ਵਾਅਦੇ ਕਰਨ ਵਾਲੀ ਅਨੀਤਾ ਭੁੱਲ ਭੁਲੇਖੇ ਕਦੇ ਟੱਕਰ ਵੀ ਜਾਵੇ ਤਾਂ ਡਰੀ ਸਹਿਮੀ ਇਸ਼ਕ ਦੀ ਕਹਾਣੀ ਨੂੰ ਦਫ਼ਨ ਕਰਨ ਦੇ ਤਰਲੇ ਕਰਦੀ ਹੈ। ਚਿੱਠੀਆਂ, ਗਰੀਟਿੰਗਾਂ ਅਤੇ ਫੋਟੋਆਂ ਨੂੰ ਹੱਥੀਂ ਸਾੜ ਕੇ ਵੀ ਉਹਨੂੰ ਯਕੀਨ ਨਹੀਂ ਆਇਆ।

ਪਵਨ ਦੇ ਨਾਲ ਹੀ ਅਨੀਤਾ ਦੇ ਫਿਕਰ ਵੀ ਮਿਟ ਜਾਣਗੇ। ਪਿਛੋਂ ਪਾਰਸ ਬਣੀ ਅਨੀਤਾ ਨੂੰ ਸਤੀ ਸਵਿਤਰੀ ਵਾਲਾ ਜੀਵਨ ਜਿਉਣ ਵਿਚ ਕੋਈ ਦਿੱਕਤ ਨਹੀਂ ਹੋਏਗੀ।

ਅਨੀਤਾ ਨੂੰ ਮੁਬਾਰਕਾਂ ਦਿੰਦਾ ਉਹ ਪੂਰੀਆਂ ਤਿੰਨ ਗੋਲੀਆਂ ਨਿਗਲ ਗਿਆ।

ਜ਼ਿੰਦਗੀ ਦੇ ਕੌੜੇ ਮਿੱਠੇ ਸੱਚਾਂ ਨੂੰ ਫੋਲਦਿਆਂ ਉਹਨੂੰ ਲੱਗਾ ਸ਼ਾਇਦ ਸੱਚਮੁੱਚ ਉਹਦੀ ਅੱਖ ਲੱਗ ਗਈ ਸੀ। ਨਹੀਂ ਤਾਂ ਬਦਲੀ ਦੇ ਆਰਡਰਾਂ ਨੂੰ ਪੜ੍ਹ ਪੜ੍ਹ ਖ਼ੁਸ਼ ਹੋਣ ਦਾ ਕੀ ਮਤਲਬ ? ਇਹ ਸੁਫਨਾ ਨਹੀਂ ਤਾਂ ਕੀ ਸੀ ?

ਬਦਲੀ ਦਾ ਖ਼ਿਆਲ ਉਹਦੇ ਡੋਲਦੇ ਮਨ ਨੂੰ ਬਹੁਤਾ ਚਿਰ ਠੁੰਮਨਾ ਨਾ ਦੇ ਸਕਿਆ। ਆਪਣੇ ਪੂਰੇ ਰਸੂਖ ਵਰਤ ਕੇ ਬਦਲੀ ਇਨ੍ਹੀਂ ਦਿਨੀਂ ਵੀ ਕਰਾ ਸਕਦਾ ਹੈ ਪਰ ਬਦਲੀ ਕਰਾ ਕੇ ਇਸ ਛੋਟੀ ਜਿਹੀ ਪੰਜਾਬੜੀ ਵਿਚ ਜਾਏਗਾ ਵੀ ਕਿਥੇ ? ਜਿਹੜਾ ਇਕ ਵਾਰ ਹਿੱਟ ਲਿਸਟ 'ਤੇ ਚੜ੍ਹ ਗਿਆ, ਉਹ ਭਾਵੇਂ ਸੱਤਵੇਂ ਅਸਮਾਨ 'ਤੇ ਜਾ ਲੁਕੇ ਮਜਾਲ ਹੈ ਬਚ ਜਾਏ। ਜੱਜ, ਡੀ.ਆਈ.ਜੀ., ਐਸ.ਪੀ., ਡੀ.ਐਸ.ਪੀ. ਤੇ ਕਿੰਨੇ ਹੀ ਹੋਰ। ਕਿਸੇ ਨੂੰ ਕੋਈ ਵੀ ਢੰਗ ਬਚਾਅ ਨਹੀਂ ਸਕਿਆ।

ਪੰਜਾਬ ਛੱਡ ਕੇ ਵੀ ਨਹੀਂ ਜਾ ਸਕਦਾ। ਜਾਏਗਾ ਕਿਥੇ ? ਪੰਜਾਬ ਦੇ ਦੋ ਜ਼ਿਲ੍ਹਿਆਂ ਤੋਂ ਬਾਹਰ ਤਾਂ ਉਹਦੀ ਜਾਣ ਪਹਿਚਾਣ ਵੀ ਨਹੀਂ ਰਿਸ਼ਤੇਦਾਰੀ ਤਾਂ ਛਡੋ।

ਬਾਹਰ ਜਾ ਕੇ ਕਰੇਗਾ ਵੀ ਕੀ ? ਇਥੇ ਤਾਂ ਉਹਦੀ ਵਕਾਲਤ ਦਾ ਸਿੱਕਾ ਚਲਦਾ ਹੈ। ਫੱਟਾ ਲਾ ਕੇ ਵੀ ਬੈਠ ਜਾਏ ਤਾਂ ਵੀ ਹਜ਼ਾਰਾਂ ਰੁਪਏ ਮਹੀਨਾ ਕਮਾ ਸਕਦੈ। ਬਾਹਰ ਤਾਂ ਕਿਸੇ ਨੇ ਦਿਹਾੜੀ 'ਤੇ ਵੀ ਨਹੀਂ ਲਾਉਣਾ। ਨਲਕੇ 'ਚੋਂ ਕਦੇ ਪਾਣੀ ਦੀ ਬਾਲਟੀ ਭਰਨੀ ਪੈ ਜਾਏ ਤਾਂ ਤਿੰਨ ਦਿਨ ਢੂੰਹੀ ਦੁਖਦੀ ਰਹਿੰਦੀ ਹੈ। ਵਿਉਪਾਰ ਲਈ ਨਾ ਤਜਰਬਾ ਹੈ ਨਾ ਸਾਥੀ-ਸੰਗੀ। ਸ਼ੌਂਕ ਸ਼ੌਂਕ 'ਚ ਪੰਜਾਬ ਛੱਡ ਕੇ ਗਏ ਨੰਗ ਮਲੰਗ ਹੋ ਕੇ ਮੁੜ ਆਏ। ਹੁਣ ਆਖਦੇ ਨੇ ਬਾਹਰ ਭੁੱਖੇ ਮਰਨ ਨਾਲੋਂ ਤਾਂ ਇਥੇ ਗੋਲੀ ਖਾ ਕੇ ਮਰਨਾ ਚੰਗਾ ਹੈ।

ਪਵਨ ਲਈ ਤਾਂ ਗੋਲੀ ਵੀ ਤਿਆਰ ਹੈ। ਕਿਸੇ ਵੀ ਸਮੇਂ ਠੂਹ ਠੂਹ ਹੋ ਸਕਦੀ ਹੈ।

''ਕੋਈ ਵਾਰਨਿੰਗ ਨਹੀਂ ਕਿਸੇ ਨੂੰ ਕੋਈ ਗਿਲਾ ਸ਼ਿਕਵਾ ਨਹੀਂ। ਕਿਉਂ ਮਾਰਨਗੇ ਉਹ ਭਲਾ



ਤੈਨੂੰ। ਐਵੇਂ ਉਹੋ ਡਰਪੋਕਾਂ ਵਾਲੀ ਆਦਤ।''

ਡੁੱਬਦੇ ਪਵਨ ਕੋਲ ਇਕ ਇਹੋ ਤਿਣਕੇ ਦਾ ਸਹਾਰਾ ਸੀ। ਕਈ ਵਾਰ ਉਹਨੂੰ ਮਹਿਸੂਸ ਹੋਇਆ ਸੀ ਮਕੜੀ ਵਾਂਗ ਐਵੇਂ ਆਪਣੇ ਹੀ ਬੁਣੇ ਜਾਲ ਵਿਚ ਉਹ ਫਸ ਗਿਆ ਸੀ। ਆਪਣੇ ਹੀ ਦੇਸ਼ ਵਿਚ ਉਹਨੂੰ ਕੋਈ ਖਤਰਾ ਨਹੀਂ ਸੀ।

ਇਸ ਸੁਖਦ ਵਿਚਾਰ ਨਾਲ ਉਹਨੂੰ ਕੋਈ ਖਤਰਾ ਨਹੀਂ ਸੀ।

ਨਵੇਂ ਦੇਸ਼ ਦੇ ਨਾਹਰੇ ਉਹਦੇ ਕੰਨਾਂ ਵਿਚ ਗੂੰਜਣ ਲੱਗੇ...ਗੱਡੀਆਂ ਬੱਸਾਂ ਵਿਚ ਤੁੰਨੀਆਂ ਭੀੜਾਂ ਆਪਣੇ ਆਪਣੇ ਦੇਸ਼ ਨੂੰ ਦੌੜਣ ਲੱਗੀਆਂ....। ਪਵਨ ਕਿਧਰ ਜਾ ਰਿਹੈ ?....ਬੀਵੀ...ਬੱਚੇ...ਸਮਾਨ...ਕਿਹੜੀ ਭੀੜ ਵਿਚ ਰੁਲ ਗਏ ?....ਖ਼ਾਲੀ ਹੱਥ ਲਟਕਾਈ ਉਹ ਚੀਕ ਰਿਹਾ ਹੈ....।

ਨਹੀਂ ਨਹੀਂ ਕੁਝ ਵੀ ਨਹੀਂ ਗਵਾਚਾ। ਉਹਦੀ ਬੀਵੀ ਉਹਦੇ ਕੋਲ ਸੁੱਤੀ ਪਈ ਹੈ। ਬੱਚੇ ਉਹਨੂੰ ਜੱਫੀ ਪਾਈ ਪਏ ਹਨ। ਸਾਰਾ ਸਮਾਨ ਆਪਣੀ ਥਾਂ ਸਿਰ ਹੈ।

ਸ਼ੁਕਰ ਹੈ ! ਇਹ ਵੀ ਇਕ ਸੁਫਨਾ ਹੀ ਸੀ।

ਅੱਖਾਂ ਫਾੜ ਫਾੜ ਉਹਨੇ ਵਿਹੜੇ ਵੱਲ ਤੱਕਿਆ। ਘੁੱਪ ਹਨੇਰਾ ਸੀ, ਸ਼ਾਂ ਸ਼ਾਂ ਵਗਦੀ ਹਵਾ ਸੀ ਜਾਂ ਉਹਨਾਂ ਵਿਚ ਘਿਰਿਆ ਪਵਨ।

ਚੰਗਾ ਹੋਵੇ ਜੇ ਇਕ ਪਾਸਾ ਹੋ ਜਾਵੇ। ਹਰ ਰੋਜ਼ ਦੀ ਖਚ ਖਚ ਮੁੱਕੇ। ਕਿੰਨੇ ਸਾਲ ਤਾਂ ਹੋ ਗਏ ਸਿਰ 'ਤੇ ਤਲਵਾਰ ਲਟਕਦਿਆਂ। ਨਵੇਂ ਜਾਂ ਪੁਰਾਣੇ ਕਿਸੇ ਦੇਸ਼ 'ਚ ਤਾਂ ਉਹਨੂੰ ਥਾਂ ਮਿਲੇਗੀ ਹੀ। ਦੋ ਚਾਰ ਸਾਲ ਧੱਕੇ ਖਾ ਕੇ ਆਪੇ ਘਰ ਬਾਰ ਬਣ ਜੂ। ਘਟੋ ਘਟ ਨੌਕਰੀ ਤਾਂ ਨਹੀਂ ਜਾਊ। ਅੱਜ ਦਿਆਂ ਹਾਲਾਤਾਂ ਵਿਚ ਤਾਂ ਧੋਬੀ ਦੇ ਕੁੱਤੇ ਵਾਂਗ ਨਾਲ ਉਹ ਘਰ ਦੇ ਹਨ ਤੇ ਨਾ ਘਾਟ ਦੇ।

ਇਕ ਪਾਸਾ ਹੋਣਾ ਲੱਗਿਆਂ ਵੀ ਹਾਲੇ ਵਰ੍ਹੇ ਲੱਗ ਜਾਣੇ ਹਨ। ਉਦੋਂ ਤਕ ਤਾਂ ਪਵਨ ਹਜ਼ਾਰ ਵਾਰ ਮਰ ਚੁੱਕਾ ਹੋਏਗਾ। ਇਕ ਵਾਰ ਉਹ ਚਲ ਵਸਿਆ, ਪਿਛੋਂ ਭਾਵੇਂ ਨਵਾਂ ਦੇਸ਼ ਉਸਰੇ, ਭਾਵੇਂ ਪੁਰਾਣੇ ਸਾਂਝੇ ਸਭਿਆਚਾਰ ਦੀ ਸੁਰਤ ਆਵੇ, ਉਹਨੂੰ ਕੀ !

ਸਾਂਝਾ ਨੂੰ ਤਾਂ ਹਾਲੇ ਵੀ ਕੁਝ ਨਹੀਂ ਹੋਇਆ। ਤੀਹ ਵਰ੍ਹੇ ਪਹਿਲਾਂ ਲਸੂੜੇ ਦੇ ਟਾਹਣੇ 'ਤੇ ਬੈਠ ਕੇ ਇਕ ਦੂਜੇ ਦੀਆਂ ਜੂਠੀਆਂ ਲਸੂੜੀਆਂ ਖਾਣ ਵਾਲੇ ਚੂਹੜਿਆਂ ਦੇ ਪਾਲੇ, ਥਾਣੇਦਾਰ ਦੇ ਬਲਦੇਵ, ਮਿਸਤਰੀਆਂ ਦੇ ਜੀਤੇ ਜਾਂ ਪਟਵਾਰੀਆਂ ਦੇ ਗੁਰਜੀਤ ਕਿਸੇ ਨੂੰ ਵੀ ਸੁਨੇਹਾ ਘਲੇ ਦੋਨਾਲੀਆਂ ਲੈ ਕੇ ਆ ਖੜੋਣਗੇ। ਕਾਲਜ ਦੇ ਦਿਨਾਂ 'ਚ ਇਕੱਠੇ ਹਾਕੀ ਖੇਡਣ ਵਾਲੇ ਸੌਦਾਗਰ, ਸੁਰਿੰਦਰ ਜਾਂ ਸਰਬਜੀਤ ਲਈ ਪਵਨ ਦਾ ਖ਼ੂਨ ਵੀ ਵਹਿ ਜਾਏ ਤਾਂ ਕੀ ਫਰਕ ਪੈਂਦਾ ਹੈ। ਇਹੋ ਜਿਹੇ ਪਿਆਰੇ ਮਿੱਤਰਾਂ ਨੂੰ ਕਿਵੇਂ ਆਪਣੇ ਖ਼ੂਨ ਦੇ ਪਿਆਸੇ ਮੰਨ ਲਏ।

...ਉਹ ਐਵੇਂ ਡਰਿਆ ਬੈਠਾ ਹੈ...ਕਾਲੀ ਹਨ੍ਹੇਰੀ ਤਾਂ ਕਦੋਂ ਦੀ ਲੰਘ ਗਈ। ਦਲੀਲਾਂ ਪੇਸ਼ ਕਰਦੇ ਪਵਨ ਦੀ ਦਹਾੜ ਮੁੜ ਸਾਰੀ ਕਚਹਿਰੀ ਵਿਚ ਗੂੰਜਣ ਲੱਗੀ ਹੈ-ਭੁੱਲ ਭੁਲਾ ਗਿਆ ਹੈ ਉਹਨੂੰ

ਕਿ ਬਹਿਸ ਕਰਦਿਆਂ ਮੁਜਰਮ ਦੇ ਹੁਲੀਏ ਜਾਂ ਉਹਦੇ ਤੇ ਲੱਗੀਆਂ ਦਫ਼ਾਵਾਂ ਦਾ ਖ਼ਿਆਲ ਰੱਖਣਾ ਚਾਹੀਦੈ....। ਮੁੜ, ਚਮਾਰਾਂ ਵਿਹੜੇ ਗੋਲੀਆਂ ਚਲਾ ਕੇ ਫਤੂਰ ਪਾਉਣ ਵਾਲੇ ਸਰਦਾਰਾਂ, ਮਜ਼ਦੂਰਾਂ ਨੂੰ ਕਾਰਾਂ ਥੱਲੇ ਦੇ ਕੇ ਮਾਰਨ ਵਾਲੇ ਚੌਧਰੀਆਂ ਜਾਂ ਘਿਉ ਵਿਚ ਗਊ ਦੀ ਚਰਬੀ ਮਿਲਾ ਕੇ ਵੇਚਣ ਵਾਲੇ ਲਾਲਿਆਂ ਵਿਚ ਉਹਨੂੰ ਫ਼ਰਕ ਦਿਖਾਈ ਦੇਣੋਂ ਹਟ ਗਿਐ....।

ਨੀਰਜ਼ ਦੀ ਭਿਆਨਕ ਚੀਕ ਨੇ ਪਵਨ ਦਾ ਸੁਖਾਂਤ ਸੁਫਨਾ ਖੇਰੂੰ ਖੇਰੂੰ ਕਰ ਦਿੱਤਾ।

ਨੀਰਜ਼ ਨੇ ਵੀ ਸੁਫਨਾ ਦੇਖਿਆ ਹੋਣਾ ਹੈ। ਸ਼ਾਇਦ ਪਵਨ ਦੇ ਬਜਦੀ ਗੋਲੀ ਦਾ।

ਗੁਰਦੁਆਰਿਆਂ ਅਤੇ ਮੰਦਰਾਂ ਦੇ ਲਾਉਡ ਸਪੀਕਰ ਇਕ ਦਮ ਵੱਜਣ ਲੱਗੇ। ਸਦੀਆਂ ਤੋਂ ਗਈ ਬਿਜਲੀ ਦਾ ਕਰੰਟ ਜਿਵੇਂ ਇਕ ਦਮ ਪਰਤ ਆਇਆ ਹੋਵੇ।

ਰਾਤ ਦਾ ਸੱਨਾਟਾ ਬੀਤ ਚੁੱਕਾ ਸੀ। ਇਹ ਸੁਹਾਣਾ ਸਰਘੀ ਵੇਲਾ ਸੀ।

ਇਸ ਸ਼ੁਭ ਸਮੇਂ ਇਕ ਸੁਫਨਾ ਉਹਨੇ ਤੱਕਿਆ ਹੈ ਅਤੇ ਇਕ ਨੱਨੀ ਨੀਰਜ਼ ਨੇ। ਮਾਂ ਆਖਦੀ ਹੁੰਦੀ ਸੀ ਸਰਘੀ ਵੇਲੇ ਦਾ ਸੁਫਨਾ ਕਦੇ ਝੂਠਾ ਨਹੀਂ ਜਾਂਦਾ।

ਭੱਠ 'ਚ ਪੈਣ ਇਹ ਸੁਫਨੇ। ਜੇ ਇਹ ਸੱਚੇ ਵੀ ਹੋਣ ਲੱਗੇ ਤਾਂ ਵੀ ਪਹਿਲਾਂ ਵਾਰੀ ਨੀਰਜ਼ ਦੇ ਸੁਫਨੇ ਦੀ ਆਏਗੀ। ਜਦੋਂ ਪਵਨ ਦਾ ਸੁਪਨਾ ਸੱਚਾ ਹੋਣ ਲੱਗੇਗਾ, ਉਦੋਂ ਤਾਂ ਉਹਨੂੰ ਮਰਿਆਂ ਵਰ੍ਹੇ ਬੀਤ ਗਏ ਹੋਣਗੇ।

ਇਕੱਲੇ ਪਵਨ ਦੇ ਮਰਿਆਂ ਕਹਾਣੀ ਖ਼ਤਮ ਹੋ ਜਾਏ ਤਾਂ ਵੀ ਕੋਈ ਨਹੀਂ। ਇਸ ਖ਼ੂਨੀ ਸਾਕੇ ਨੇ ਤਾਂ ਪਤਾ ਨਹੀਂ ਕਿੰਨੇ ਵਰ੍ਹੇ ਹੋਣ ਚਲਣਾ ਹੈ। ਫੇਰ ਉਹਦੇ ਪੁੱਤਰ ਸ਼ਾਲੂ ਦੀ ਵਾਰੀ ਆਏਗੀ। ਕਦੇ ਸੁਰਜੀਤ, ਗੁਰਜੀਤ ਤੇ ਸੁਰਿੰਦਰ ਪੁਲਿਸ ਮੁਕਾਬਲੇ 'ਚ ਮਰਨਗੇ...। ਫੇਰ ਉਨ੍ਹਾਂ ਦੇ ਲਾਡਲੇ ਗੁਰਜੋਰ, ਬਹਾਦਰ ਤੇ ਮੀਤਪਾਲ...ਅਤੇ ਫੇਰ...

ਅੱਗੇ ਸੋਚਣ ਤੋਂ ਪਹਿਲਾਂ ਉਹਦੀ ਭੁੱਬ ਨਿਕਲ ਗਈ। ਦੋ ਕੋਸੇ ਕੋਸੇ ਹੰਝੂ ਅੱਖਾਂ 'ਚੋਂ ਟਪਕ ਕੇ ਗਲ੍ਹਾਂ 'ਤੇ ਵਹਿ ਤੁਰੇ।

ਨੀਰਜ਼ ਦੇ ਸੁਫਨੇ ਢੁੱਲ ਚੜ੍ਹਾਉਂਦਾ ਪਵਨ ਜੋ ਮਰਦਾ ਹੈ ਤਾਂ ਮਰ ਜਾਏ। ਚੰਗਾ ਹੋਵੇ ਜੇ ਲੱਖਾਂ ਹੋਰ ਘਰ ਉਜੜਨ ਤੋਂ ਪਹਿਲਾਂ ਉਹਦਾ ਸੁਫਨਾ ਵੀ ਸੱਚਾ ਹੋ ਜਾਵੇ।

ਕੁਝ ਰਾਹਤ ਮਹਿਸੂਸ ਕਰਕੇ ਅੱਖਾਂ ਮੀਚਦਾ ਪਵਨ ਟੁੱਟੇ ਸੁਫਨੇ ਦੀਆਂ ਤੰਦਾਂ ਜੋੜਨ ਦੇ ਯਤਨ ਕਰਨ ਲੱਗਾ।

☆☆☆



# ਸ਼ਨਾਖ਼ਤ

ਸਾਹਿਬ ਦਾ ਹੁਕਮ ਮਿਲਦਿਆਂ ਹੀ ਬਘੇਲ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸ ਦਾ ਪੈਂਤੀਆਂ ਸਾਲਾਂ ਦਾ ਤਜਰਬਾ ਆਖਦਾ ਸੀ ਅਫ਼ਸਰ ਕਦੇ ਮੁਖ ਨੂੰ ਯਾਦ ਨਹੀਂ ਕਰਦੇ। ਜ਼ਰੂਰ ਉਸ ਤੋਂ ਕੋਈ ਗਲਤੀ ਹੋ ਗਈ ਹੈ। ਪਰ ਕੀ ਗਲਤੀ ਹੋ ਗਈ ਇਹੋ ਉਸ ਦੀ ਅਕਲ ਦੇ ਖਾਨੇ ਵਿਚ ਨਹੀਂ ਆ ਰਿਹਾ।

ਉਸ ਦੀ ਨੀਂਦ ਤਾਂ ਪਹਿਲਾਂ ਹੀ ਹਰਾਮ ਹੋਈ ਪਈ ਸੀ। ਮਹੀਨੇ ਦੀ ਹੜਤਾਲ ਕੋਈ ਘੱਟ ਨਹੀਂ ਹੁੰਦੀ, ਫੇਰ ਅਜਿਹੇ ਸ਼ੈਲਰਾਂ ਵਿਚ ਜਿਨ੍ਹਾਂ ਦੀ ਪਹੁੰਚ ਸਿੱਧੀ ਮੁੱਖ ਮੰਤਰੀ ਤਕ ਹੋਵੇ। ਹੜਤਾਲ ਕਾਹਦੀ ਸ਼ੁਰੂ ਹੋਈ ਸੀ, ਬਘੇਲ ਸਿੰਘ ਦੀ ਜੇਬ ਤੇ ਗ੍ਰਹਿ ਚੜ੍ਹਿਆ ਸੀ। ਆਨੇ ਬਹਾਨੇ ਨਿੱਤ ਨਵਾਂ ਅਫ਼ਸਰ ਆ ਟਪਕਦਾ ਜਿਵੇਂ ਇਥੇ ਲੱਗੀ ਅੱਗ ਉਹਨਾਂ ਬਿਨਾਂ ਬੁਝ ਹੀ ਨਹੀਂ ਸਕਦੀ। ਕਾਜੂ, ਬਦਾਮਾਂ ਅਤੇ ਮੁਰਗੇ ਵਿਸਕੀਆਂ ਦਾ ਇੰਤਜ਼ਾਮ ਕਰਦੇ ਕਰਦੇ ਉਸ ਦੀ ਟਿੰਡ ਗੰਜੀ ਹੋ ਗਈ ਸੀ। ਉਧਰੋਂ ਥਾਣੇ ਪੱਬ ਨਹੀਂ ਸੀ ਪੈਂਦਾ। ਕੁਰਸੀ 'ਤੇ ਬੈਠੇ ਤਾਂ ਖਰਚਾ ਨਿਕਲੇ।

ਇਸ ਤੋਂ ਵੀ ਵੱਧ ਫਿਕਰ ਉਸ ਨੂੰ ਆਪਣੇ ਮਨ ਦਾ ਸੀ ਜਿਹੜਾ ਮਜ਼ਦੂਰ ਰੈਲੀਆਂ ਵਿਚ ਹੁੰਦੇ ਨਿੱਤ ਦੇ ਭਾਸ਼ਣ ਸੁਣ ਸੁਣ ਡੋਲ ਗਿਆ ਸੀ। ਪੰਦਰਾਂ ਸਾਲ ਪਹਿਲਾਂ ਵੀ ਉਸ ਦਾ ਮਨ ਇਸੇ ਤਰ੍ਹਾਂ ਡੋਲਿਆ ਸੀ ਤੇ ਉਸ ਨੇ ਖ਼ਤਰਨਾਕ ਅਖਵਾਉਂਦੇ ਤਿੰਨ ਨਕਸਲੀਏ ਥਾਣਿਉਂ ਭਜਾ ਦਿੱਤੇ ਸਨ। ਉਹਨਾਂ ਨੂੰ ਇੰਟਰੋਗੇਟ ਕਰਦਾ ਕਰਦਾ ਉਹ ਖ਼ੁਦ ਹੀ ਬਦਲ ਗਿਆ ਸੀ। ਪਿਛੋਂ ਸਸਪੈਂਡ ਹੋਣ ਅਤੇ ਬਹਾਲੀ ਲਈ ਇਸ ਸਾਲ ਦਫ਼ਤਰਾਂ ਦੇ ਧੱਕੇ ਖਾਣ ਵਿਚ ਉਸ ਨੂੰ ਕੋਈ ਰੰਜ ਨਹੀਂ ਸੀ ਹੋਇਆ। ਉਹਨਾਂ ਵਿਚੋਂ ਦੋ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣੇ ਪਿਛੋਂ ਜਦੋਂ ਉਸ ਨੂੰ ਬਹਾਲੀ ਦੇ ਆਰਡਰ ਮਿਲੇ ਸਨ ਉਸ ਸਮੇਂ ਜ਼ਰੂਰ ਉਸ ਦੇ ਹੱਥ ਕੰਬੇ ਸਨ ਅਤੇ ਮਲੋ ਮਲੀ ਅੱਖਾਂ ਸਿੰਮ ਆਈਆਂ ਸਨ।

ਉਸ ਨੂੰ ਕਈ ਵਾਰ ਭੁਲੇਖਾ ਪਿਆ ਸੀ ਜਿਵੇਂ ਉਸ ਅੰਦਰ ਧੁੜਧੜੀ ਪੈਦਾ ਕਰਨ ਵਾਲੇ ਮਜ਼ਦੂਰ ਨੇਤਾ ਦੇ ਨਕਸ਼ ਬਚ ਰਹਿਣ ਵਾਲੇ ਤੀਸਰੇ ਨਕਸਲੀਏ ਨਾਲ ਮਿਲਦੇ ਜੁਲਦੇ ਸਨ। ਉਹ ਕਦੇ ਬਹੁਤਾ ਪੁਲਿਸ ਦੇ ਖ਼ਿਲਾਫ਼ ਵੀ ਨਹੀਂ ਬੋਲਿਆ। ਨਹੀਂ ਤਾਂ ਬਹੁਤੇ ਨੇਤਾਵਾਂ ਦਾ ਨਜ਼ਲਾ ਪੁਲਿਸ 'ਤੇ ਹੀ ਝੜਦਾ ਸੀ। ਆਪਣੇ ਆਪ ਅਤੇ ਆਪਣੀ ਵਰਦੀ ਨਾਲ ਪੈਦਾ ਹੁੰਦੀ ਜਾ ਰਹੀ ਨਫ਼ਰਤ ਉਸ ਨੂੰ ਘੁਣ ਵਾਂਗ ਖਾਣ ਲੱਗੀ ਸੀ।

ਉਸ ਨੂੰ ਤਾਂ ਇਹਨਾਂ ਆਰਥਿਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਨੇ ਹੀ ਘੱਟ ਬੇਚੈਨ ਨਹੀਂ ਸੀ ਕਰ ਰਖਿਆ ਕਿ ਉਪਰੋਂ ਕਿਸੇ ਹੋਰ ਮੁਸੀਬਤ ਦਾ ਪਹਾੜ ਟੁੱਟਣ ਦਾ ਸੁਨੇਹਾ ਮਿਲਣ ਵਾਲਾ ਸੀ।

ਇਸ ਨਵੀਂ ਮੁਸੀਬਤ ਦੀ ਜੜ੍ਹ ਉਸ ਨੂੰ ਆਪਣਾ ਮੁਨਸ਼ੀ ਲੱਗਦਾ ਸੀ। ਮੁਨਸ਼ੀ ਥਾਣੇ ਦੀ ਮਾਂ

ਹੁੰਦਾ ਹੈ। ਥਾਣੇ ਦਾ ਸਾਰਾ ਇੰਤਜ਼ਾਮ ਉਸ ਨੇ ਆਪਣੀ ਅਕਲ ਦੇ ਸਿਰ 'ਤੇ ਚਲਾਉਣਾ ਹੁੰਦੈ। ਪਰ ਇਸ ਪੁੱਠੀ ਮੱਤ ਵਾਲੇ ਨੇ ਸਗੋਂ ਸਾਰੀ ਤਾਣੀ ਹੀ ਉਲਝਾ ਦਿੱਤੀ। ਉਸ ਦਾ ਫ਼ਰਜ਼ ਸੀ ਉਹ ਰੀਡਰ ਤੋਂ ਸਾਰੇ ਵੇਰਵੇ ਲੈਂਦਾ। ਸਾਹਿਬ ਨੇ ਥਾਣੇਦਾਰ ਨੂੰ ਕਿਉਂ ਬੁਲਾਇਐ ? ਕੋਈ ਸ਼ਿਕਾਇਤ ਤਾਂ ਨਹੀਂ। ਜੇ ਹੈ ਤਾਂ ਸ਼ਿਕਾਇਤ ਦਾ ਪਤਾ ਠਿਕਾਣਾ ਪੁੱਛਦਾ। ਬਘੇਲ ਸਿੰਘ ਦੇ ਆਉਣ ਤੋਂ ਪਹਿਲਾਂ ਹੀ ਸ਼ਿਕਾਇਤੀ ਨੂੰ ਬੁਲਾ ਕੇ ਉਸ ਦੀ ਤਸੱਲੀ ਕਰ ਦਿੰਦਾ। ਇਸ ਡੂਨ ਨੇ 'ਜੀ ਹਜ਼ੂਰ' ਆਖ ਕੇ ਹੀ ਟੈਲੀਫੋਨ ਨੂੰ ਮੱਥਾ ਟੇਕ ਦਿੱਤਾ ਜਾਵੇ ਸਾਹਿਬ ਨੇ ਫੋਨ ਵਿਚੋਂ ਨਿਕਲ ਪੈਣਾ ਸੀ।

ਉਸ ਨੂੰ ਕੋਈ ਪਤਾ ਨਹੀਂ ਰੀਡਰ ਦੀ ਆਵਾਜ਼ ਤਲਖ ਸੀ ਜਾਂ ਨਰਮ। ਉਸ ਨੂੰ ਦਫਤਰ ਬੁਲਾਇਐ ਜਾਂ ਕੋਠੀ। ਹੁਣ ਉਹ ਕਿਸ ਭੜੂਏ ਤੋਂ ਪੁੱਛੇ ਬਈ ਸਾਹਿਬ ਨੂੰ ਉਸ ਦੀ ਕੀ ਲੋੜ ਹੈ ?

ਹੈਰਾਨ ਪ੍ਰੇਸ਼ਾਨ ਬਘੇਲ ਸਿੰਘ ਸਥਿਤੀ ਦਾ ਜਾਇਜਾ ਲੈਣ ਲੱਗਾ। ਸਭ ਤੋਂ ਪਹਿਲਾਂ ਉਸ ਨੇ ਬਾਹਰ ਬੈਠੀਆਂ ਪੰਚਾਇਤਾਂ ਟਾਲੀਆਂ। ਥਾਣੇ ਦਾ ਦਰਵਾਜ਼ਾ ਬੰਦ ਕਰਵਾ ਕੇ ਹਵਾਲਾਤਾ ਅਤੇ ਬੈਰਕਾਂ ਵਿਚ ਬੰਦ ਮੁਸਤਵਿਆਂ ਨੂੰ ਕਤਾਰ ਵਿਚ ਖੜਾ ਲਿਆ। ਉਸ ਦੀਆਂ ਪਾਰਖੂ ਅੱਖਾਂ ਨੇ ਇਕ ਇਕ ਦੇ ਚਿਹਰੇ 'ਤੇ ਉਭਰਦੇ ਹਾਵ-ਭਾਵਾਂ ਦੇ ਅਰਥ ਕੱਢਣੇ ਸ਼ੁਰੂ ਕੀਤੇ। ਨੱਥੂ ਸਾਸੀ, ਗੇਲੂ ਬਾਜ਼ੀਗਰ, ਭਾਨਾ ਮਜ਼੍ਹਬੀ ਅਤੇ ਮੀਤਾ ਚਮਾਰ। ਇਹਨਾਂ ਵਿਚੋਂ ਕਿਸ ਦੀ ਮਜਾਲ ਹੈ ਸਾਹਿਬ ਕੋਲ ਸ਼ਿਕਾਇਤ ਤਾਂ ਕੀ ਉਹਦੀ ਕੋਠੀ ਵੀ ਫੜਕ ਜਾਵੇ।

ਅਗਲੇ ਹੀ ਪਲ ਪੰਚਾਇਤ ਇਲੈਕਸ਼ਨਾਂ ਲਈ ਧੂੜਾਂ ਪੁੱਟਦੀਆਂ ਜੀਪਾਂ ਦੇ ਹਾਰਨ ਉਸ ਦੇ ਕੰਨਾਂ ਵਿਚ ਗੂੰਝੇ। ਇਹ ਸਾਂਸੀ ਬਾਜ਼ੀਗਰ ਤਾਂ ਹਰ ਪਾਰਟੀ ਦੇ ਵੋਟ ਬੈਂਕ ਹਨ। ਇਹੋ ਜਿਹੇ ਦਿਨਾਂ 'ਚ ਹਰ ਕੋਈ ਇਹਨਾਂ ਦੀਆਂ ਲਾਲਾਂ ਚੱਟਦੈ। ਇਕ ਨੂੰ ਫੜੋ ਵੀਹ ਲੀਡਰ ਥਾਣੇ ਆ ਟਪਕਦੇ ਨੇ। ਕੀ ਪਤੈ ਕੋਈ ਮੁਫਤ ਦੀ ਵਾਹ ਵਾਹ ਖੱਟਣ ਲਈ ਸਾਹਿਬ ਕੁਲ ਪੁੱਜ ਗਿਆ ਹੋਵੇ। ਪੁਲਿਸ ਜਾਂ ਪਟਵਾਰੀ ਨਾਲ ਟੱਕਰ ਲੈਣਾ ਹੀ ''ਖੁੰਢਾਂ ਦੇ ਲੀਡਰਾਂ'' ਦਾ ਚੋਣ ਮੈਨੀਫੈਸਟੋ ਹੁੰਦੈ। ਇਹੋ ਜਿਹੇ ਖ਼ਤਰਨਾਕ ਮਾਹੌਲ ਵਿਚ ਕੁੱਟ ਕੁੱਟ ਕੇ ਬੰਦਿਆਂ ਨੂੰ ਥਾਣੇ ਬਹਾਈ ਰੱਖਣਾ ਕਿਥੋਂ ਦੀ ਅਕਲਮੰਦੀ ਸੀ ? ਉਸ ਨੇ ਝੂਠੀਆਂ ਸੱਚੀਆਂ ਸੌਂਹਾਂ ਖਵਾਈਆਂ। ਨੱਕ ਨਾਲੇ ਲਕੀਰਾਂ ਕਢਾਈਆਂ ਅਤੇ ਇਕ ਇਕ ਕਰਕੇ ਸਭ ਤੋਂ ਖਹਿੜਾ ਛੁਡਾ ਲਿਆ।

ਉਹਨਾਂ ਦੀ ਰਿਹਾਈ ਦਰਸ਼ਨ ਹੌਲਦਾਰ ਅਤੇ ਸ਼ਿਵਜੀ ਥਾਣੇਦਾਰ ਦੇ ਸੱਪ ਵਾਂਗ ਲੜ ਗਈ। ਨੱਥੂ ਨੇ ਚਾਰ ਚੋਰੀਆਂ ਮੰਨੀਆਂ ਸਨ, ਗੇਲੂ ਨੇ ਸਰਦਾਰਾਂ ਦਾ ਨਰਮਾਂ ਚੁਗਿਆ ਸੀ। ਭਾਨੇ ਅਤੇ ਮੀਤੇ ਨੇ ਚਮਾਰਾਂ ਦੀ ਨੂੰਹ ਨਾਲ ਮੂੰਹ ਕਾਲਾ ਕੀਤਾ ਸੀ। ਇਹਨਾਂ ਵਿਚੋਂ ਕਿਸੇ ਦਾ ਵੀ ਵਾਰਿਸ ਉਹਨਾਂ ਦੇ ਮੱਥੇ ਨਹੀਂ ਲੱਗਿਆ। ਛਿੱਤਰ ਪੌਲਾ ਉਹਨਾਂ ਨੇ ਕੀਤਾ। ਤਫ਼ਤੀਸ਼ ਉਹਨਾਂ ਦੀ। ਥਾਣੇਦਾਰ ਨੂੰ ਕੋਈ ਹੱਕ ਨਹੀਂ ਉਹਨਾਂ ਨੂੰ ਬਿਨਾ ਪੁੱਛੇ ਉਹ ਮੁਲਜਮਾਂ ਨੂੰ ਛੱਡ ਦੇਵੇ। ਉਹਨਾਂ ਦੀਆਂ ਲਾਲ ਪੀਲੀਆਂ ਅੱਖਾਂ ਦਾ ਬਘੇਲ ਸਿੰਘ ਤੇ ਕੋਈ ਅਸਰ ਨਹੀਂ ਸੀ। ਉਹ ਐਸ.ਐਚ.ਓ.ਸੀ। ਜੋ ਠੀਕ ਸਮਝੇ ਕਰੇ। ਉਸ ਨੂੰ ਕੌਣ ਰੋਕ ਸਕਦੈ।

ਥਾਣਾ ਖ਼ਾਲੀ ਕਰਕੇ ਉਹ ਵਾਇਰਲੈਸ ਸੈਟ ਉਪਰ ਜਾ ਬੈਠਾ। ਸਾਹਿਬ ਦੇ ਸਭ ਠਿਕਾਣਿਆਂ 'ਤੇ ਤਾਰ ਖੜਕਾਈ। ਨਾ ਉਹ ਵਫਾਦਾਰ ਦੋਸਤਾਂ ਰਾਹੀਂ ਬਘੇਲ ਸਿੰਘ ਨੇ ਪੁਛ ਪੜਤਾਲ ਕੀਤੀ। ਕਿਸੇ



ਨੂੰ ਵੀ ਉਸ ਖ਼ਿਲਾਫ ਕਿਸੇ ਸ਼ਿਕਾਇਤ ਜਾਂ ਅਰਜ਼ੀ-ਪੱਤਰ ਦੀ ਸੂਹ ਨਹੀਂ ਸੀ। ਪਰ ਉਸ ਦੀ ਤਸੱਲੀ ਨਹੀਂ ਸੀ ਹੋਈ। ਪੁਲਿਸ ਮਹਿਕਮਾ ਹੈ। ਸੱਚੀ ਗੱਲ ਆਪਣੇ ਬਾਪ ਨੂੰ ਵੀ ਨਹੀਂ ਦੱਸਦਾ।

ਪੁੱਛ ਪੜਤਾਲ ਕਰਦਿਆਂ ਕਰਦਿਆਂ ਸ਼ਾਮ ਦੇ ਸੱਤ ਵੱਜ ਗਏ। ਸਾਹਿਬ ਦਾ ਦਫ਼ਤਰ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਸ ਨੇ ਕੋਠੀ ਦੇ ਅਰਦਾਲੀ ਦੀ ਡਿਊਟੀ ਲਾਈ, ਜਦੋਂ ਵੀ ਸਾਹਿਬ ਕੋਠੀ ਆਵੇ ਉਹ ਤੁਰੰਤ ਵਾਇਰਲੈਸ ਤੇ ਇਤਲਾਹ ਦੇਵੇ।

ਸ਼ੈਲਰ ਵਿਚ ਫੋਨ ਕੀਤਾ। ਗੱਡੀ ਤਿਆਰ ਸੀ। ਟੈਟ ਫੈਟ ਹੋ ਕੇ ਉਹ ਅਰਦਾਲੀ ਦੇ ਸੁਨੇਹੇ ਦੀ ਉਡੀਕ ਕਰਨ ਲੱਗਾ।

ਤਿੰਨ ਦਿਨ ਪਹਿਲਾਂ ਹੀ ਉਹ ਸਾਹਿਬ ਨੂੰ ਮਿਲ ਕੇ ਆਇਆ ਸੀ। ਬੜਾ ਖ਼ੁਸ਼ ਸੀ। ਉਸ ਦੀ ਤਰੱਕੀ ਦੀਆਂ ਗੱਲਾਂ ਕਰਦਾ ਸੀ। ਹੁਣ ਕਿਹੜਾ ਸੱਪ ਸੁੰਘ ਗਿਆ ਜੋ ਨਰਾਜ਼ ਹੋਇਆ ਬੈਠੈ ? ਉਸ ਦਾ ਤਫ਼ਤੀਸੀ ਦਿਮਾਗ਼ ਸਾਹਿਬ ਦੀ ਨਰਾਜ਼ਗੀ ਦੇ ਕਾਰਨ ਲੱਭਣ ਲੱਗਾ।

ਸਾਹਿਬ ਕੋਲ ਸਭ ਤੋਂ ਵੱਧ ਪਹੁੰਚ ਢਾਣੀ ਵਾਲੇ ਭਾਓਆਂ ਦੀ ਹੈ। ਉਹ ਵਜ਼ੀਰ ਸਾਹਿਬ ਦੇ ਖਾਸ ਬੰਦੇ ਹਨ ਤੇ ਪੁਲਿਸ ਮਹਿਕਮਾ ਉਹਨਾਂ ਦੇ ਹੀ ਅਧੀਨ ਹੈ। ਪਹਿਲੇ ਦਿਨ ਹੀ ਉਹਨਾਂ ਦੀ ਸਿਫਾਰਸ਼ ਸਾਹਿਬ ਰਾਹੀਂ ਅੱਪੜ ਗਈ ਸੀ। ਗੋਲੀ ਕੀਹਦੀ ਅਤੇ ਗਹਿਣੇ ਕੀਹਦੇ। ਵਜ਼ੀਰ ਸਾਹਿਬ ਦੀ ਸਿਫਾਰਸ਼ ਉਸ ਨੇ ਖਿੜੇ ਮੱਥੇ ਕਬੂਲੀ। ਉਹ ਦਿਨ ਤੇ ਆਹ ਦਿਨ ਬਘੇਲ ਸਿੰਘ ਦੀ ਕੀ ਮਜਾਲ ਉਹ ਭਾਊਆਂ ਨੂੰ ਡੋਡੇ ਵੇਚਣੋਂ ਰੋਕੇ। ਇਕ ਵਾਰ ਭੁੱਲ ਭੁਲੇਖੇ ਸਟਾਫ ਵਾਲਿਆਂ ਨੇ ਭੁੱਕੀ ਦਾ ਟਰੱਕ ਜ਼ਰੂਰ ਫੜ ਲਿਆ ਸੀ। ਵਜ਼ੀਰ ਸਾਹਿਬ ਦਾ ਇਸ਼ਾਰਾ ਮਿਲਦਿਆਂ ਹੀ ਉਹ ਭਰਿਆ ਭਰਾਇਆ ਟਰੱਕ ਖ਼ੁਦ ਉਹਨਾਂ ਦੇ ਵਿਹੜੇ ਖੜਾ ਕਰਕੇ ਆਇਆ ਸੀ। ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣਾ ਲਈ ਟਰੱਕ ਦੀ ਲੇਬਰ ਦੇ ਦੋ ਭਈਆਂ ਤੇ ਦਸ ਦਸ ਕਿਲੋ ਡੋਡਿਆਂ ਦੇ ਕੇਸ ਬਣਾ ਦਿੱਤੇ ਸਨ। ਉਹ ਵੀ ਭਊਆਂ ਦੀ ਰਜ਼ਾਮੰਦੀ ਨਾਲ। ਭਈਆਂ ਦਾ ਕੀ ਐ ਇਕ ਇੱਟ ਚੁੱਕੋ ਸੌ ਨਿਕਲਦੇ ਨੇ। ਉਹਨਾਂ ਦੀ ਛੁੱਟੀ ਕਰਕੇ ਉਨ੍ਹਾਂ ਹੋਰ ਰੱਖ ਲਏ। ਉਸ ਤੋਂ ਬਾਅਦ ਸਭ ਅੱਛਾ ਸੀ। ਮੁੜ ਕਦੇ ਉਸ ਨੇ ਭਾਊਆਂ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ। ਕਬੂਤਰ ਵਾਂਗ ਅੱਖਾਂ ਮੀਟੀ ਰੱਖੀਆਂ। ਨਹੀਂ ਤਾਂ ਜਿਸ ਹਿਸਾਬ ਨਾਲ ਡੋਡੇ ਵਿਕਦੇ ਸਨ ਉਸ ਦਾ ਦਸ ਹਜ਼ਾਰ ਰੁਪਏ ਦਾ ਮਹੀਨਾ ਵੱਟ ਤੇ ਸੀ। ਭਾਊਆਂ ਨੂੰ ਉਸ ਵਰਗਾ ਥਾਣੇਦਾਰ ਨਹੀਂ ਮਿਲ ਸਕਦਾ। ਨਾਲੇ ਹਾਲੇ ਰਾਤੀਂ ਤਾਂ ਉਹ ਹਮ-ਪਿਆਲਾ ਹੋ ਕੇ ਗਏ ਨੇ। ਇਹ ਭਾਊਆਂ ਦਾ ਕੰਮ ਨਹੀਂ।

ਤਾਂ ਹੋ ਸਕਦੈ ਜਥੇਦਾਰ ਗਿਆ ਹੋਵੇ। ਆਨੇ ਬਹਾਨੇ ਅਫ਼ਸਰਾਂ ਦੀ ਕੋਠੀ ਗੇੜਾ ਮਾਰਨਾ ਲੀਡਰਾਂ ਦਾ ਕੰਮ ਹੁੰਦੈ। ਅਖੇ ਹੇਠਲੇ ਮੁਲਾਜ਼ਮਾਂ 'ਤੇ ਰੋਹਬ ਰਹਿੰਦੈ। ਕੋਈ ਹੋਰ ਕੰਮ ਨਾ ਨਿਕਲਿਆ ਤਾਂ ਕਿਸੇ ਨਾ ਕਿਸੇ ਦੀ ਸ਼ਿਕਾਇਤ ਹੀ ਕਰ ਦਿਉ। ਆਪਣੇ ਵਲੋਂ ਉਸ ਨੇ ਜਥੇਦਾਰ ਨੂੰ ਕਦੇ ਸ਼ਿਕਾਇਤ ਕਰਨ ਦਾ ਮੌਕਾ ਨਹੀਂ ਦਿੱਤਾ। ਜਥੇਦਾਰ ਨੇ ਦੂਰੋਂ ਨੇੜੇ ਦੇ ਰਿਸ਼ਤੇਦਾਰ ਦੀ ਸਿਫਾਰਸ਼ ਕੀਤੀ, ਝੱਟ ਉਸ ਨੇ ਉਸ ਸਿਪਾਹੀ ਨੂੰ ਨਾਇਬ ਕੋਰਟ ਲਾ ਦਿੱਤਾ। ਪੰਜੀ ਰੁਪਏ ਰੋਜ਼ ਦਾ ਡੀ.ਏ.ਟੀ.ਏ.। ਉਤਲਾ ਠਾਹ ਠੱਪਾ ਅੱਡ। ਕੋਈ ਪਹਿਰਾ ਨਹੀਂ। ਕੋਈ ਭੱਜ ਨੱਠ ਨਹੀਂ। ਛੁੱਟੀ ਨਾਲ ਛੁੱਟੀ। ਉਸ ਨਿਕੰਮੇ ਤੋਂ ਜੇ ਇਹ ਸਭ ਕੁਝ ਸੰਭਾਲਿਆ ਨਾ ਗਿਆ ਤਾਂ ਉਸ ਦਾ ਕੀ ਕਸੂਰ ? ਭਲਾਮਾਣਸ ਜੱਜ ਦੇ ਨਾਂ ਤੇ ਹੀ ਪੈਸੇ

ਖਾਣ ਲੱਗਾ। ਅਫ਼ਸਰਾਂ ਦਾ ਹੁਕਮ ਵਜਾ ਕੇ ਉਸ ਨੇ ਇਕ ਦਿਨ ਹੀ ਸਿਪਾਹੀ ਨੂੰ ਪਹਿਰੇ 'ਤੇ ਖੜਾਇਆ ਸੀ ਕਿ ਜਥੇਦਾਰ ਨੇ ਗੇੜੇ ਤੇ ਗੇੜੇ ਬੰਨ੍ਹ ਦਿੱਤਾ। ਰੂਲਿੰਗ ਪਾਰਟੀ 'ਚ ਜਥੇਦਾਰ ਦੀ ਪੋਜੀਸ਼ਨ ਦੇਖਦਿਆਂ ਉਸ ਨੇ ਅਫ਼ਸਰਾਂ ਦੀ ਨਰਾਜ਼ਗੀ ਤਾਂ ਮੁੱਲ ਲੈ ਲਈ, ਪਰ ਜਥੇਦਾਰ ਨੂੰ ਨਰਾਜ਼ ਨਹੀਂ ਕੀਤਾ। ਬੇਸ਼ਰਮੀ ਦਾ ਮਾਰਿਆ ਮੁੜ ਉਹ ਜੱਜ ਦੇ ਮੱਥੇ ਨਹੀਂ ਲੱਗ ਸਕਿਆ। ਅਗਲਾ ਕੁਰਸੀ 'ਤੇ ਬੈਠਾ ਧਾੜ ਧੜ ਉਸ ਦੇ ਖਿਲਾਫ਼ ਲਿਖੀ ਜਾ ਰਿਹੈ। ਜੇ ਫੇਰ ਵੀ ਜਥੇਦਾਰ ਨਰਾਜ਼ ਹੈ ਤਾਂ ਉਸ ਦੀ ਮਰਜ਼ੀ।

ਜਥੇਦਾਰ ਤਾਂ ਪਾਕਿਸਤਾਨ ਗਿਆ ਹੋਇਆ। ਪਿਛਲੇ ਹਫਤੇ ਉਸ ਦਾ ਭਰਾ ਵਗਾਰ 'ਚ ਡੋਡਿਆਂ ਦੀਆਂ ਬੋਰੀਆਂ ਲੈਣ ਆਇਟਾ ਉਸ ਨੂੰ ਦੱਸ ਕੇ ਤਾਂ ਗਿਆ ਸੀ। ਜਦੋਂ ਦਾ ਨਵਾਂ ਕਾਨੂੰਨ ਬਣਿਐ ਅਫ਼ੀਮ ਡੋਡਿਆਂ ਦੇ ਭਾਅ ਅਸਮਾਨੀ ਜਾ ਲਗੇ ਨੇ। ਸੀਰੀਆਂ ਪਾਲੀਆਂ ਦਾ ਇਹਨਾਂ ਬਿਨਾਂ ਸਰਦਾ ਨਹੀਂ। ਸਾਹਿਬ ਨੂੰ ਸਲੂਟ ਉਹ ਜਥੇਦਾਰ ਦੇ ਜਾਣ ਤੋਂ ਬਾਅਦ ਹੀ ਤਾਂ ਮਾਰ ਕੇ ਆਇਐ।

ਉਸ ਨੂੰ ਜੱਜ ਦੀ ਨਰਾਜ਼ਗੀ ਦਾ ਵੀ ਘੱਟ ਫ਼ਿਕਰ ਨਹੀਂ ਸੀ। ਇਕੱਲਾ ਬਘੇਲ ਸਿੰਘ ਕੀ ਕਰੇ। ਹੜਤਾਲ ਨੇ ਉਸ ਦੀ ਭੂਤਨੀ ਭੁਲਾ ਰੱਖੀ ਹੈ। ਵਜ਼ੀਰ ਦੇ ਦੌਰੇ 'ਚ ਉਹ ਇੰਨਾ ਉਲਝ ਗਿਆ ਕਿ ਮੀਟਿੰਗ ਤੇ ਜਾਣ ਲਈ ਜੱਜ ਨੂੰ ਕਾਰ ਵੀ ਨਾ ਘੱਲ ਸਕਿਆ। ਉਹਦੀ ਸਾਹਿਬ ਨਾਲ ਯਾਰੀ ਹੈ। ਕਦੇ ਇਕੱਠੇ ਟਰੇਨਿੰਗ ਕਰਦੇ ਰਹੇ ਨੇ। ਕਦੇ ਉਹੋ ਨਾ ਸਾਹਿਬ ਦੇ ਕੰਨ 'ਚ ਫੂਕ ਮਾਰ ਆਇਆ ਹੋਵੇ। ਉਹ ਜੱਜ ਨੂੰ ਕਿਵੇਂ ਸਮਝਾਵੇ ? ਵਗਾਰਾਂ ਕਰਨ ਵਾਲਾ ਉਹ ਇਕੱਲਾ ਹੈ ਪਾਉਣ ਵਾਲੇ ਵੀਹ। ਫੇਰ ਹੱਥਾਂ ਤੇ ਸਰ੍ਹੋਂ ਜਮਾ ਦਿੰਦੇ। ਸਾਰਾ ਅੱਧਾ ਘੰਟਾ ਪਹਿਲਾਂ ਤਾਂ ਸੁਨੇਹਾ ਮਿਲਿਆ ਸੀ। ਸੁਨੇਹਾ ਮਿਲਦਿਆਂ ਹੀ ਉਸ ਨੇ ਸਾਰੇ ਸਟਾਫ ਨੂੰ ਗੱਡੀਆਂ ਫੜਨ ਭੇਜ ਦਿੱਤਾ ਉਸ ਨੂੰ ਕੁਰਸੀ 'ਤੇ ਬੈਠੇ ਨੂੰ ਕੀ ਪਤੈ ਸਿਪਾਹੀ ਦਾ ਮੂੰਹ ਟੈਕਸੀ ਸਟੈਂਡ ਵੱਲ ਹੁੰਦਿਆਂ ਹੀ ਸਟੈਂਡ ਖ਼ਾਲੀ ਹੋ ਜਾਂਦੈ। ਵਗਾਰਾਂ ਕਰਦੇ ਕਰਦੇ ਸਭ ਹੰਭੇ ਪਏ ਨੇ। ਪੁਲਿਸ ਮਹਿਕਮਾ ਕਿਹੜਾ ਇਹਨਾਂ ਨਾਲ ਲਿਹਾਜ ਕਰਦੈ। ਜਦੋਂ ਤਾਂ ਕੋਈ ਫਸ ਜਾਏ ਫੀਸ ਲਏ, ਬਿਨਾਂ ਕੋਈ ਨਹੀਂ ਛੱਡਦਾ। ਇਕ ਦਿਨ ਲਈ ਗਿਆ ਅਫ਼ਸਰ ਤਿੰਨ ਦਿਨ ਮੁੜਦਾ ਨਹੀਂ। ਹਾਲੇ ਤਾਂ ਟਰੱਕਾਂ ਵਾਲਿਆਂ ਦਾ ਸਿਆਪਾ ਹੀ ਨਹੀਂ ਸੀ ਮੁਕਿਆ। ਟੈਕਸੀ ਵਾਲਿਆਂ ਨਾਲ ਪੰਗਾ ਲੈ ਕੇ ਉਸ ਨੇ ਲਾਈਨ ਹਾਜ਼ਰ ਤਾਂ ਨਹੀਂ ਸੀ ਹੋਣਾ। ਸਾਰੇ ਸ਼ੈਲਰਾਂ ਅਤੇ ਫੈਕਟਰੀਆਂ ਵਿਚ ਫੋਨ ਖੜਕਾ ਲਿਆ ਸੀ। ਸਾਰੇ ਮੁੱਖ ਮੰਤ੍ਰੀ ਨੂੰ ਮਿਲਣ ਲਈ ਡੈਪੂਟੇਸ਼ਨ ਲੈ ਕੇ ਗਏ ਸਨ। ਇਹੋ ਜਿਹੇ ਹਾਲਤਾਂ ਵਿਚ ਜੇ ਉਹ ਗੱਡੀ ਨਹੀਂ ਘੱਲ ਸਕਿਆ ਤਾਂ ਉਸ ਦਾ ਕੀ ਕਸੂਰ !

ਜਿਹੜਾ ਅਹਿਸਾਨ ਬਘੇਲ ਸਿੰਘ ਨੇ ਜੱਜ 'ਤੇ ਕੀਤੈ ਉਹ ਏਨੀ ਜਲਦੀ ਭੁੱਲਣ ਵਾਲਾ ਤਾਂ ਨਹੀਂ। ਝੋਟੇ ਦੇ ਸਿਰ ਵਰਗੀ ਪੰਦਰਾਂ ਕਿਲੇ ਜ਼ਮੀਨ ਤੇ ਜੱਜ ਦੇ ਰਿਸ਼ਤੇਦਾਰਾਂ ਦਾ ਕਬਜ਼ਾ ਉਹ ਹੀ ਕਰਾ ਗਿਆ। ਕੋਈ ਹੋਰ ਹੁੰਦਾ ਵੀਹ ਤੀਹ ਹਜ਼ਾਰ ਲੈ ਕੇ ਦੜ ਵੱਟ ਜਾਂਦਾ। ਪਰ ਉਸ ਨੇ ਆਪਣੇ ਰਸੂਖ ਨਾਲ ਤਿੰਨ ਟੋਲੀਆਂ ਬਦਮਾਸ਼ਾਂ ਦੀਆਂ ਬਾਹਰੋਂ ਮੰਗਵਾਈਆਂ। ਚਾਰ ਵਾਰ ਫਾਇਰਿੰਗ ਕੀਤੀ। ਭੁੱਖੇ ਭਾਣਿਆਂ ਨੇ ਪੰਦਰਾਂ ਦਿਨ ਖੇਤ 'ਚ ਤੰਬੂ ਗੱਡੀ ਰੱਖੇ। ਹੁਣ ਲੱਖਾਂ ਰੁਪਏ ਦੀ ਫਸਲ ਹੁੰਦੀ ਹੈ। ਉਸ ਨੇ ਕਦੇ ਬੋਰੀ ਕਣਕ ਦੀ ਲੰਗਰ ਲਈ ਵੀ ਨਹੀਂ ਮੰਗੀ। ਉਸ ਸਮੇਂ ਤਾਂ ਸਾਰੀ ਉਮਰ ਕੰਮ ਆਉਣ ਦੇ ਵਾਅਦੇ ਕਰਦਾ ਸੀ। ਉਂਝ ਆਇਆ ਵੀ। ਜਿਸ ਦਾ ਜੀਅ ਕਰਿਆ ਪੁਲਿਸ ਰਿਮਾਂਡ ਲੈ ਆਂਦਾ। ਜਿਸ 'ਤੇ ਦਿਲ ਆਇਆ ਜ਼ਮਾਨਤ ਕਰਾ ਦਿੱਤੀ। ਸਾਰੇ ਅਖਤਿਆਰ ਬਘੇਲ ਸਿੰਘ ਨੂੰ ਦੇਣ ਵਾਲਾ



ਜੱਜ ਮਾੜੀ ਜਿਹੀ ਗੱਲ 'ਤੇ ਉਸ ਦੀ ਸ਼ਿਕਾਇਤ ਨਹੀਂ ਕਰ ਸਕਦਾ।

ਸਾਹਿਬ ਦੇ ਅਰਦਲੀ ਦਾ ਕੋਈ 'ਮੈਸਿਜ਼' ਨਹੀਂ ਆਇਆ। ਥਾਣੇ ਦਾ ਲਾਂਗਰੀ ਸੁਨੇਹੇ ਤੇ ਸੁਨੇਹਾ ਘੱਲ ਰਿਹਾ ਸੀ। ਖਾਣਾ ਖਾਣ ਵਾਲਾ ਇਕੱਲਾ ਬਘੇਲ ਸਿੰਘ ਹੀ ਰਹਿੰਦਾ ਸੀ। ਬਘੇਲ ਸਿੰਘ ਦੁਬਿੱਧਾ ਵਿਚ ਸੀ। ਰੋਟੀ ਖਾਣ ਤੋਂ ਪਹਿਲਾਂ ਇਕ ਦੋ ਪੈਗ ਮਾਰਨੇ ਜ਼ਰੂਰੀ ਸਨ। ਜੇ ਉਸ ਨੇ ਘੁੱਟ ਪੀ ਲਈ ਤਾਂ ਸਾਹਿਬ ਦੇ ਕਿਵੇਂ ਪੇਸ਼ ਹੋਏਗਾ ?

ਘੜੀ ਦੇਖੀ। ਨੌਂ ਵਜ ਗਏ ਸਨ। ਘੰਟੇ ਦਾ ਸਫ਼ਰ। ਰਾਤ ਦੇ ਦਸ ਵਜੇ ਸਾਹਿਬ ਦੀ ਕੋਠੀ ਜਾਣ ਦੀ ਕੋਈ ਤੁਕ ਨਹੀਂ ਸੀ।

ਕੁਰਸੀ ਛੱਡ ਕੇ ਉਸ ਨੇ ਥਾਣੇ ਦਾ ਰਾਊਂਡ ਲਾਇਆ। ਚਾਰੇ ਪਾਸੇ ਭਾਂਅ ਭਾਂਅ ਹੋ ਰਹੀ ਸੀ। ਹਵਾਲਾਤ ਤੇ ਬੈਰਕਾਂ ਸਭ ਖ਼ਾਲੀ ਸਨ।

ਦਰਵਾਜ਼ੇ ਅੱਗੇ ਖੜਾ ਸੰਤਰੀ ਊਂਘ ਰਿਹਾ ਸੀ।

ਚਾਹ ਦੇ ਦੋ ਕੱਪਾਂ ਤੋਂ ਬਿਨਾਂ ਉਸ ਨੂੰ ਸਵੇਰ ਦਾ ਕੁਝ ਵੀ ਨਸੀਬ ਨਹੀਂ ਸੀ ਹੋਇਆ। ਫੇਰ ਵੀ ਭੁੱਖ ਕੋਸਾਂ ਦੂਰ ਸੀ। ਲਾਂਗਰੀ ਨੂੰ ਖਾਣਾ ਕੁਆਟਰ ਪਹੁੰਚਾਣ ਦਾ ਹੁਕਮ ਸੁਣਾ ਕੇ ਉਹ ਕੁਆਟਰ ਵਲ ਤੁਰ ਪਿਆ। ਜਦੋਂ ਭੁੱਖ ਚਮਕੇਗੀ, ਆਪੇ ਖਾ ਲਏਗਾ।

ਜਗਦੇਵ ਦੇ ਕੁਆਟਰ 'ਤੇ ਲਟਕਦਾ ਸੇਰ ਦਾ ਜਿੰਦਾ ਦੇਖ ਕੇ ਉਸ ਦਾ ਦਿਲ ਇਕ ਵਾਰ ਫੇਰ ਧੜਕਿਆ। ਜਿਸ ਦਿਨ ਤੋਂ ਉਸ ਨੇ ਜਗਦੇਵ ਦੇ ਖਿਲਾਫ਼ ਰੋਜ਼ਨਾਮਚੇ 'ਚ ਰਪਟ ਲਿਖੀ ਸੀ ਉਸੇ ਦਿਨ ਤੋਂ ਉਹ ਉਖੜਿਆ ਰਹਿੰਦਾ ਸੀ। ਉਹ ਖ਼ੁਦ ਕਿਹੜਾ ਖ਼ੁਸ਼ ਹੋਇਆ ਸੀ। ਸਾਰੀ ਉਮਰ 'ਚ ਉਸ ਨੇ ਕਦੇ ਕਿਸੇ ਦੇ ਖਿਲਾਫ਼ ਇਕ ਅੱਖਰ ਨਹੀਂ ਸੀ ਲਿਖਿਆ। ਇਸ ਵਾਰ ਉਸ ਦੀ ਮਜਬੂਰੀ ਸੀ। ਕੋਈ ਉਸ ਦੇ ਨਾਂ ਤੇ ਪੰਜ ਚਾਰ ਸੌ ਖਾ ਲਵੇ ਤਾਂ ਚਲੋ ਖਾ ਲਵੇ। ਪੰਦਰਾਂ ਹਜ਼ਾਰ ਤਾਂ ਬਰਦਾਸ਼ਤ ਨਹੀਂ ਹੁੰਦੇ। ਭਲੇ ਮਾਣਸ ਨੇ ਇਕ ਕਤਲ ਦੇ ਕੇਸ 'ਚ ਪੂਰੇ ਵੀਹ ਹਜ਼ਾਰ ਲੈ ਕੇ ਪੰਜ ਹੀ ਉਸ ਦੇ ਪਲੇ ਪਾਇਆ। ਮਰਨ ਵਾਲਾ ਗਰੀਬੜਾ ਜਿਹਾ ਸੀ ਇਹ ਸੋਚ ਕੇ ਉਸ ਨੇ ਪੰਜ ਹੀ ਕਬੂਲ ਕਰ ਲਿਆ। ਨਾਲੇ ਉਨ੍ਹਾਂ ਦਾ ਘਰ ਮੁਲਜ਼ਮ ਪਾਰਟੀ ਤੋਂ ਪੂਰਾ ਹੋ ਗਿਆ ਸੀ। ਮੁਦਈ ਦਾ ਦਿਲ ਟਿਕਾਉਣ ਲਈ ਉਸ ਨੇ ਪੰਜ ਹਜ਼ਾਰ ਲਈ ਹੀ ਹਾਂ ਕਰ ਦਿੱਤੀ ਸੀ। ਚੋਰੀ ਯਾਰੀ ਵਾਂਗ ਰਿਸ਼ਵਤ ਵੀ ਨਹੀਂ ਛੁਪਦੀ ਹੁੰਦੀ। ਤੁਰਦੀ ਤੁਰਦੀ ਗੱਲ ਉਸ ਤਕ ਅਪੜ ਗਈ। ਜੇ ਜਗਦੇਵ ਦੇ ਖਿਲਾਫ ਨਾ ਲਿਖਦਾ ਤਾਂ ਹੋਰ ਕੀ ਕਰਦਾ ? ਕੱਲ੍ਹ ਨੂੰ ਕਿਸੇ ਹੋਰ ਨੂੰ ਮੂੰਹ ਪੈਂਦਾ।

ਡੀ.ਐਸ.ਪੀ. ਦੇ ਵਿਚ ਪੈਣ ਨਾਲ ਗੱਲ ਆਈ ਗਈ ਹੋ ਗਈ ਸੀ। ਸ਼ਰਾਬ ਦੇ ਠੇਕੇਦਾਰਾਂ ਤੋਂ ਮਿਲਣ ਵਾਲੇ ਮਹੀਨੇ ਵਿਚੋਂ ਉਸ ਦਾ ਹਿੱਸਾ ਬੰਦ। ਹੌਲੀ ਹੌਲੀ ਬਘੇਲ ਸਿੰਘ ਦੇ ਪੈਸੇ ਪੂਰੇ ਹੋ ਜਾਣੇ ਸਨ। ਉਸ ਦੇ ਮਨ ਦੀ ਮੈਲ ਸ਼ਾਇਦ ਧੋਤੀ ਨਹੀਂ ਸੀ ਗਈ। ਕੱਲ੍ਹ ਦਾ ਗੈਰ ਹਾਜ਼ਰ ਸੀ। ਜ਼ਰੂਰ ਉਸ ਨੇ ਕੰਡੇ ਬੀਜੇ ਹੋਣਗੇ।

ਨਾਲੇ ਚੋਰ ਨਾਲੇ ਚਤਰਾਈ ? ਡਿਪਟੀ ਤੋਂ ਉਪਰ ਦੀ ਉਹ ਸਾਹਿਬ ਕੋਲ ਜਾਣ ਦੀ ਹਿੰਮਤ ਨਹੀਂ ਕਰ ਸਕਦਾ।

ਫੇਰ ਹੋਰ ਕਿਹੜੀ ਆਫਤ ਆ ਪਈ ਬਈ ਸਾਹਿਬ ਨੂੰ ਉਸ ਦੇ ਦਰਸ਼ਨ ਦੀ ਲੋੜ ਪੈ ਗਈ ?

''ਚਲੋ ਜੋ ਹੋਊ ਦੇਖੀ ਜਾਊ। ਪੁਲਿਸ ਦੀ ਨੌਕਰੀ ਹੈ। ਬੋਰੀਆਂ ਬਿਸਤਰਾ ਗੋਲ ਹੀ ਰਹਿੰਦੈ। ਜਦੋਂ ਹੁਕਮ ਹੋਇਆ ਚੁੱਕ ਕੇ ਅਗਲੀ ਥਾਂ। ਵੱਧ ਤੋਂ ਵੱਧ ਲਾਈਨ ਹਾਜ਼ਰ ਹੀ ਕਰ ਦਿਊ। ਮੂੰਹ 'ਚ ਤਾ ਨੀ ਪਾ ਲਊ।''

ਸੋਚਦਿਆਂ ਬਘੇਲ ਸਿੰਘ ਨੇ ਮਨ ਨੂੰ ਤਸੱਲੀ ਦਿੱਤੀ ਅਤੇ ਵਰਦੀ ਲਾਹ ਕੇ ਕਿੱਲੀ 'ਤੇ ਟੰਗ ਦਿੱਤੀ।

ਲਾਂਗਰੀ ਤਾਜੇ ਪਾਣੀ ਦਾ ਜੱਗ, ਨਮਕੀਨ ਅਤੇ ਗਲਾਸ ਮੇਜ਼ ਉੱਪਰ ਸਜਾ ਗਿਆ।

ਬਘੇਲ ਸਿੰਘ ਨੇ ਪਹਿਲੇ ਤੋੜ ਦੀ ਸ਼ਰਾਬ ਦਾ ਇਕ ਵੱਡਾ ਸਾਰਾ ਪੈਗ ਅੰਦਰ ਸੁਟਿਆ। ਫਿਕਰਾਂ ਤੋਂ ਖਹਿੜਾ ਛੁਡਾਉਣ ਲਈ ਉਹ ਆਪਣੇ ਸ਼ਾਨਦਾਰ ਅਤੀਤ ਵੱਲ ਝਾਕਨ ਲੱਗਾ।

ਉਨ੍ਹਾਂ ਦੇ ਘਰ ਭੰਗ ਭੁਜਦੀ ਸੀ ਜਦੋਂ ਉਹ ਸਿਪਾਹੀ ਭਰਤੀ ਹੋਇਆ ਸੀ। ਤਰੱਕੀ ਕਰਦਾ ਕਰਦਾ ਉਹ ਥਾਣੇਦਾਰ ਬਣਿਆ। ਥਾਣੇਦਾਰ ਵੀ ਕੋਈ ਲਲੂ ਪਲੂ ਨਹੀਂ, ਪੂਰਾ ਮੰਨਿਆ ਪਰਮੰਨਿਆ ਥਾਣੇਦਾਰ। ਆਪਣੀ ਦਲੇਰੀ ਦੇ ਸਿਰ 'ਤੇ ਉਸ ਨੇ ਵਧੀਆ ਤੋਂ ਵਧੀਆ ਥਾਣੇ ਕੱਟੇ। ਪੈਸੇ ਮੀਂਹ ਵਾਂਗ ਵਰਸਦੇ ਰਹੇ। ਕਿਹੜਾ ਦਿਨ ਸੀ ਜਿਸ ਦਿਨ ਉਸ ਨੇ ਪੰਜ ਚਾਰ ਹਜ਼ਾਰ ਦੇ ਨੋਟ ਬੋਝੇ ਵਿਚ ਨਹੀਂ ਪਾਏ। ਉਸ ਨੇ ਤੰਗੀ ਤੁਰਸ਼ੀ ਦੇ ਦਿਨ ਦੇਖੇ ਸਨ ਇਸ ਲਈ ਬਾਕੀ ਥਾਣੇਦਾਰਾਂ ਵਾਂਗ ਪੈਸੇ ਬੈਤਲਾਂ ਪਿਛੇ ਨਹੀਂ ਗਵਾਏ। ਇਕ ਇਕ ਕਰਕੇ ਤੀਹ ਕੀਲਿਆਂ ਦਾ ਫ਼ਾਰਮ ਬਣਾਇਆ। ਵਿਚ ਦੋ ਮੋਟਰਾਂ ਫਿੱਟ ਕਰਾਈਆਂ। ਕੁੜੀ ਕੈਨੇਡਾ ਵਿਆਹੀ ਗਈ। ਮੁੰਡਾ ਸਿਪਾਹੀ ਭਰਤੀ ਹੋ ਗਿਆ। ਆਪੇ ਹੌਲੀ ਹੌਲੀ ਥਾਣੇਦਾਰ ਬਣ ਜਾਊ। ਸਾਰੇ ਪਿੰਡ ਵਿਚ ਬਲੇ ਬਲੇ ਹੈ। ਸਾਰੀ ਉਮਰ ਵੇਹਲਾ ਬੈਠਾ ਰਹੇ ਤਾਂ ਵੀ ਖਾਧਾ ਪੀਤਾ ਨਈਂ ਮੁਕਦਾ।

ਪੈਸਿਆਂ ਦਾ ਖ਼ਿਆਲ ਆਉਂਦਿਆਂ ਹੀ ਉਸ ਦਾ ਧਿਆਨ ਵਿਸਾਖੇ ਵਲੋਂ ਕਾਗ਼ਜ਼ 'ਚ ਲਪੇਟ ਕੇ ਫੜਾਏ ਪੰਜ ਹਜ਼ਾਰ ਦੇ ਬੰਡਲ ਵੱਲ ਚਲਾ ਗਿਆ। ਉਸ ਨੇ ਪੈਂਟ ਵਿਚੋਂ ਬੰਡਲ ਕੱਢਿਆ ਤੇ ਨੋਟ ਗਿਣਨੇ ਸ਼ੁਰੂ ਕੀਤੇ। ਉਸ ਕੰਜਰ ਦਾ ਕੀ ਐ ਪੰਜ ਚਾਰ ਨੋਟ ਘੱਟ ਪਾ ਦੇਵੇ। ਪਿਛੋਂ ਦੰਦ ਕੱਢ ਕੇ 'ਹੀ ਹੀ' ਹੀ ਕਰਨੀ ਹੈ। ਪਰ ਨਹੀਂ। ਨੋਟ ਪੂਰੇ ਸਨ। ਥੱਬਾ ਨੋਟਾਂ ਦਾ ਦੇਖ ਕੇ ਉਸ ਦਾ ਚਿਹਰਾ ਗੁਲਾਬ ਵਾਂਗ ਖਿਲ ਉਠਿਆ। ਕਿੰਨੇ ਹੀ ਦਿਨਾਂ ਬਾਅਦ ਉਸ ਨੇ ਪੈਸੇ ਦਾ ਮੂੰਹ ਦੇਖਿਆ ਸੀ। ਨਹੀਂ ਤਾਂ ਜਦੋਂ ਦੀ ਹੜਤਾਲ ਸ਼ੁਰੂ ਹੋਈ ਸੀ ਲਗੋ ਲਗ ਹੀ ਸੀ।

ਹੜਤਾਲ ਅਤੇ ਫੇਰ ਸਾਹਿਬ ਦਾ ਖ਼ਿਆਲ ਆਉਂਦਿਆਂ ਹੀ ਉਸ ਦਾ ਸੁਆਦ ਕਿਰਕਿਰਾ ਹੋ ਗਿਆ। ਕਿਧਰੇ ਇਸ ਕੇਸ ਵਾਲੇ...। ਉਸ ਨੂੰ ਯਕੀਨ ਸੀ ਉਸ ਨੇ ਇਸ ਕੇਸ ਵਿਚ ਪੈਸੇ ਲੈ ਕੇ ਕੋਈ ਗਲਤੀ ਨਹੀਂ ਕੀਤੀ। ਸੀਰੀ ਅਤੇ ਜ਼ਿਮੀਂਦਾਰ ਦੋਹਾਂ ਨੇ ਰਲ ਕੇ ਭੱਠੀ ਲਾਈ ਸੀ। ਪਰਚਾ ਭਾਵੇਂ ਇਕੱਲੇ ਸੀਰੀ 'ਤੇ ਦਿਤੈ ਜ਼ਿਮੀਂਦਾਰ ਨੂੰ ਛੱਡਿਆ ਤਾਂ ਨਹੀਂ। ਉਸ ਨੂੰ ਸਾਰੀ ਗੱਲ ਸਮਝਾਈ ਹੋਈ ਹੈ। ਦੋ ਚਾਰ ਦਿਨਾਂ ਵਿਚ ਗੱਲ ਆਈ ਗਈ ਹੋ ਜੂ ਫੇਰ ਉਹ ਆਪਣੇ ਘਰ ਅਤੇ ਬਘੇਲ ਸਿੰਘ ਆਪਣੇ। ਬਘੇਲ ਸਿੰਘ ਨੇ ਦਿਲ ਖੋਲ੍ਹ ਕੇ ਉਸ ਦੇ ਫਾਇਦੇ ਕੀਤੇ ਨੇ। ਜੇ ਛੋਟਾ ਮੋਟਾ ਕੇਸ ਵੀ ਬਣਾ ਦਿੰਦਾ ਨਾਲੇ ਉਸ



ਦਾ ਲਾਈਸੈਂਸ ਜਾਂਦਾ, ਨਾਲੇ ਨੰਬਰਦਾਰੀ ਖੁੱਸ ਜਾਂਦੀ। ਸਰਪੰਚੀ ਦੇ ਸੁਪਨੇ ਲੈਂਦਾ ਲੈਂਦਾ ਜੇਲ੍ਹ ਦੀ ਹਵਾ ਖਾਣ ਲੱਗਦਾ। ਸੀਰੀ ਨੂੰ ਵੀ ਕੀ ਨੁਕਸਾਨ ਹੋਇਐ ? ਉਸ ਨੂੰ ਬਘੇਲ ਸਿੰਘ ਨੇ ਛੋਟੀ ਭੱਠੀ ਦਾ ਲਾਰਾ ਲਾਇਆ ਹੋਇਐ। ਵਕੀਲ ਦੀ ਫੀਸ ਜ਼ਿਮੀਂਦਾਰ ਤੋਂ ਦਿਵਾ ਦਿੱਤੀ। ਥੋੜਾ ਮੋਟਾ ਖਰਚਾ ਵੀ ਦਿਵਾ ਦਿੱਤਾ। ਉਸ ਵਕਤ ਤਾਂ ਚੌੜਾ ਹੋ ਕੇ ਭੱਠੀ ਦਾ ਮਾਲਕ ਬਣਿਆ ਬੈਠਾ ਸੀ। ਪਰ ਇਹ ਗੱਲ ਤਾਂ ਚਾਰ ਕੁ ਵਜੇ ਸਿਰੇ ਚੜ੍ਹੀ ਸੀ। ਫੋਨ ਆਇਆ ਕੋਈ ਦੋ ਢਾਈ ਵਜੇ। ਉਸ ਸਮੇਂ ਤਾਂ ਇਸ ਕੇਸ ਦਾ ਨਾਂ ਨਿਸ਼ਾਨ ਵੀ ਨਹੀਂ ਸੀ।

ਧਿਆਨ ਉਸੇ ਪਾਸੇ ਮੁੜ ਜਾਣ ਤੇ ਬਘੇਲ ਸਿੰਘ ਨੇ ਦੋ ਚਾਰ ਕਰਾਰੀਆਂ ਕਰਾਰੀਆਂ ਗਾਲ੍ਹਾਂ ਆਪਣੇ ਕਮਜ਼ੋਰ ਮਨ ਨੂੰ ਕੱਢੀਆਂ। ਝੋਟੇਕੁਟ ਅਖਵਾਉਣ ਵਾਲਾ ਥਾਣੇਦਾਰ ਫੋਨ ਤੋਂ ਹੀ ਡਰੀ ਜਾ ਰਿਹੈ। ਵੱਡੇ ਵੱਡੇ ਸਮਗਲਰਾਂ ਅਤੇ ਬਦਮਾਸ਼ਾਂ ਦਾ ਬੀਜ ਨਾਸ਼ ਕਰਕੇ ਹੌਲਦਾਰੀਆਂ ਲੈਣ ਵਾਲਾ ਬਘੇਲ ਸਿੰਘ ਚਮਾਰਾਂ, ਜਥੇਦਾਰਾਂ ਅਤੇ ਹੌਲਦਾਰਾਂ ਦੀ ਧੌਂਸ ਵੀ ਨਹੀਂ ਝੱਲ ਸਕਦਾ।

ਇਕ ਹੋਰ ਵੱਡਾ ਸਾਰਾ ਪੈੱਗ ਅੰਦਰ ਸੁੱਟਿਆ। ਰੋਟੀ ਦੀਆਂ ਦੋ ਕੁ ਬੁਰਕੀਆਂ ਮਲੋ ਮਲੀ ਅੰਦਰ ਧੱਕ ਕੇ ਉਹ ਬਿਸਤਰੇ ਵਿਚ ਜਾ ਘੁਸਿਆ।

ਸੋਚਾਂ ਦੇ ਘੋੜਿਆਂ ਨੂੰ ਚੜ੍ਹਦੀ ਕਲਾ ਵੱਲ ਦੁੜਾਉਂਦਾ ਉਹ ਸੌਣ ਦੇ ਯਤਨ ਕਰਨ ਲੱਗਾ।

ਇਕ ਦੋ ਵਾਰ ਅੱਖ ਝਪਕੀ। ਕਦੇ ਉਹ ਸਾਹਿਬ ਦੇ ਪੇਸ਼ ਹੋ ਰਿਹਾ ਹੁੰਦਾ। ਕਦੇ ਥਾਣੇਦਾਰ ਦੀਆਂ ਮਿੰਨਤਾਂ ਕਰ ਰਿਹਾ ਹੁੰਦਾ। ਕਦੇ ਜੱਜ ਦੀ ਕਚਹਿਰੀ ਦੇ ਬਾਹਰ ਖੜਾ ਆਪਦੀ ਵਾਰੀ ਦੀ ਉਡੀਕ ਕਰਦਾ। ਕਦੇ ਟਰੱਕਾਂ ਵਾਲੇ ਉਸ ਦਾ ਜਲੂਸ ਕੱਢਦੇ ਹੁੰਦੇ ਅਤੇ ਕਦੇ ਟੈਕਸੀਆਂ ਵਾਲੇ ਧਰਨਾ ਦੇਈ ਬੈਠੇ ਦਿਖਦੇ।

ਪਾਸੇ ਮਾਰਦਿਆਂ ਸਵੇਰ ਦੇ ਪੰਜ ਵੱਜ ਗਏ।

ਘਬਰਾਹਟ ਕਾਰਨ ਉਹ ਰੱਜ ਕੇ ਸੌਂ ਸਕਿਆ ਅਤੇ ਨਾ ਹੀ ਰੱਜ ਕੇ ਖਾ ਸਕਿਆ। ਸਾਰੀ ਰਾਤ ਇਕੱਲਾਪਨ ਉਸ ਨੂੰ ਵੱਢ ਵੱਢ ਖਾਂਦਾ ਰਿਹਾ। ਜਦੋਂ ਤੋਂ ਹੜਤਾਲ ਸ਼ੁਰੂ ਹੋਈ ਸੀ ਉਸ ਨੂੰ ਖਾਣਾ ਛੱਡਣਾ ਔਖਾ ਹੋ ਗਿਆ ਸੀ। ਦੋਵੇਂ ਧਿਰਾਂ ਪੁਲਿਸ ਤੇ ਔਖੀਆਂ ਸਨ। ਲੇਬਰ ਦੁਖੀ ਸੀ ਪੁਲਿਸ ਨੇ ਉਹਨਾਂ ਲੀਡਰ ਬਿਨਾਂ ਮਤਲਬ ਜੇਲ੍ਹ ਭੇਜ ਦਿਤੇ ਸਨ। ਮਾਲਕ ਦੁਖੀ ਸਨ, ਪੁਲਿਸ ਚੁੱਪ ਬੈਠੀ ਸੀ। ਚਾਰ ਦਿਨ ਕੁਟਾਪਾ ਚੜ੍ਹ ਜਾਵੇ ਤਾਂ ਪੰਜਵੇਂ ਦਿਨ ਆਪੇ ਹੜਤਾਲ ਖੁਲ੍ਹ ਜਾਵੇ। ਬਘੇਲ ਸਿੰਘ ਪੁੱਛਦਾ ਸੀ ਇਕੱਲੀ ਪੁਲਿਸ ਕੀ ਕਰੇ। ਮਸਲਾ ਪੂਰੀ ਤਰ੍ਹਾਂ ਰਾਜਨੀਤਕ ਬਣ ਗਿਆ ਸੀ। ਵਜ਼ੀਰ ਸਾਹਿਬ ਤੱਕ ਤਾਂ ਜ਼ੋਰ-ਅਜ਼ਮਾਈ ਹੋ ਚੁਕੀ ਸੀ। ਉਸ ਨੂੰ ਤਾਂ ਮੰਤਰੀ ਜੀ ਦੀ ਵੀ ਨੀਤੀ ਸਮਝ ਨਹੀਂ ਸੀ ਆਈ। ਮੀਟਿੰਗਾਂ ਵਿਚ ਉਹ ਡਕਾ ਲੇਬਰ ਵੱਲ ਸੁੱਟਦੇ ਸਨ ਪਰ ਜਾਂਦੇ ਹੋਏ ਮਾਲਕਾਂ ਦੀ ਮਦਦ ਦਾ ਇਸ਼ਾਰਾ ਕਰ ਗਏ। ਇਹੋ ਜਿਹੇ ਹਾਲਤਾਂ ਵਿਚ ਪੁਲਿਸ ਲਈ ਤਾਂ 'ਜੈਸੇ ਥੇ' ਵਾਲੀ ਨੀਤੀ ਹੀ ਠੀਕ ਸੀ।

ਲੇਬਰ 'ਤੇ ਲਾਠੀਚਾਰਜ ਹੋਣ ਨਾਲ ਮਸਲਾ ਉਲਝ ਗਿਆ ਸੀ। ਅਖਬਾਰਾਂ ਵਿਚ ਸੁਰਖੀਆਂ ਆਉਣ ਲੱਗੀਆਂ ਸਨ। ਹੌਲੀ ਹੌਲੀ ਮਸਲਾ ਪਾਰਲੀਮੈਂਟ ਤੱਕ ਅੱਪੜ ਗਿਆ ਸੀ। ਇਸ ਸਾਰੇ ਗੋਰਖ ਧੰਦੇ ਵਿਚ ਬਘੇਲ ਦਾ ਨਾਂ ਸਭ ਤੋਂ ਵੱਧ ਚਮਕਦਾ ਸੀ। ਇਹੋ ਫਿਕਰ ਵਾਲੀ ਗੱਲ ਸੀ।

ਲੇਬਰ ਵਾਲਿਆਂ ਨੇ ਜ਼ਿਲ੍ਹੇ ਪੱਧਰ 'ਤੇ ਰੈਲੀ ਰੱਖੀ ਸੀ। ਜ਼ਰੂਰ ਉਥੇ ਕੋਈ ਸਿਆਪਾ ਛਿੜਿਆ ਹੋਣੈ।

ਬਘੇਲ ਸਿੰਘ ਤੋਂ ਹਰ ਇੰਤਜ਼ਾਰ ਨਾ ਹੋਇਆ। ਉਸ ਨੇ ਉਠ ਕੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ ਅਤੇ ਵਰਦੀ ਕੱਸ ਲਈ।

ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ ਹੀ ਉਸ ਨੇ ਮੋਟਰ ਸਾਈਕਲ ਸਾਹਿਬ ਦੀ ਕੋਠੀ ਅੱਗੇ ਜਾ ਲਾਇਆ।

ਕੋਠੀ ਵੜਦਿਆਂ ਹੀ ਉਸ ਨੇ ਰੀਡਰ, ਅਰਦਲੀ ਅਤੇ ਜੀਪ ਦੇ ਡਰਾਈਵਰ ਨੂੰ ਸੌ ਸੌ ਦੇ ਨੋਟ ਦੇ ਦਰਸ਼ਨ ਕਰਾਏ। ਅਰਦਲੀ ਨੇ ਦੌੜ ਕੇ ਨਾਲੇ ਉਸ ਦੇ ਆਉਦਾ ਦੀ ਇਤਲਾਹ ਸਾਹਿਬ ਨੂੰ ਦਿੱਤੀ ਨਾਲੇ ਗਰਮ ਗਰਮ ਚਾਹ ਦਾ ਇਕ ਪਿਆਲਾ ਪੇਸ਼ ਕੀਤਾ। ਡਰਾਈਵਰ ਨੇ ਯਕੀਨ ਦਵਾਇਆ ਕਿ ਸਾਰੇ ਦਿਨ ਵਿਚ ਕੋਈ ਡੈਪੂਟੇਸ਼ਨ ਜਾਂ ਬੰਦਾ ਉਸ ਦੇ ਖਿਲਾਫ ਨਹੀਂ ਭੁਗਤਿਆ। ਰੀਡਰ ਨੂੰ ਬਸ ਏਨਾ ਕੁ ਪਤਾ ਸੀ ਕਿ ਮੁੱਖ ਮੰਤਰੀ ਨੇ ਹੜਤਾਲ ਦੀ ਰਿਪੋਰਟ ਮੰਗੀ ਸੀ।

''ਬਸ ਇਹੋ ਸਿਆਪਾ ਹੋਊ।'' ਸੋਚਦਾ ਬਘੇਲ ਸਿੰਘ ਮੁਲਾਕਾਤ ਦਾ ਇੰਤਜ਼ਾਰ ਕਰਨ ਲੱਗਾ।

''ਆ ਬਈ ਝੋਟੇਕੁਟ'' ਸਾਹਿਬ ਨੇ ਆਉਂਦਿਆਂ ਹੀ ਜਿਵੇਂ ਉਸ ਦੇ ਇਕ ਕਰਾਰਾ ਜਿਹਾ ਥੱਪੜ ਜੜਿਆ।

ਸਾਹਿਬ ਦੇ ਮੂੰਹੋਂ ਨਿਕਲੇ 'ਝੋਟੇਕੁੱਟ' ਸ਼ਬਦ ਨੂੰ ਸੁਣਦਿਆਂ ਹੀ ਉਸ ਦਾ ਸਲੂਟ ਲਈ ਤਣਿਆ ਹੱਥ ਢਿੱਲਾ ਪੈ ਗਿਆ।

''ਝੋਟੇਕੁੱਟ ਬਘੇਲ ਸਿੰਘ ਤਾਂ ਕਦੋਂ ਦਾ ਮਰ ਗਿਆ। ਹੁਣ ਤਾਂ ਉਹ ਕਿਸੇ ਨੂੰ ਗਾਲ੍ਹ ਤੱਕ ਨਹੀਂ ਕੱਢਦਾ। ਜ਼ਰੂਰ ਕਿਸੇ ਨੇ ਕੁਟਾਪਾ ਚਾੜ੍ਹਨ ਦੀ ਝੂਠੀ ਸ਼ਿਕਾਇਤ ਕੀਤੀ ਹੋਣੀ ਹੈ।'' ਉਹ ਸੋਚਣ ਲੱਗਾ।

ਸਾਹਿਬ ਦਾ ਹੁਕਮ ਸੁਣਨ ਲਈ ਉਸ ਨੇ ਨੀਵੀਂ ਪਾ ਲਈ।

ਪੁਰਾਣੇ ਸਮਿਆਂ ਦੀ ਗੱਲ ਸਾਹਿਬ ਨੂੰ ਕਿਸ ਨੇ ਆ ਦੱਸੀ ? ਉਦੋਂ ਸੱਚ ਮੁੱਚ ਉਹ ਝੋਟੇ ਕੁੱਟਦਾ ਹੁੰਦਾ ਸੀ। ਸਮਾਜ ਵਿਚ ਖਰੂਦ ਪਾਉਣ ਵਾਲੇ ਝੋਟੇ। ਸ਼ਰੀਫ਼ ਗਊਆਂ ਦਾ ਹੱਕ ਖੋਹਣ ਵਾਲੇ ਸਾਨ੍ਹ। ਅਜਿਹੇ ਕਈ ਨੂੰ ਬਿਲੇ ਲਾ ਕੇ ਉਹ ਸਿਪਾਹੀ ਤੋਂ ਥਾਣੇਦਾਰ ਬਣਿਆ। ਲੋਕ ਉਸ ਨੂੰ ਰੱਬ ਸਮਝਦੇ ਸਨ। ਸਰਕਾਰੇ ਦਰਬਾਰੇ ਉਸ ਦੀ ਪੁੱਛ ਹੁੰਦੀ ਸੀ। ਹੁਣ ਤਾਂ ਸਮੇਂ ਨੂੰ ਪੁੱਠਾ ਗੇੜ ਪੈ ਗਿਆ। ਉਸ ਦੇ ਕੁੱਟੇ ਝੋਟੇ ਕਰੋੜਪਤੀ ਤੋਂ ਲੈ ਕੇ ਵਜ਼ੀਰ ਤੱਕ ਬਣੇ ਬੈਠੇ ਨੇ। ਹਰ ਥਾਂ ਉਹਨਾਂ ਦੀ ਤੂਤੀ ਬੋਲਦੀ ਹੈ। ਬਘੇਲ ਸਿੰਘ ਦੇ ਕੁੱਟਣ ਲਈ ਗਊਆਂ ਰਹਿ ਗਈਆਂ। ਗਊਆਂ ਕਦੇ ਉਸ ਨੇ ਕੁੱਟੀਆਂ ਨਹੀਂ। ਇਸੇ ਲਈ ਤਰੱਕੀ ਰੁਕ ਗਈ। ਉਸ ਦੇ ਮਤਹਿਤ ਰਹਿ ਚੁਕੇ ਛੋਟੇ ਥਾਣੇਦਾਰ ਦੋ ਦੋ ਸਟਾਰ ਕੁੱਟ ਕੇ ਇਨਸਪੈਕਟਰ ਬਣ ਗਏ। ਉਹ ਦਸਾਂ ਸਾਲਾਂ ਤੋਂ ਉਥੇ ਦਾ ਉਥੇ ਹੀ ਬੈਠਾ ਹੈ। ਉਸ ਨੇ ਕਦੇ ਦਿਲ ਤੇ ਨਹੀਂ ਲਿਆਂਦੀ। ਉਸ ਦਾ ਜਦੋਂ ਮਨ ਸਾਫ਼ ਸੀ ਤਾਂ ਤਰੱਕੀਆਂ ਦਾ ਕੀ ਹੈ।

''ਤੇਰਾ ਮਨ ਸਾਫ ਕਿੱਥੇ ਹੈ ?'' ਤੈਥੋਂ ਝੋਟੇ ਕੁੱਟ ਨਹੀਂ ਖਾਂਦੇ ਇਸ ਲਈ ਕੁੱਟਣੋਂ ਹੱਟ ਗਿਐਂ।



ਤੂੰ ਗਊਆਂ ਕੁੱਟਦਾ ਤਾਂ ਨਹੀਂ, ਲੁੱਟਦਾ ਤਾਂ ਹੈਂ। ਭਾਊਆਂ ਦੀ ਥਾਂ ਬਿਹਾਰੀ, ਜ਼ਿਮੀਂਦਾਰ ਦੀ ਥਾਂ ਸੀਰੀ। ਆਨੇ ਬਹਾਨੇ ਤੂੰ ਵੀ ਝੋਟਿਆਂ ਦੀ ਪਿੱਠ ਹੀ ਥਾਪੜਦੈਂ।'' ਉਸ ਅੰਦਰ ਜਾਗੇ ਝੋਟੇਕੁੱਟ ਨੇ ਬਘੇਲ ਸਿੰਘ ਨੂੰ ਵੰਗਾਰਿਆ।

''ਬਈ ਬਘੇਲ ਸਿੰਘ ਤੇਰੇ ਇਲਾਕੇ 'ਚ ਚਲਦੀ ਇਹ ਹੜਤਾਲ ਖ਼ਤਮ ਕਿਉਂ ਨਹੀਂ ਹੋ ਰਹੀ ? ਸ਼ੈਸ਼ਨ ਬੈਠਣ ਵਾਲੇ। ਮੁੱਖ ਮੰਤਰੀ ਜੀ ਬੜੇ ਪ੍ਰੇਸ਼ਾਨ ਹਨ। ਉਹ ਚਾਹੁੰਦੇ ਹਨ ਸ਼ੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਇਹ ਝਗੜਾ ਜ਼ਰੂਰ ਮੁੱਕ ਜਾਵੇ।''

''ਜਨਾਬ ਨਾ ਸ਼ੈਲਰਾਂ ਵਾਲੇ ਡਕਾ ਸੁੱਟਦੇ ਨੇ...ਨਾ ਲੇਬਰ ਝੁਕਦੀ ਹੈ...।''

ਦਬਵੀਂ ਜਿਹੀ ਅਵਾਜ਼ ਵਿਚ ਉਸ ਨੇ ਮਜਬੂਰੀ ਦੱਸੀ। ਉਂਝ ਉਸ ਅੰਦਰਲਾ ਝੋਟੇਕੁੱਟ ਆਖ ਰਿਹਾ ਸੀ ਹੜਤਾਲ ਸ਼ੁਰੂ ਕਰਾਉਣੀ ਜਾਂ ਖਤਮ ਕਰਾਉਣੀ ਪੁਲਿਸ ਦਾ ਕੰਮ ਨਹੀਂ। ਪੁਲਿਸ ਦਾ ਕੰਮ ਅਮਨ ਬਹਾਨ ਰਖਣੈ। ਉਹ ਡਸਿਪਲਿੰਡ ਫੋਰਸ ਦਾ ਜ਼ਿੰਮੇਵਾਰ ਅਫ਼ਸਰ ਹੈ। ਅਫ਼ਸਰ ਦੇ ਹੁਕਮ ਦੀ ਪਾਲਣਾ ਕਰਨਾ ਉਸ ਦਾ ਫਰਜ਼ ਹੈ। ਇਸ ਲਈ ਉਹ ਚੁੱਪ ਰਿਹਾ।

''ਫੇਰ ਤੂੰ ਝੋਟੇਕੁੱਟ ਕਾਹਦਾ ਹੋਇਆ ? ਬੜਕਾਂ ਮਾਰਨ ਵਾਲੇ ਝੋਟੇ ਦੋ ਚਾਰ ਕੁ ਨੇ। ਉਹਨਾਂ 'ਚ ਇਕ ਕੋਈ ਪੁਰਾਣਾ ਨਕਸਲੀਆ ਏ...। ਇਹਨਾਂ ਸਭ ਦਾ ਸਫਾਇਆ ਕਰੋ। ਜਿਵੇਂ ਮਰਜ਼ੀ। ਸਾਰੀ ਸਰਕਾਰ ਸਾਡੇ ਨਾਲ ਹੈ...। ਬਰਾੜ ਸ਼ੈਲਰਾਂ ਵਾਲੇ ਮੇਰੇ ਰਿਸ਼ਤੇਦਾਰ ਹਨ....। ਜਿੰਨੇ ਪੈਸੇ ਚਾਹੀਦੇ ਹੋਣ ਮੇਰਾ ਨਾਂ ਲੈ ਕੇ ਮੰਗਵਾ ਲਈਂ....।''

''ਠੀਕ ਹੈ ਸਰ'' ਆਖਦਾ ਬਘੇਲ ਸਿੰਘ ਬਾਹਰ ਆ ਗਿਆ।

ਸਾਹਿਬ ਨੇ ਉਸ ਅੰਦਰਲੇ ਝੋਟੇਕੁੱਟ ਨੂੰ ਜਗਾ ਦਿੱਤਾ ਸੀ। ਹੜਤਾਲ ਖ਼ਤਮ ਕਰਾਉਣਾ ਉਸ ਦੇ ਖੱਬੇ ਹੱਥ ਦੀ ਖੇਡ ਸੀ। ਦੋ ਚਾਰ ਝੋਟਿਆਂ ਨੂੰ ਹੱਥ ਫੇਰਨ ਨਾਲ ਮਸਲਾ ਹੱਲ ਹੋ ਜਾਣਾ ਸੀ। ਪਰ ਉਸ ਦੀ ਅਤੇ ਸਾਹਿਬ ਦੀ ਸੋਚ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ। ਸਾਹਿਬ ਨੂੰ ਭੁੱਖੀ ਮਰਦੀ ਲੇਬਰ ਵਿਚੋਂ ਝੋਟਿਆਂ ਦੇ ਅਕਸ ਦਿਖਾਈ ਦਿੱਤੇ ਸਨ ਅਤੇ ਉਸ ਨੂੰ ਗੋਗੜਾਂ ਵਾਲੇ ਮਾਲਕਾਂ ਵਿਚੋਂ। ਸਾਹਿਬ ਨੂੰ ਪੰਜ ਪੈਸੇ ਵੀ ਬੋਰੀ ਵੱਧ ਮੰਗਦੀ ਲੇਬਰ ਦੀ ਅਵਾਜ਼ ਵਿਚੋਂ ਝੋਟਿਆਂ ਦੀ ਬੜਕ ਸੁਣਾਈ ਦਿੱਤੀ ਸੀ। ਅਤੇ ਉਸ ਨੂੰ ਮੰਤਰੀਆਂ ਅਤੇ ਅਫ਼ਸਰਾਂ ਦੇ ਰਿਸ਼ਤੇਦਾਰ ਮਿੱਲ-ਮਾਲਕਾਂ ਦੀਆਂ ਧਮਕੀਆਂ ਵਿਚੋਂ। ਕਿਸ ਦੀ ਐਨਕ ਦੇ ਸ਼ੀਸ਼ੇ ਧੁੰਧਲੇ ਹਨ ਉਸ ਨੂੰ ਸਮਝ ਨਹੀਂ ਆ ਰਹੀ।

ਬੁਝੇ ਮਨ ਨਾਲ ਉਸ ਨੇ ਮੋਟਰ ਸਾਈਕਲ ਸਟਾਰਟ ਕੀਤਾ ਅਤੇ ਥਾਣੇ ਵੱਲ ਮੋੜ ਲਿਆ।

ਉਸ ਨੇ ਹਿਸਾਬ ਕਿਤਾਬ ਲਾ ਕੇ ਦੇਖਿਆ ਰਿਟਾਇਰ ਹੋਣ ਵਿਚ ਦੋ ਵਰ੍ਹੇ ਰਹਿੰਦੇ ਸਨ। ਸਿਪਾਹੀ ਰਿਟਾਇਰ ਹੋਵੇ ਜਾਂ ਇਨਸਪੈਕਟਰ ਕੀ ਫ਼ਰਕ ਪੈਂਦੈ। ਝੋਟੇਕੁੱਟ ਕੇ ਉਹ ਸਿਪਾਹੀ ਤੋਂ ਇਨਸਪੈਕਟਰ ਬਣਿਆ। ਝੋਟੇ ਕੁੱਟਦਾ ਕੁੱਟਦਾ ਮੁੜ ਸਿਪਾਹੀ ਬਣ ਜਾਵੇ ਤਾਂ ਕਿਹੜਾ ਪਹਾੜ ਗਿਰ ਜਾਣੈ। ਇਨਸਪੈਕਟਰ ਨਾਲੋਂ ਝੋਟੇ ਕੁੱਟ ਬਣ ਕੇ ਰਿਟਾਇਰ ਹੋਣਾ ਚੰਗਾ, ਭਾਵੇਂ ਉਹ ਸਾਰੇ ਰੈਂਕ ਖੁੱਸ ਜਾਣ।

ਸਾਰੇ ਰਾਹ ਨੌਜਵਾਨ ਮੁੰਡੇ ਦੇ ਭਾਸ਼ਣ ਉਸ ਦੇ ਜ਼ਿਹਨ ਵਿਚ ਗੂੰਜਦੇ ਰਹੇ। ਝੋਟੇ ਅਤੇ ਗਊਆਂ ਦੀ ਸ਼ਨਾਖ਼ਤ ਕਰਨ ਵਿਚ ਉਸ ਦੀ ਮਦਦ ਕਰਦੇ ਰਹੇ। ਸਮਝਾਉਂਦੇ ਰਹੇ ਕਿ ਚੰਦ ਸਿੱਕਿਆਂ ਦੇ ਮੋਹ 'ਚ ਉਸ ਨੂੰ ਲੋਟੂ ਜਮਾਤ ਦਾ ਮੋਹਰਾ ਨਹੀਂ ਬਣਨਾ ਚਾਹੀਦਾ।

ਥਾਣੇ ਤਕ ਪੁਜਦਿਆਂ ਪੁਜਦਿਆਂ ਉਸ ਦੀਆਂ ਅੱਖਾਂ ਅੱਗੇ ਛਾਈ ਧੁੰਧ ਇਕ ਪਾਸੇ ਹਟ ਗਈ। ਉਸ ਦਾ ਡੋਲਦਾ ਮਨ ਸਥਿਰ ਹੋ ਗਿਆ।

ਥਾਣੇ ਪੁੱਜ ਕੇ ਬਘੇਲ ਸਿੰਘ ਸਿੱਧਾ ਆਦਮ-ਬੁੱਤ ਸ਼ੀਸ਼ੇ ਅੱਗੇ ਜਾ ਖੜੋਤਾ। ਕਈਆਂ ਸਾਲਾਂ ਬਾਅਦ ਮੁੜੇ ਝੋਟੇਕੁੱਟ ਦੇ ਉਹ ਦਰਸ਼ਨ ਕਰਨਾ ਚਾਹੁੰਦਾ ਸੀ। ਝੋਟੇਕੁੱਟ ਚੜ੍ਹਦੀ ਕਲਾ ਵਿਚ ਸੀ। ਉਸ ਦੀਆਂ ਅੱਖਾਂ ਮੁੜ ਚੀਤੇ ਦੀਆਂ ਅੱਖਾਂ ਵਾਂਗ ਚਮਕਣ ਲੱਗੀਆਂ ਸਨ। ਉਸ ਦੇ ਫੌਲਾਦੀ ਡਉਲੇ ਕਿਸੇ ਵੀ ਝੋਟੇ 'ਤੇ ਡਾਂਗ ਫੇਰਨ ਦੀ ਤਾਕਤ ਰੱਖਦੇ ਸਨ।

ਝੋਟੇਕੁੱਟ ਨੂੰ ਬਘੇਲ ਸਿੰਘ ਦੇ ਮੋਢੇ 'ਤੇ ਲਿਸ਼ਕਦੇ ਦੋ ਸਟਾਰ ਓਪਰੇ ਓਪਰੇ ਜਿਹੇ ਲੱਗੇ। ਵੱਡੀਆਂ ਵੱਡੀਆਂ ਮਿੱਲਾਂ ਦੇ ਮਾਲਕਾਂ, ਮੰਤਰੀਆਂ ਅਤੇ ਅਫਸਰਾਂ ਦੇ ਰਿਸ਼ਤੇਦਾਰਾਂ ਨੂੰ ਕੁੱਟਣ ਵਾਲਾ ਭਲਾ ਕਦੇ ਦੋ ਸਟਾਰਾਂ ਦਾ ਹੱਕਦਾਰ ਰਹਿ ਸਕਦੈ !

''ਕਦੇ ਵੀ ਨਹੀਂ।'' ਆਖਦੇ ਬਘੇਲ ਸਿੰਘ ਨੇ ਝੋਟੇਕੁੱਟ ਨੂੰ ਧਰਤੀ ਹਿਲਾ ਦੇਣ ਵਾਲਾ ਸਲੂਟ ਮਾਰਿਆ ਅਤੇ ਇਕ ਸਟਾਰ ਲਾਹ ਕੇ ਜੇਬ ਵਿਚ ਪਾ ਲਿਆ।

ਹੜਤਾਲ ਖ਼ਤਮ ਹੋਣ ਦੀ ਸੂਚਨਾ ਦੇ ਨਾਲ ਹੀ ਉਹ ਇਹ ਸਟਾਰ ਵੀ ਸਾਹਿਬ ਦੀ ਟੇਬਲ ਉਪਰ ਰੱਖ ਆਏਗਾ।

☆☆☆

(45)

LAAM

# ਪਲ ਪਲ ਵਧਦਾ ਫਾਸਲਾ

ਮਾਰੂਤੀ ਦੀ ਪਿਛਲੀ ਸੀਟ 'ਤੇ ਬੈਠੇ ਰਾਮ ਸਰੂਪ ਨੂੰ ਲੱਗ ਰਿਹਾ ਸੀ ਜਿਵੇਂ ਕੁਝ ਪਲਾਂ ਲਈ ਉਸ ਨੂੰ ਰਾਜ-ਗੱਦੀ ਮਿਲ ਗਈ ਹੋਵੇ।

ਇਹ ਗੱਲ ਨਹੀਂ ਕਿ ਉਹ ਪਹਿਲੀ ਵਾਰੀ ਕਾਰ ਵਿਚ ਬੈਠਾ ਹੈ। ਉਹ ਖ਼ੁਸ਼ਨਸੀਬ ਤਾਂ ਜੰਮਿਆ ਹੀ ਕਾਰ ਵਿਚ ਸੀ। ਉਹ ਵੀ ਉਹਨਾਂ ਭਲੇ ਦਿਨਾਂ 'ਚ ਜਦੋਂ ਬਹੁਤਿਆਂ ਨੇ ਕਾਰ ਦੇ ਦਰਸ਼ਨ ਵੀ ਨਹੀਂ ਸੀ ਕੀਤੇ। ਕਾਰਾਂ ਉਹਦੇ ਅੱਗੇ ਪਿੱਛੇ ਫਿਰਦੀਆਂ ਹਨ। ਭਾਂਤ ਭਾਂਤ ਦੀਆਂ ਗੱਡੀਆਂ ਵਿਚ ਬੈਠ ਕੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਹਿੰਦੁਸਤਾਨ ਦਾ ਕਿਹੜਾ ਕੋਨਾ ਹੈ ਜਿਹੜਾ ਉਸ ਨੇ ਨਹੀਂ ਘੁੰਮਿਆ।

ਫੇਰ ਕਿਹੜੀ ਗੱਲ ਸੀ ਕਿ ਰਾਮ ਸਰੂਪ ਨੂੰ ਆਪਣਾ ਆਪ ਵੱਡਾ ਵੱਡਾ ਲਗ ਰਿਹਾ ਸੀ ? ਉਹ ਕਿਉਂ ਚਾਹੁੰਦਾ ਸੀ ਕਿ ਉਹਦੇ ਦਫ਼ਤਰ ਦੇ ਬਾਬੂ, ਚਪੜਾਸੀ, ਆਂਢੀ ਗੁਆਂਢੀ ਅਤੇ ਹੋਰ ਸਕੇ ਤਾਂ ਰਿਸ਼ਤੇਦਾਰ ਵੀ ਹਜੂਮ ਬਣ ਕੇ ਆਉਣ। ਅੱਖਾਂ ਫਾੜ ਫਾੜ ਉਹਨੂੰ ਤੱਕਣ। ਇਹ ਇੱਛਾ ਕਾਰ ਦੀ ਪਿਛਲੀ ਸੀਟ 'ਤੇ ਬੈਠੈਣ ਕਰਕੇ ਜਾਗੀ ਸੀ ਜਾਂ ਸੋਨੇ ਨਾਲ ਲੱਦੇ ਸੇਠ ਦੇ ਬਰਾਬਰ ਬੈਠਣ ਕਰਕੇ ਤੇ ਜਾਂ ਫੇਰ ਬਿੰਦੇ ਝਟੇ ਸੇਠ ਵਲੋਂ ਕੀਤੀਆਂ ਜਾ ਰਹੀਆਂ ਮਿੰਨਤਾਂ ਕਰਕੇ ਉਸ ਨੂੰ ਕੁਝ ਪਤਾ ਨਹੀਂ ਸੀ।

ਸਾਹਿਬ ਨਾਲ ਕਾਰ ਵਿਚ ਬੈਠ ਕੇ ਕੋਠੀਓਂ ਕਚਹਿਰੀ ਅਤੇ ਕਚਹਿਰੀਓਂ ਕੋਠੀ ਜਾਣਾ ਉਹਦੀ ਡਿਊਟੀ ਵਿਚ ਸ਼ਾਮਲ ਹੈ। ਅੱਜ ਕੱਲ ਕਿਹੜਾ ਸੈਸ਼ਨ ਜੱਜ ਹੈ ਜਿਸ ਕੋਲ ਨਵੇਂ ਤੋਂ ਨਵੇਂ ਮਾਡਲ ਦੀ ਕਾਰ ਨਹੀਂ। ਅਰਦਲੀ ਥੋੜਾ ਜਿਹਾ ਵਫਾਦਾਰ ਹੋਵੇ ਤਾਂ ਕਾਰ ਨੂੰ ਭਾਵੇਂ ਰੇਹੜੇ ਵਾਂਗ ਵਰਤਦਾ ਰਹੇ। ਉਹ ਤਾਂ ਖ਼ਾਨਦਾਨੀ ਅਰਦਲੀ ਹੈ। ਵਫ਼ਾਦਾਰੀ ਉਸ ਵਿਚ ਕੁੱਟ ਕੇ ਭਰੀ ਹੋਈ ਹੈ। ਉਹਨਾਂ ਦੀਆਂ ਕਈ ਪੀੜ੍ਹੀਆਂ ਅਫ਼ਸਰਾਂ ਦੀ ਸੇਵਾ ਕਰਦੀਆਂ ਆ ਰਹੀਆਂ ਹਨ। ਬਚਪਨ ਤੋਂ ਹੀ ਵਧੀਆ ਤੋਂ ਵਧੀਆ ਚੀਜ਼ਾ ਉਹ ਹੰਢਾਉਂਦਾ ਆ ਰਿਹਾ ਹੈ। ਭਾਵੇਂ ਅੱਧ-ਰਾਣੀਆਂ ਹੀ ਸਹੀ। ਇਸ ਲਈ ਕਾਰ ਵਿਚ ਬੈਠਣਾ ਉਹਦਾ ਸੌਂਕ ਨਹੀਂ। ਪਰ ਜੇ ਮਾਲਕਾਂ ਵਾਲੀ ਸੀਟ ਮਿਲ ਜਾਵੇ, ਫੇਰ ਤਾਂ ਲੋਕਾਂ ਤੇ ਥੋੜਾ ਬਹੁਤ ਰੋਹਬ ਪਾਉਣ ਨੂੰ ਦਿਲ ਕਰ ਹੀ ਆਉਂਦਾ ਹੈ।

ਛੁੱਟੀ ਵਾਲਾ ਦਿਨ ਸੀ। ਚਾਰੇ ਪਾਸੇ ਸੁੰਨਸਾਨ ਸੀ। ਠਾਠ ਦੇਖਣ ਵਾਲੇ ਬਹੁਤੇ ਨਹੀਂ ਸਨ। ਉਂਝ ਵੀ ਕਾਰ ਹਵਾ ਨਾਲ ਗੱਲਾਂ ਕਰਦੀ ਜਾ ਰਹੀ ਸੀ। ਕਿਸੇ ਦੀ ਨਿਗਾਹ ਪਿਆ ਵੀ ਹੋਊ ਤਾਂ ਵੀ ਕਿਹੜਾ ਅਗਲੇ ਤੋਂ ਪਛਾਣ ਹੋ ਸਕੀ ਹੋਣੀ ਹੈ ਕਿ ਪਿੱਛੇ ਬੈਠਾ ਰਾਮ ਸਰੂਪ ਹੀ ਹੈ।

ਨਿਰਾਸ਼ ਹੋ ਕੇ ਉਹਨੇ ਸਾਰਾ ਬੋਝ ਪਿਛਲੇ ਗੱਦੇ 'ਤੇ ਸੁੱਟ ਦਿੱਤਾ ਅਤੇ ਨੀਂਦ ਦੇ ਝੂਲੇ ਲੈਣ ਲੱਗਾ।

ਡਾਕਟਰ ਦੀ ਰਿਹਾਈ ਦਾ ਪਰਵਾਨਾ ਰਾਮ ਸਰੂਪ ਦੀ ਜੇਬ ਵਿਚ ਸੀ। ਕੁਝ ਮਿੰਟ ਪਹਿਲਾਂ ਡਾਕਟਰ ਦੀ ਪੁਲਿਸ ਹਿਰਾਸਤ ਦੇ ਅਠਤਾਲੀ ਘੰਟੇ ਪੂਰੇ ਹੋਏ ਸਨ। ਇਕ ਅੱਧ ਘੰਟੇ ਦੀ ਹੇਰਾਫੇਰੀ ਤਾਂ ਪੁਲਿਸ ਵਾਲੇ ਅਰਾਮ ਨਾਲ ਕਰ ਦਿੰਦੇ ਹਨ। ਵੱਧ ਘੰਟਿਆਂ ਲਈ ਚੜ੍ਹਾਵਾ ਵੱਧ ਚੜ੍ਹਾਉਣਾ ਪੈਂਦਾ ਹੈ। ਪਰਵਾਨੇ ਨੂੰ ਥਾਣੇ ਪਹੁੰਚਾਣਾ ਰਾਮ ਸਰੂਪ ਦੀ ਡਿਊਟੀ ਹੈ। ਇਹ ਰਾਮ ਸਰੂਪ ਦੀ ਮਰਜ਼ੀ ਹੈ ਕਿ ਉਹ ਸਰਕਾਰੀ ਹਦਾਇਤਾਂ ਅਨੁਸਾਰ ਕਿਸੇ ਟੁੱਟੀ ਜਿਹੀ ਬੱਸ 'ਤੇ ਚੜ੍ਹ ਕੇ ਤਿੰਨ ਘੰਟਿਆਂ ਵਿਚ ਥਾਣੇ ਪੁੱਜੇ ਜਾਂ ਮਾਰੂਤੀ ਵਿਚ ਬੈਠ ਕੇ ਅੱਧੇ ਘੰਟੇ ਵਿਚ। ਕਿਹੜਾ ਮੂਰਖ ਹੈ ਜਿਹੜਾ ਨਵੀਂ ਨਕੋਰ ਕਾਰ ਛੱਡ ਕੇ, ਟੁੱਟੀ ਸੜਕ ਤੇ ਹਿਚਕੋਲੇ ਖਾਂਦੀ ਬੱਸ ਵਿਚ ਬੈਠ ਕੇ, ਨਾਲੇ ਬੱਖੀਆਂ ਭੰਨਾਵੇਂ ਨਾਲੇ ਟਿੱਬਿਆਂ ਦਾ ਰੇਤਾ ਫੱਕੇ।

ਮਿੰਨਤਾਂ ਤਰਲੇ ਕਰਾ ਕੇ ਰਾਮ ਸਰੂਪ ਨੇ ਕਾਰ ਵਿਚ ਬੈਠਣਾ ਮੰਨ ਲਿਆ ਸੀ। ਜੇ ਕਿਧਰੇ ਅਠਤਾਲੀ ਘੰਟਿਆਂ ਦੇ ਅੰਦਰ ਅੰਦਰ ਰਿਹਾਈ ਨਾ ਹੋਈ ਤਾਂ ਡਾਕਟਰ ਨੇ ਸਸਪੈਂਡ ਹੋ ਜਾਣਾ ਸੀ। ਸਸਪੈਂਡ ਹੋਣ ਨਾਲ ਜੋ ਨੁਕਸਾਨ ਹੋਣਾ ਸੀ ਉਹ ਉਂਗਲਾਂ 'ਤੇ ਨਹੀਂ ਗਿਣਿਆ ਜਾ ਸਕਦਾ।

ਸੋਚ ਸਮਝ ਕੇ ਹੀ ਉਹਨਾਂ ਨੇ ਰਾਮ ਸਰੂਪ ਨੂੰ 'ਸਕਾਚ' ਨਾਲ ਹਵਾ ਪਿਆਜੀ ਕਰਨਾ ਦਾ ਵਾਅਦਾ ਕੀਤਾ ਸੀ ਤੇ ਕਾਰ ਵਿਚ ਬਿਠਾਇਆ ਸੀ।

ਕਾਰ ਵਿਚ ਬੈਠਾ ਰਾਮ ਸਰੂਪ ਵਾਰ ਵਾਰ ਟੀ.ਵੀ. ਦੇ ਉਸ ਮਰੀਜ਼ ਨੂੰ ਅਸੀਸਾਂ ਦੇ ਰਿਹਾ ਸੀ। ਜਿਸ ਨੇ ਰਿਸ਼ਵਤ ਦੇ ਕੇਸ ਵਿਚ ਡਾਕਟਰ ਨੂੰ ਫਸਾ ਕੇ ਉਹਨਾਂ ਦੇ ਭਾਗ ਜਗਾਏ ਸਨ। ਡਾਕਟਰ ਦੀ ਗ੍ਰਿਫ਼ਤਾਰੀ ਸਾਰੀਆਂ ਕਚਹਿਰੀਆਂ ਲਈ ਵਰਦਾਨ ਬਣ ਕੇ ਆਈ ਸੀ। ਕੁਝ ਹੀ ਘੰਟਿਆਂ ਵਿਚ ਚਾਰੇ ਪਾਸੇ ਨੋਟ ਹੀ ਨੋਟ ਹੋ ਗਏ ਸਨ। ਇਹੋ ਜਿਹੇ ਹੀ ਕੁਝ ਨਵੇਂ ਨਵੇਂ ਨੋਟਾਂ ਦੀ ਆਸ ਰਾਮ ਸਰੂਪ ਲਾਈ ਬੈਠਾ ਸੀ।

ਡਰਾਈਵਰ ਨਾਲ ਗੱਲੀਂ ਲੱਗਾ ਸ਼ਾਮ ਸੁੰਦਰ ਆਪਣੀ ਸੂਮ ਭੈਣ ਤੇ ਖਿਝ ਰਿਹਾ ਸੀ। ਜਿਸ ਹਿਸਾਬ ਨਾਲ ਰਿਸ਼ਵਤ ਲਈ ਜਾਂਦੀ ਹੈ ਜੇ ਉਸੇ ਹਿਸਾਬ ਖਰਚੀ ਨਾ ਜਾਵੇ ਤਾਂ ਨਤੀਜਾ ਮਾੜਾ ਨਿਕਲਦਾ ਹੈ। ਠੀਕ ਹੈ ਡਾਕਟਰ ਜੱਜ ਨਾਲ ਬੈਠ ਕੇ ਜੂਆ ਖੇਡਦਾ ਸੀ, ਇਕੱਲੇ ਦਾਰੂ ਵੀ ਪੀਂਦੇ ਸਨ। ਵੇਲੇ ਕੁਵੇਲੇ ਮੁਫਤ ਦਵਾਈਆਂ ਵੀ ਘਲਦਾ ਸੀ। ਫੇਰ ਵੀ ਜੇ ਸਰਕਾਰੀ ਵਕੀਲ ਦੀ ਹਾਂ ਵਿਚ ਹਾਂ ਨਾ ਮਿਲਦੀ ਉਹ ਇਕੱਲਾ ਹੀ ਕਰ ਸਕਦਾ ਸੀ ? ਵਿਜਲੈਂਸ ਵਾਲਿਆਂ ਤੋਂ ਤਾਂ ਵੱਡੇ ਤੋਂ ਵੱਡੇ ਜੱਜ ਹਿਲ ਜਾਂਦੇ ਹਨ। ਉਸ ਬਾਣੀਏ 'ਚ ਦਲੇਰੀ ਕਿਥੇ ! ਡਾਕਟਰ ਦੇ ਕੱਬੇ ਸੁਭਾਅ ਨੇ ਮਿੱਤਰਾਂ ਨਾਲੋਂ ਜ਼ਿਆਦਾ ਦੁਸ਼ਮਣਾਂ ਦੀ ਲਿਸਟ ਲੰਬੀ ਬਣਾ ਰੱਖੀ ਹੈ। ਇਕ ਦੋ ਉਪਰਲੇ ਅਫ਼ਸਰਾਂ ਨੂੰ ਛੱਡ ਕੇ ਬਾਕੀਆਂ ਨੂੰ ਤਾਂ ਬੰਦਾ ਹੀ ਨਹੀਂ ਸਮਝਦਾ। ਮਾੜੀ ਜਿਹੀ ਗੱਲ 'ਤੇ ਜੇ ਸਰਕਾਰੀ ਵਕੀਲ ਨਾਲ ਨਾ ਵਿਗਾੜੀ ਹੁੰਦੀ ਤਾਂ ਆਹ ਦਿਨ ਨਾ ਦੇਖਣਾ ਪੈਂਦਾ। ਅੱਗੇ ਕਿਹੜਾ ਕੋਈ ਗਲਤ ਕੰਮ ਨਹੀਂ ਕੀਤਾ। ਬਿਨਾਂ ਚੀਰ ਫਾੜ ਕਰੇ ਪੋਸਟ ਮਾਰਟਮ ਦੀਆਂ ਰਿਪੋਰਟਾਂ ਦੇ ਦਿੰਦੈ। ਬਿਨਾਂ ਸੱਟ ਤੋਂ ਛੱਬੀ ਬਣਾ ਦਿੰਦੈ। ਫੇਰ ਜੇ ਸਰਕਾਰੀ ਵਕੀਲ ਦੇ ਆਖੇ ਤੋਂ ਫਿਟਨੈਸ ਸਰਟੀਫੀਕੇਟ ਬਣਾ ਦਿੰਦਾ ਤਾਂ ਕਿਹੜੀ ਆਫਤ ਆ ਜਾਣੀ ਸੀ। ਡਰਾਇਵਿੰਗ ਲਾਈਸੈਂਸ ਵਿਚ ਫਿਟਨੈਸ ਸਰਟੀਫੀਕੇਟ ਦਿਉ। ਉਹਦਾ ਕਿਹੜਾ ਕੰਮ ਰੁਕ ਗਿਆ ? ਹਸਪਤਾਲ 'ਚ ਵੀਹ ਡਾਕਟਰ ਨੇ। ਇਸ ਨੂੰ ਛਡਿਆ ਕਿਸੇ ਹੋਰ ਤੋਂ ਕਰਾ ਲਿਆ। ਹੁਣ





ਅਗਲੇ ਦਾ ਦਾਅ ਲੱਗ ਗਿਆ। ਸਾਰੀਆਂ ਯਾਰੀਆਂ ਭੁਲਾ ਦਿੱਤੀਆਂ। ਠੋਕ ਵਜਾ ਕੇ ਪੰਜਾਂ ਦਿਨਾਂ ਦਾ ਪੁਲਿਸ ਰਿਮਾਂਡ ਲਿਆ ਉਸੇ ਵਕੀਲ ਨੇ।

ਚੰਗਾ ਹੋਇਆ ਸ਼ਾਮ ਸੁੰਦਰ ਨੂੰ ਵਕਤ ਸਿਰ ਪਤਾ ਲੱਗ ਗਿਆ। ਖਿੱਚ-ਧੂਹ ਕਰਕੇ ਉਹਨੇ ਜ਼ਮਾਨਤ ਕਰਾ ਲਈ। ਸਸਪੈਂਡ ਹੋਣ ਨਾਲ ਉਹਨਾਂ ਦੇ ਘਰੋਂ ਦਾਣੇ ਤਾਂ ਨਹੀਂ ਸੀ ਮੁਕ ਜਾਣੇ, ਪਰ ਕਈ ਢਕੇ ਢੋਲ ਨੰਗੇ ਹੋ ਜਾਣੇ ਸਨ। ਦਵਾਈਆਂ ਦਾ ਸਾਰਾ ਸਟਾਕ ਖਾਧਾ ਪੀਤਾ ਪਿਐ। ਦਵਾਈਆਂ ਤਾਂ ਪੰਜਾਬ ਮੈਡੀਕਲ ਸਟੋਰ ਰਾਹੀਂ ਵਿਕ ਵੀ ਚੁੱਕੀਆਂ ਹਨ। ਸਟਾਕ ਨਿਲ ਕਰਨਾ ਰਹਿ ਗਿਆ। ਹਸਪਤਾਲ ਦੇ ਸਾਰੇ ਕੀਮਤੀ ਔਜ਼ਾਰ ਡਾਕਟਰ ਮਿੱਤਲ ਦੇ ਕਲੀਨਕ ਵਿਚ ਪਏ ਹਨ। ਵਾਧੂ ਸਮੇਂ ਵਿਚ ਡਾਕਟਰ ਉਥੇ ਹੀ ਪ੍ਰੈਕਟਿਸ ਕਰਦਾ ਹੈ, ਫੋੜੇ ਫਿਨਸੀਆਂ ਤੋਂ ਲੈ ਕੇ ਦਿਮਾਗ ਤਕ ਦੇ ਅਪਰੇਸ਼ਨ ਉਥੇ ਹੀ ਹੁੰਦੇ ਹਨ। ਪਿਛੋਂ ਭਾਵੇਂ ਮਰੀਜ਼ ਹਸਪਤਾਲ 'ਚ ਪਿਆ ਅਰਾਮ ਕਰਦਾ ਰਹੇ। ਲੰਗੋਟੀਏ ਯਾਰਾਂ ਤੋਂ ਇਹ ਵੀ ਨਹੀਂ ਸਰਿਆ ਬਈ ਡਾਕਟਰ ਤਾਂ ਫੜਿਆ ਗਿਆ ਪਿਛੋਂ ਔਜ਼ਾਰ ਦਵਾਈਆਂ ਤਾਂ ਪੂਰੀਆਂ ਕਰ ਦੇਣ। ਵਿਜਲੈਂਸ ਵਾਲਿਆਂ ਦਾ ਕੀ ਪਤੈ ? ਜਦੋਂ ਮਗਰ ਪੈ ਜਾਣ ਤਾਂ ਪੋਤੜਿਆਂ ਤਕ ਫਰੋਲ ਦਿੰਦੇ ਨੇ। ਕੁਰੱਪਸ਼ਨ ਦੇ ਕੇਸ ਦਾ ਇੰਤਜ਼ਾਮ ਤਾਂ ਮਰੀਜ਼ ਦੀਆਂ ਮਿੰਨਤਾਂ ਤਰਲੇ ਕਰਕੇ ਜਾਂ ਕੁਝ ਲੈ ਦੇ ਕੇ ਹੋ ਜਾਏਗਾ। ਕਿਧਰੇ ਗਬਨ ਦਾ ਕੇਸ ਬਣ ਗਿਆ ਤਾਂ ਨਾਨੀ ਯਾਦ ਆ ਜਾਊ। ਉਹਨਾਂ ਦਾ ਸੋਚਿਆ ਹੋਣੈ ਡਾਕਟਰ ਤਾਂ ਫਸ ਗਿਆ, ਮਾਲ ਹਜ਼ਮ ਕਰੋ। ਉਹਨਾਂ ਨੂੰ ਨਹੀਂ ਪਤਾ ਸ਼ਾਮ ਸੁੰਦਰ ਹਾਲੇ ਜਿਉਂਦਾ ਹੈ ? ਸਟਾਕ ਪੂਰਾ ਕਰਨ ਅਤੇ ਮੁਕੱਦਮੇ ਦਾ ਖਰਚ ਕੱਢਣ ਲਈ ਡਾਕਟਰ ਦਾ ਕੁਰਸੀ 'ਤੇ ਬਣੇ ਰਹਿਣਾ ਬਹੁਤ ਜ਼ਰੂਰੀ ਹੈ। ਇਸੇ ਲਈ ਸੱਤਾਂ ਪੱਤਣਾਂ ਦਾ ਤਾਰੂ, ਡਾਕਟਰ ਦਾ ਸਾਲਾ ਸ਼ਾਮ ਸੁੰਦਰ ਮੈਦਾਨ ਵਿਚ ਨਿਤਰਿਆ ਹੈ। ਕਾਫੀ ਸਾਰੇ ਮੋਰਚੇ ਫਤਹਿ ਹੋ ਗਏ। ਇਕੋ ਬਾਕੀ ਹੈ। ਇਕ ਦੋ ਘੰਟਿਆਂ ਦੀ ਹੇਰ ਫੇਰ ਕਰਕੇ ਡਾਕਟਰ ਦੀ ਰਿਹਾਈ ਅਠਤਾਲੀ ਘੰਟਿਆਂ ਦੇ ਅੰਦਰ ਅੰਦਰ ਕਰਾਉਣਾ।

ਰਾਮ ਸਰੂਪ ਉਹਨਾਂ ਦੀਆਂ ਗੱਲਾਂ ਸੁਣ ਸੁਣ ਖ਼ੁਸ਼ ਹੁੰਦਾ ਰਿਹਾ। ਚੰਗਾ ਹੋਇਆ ਕਚਹਿਰੀ ਪੁਜਦਿਆਂ ਪੁਜਦਿਆਂ ਉਹਨਾਂ ਨੂੰ ਤਰਕਾਲਾਂ ਪੈ ਗਈਆਂ। ਦਰਖਾਸਤ ਕੋਠੀ ਦਿੱਤੀ ਤਾਂ ਹੀ ਰਾਮ ਸਰੂਪ ਦਾ ਦਾਅ ਲੱਗਾ। ਸਹਿਗਲ ਵਕੀਲ ਦੀ ਦਰਿਆ-ਦਿਲੀ ਦੂਰ ਦੂਰ ਤਕ ਮਸ਼ਹੂਰ ਹੈ। ਮੁਨਸ਼ੀ ਉਨਾ ਹੀ ਕਮੀਨਾ। ਸਾਇਲਾਂ ਤੋਂ ਭਾਵੇਂ ਪੰਜਾਹ ਲਏ ਭਾਵੇਂ ਸੌ ਅਹਿਲਕਾਰਾਂ ਦੇ ਹੱਥ ਤੇ ਪੰਜ ਤੋਂ ਵਧ ਨਹੀਂ ਧਰਦਾ। ਚੰਗਾ ਸੀ ਉਸ ਸਮੇਂ ਕਿਧਰੇ ਬੈਠਾ ਦਾਰੂ ਪੀ ਰਿਹਾ ਸੀ। ਕੋਠੀ ਵੜਨ ਦੀ ਹਿੰਮਤ ਨਹੀਂ ਪਈ। ਜੇ ਰੀਡਰ ਵੀ ਹਾਜ਼ਰ ਹੁੰਦਾ ਤਾਂ ਵੀ ਦਸਾਂ ਤੋਂ ਵੱਧ ਪਲੇ ਨਹੀਂ ਸੀ ਪੈਣੇ। ਮੋਟਾ ਬੁਰਕ ਉਸ ਨੇ ਮਾਰ ਲੈਣਾ ਸੀ। ਸੁਣਵਾਈ ਸਮੇਂ ਉਹ ਸੀ, ਵਕੀਲ ਸੀ ਜਾਂ ਫੇਰ ਸਾਹਿਬ। ਇਸ਼ਾਰੇ ਨਾਲ ਵਕੀਲ ਨੇ ਸ਼ਾਮ ਸੁੰਦਰ ਨੂੰ ਸਮਝਾ ਦਿੱਤਾ ਸੀ। ਸਾਹਿਬ ਨਾਲੋਂ ਵੱਧ ਕੰਮ ਰਾਮ ਸਰੂਪ ਨੇ ਕਰਨਾ ਹੈ।

ਜ਼ਮਾਨਤ ਤਾਂ ਹੋ ਸਕਦੀ ਸੀ ਜੇ ਨੋਟਿਸ ਦੀ ਤਮੀਲ ਹੋਵੇ। ਤਮੀਲ ਕਰਾਏ ਜਾਂ ਨਾ ਇਹ ਰਾਮ ਸਰੂਪ ਦੀ ਮਰਜ਼ੀ।

ਬਾਹਰ ਨਿਕਲਦਿਆਂ ਹੀ ਸ਼ਾਮ ਸੁੰਦਰ ਨੇ ਵੀਹ ਦਾ ਇਕ ਕੜਕੜ ਕਰਦਾ ਨੋਟ ਉਹਦੀ ਜੇਬ ਵਿਚ ਅੜਾ ਦਿੱਤਾ। ਇਹ ਪੇਸ਼ਗੀ ਸੀ। ਤਮੀਲ ਹੋ ਗਈ ਤਾਂ ਸਕਾਚ ਦੀ ਬੋਤਲ ਅਲੱਗ।

ਅੱਧਾ ਨਸ਼ਾ ਤਾਂ ਰਾਮ ਸਰੂਪ ਨੂੰ ਸਕਾਚ ਦਾ ਨਾਂ ਸੁਣ ਕੇ ਹੀ ਹੋ ਗਿਆ। ਨਵੇਂ ਨੋਟ ਦਾ ਨਸ਼ਾ

ਵੀ ਨਵੀਂ ਦੁਲਹਨ ਵਰਗਾ ਹੁੰਦਾ ਹੈ। ਸ਼ਾਇਦ ਇਸੇ ਲਈ ਸ਼ਾਮ ਸੁੰਦਰ ਨਵੇਂ ਨੋਟਾਂ ਦੀ ਗੁਟੀ ਲੈ ਕੇ ਆਇਆ ਸੀ। ਨਵੇਂ ਨੋਟਾਂ ਦੀ ਕੀਮਤ ਭਾਵੇਂ ਉਨੀ ਹੀ ਹੁੰਦੀ ਹੈ, ਪਰ ਖਿੱਚ ਮਿਕਨਾਤੀਸੀ ਹੁੰਦੀ ਹੈ। ਪੰਜ ਦਾ ਨੋਟ ਪੰਜਾਹਾਂ ਜਿੰਨਾ ਕੰਮ ਕਰਦੈ।

ਖ਼ਿਆਲੀ ਨਸ਼ੇ 'ਚ ਝੂਮਦੇ ਰਾਮ ਸਰੂਪ ਦਾ ਸਾਈਕਲ ਦੇ ਪੈਡਲ ਮਾਰਦਿਆਂ ਭੋਰਾ ਵੀ ਜ਼ੋਰ ਨਹੀਂ ਸੀ ਲੱਗ ਰਿਹਾ। ਵਿਜਲੈਂਸ ਇੰਸਪੈਕਟਰ ਕਿਧਰੇ ਗਾਇਬ ਸੀ। ਨਾ ਘਰ ਨਾ ਦਫ਼ਤਰ। ਕੋਈ ਆਖਦਾ ਮਿਸਲ ਤਿਆਰ ਕਰਦੈ। ਕੋਈ ਆਖਦਾ ਸਾਹਿਬ ਦੇ ਪੇਸ਼ ਹੋ ਗਿਐ। ਪੰਜ ਦਸ ਰੁਪਿਆਂ ਦੀ ਗੱਲ ਹੁੰਦੀ ਰਾਮ ਸਰੂਪ ਚੂਹੀਂ ਨਾ ਮਾਰਦਾ, ਢਾਈ ਤਿੰਨ ਸੌ ਦੀ ਸਕਾਚ ਨਹੀਂ ਸੀ ਛੱਡੀ ਜਾ ਸਕਦੀ।

ਰਾਮ ਸਰੂਪ ਪੁਰਾਣਾ ਘੁਲਾਟੀਆ ਸੀ। ਮਰਜ਼ੀ ਹੋਵੇ ਤਾਂ ਪੁਲਿਸ ਵਾਲਿਆਂ ਦਾ ਖੁਰਾ ਲੱਭਣਾ ਕੋਈ ਔਖਾ ਨਹੀਂ ਸੀ। ਹਨੇਰਾ ਹੋ ਚਲਿਐ। ਜ਼ਰੂਰ ਕਿਤੇ ਦਾਰੂ ਪੀਂਦਾ ਹੋਊ। ਦਾਰੂ ਪੀਂਦੇ ਪੁਲਿਸ ਵਾਲੇ ਨੂੰ ਬੁਲਾਉਣਾ ਸ਼ੇਰ ਦੀ ਪੂਛ ਨੂੰ ਹੱਥ ਲਾਉਣ ਵਾਲੀ ਗੱਲ ਹੁੰਦੀ ਹੈ। ਘੋੜੇ ਚੜ੍ਹਿਆ ਤਾਂ ਸਿਪਾਹੀ ਵੀ ਜੱਜ ਨੂੰ ਗਾਲ੍ਹ ਕੱਢ ਦਿੰਦੈ। ਉਹ ਅਰਦਲੀ ਹੈ ਤੇ ਸਾਹਮਣੇ ਇੰਸਪੈਕਟਰ।

ਚੌਂਕ 'ਚ ਖੜੀ ਮਾਰੂਤੀ, ਸ਼ਾਮ ਸੁੰਦਰ ਦੀ ਨੋਟਾਂ ਨਾਲ ਭਰੀ ਜੇਬ ਅਤੇ ਸਕਾਚ ਦਾ ਨਸ਼ਾ ਵੀ ਤਾਂ ਘੱਟ ਨਹੀਂ। ਇਹੋ ਜਿਹਾ ਸਾਲ ਵਿਚ ਇਕ ਅੱਧਾ ਦਿਨ ਹੀ ਆਉਂਦੈ।

''ਸੈਸ਼ਨ ਜੱਜ ਦਾ ਨੋਟਿਸ ਹੈ। ਉਹਦੀ ਕੀ ਮਜਾਲ ਜਵਾਬ ਦੇ ਦੇਵੇ।'' ਸੋਚ ਕੇ ਰਾਮ ਸਰੂਪ ਨੇ ਹਿੰਮਤ ਬਟੋਰੀ ਤੇ ਬਾਹਰ ਗਾਰਦ ਤੇ ਖੜੇ ਸਿਪਾਹੀ ਹੱਥ ਨੋਟਿਸ ਅੰਦਰ ਘੱਲ ਦਿੱਤਾ।

ਰਾਮ ਸਰੂਪ ਐਵੇਂ ਡਰ ਰਿਹਾ ਸੀ। ਨੋਟਿਸ ਨੂੰ ਉਹ ਬੇਹੇ ਕੜਾਹ ਵਾਂਗ ਪਿਆ। ਉਹਨੂੰ ਸਗੋਂ ਇਕ ਪੈਗ ਵੀ ਮਿਲਿਆ ਅਤੇ ਪੰਜ ਚਾਰ ਪਨੀਰ ਦੇ ਪਕੌੜੇ ਵੀ। ਆਖਰ ਉਹ ਸ਼ੈਸ਼ਨ ਜੱਜ ਦਾ ਅਰਦਲੀ ਹੈ। ਮਖੌਲ ਦੀ ਘੱਗਰੀ ਨਹੀਂ।

ਕਿਸੇ ਵਧੀਆ ਬਰਾਂਡ ਦੀ ਵਿਸਕੀ ਨੇ ਉਹਦਾ ਸਾਰਾ ਥਕੇਵਾਂ ਲਾਹ ਦਿੱਤਾ। ਇਹ ਵਿਸਕੀ ਦਾ ਕਮਾਲ ਸੀ ਜਾਂ ਸ਼ਾਮ ਸੁੰਦਰ ਤੋਂ ਮਿਲਣ ਵਾਲੇ ਇਨਾਮ ਦਾ ਉਹਨੂੰ ਕੋਈ ਫਰਕ ਨਹੀਂ।

ਇਕ ਇਕ ਕਰਕੇ ਰਾਮ ਸਰੂਪ ਨੇ ਸਭ ਅਫ਼ਸਰਾਂ ਦੀਆਂ ਕੋਠੀਆਂ ਸ਼ਾਮ ਸੁੰਦਰ ਨੂੰ ਦਿਖਾਈਆਂ। ਡਿਸਟ੍ਰਿਕਟ ਅਟਾਰਨੀ ਦੀ, ਉਹਦੇ ਦੋਸਤ ਐਸ.ਡੀ.ਓ. ਦੀ, ਵਿਜੀਲੈਂਸ ਇੰਸਪੈਕਟਰ ਦੀ, ਉਹਦੇ ਖਾਸ ਮਿੱਤਰ ਪ੍ਰੋ. ਗਿੱਲ ਦੀ। ਉਹਨੇ ਸ਼ਾਮ ਸੁੰਦਰ ਨੂੰ ਸਮਝਾ ਵੀ ਦਿੱਤਾ ਕਿਸੇ ਨੂੰ ਵਿਚ ਪਾਉਣ ਦੀ ਜ਼ਰੂਰਤ ਨਹੀਂ। ਸਿਧੇ ਜਾ ਕੇ ਸਲਾਮ ਕਰੋ ਬੇਹਤਰ ਰਹੇਗਾ।

''ਜਿਹੜੀ ਮਰਜ਼ੀ ਏ ਚੁਕ ਲੈ।'' ਸਾਰੇ ਕੰਮ ਜਦੋਂ ਨਿਬੜ ਗਏ ਤਾਂ ਸ਼ਾਮ ਸੁੰਦਰ ਨੇ ਵਿਸਕੀ ਦੇ ਡੱਬੇ ਵੱਲ ਇਸ਼ਾਰਾ ਕਰਕੇ ਫਰਾਖ-ਦਿਲੀ ਦਿਖਾਈ।

''ਮੈਂ ਸਕਾਚ ਕੀ ਕਰਨੀ ਐ ? ਜੋ ਸਰਦੈ ਪੈਸੇ ਹੀ ਦੇ ਦਿਉ।'' ਰਾਮ ਸਰੂਪ ਨੂੰ ਸਕਾਚ ਨਾਲੋਂ ਨੋਟਾਂ ਦੀ ਚਮਕ ਪਿਆਰੀ ਲੱਗੀ ਸੀ।

ਸੌਦਾ ਮਹਿੰਗਾ ਨਹੀਂ ਸੀ। ਪਤਾ ਨਹੀਂ ਹਾਲੇ ਕਿਸ ਕਿਸ ਦੇ ਦਰਵਾਜ਼ੇ 'ਤੇ ਦਸਤਕ ਦੇਣੀ



ਪਏ। ਸਕਾਚ ਹਰ ਥਾਂ ਚਲੇਗੀ।

ਸੋਚ ਸਮਝ ਕੇ ਸ਼ਾਮ ਸੁੰਦਰ ਨੇ ਸੌ ਦਾ ਇਕ ਨੋਟ ਰਾਮ ਸਰੂਪ ਵੱਲ ਵਧਾਇਆ।

''ਏਨੀ ਭਕਾਈ ਦੇ ਸਾਰੇ ਸੌ ਈ...।'' ਰਾਮ ਸਰੂਪ ਚੌਂਕ ਪਿਆ। ਇਕ ਵਾਰ ਤਾਂ ਦਿਲ ਕੀਤਾ ਨੋਟ ਵਗਾਹ ਕੇ ਉਹਦੇ ਮੂੰਹ 'ਤੇ ਮਾਰੇ। ਇਹ ਸ਼ਰੇਆਮ ਠੱਗੀ ਸੀ। ਮਾੜੀ ਤੋਂ ਮਾੜੀ ਸਕਾਚ ਵੀ ਤਿੰਨ ਸੌ ਤੋਂ ਘੱਟ ਨਹੀਂ ਆਉਂਦੀ। ਪੂਰੇ ਦੋ ਸੌ ਦੀ ਠੱਗੀ।

''ਤੂੰ ਘਬਰਾ ਨਾ। ਤੇਰਾ ਭਾਂਗਾ ਕੱਲ ਨੂੰ ਕੱਢ ਦਿਆਂਗੇ। ਸਾਰਾ ਕੰਮ ਤਾਂ ਤੂੰ ਹੀ ਕਰਨੈਂ।'' ਮੱਥੇ ਦੀਆਂ ਤਿਉੜੀਆਂ ਨੂੰ ਭਾਂਪਦਿਆਂ ਸ਼ਾਮ ਸੁੰਦਰ ਨੇ ਇਕ ਦਸ ਦਾ ਨੋਟ ਹੋਰ ਉਹਦੇ ਹੱਥ ਵਿਚ ਫੜਾ ਕੇ ਗੱਡੀ ਤੋਰ ਲਈ।

ਸਬਰ ਦਾ ਘੁੱਟ ਭਰਨ ਤੋਂ ਇਲਾਵਾ ਰਾਮ ਸਰੂਪ ਕੋਲ ਕੋਈ ਚਾਰਾ ਨਹੀਂ ਸੀ। ਚਲੋ ਸੌ ਹੀ ਸਹੀ। ਕਿਹੜਾ ਮੁੰਗੀ ਵੇਚੀ ਹੈ। ਸੋਚ ਕੇ ਉਹਨੇ ਗੁੱਸਾ ਠੰਢਾ ਕੀਤਾ।

ਕੱਲ੍ਹ ਨੂੰ ਗੱਲ ਖੋਲ੍ਹੇ ਬਿਨਾਂ ਪੈਰ ਨਹੀਂ ਪੁੱਟਣਾ। ਛੁੱਟੀ ਹੈ। ਰਾਮ ਸਰੂਪ ਬਿਨਾਂ ਕੋਈ ਥਾਣੇ ਨਹੀਂ ਜਾ ਸਕਦਾ। ਥੋੜੀ ਜਿਹੀ ਵੀ ਇਹਨਾਂ ਢਿੱਲ ਮਿਸ ਕੀਤੀ ਇਹੋ ਜਿਹੀ ਬੱਸ 'ਚ ਜਾ ਕੇ ਬੈਠੂੰ ਜਿਹੜੀ ਛੇ ਘੰਟਿਆਂ 'ਚ ਥਾਣੇ ਪੁੱਜੇ। ਅਗਲੇ ਦਿਨ ਚੰਮ ਦੀਆਂ ਚਲਾਉਣ ਦੀਆਂ ਸਕੀਮਾਂ ਘੜਦਾ। ਰਾਮ ਸਰੂਪ ਕਦੇ ਖ਼ੁਸ਼ ਹੁੰਦਾ ਤੇ ਕਦੇ ਉਦਾਸ।

ਨਵੇਂ ਨੋਟਾਂ ਦਾ ਸ਼ੌਕੀਨ ਸੀ ਰਾਮ ਸਰੂਪ। ਚਾਹੁੰਦਾ ਸੀ ਸੌ ਦੇ ਨੋਟ ਨੂੰ ਖੇਸ ਦੀ ਤਹਿ ਵਿਚ ਪਾ ਕੇ ਪੇਟੀ 'ਚ ਰੱਖ ਦੇਵੇ। ਪਰ ਏਨਾਂ ਵੱਡਾ ਨੋਟ ਸਾਂਭ ਕੇ ਨਹੀਂ ਸੀ ਰੱਖਿਆ ਜਾ ਸਕਦਾ। ਛੋਟੇ ਦਾ ਬੈਗ ਫਟਿਆ ਪਿਐ। ਵੱਡੇ ਨੂੰ 'ਗਾਇਡਾਂ' ਲੈ ਕੇ ਦੇਣੀਆਂ ਨੇ। ਪੜ੍ਹਾਈ ਨੂੰ ਚੰਗਾ ਮੂੰਹ ਮਾਰ ਲੈਂਦੈ। ਕੀ ਐ ਚਾਰ ਜਮਾਤਾਂ ਪੜ੍ਹ ਈ ਜਾਏ ! ਉਹ ਕਿਹੜਾ ਵਕੀਲ ਜਾਂ ਜੱਜ ਬਣ ਨਹੀਂ ਸਕਦਾ ? ਫੇਰ ਵਾਰੇ ਨਿਆਰੇ। ਪੜ੍ਹੂ ਤਾਂ ਹੀ ਜੇ ਵਿਚਾਰੇ ਕੋਲ ਸਾਰੀਆਂ ਕਿਤਾਬਾਂ ਹੋਣਗੀਆਂ। ਸੰਤੀ ਨੂੰ ਵੀ ਚਪਲਾਂ ਦਾ ਜੋੜਾ ਲਿਆ ਹੀ ਦੇਵੇ। ਤੋਪੇ ਲਾ ਲਾ ਉਹ ਹੰਬੀ ਪਈ ਏ। ਅੱਗੇ ਤਾਂ ਸਾਹਿਬ ਦੇ ਘਰੋਂ ਕੋਈ ਜੋੜਾ ਜੁੱਤੀ ਮਿਲ ਜਾਂਦੀ ਸੀ। ਬੱਚਤ ਹੋ ਜਾਂਦੀ ਸੀ। ਇਸ ਸਾਹਿਬ ਦੇ ਬੱਚੇ ਕਨੇਡਾ 'ਚ ਰਹਿੰਦੇ ਨੇ। ਮੀਆਂ ਬੀਵੀ ਨੇ। ਇਹਨਾਂ ਕਿਹੜਾ ਕਣਕਾਂ ਗੁਡਨ ਜਾਣੈ ਬਈ ਜੋੜੇ ਅਧ-ਰਾਣੇ ਹੋ ਜਾਣ। ਦੋ ਸਾਲ ਹੋ ਗਏ, ਕਦੇ ਤਲੇ ਨੂੰ ਤੇੜ ਵੀ ਨਹੀਂ ਆਈ। ਦਸ ਪੰਦਰਾਂ ਉਹ ਆਪਣੇ ਲਈ ਵੀ ਰਖੇਗਾ। ਜਦੋਂ ਕਦੇ ਲੁਧਿਆਣੇ ਗਿਆ ਪੰਜ ਚਾਰ ਹੋਰ ਪਾ ਕੇ ਵਧੀਆ ਜਿਹਾ ਕੋਟ ਲਿਆਏਗਾ। ਸਰਦੀ ਠਾਠ ਨਾਲ ਲੰਘ ਜਾਊ। ਸਾਰੀ ਰਾਤ ਉਸਲ-ਵਟੇ ਲੈਂਦਾ ਰਾਮ ਸਰੂਪ ਇਕ ਨੋਟ ਨਾਲ ਕਈ ਮਸਲੇ ਹੱਲ ਕਰਦਾ ਰਿਹਾ।

ਥਾਣੇ ਵੱਲ ਜਾਂਦੀ ਕਾਰ ਵਿਚ ਬੈਠਾ ਰਾਮ ਸਰੂਪ ਬਾਗੀ ਹੋ ਚਲਿਆ ਸੀ। ਤੁਰਨ ਤੋਂ ਪਹਿਲਾਂ ਉਹਨੇ ਸਾਫ ਆਖ ਦਿੱਤਾ ਸੀ ਪੈਸੇ ਨਹੀਂ ਉਹਨੂੰ ਬੋਤਲ ਚਾਹੀਦੀ ਹੈ। ਭੱਠ 'ਚ ਪਏ ਟੱਬਰ ! ਉਹਨੂੰ ਇਕੱਲੇ ਨੂੰ ਲਿਖ ਕੇ ਤਾਂ ਨੀ ਦਿੱਤਾ ਬਈ ਸਾਰਾ ਦਿਨ ਕੋਹਲੂ ਦੇ ਬੈਲ ਵਾਂਗ ਜੁੜਿਆ ਰਹੇ। ਟੱਬਰ ਦੇ ਸਿਆਪੇ ਤਾਂ ਮੁਕਣੇ ਹੀ ਨਹੀਂ। ਕਦੇ ਕਿਸੇ ਜਵਾਕ ਦੀ ਅਧਰੰਗ ਨਾਲ ਟੰਗ ਸੁੱਕ ਗਈ, ਕਦੇ ਕਿਸੇ ਨੂੰ ਮਿਰਗੀ ਦੇ ਦੌਰੇ ਪੈਣ ਲੱਗ ਪਏ, ਬੁੱਢੇ ਨੂੰ ਦਮਾ ਹੋ ਗਿਆ ਤਾਂ ਬੁੱਢੀ ਨੂੰ ਟੀ.ਬੀ.। ਕਦੇ ਕਿਸੇ ਨੂੰ

ਲੋਹੜੀ ਭੇਜਣੀ ਹੈ ਕਦੇ ਕਰੂਆ। ਭਾਵੇਂ ਕੁਝ ਵੀ ਹੋਵੇ ਅੱਜ ਪੂਰੀ ਦੀ ਪੂਰੀ ਬੋਤਲ ਪੀ ਕੇ ਹੀ ਰਹੇਗਾ।

ਸ਼ਰਾਬ ਪੀਣ ਦਾ ਉਹਨੂੰ ਕੋਈ ਬਹੁਤ ਸ਼ੌਂਕ ਨਹੀਂ। ਉਹਨੇ ਵਧੀਆ ਤੋਂ ਵਧੀਆ ਸ਼ਰਾਬ ਪੀਤੀ ਹੈ। ਪਰ ਉਹ ਪੀਣੀ ਵੀ ਕੋਈ ਪੀਣੀ ਹੈ ? ਜਾਂ ਤਾਂ ਅਫ਼ਸਰਾਂ ਨੂੰ ਵਰਤਾਉਂਦੇ ਵਰਤਾਉਂਦੇ ਚੋਰੀ ਪੈਗ ਲਾਉ ਜਾਂ ਫੇਰ ਬੋਤਲ 'ਚ ਬਚਦੀ ਸੜਾਕੋ। ਜਿੰਨਾਂ ਚਿਰ ਡਰ ਦੀ ਤਲਵਾਰ ਸਿਰ 'ਤੇ ਲਟਕਦੀ ਰਹੇ ਨਸ਼ਾ ਚੜ੍ਹਦਾ ਈ ਨਹੀਂ।

ਨਹਾ ਧੋ ਕੇ, ਅਜ਼ਾਦ ਹੋ ਕੇ ਉਹ ਬੈਠਕ ਵਿਚ ਬੈਠੇਗਾ। ਸਾਹਮਣੇ ਘਰ ਵਾਲੇ ਮੁਨਸ਼ੀ ਅਤੇ ਨਾਲ ਵਾਲੇ ਦੇਸੂ ਨੂੰ ਵੀ ਬੁਲਾਏਗਾ। ਸਾਲੇ ਸਕੂਲਾਂ ਦੇ ਚਪੜਾਸੀ ਨੇ। ਭੁੱਖ ਨੰਗ ਨਾਲ ਘੁਲਦੇ ਰਹਿੰਦੇ ਨੇ। ਸਕਾਚ ਤਾਂ ਕੀ ਉਹਨਾਂ ਨੇ ਤਾਂ ਕਦੇ ਇਹਨਾਂ ਨਾਂਅ ਵੀ ਨਹੀਂ ਸੁਣਿਆ ਹੋਣਾ। ਮਾਸਟਰ ਤਾਂ ਉਹਨੂੰ ਨੂੰ 'ਚਾਹ' ਵੀ ਨਹੀਂ ਪਿਲਾਉਂਦੇ। ਲੀਡਰੀ ਜ਼ਰੂਰ ਜਾਣਦੇ ਨੇ। ਮੈਂ ਉਹਨਾਂ ਨੂੰ ਪਿਲਾਊਂ। ਨਾਲੇ ਕਾਜੂ ਖਵਾਊਂ। ਪਕੌੜੀਆਂ ਜਿਹੀਆਂ ਨਾਲ ਤਾਂ ਸਵਾਦ ਈ ਨੀ ਆਉਂਦਾ। ਜੇ ਸਕਾਚ ਐ ਤਾਂ ਕਾਜੂ ਵੀ ਹੋਣ। ਜਿਸ ਕੰਮ ਲਕੀ ਦਸਾਂ ਦਾ ਨੋਟ ਉਹਨੇ ਪਹਿਲਾਂ ਹੀ ਸੰਭਾਲ ਰਖਿਐ। ਪਤਾ ਐ ਕਾਜੂ ਮੁੱਠੀ ਤੋਂ ਵਧ ਨਹੀਂ ਆਉਣੈ। ਪਰ ਕਾਜੂਆਂ ਦਾ ਨਾਲ ਕਿਹੜਾ ਰਜਨੈ। ਕਦੇ ਅੱਧਾ ਖਾ ਲਿਆ, ਕਦੇ ਪੂਰਾ। ਇਸ ਗੱਲ ਦੀ ਹਦਾਇਤ ਦੇਸੂ ਅਤੇ ਮੁਨਸ਼ੀ ਨੂੰ ਪਹਿਲਾਂ ਹੀ ਕਰਨੀ ਪਊ। ਕਾਜੂਆਂ ਲਈ ਤਾਂ ਵੱਡੇ ਵੱਡੇ ਅਫ਼ਸਰ ਕਾਹਲੇ ਪੈ ਜਾਂਦੇ ਹਨ। ਉਹ ਤਾਂ ਫੇਰ ਵੀ ਚਪੜਾਸੀ ਨੇ। ਉਹ ਵੀ ਸਕੂਲ ਦੇ।

ਹਵਾ 'ਚ ਕਲਾਬਾਜ਼ੀਆਂ ਲਾਉਂਦੇ ਰਾਮ ਸਰੂਪ ਨੂੰ ਪਤਾ ਨਹੀਂ ਸੀ ਲੱਗਾ ਕਦੋਂ ਸੱਠ ਕਿਲੋਮੀਟਰ ਦਾ ਪੈਂਡਾ ਮੁੱਕ ਗਿਆ। ਉਹਨੂੰ ਉਦੋਂ ਹੀ ਪਤਾ ਲੱਗਾ ਜਦੋਂ ਕਾਰ ਗਲੀਆਂ ਦੇ ਵਿੰਗੇ ਟੇਢੇ ਮੋੜ ਕੱਟਣ ਲੱਗੀ।

ਕਾਰ ਉਹਨਾਂ ਇਕ ਫਰਲਾਂਗ ਪਿੱਛੇ ਹੀ ਖੜਾ ਦਿੱਤੀ। ਸ਼ਾਮ ਸੁੰਦਰ ਨੂੰ ਪਤਾ ਸੀ ਕਾਰ ਦੇਖ ਕੇ ਥਾਣੇ ਵਾਲਿਆਂ ਦਾ ਪੈਰ ਭਾਰੀ ਹੋ ਜਾਂਦੈ। ਜਿੰਨੀ ਠਾਠ ਨਾਲ ਥਾਣੇ ਜਾਉਗੇ ਉੱਨਾ ਹੀ 'ਵਟਾ' ਵੱਡਾ ਰੱਖਣਗੇ। ਇਸੇ ਲਈ ਗਲ 'ਚ ਲਟਕਦੀ ਸੋਨੇ ਦੀ ਚੈਨੀ ਨੂੰ ਉਹਨੇ ਕਾਲਰ ਅਤੇ ਬਨੈਣ ਹੇਠਾਂ ਲਕੋ ਲਿਆ ਸੀ।

''ਲੈ ਬਈ ਚੌਧਰੀ ! ਆਪਾਂ ਡਾਕਟਰ ਦੀ ਰਿਹਾਈ ਅਠਤਾਲੀ ਘੰਟਿਆਂ ਦੇ ਅੰਦਰ ਅੰਦਰ ਕਰਾਉਣੀ ਹੈ। ਤੂੰ ਆਪਣੀ ਪੂਰੀ ਵਾਹ ਲਾ ਦੇ।''

ਗੱਡੀਉਂ ਉਤਰਦਿਆਂ ਹੀਸ਼ਾਮ ਸੁੰਦਰ ਨੇ ਰਾਮ ਸਰੂਪ ਦੀ ਪਿੱਠ ਥਾਪੜੀ।

ਇਹ ਕਿਹੜਾ ਵੱਡਾ ਕੰਮ ਹੈ। ਰਾਮ ਸਰੂਪ ਚਾਹੇ ਤਾਂ ਬੰਦੇ ਨੂੰ ਉਂਞ ਹੀ ਛੁਡਾ ਕੇ ਲੈ ਜਾਵੇ। ਇਥੇ ਤਾਂ ਥਾਣੇਦਾਰ ਉਹਦੇ ਘਰ ਦਾ ਹੈ। ਸਰਦੂਲ ਸਿੰਘ। ਜਦੋਂ ਉਹਦੇ ਤੇ ਮਾਸਟਰਨੀ ਨਾਲ ਬਲਾਤਕਾਰ ਕਰਨ ਦਾ ਮੁਕੱਦਮਾ ਚਲਿਆ ਸੀ ਤਾਂ ਰਾਮ ਸਰੂਪ ਨੇ ਤਨੋਂ ਮਨੋਂ ਉਹਦੀ ਮਦਦ ਕੀਤੀ ਸੀ। ਮੌਕਾ ਲਗਦਿਆਂ ਹੀ ਕਈ ਵਾਰ ਸਾਹਿਬ ਕੋਲ ਉਹਦੀ ਤਰੀਫ ਕੀਤੀ। ਤਿੰਨ ਪੇਸ਼ੀਆਂ ਗਵਾਹ ਚੜ੍ਹਾਈ ਕਰਕੇ ਆਉਂਦੇ ਰਹੇ। ਰਾਮ ਸਰੂਪ ਮੋੜਦਾ ਰਿਹਾ। ਕਦੇ ਮਿਸਲ ਇਧਰ ਉਧਰ ਕਰਕੇ। ਕਦੇ ਹੋਰ ਮੁਕੱਦਮਾ ਪਹਿਲਾਂ ਅੜਾ ਕੇ। ਜਦੋਂ ਤੱਕ ਰਾਜ਼ੀਨਾਮਾ ਨਾ ਹੋ ਗਿਆ ਰਾਮ ਸਰੂਪ ਨੇ ਕਿਸੇ ਦੀ ਪੇਸ਼ ਨਾ ਜਾਣ



ਦਿੱਤੀ। ਹੁਣ ਭਲਾ ਇਹ ਕਿਹੜਾ ਕੰਮ ਹੈ ? ਰਿਹਾਈ ਗਿਆਰਾਂ ਦੀ ਥਾਂ ਦਸ ਵਜੇ ਪਾਉਣੀ ਹੈ। ਇੰਨੇ ਨਾਲ ਹੀ ਰਾਮ ਸਰੂਪ ਦਾ ਚਾਰ ਪੰਜ ਸੌ ਬਣ ਜਾਊ। ਆਪਣੇ ਬੰਦੇ ਦਾ ਇਹੋ ਫਾਇਦਾ ਹੁੰਦੈ।

ਰਾਮ ਸਰੂਪ ਨੇ ਕੁੜਤੇ ਪਜਾਮੇ ਦੇ ਵਟ ਕੱਢੇ, ਜੁੱਤੀ ਤੋਂ ਮਿੱਟੀ ਝਾੜੀ, ਵਾਲਾਂ ਵਿਚ ਕੰਘੀ ਕਰੀ ਅਤੇ ਇਕ ਇੰਮਪੋਰਟਡਟ ਸਿਗਰਟ ਸੁਲਘਾ ਕੇ ਸਿੱਧਾ ਐਸ.ਐਚ.ਓ. ਦੇ ਦਫਤਰ ਵਲ ਹੋ ਲਿਆ। ਸ਼ਾਮ ਸੁੰਦਰ ਵੀ ਕਬੂਤਰ ਵਾਂਗ ਅੱਖਾਂ ਝਪਕਾਉਂਦਾ ਉਹਦੇ ਪਿੱਛੇ ਹੋ ਲਿਆ।

ਸਭ ਤੋਂ ਪਹਿਲਾਂ ਉਹਦੀ ਨਜ਼ਰ ਬਲਬੀਰ ਹੌਲਦਾਰ 'ਤੇ ਪਈ। ਲਉ ਬੋਤਲ ਤਾਂ ਖਰੀ ਹੈ। ਸ਼ੁਭ ਸ਼ਗਨ ਹੈ। ਪਰ ਹਾਲੇ ਬਲਬੀਰ ਕੋਲ ਖੜਨ ਦਾ ਵਕਤ ਨਹੀਂ। ਜਿੰਨੀ ਦੇਰ ਹੋਵੇਗੀ ਉੱਨਾ ਹੀ ਔਖਾ ਹੋਣਾ ਪਏਗਾ।

ਗੁਲਾਮ ਅਲੀ ਤੇ ਉਹਨੂੰ ਚਿੜ ਆਈ। ਰਾਮ ਸਰੂਪ ਨੂੰ ਦੇਖਦਿਆਂ ਹੀ ਪਿੱਠ ਭੁਲਾ ਲਈ। ਰਾਮ ਸਰੂਪ ਦਾ ਹਾਸਾ ਨਿਕਲ ਗਿਆ। ਗੁਲਾਮ ਅਲੀ ਸੋਚਦਾ ਹੋਣੈ ਰਾਮ ਸਰੂਪ ਵਗਾਰ ਪਾਉਣ ਆਇਆ ਹੋਊ। ਸੈਸ਼ਨ ਜੱਜ ਦੀ ਵਗਾਰ ਵੀ ਘੱਟ ਨਹੀਂ ਹੁੰਦੀ। ਘੱਟੋ ਘੱਟ ਵਿਸਕੀ ਦੀ ਪੇਟੀ ਜਾਂ ਪੰਜ ਚਾਰ ਦਿਨਾਂ ਲਈ ਕਾਰ ਜਾਂ ਫੇਰ ਗਾਂ ਮੱਝ। ਸੋਚਦਾ ਹੋਊ ਆਪੇ ਐਸ.ਐਚ.ਓ. ਸਮਝੂ। ਟਲਨ ਵਿਚ ਹੀ ਫਾਇਦੈ। ਥਾਣੇ ਦਾ ਅਸੂਲ ਹੀ ਵਖਰੈ। ਜਿਹੜਾ ਬੋਲੇ ਉਹੋ ਕੁੰਡੀ ਖੋਲ੍ਹੇ। ਉਹਨੇ ਰਾਮ ਸਰੂਪ ਤੋਂ ਵਗਾਰ ਪੁੱਛ ਲਈ ਤਾਂ ਐਸ.ਐਚ.ਓ. ਨੇ ਆਖ ਦੇਣੈ ''ਚਲ ਤੂੰ ਹੀ ਪੂਰੀ ਕਰ ਦੇ। ਫੇਰ ਦੇਖ ਲਾਂਗੇ।'' ਪਿਛੋਂ ਦੇਖਣਾ ਦਿਖਾਉਣਾ ਕਿਸ ਨੇ ਹੈ !

''ਜਾਂ ਪਰ੍ਹੇ ਸੂਮਾ। ਅੱਜ ਰਾਮ ਸਰੂਪ ਮੰਗਣ ਲਈ ਦੇਣ ਆਇਐ।'' ਸੋਚਦਾ ਰਾਮ ਸਰੂਪ ਚਿਕ ਚੁਕ ਕੇ ਸਿੱਧਾ ਐਸ.ਐਚ.ਓ. ਦੇ ਦਫਤਰ ਜਾ ਵੜਿਆ। ਕੌਣ ਰੋਕ ਸਕਦੈ ਉਹਨੂੰ। ਮਾੜੀ ਮੋਟੀ ਕਿਸੇ ਨੇ 'ਟੂੰ ਟਾਂ' ਕੀਤੀ ਨਹੀਂ ਤਾਂ ਪੇਸ਼ੀ ਭੁਗਤਾਨ ਆਏ ਨੂੰ ਉਹਨੇ ਸਾਰਾ ਦਿਨ ਧੁੱਪੇ ਬਿਠਾਇਆ ਨਹੀਂ। ਬਹੁਤਾ ਆਕੜੇ ਤਾਂ ਸਾਹਿਬ ਦੇ ਕੰਨ 'ਚ ਫੂਕ ਮਾਰ ਕੇ ਨੋਟਿਸ ਵੀ ਦਿਵਾ ਸਕਦੈ। ਸਾਹਿਬ ਤੋਂ ਉਹਦੇ ਖਿਲਾਫ ਐਸ.ਐਸ.ਪੀ. ਨੂੰ ਲਿਖਵਾ ਸਕਦੈ।

ਸੌਹਰੇ ਸਰਦੂਲ ਸਿੰਘ ਨੇ ਉਹਦੀ ਪਰਵਾਹ ਏ ਨਹੀਂ ਕੀਤੀ। ਪੈਰਾਂ 'ਤੇ ਪਾਣੀ ਏ ਨਹੀਂ ਪੈਣ ਦਿੱਤਾ। ਆਖਦੈ ਡਾਕਟਰ ਦੇ ਦੁਸ਼ਮਣਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕਈ ਡਾਕਟਰ ਗੇੜੇ ਮਾਰ ਗਏ ਨੇ। ਉਹਨਾਂ ਦਾ ਇਤਰਾਜ ਹੈ ਕਿ ਉਹ ਡਾਕਟਰ ਮਿੱਤਲ ਨਾਲ ਮਿਲਿਆ ਹੋਇਐ। ਸਾਰੇ ਮਰੀਜ਼ ਉਥੇ ਹੀ ਘਲ ਦਿੰਦੈ। ਬਾਕੀ ਡਾਕਟਰ ਭੁੱਖੇ ਮਰਦੇ ਨੇ। ਕਮਿਸਟ ਤਾਂ ਧਰਨਾ ਦੇਣ ਨੂੰ ਫਿਰਦੇ ਨੇ। ਸਾਰੀਆਂ ਪਰਚੀਆਂ ਪੰਜਾਬ ਮੈਡੀਕਲ ਵਾਲੇ ਦੇ ਹੀ ਜਾਂਦੀਆਂ ਨੇ। ਬਾਕੀਆਂ ਦੀਆਂ ਦਵਾਈਆਂ ਨਾ-ਮਨਜ਼ੂਰ ਕਰ ਦਿੰਦਾ ਹੈ। ਕਈ ਸਰਕਾਰੀ ਡਾਕਟਰ ਚੰਡੀਗੜ੍ਹ ਨੂੰ ਚੜ੍ਹ ਵੀ ਗਏ ਨੇ। ਬਦਲੀ ਲਈ। ਲੋਕ ਡਾਕਟਰ ਮਿੱਤਲ ਅਤੇ ਪੰਜਾਬ ਮੈਡੀਕਲ ਵਾਲੇ ਦੇ ਛਾਪਾ ਮਾਰਨ ਲਈ ਜ਼ੋਰ ਪਾਉਂਦੇ ਨੇ। ਇਹੋ ਜਿਹੇ ਹਲਾਤਾਂ ਵਿਚ ਡਾਕਟਰ ਦੀ ਮਦਦ ਕਰਨਾ ਖਤਰੇ ਤੋਂ ਖ਼ਾਲੀ ਨਹੀਂ। ਉਹਦੀ ਮਜਬੂਰੀ ਹੈ। ਉਹ ਵੀ ਸਰਕਾਰੀ ਨੌਕਰ ਹੈ। ਉਤੇ ਅਫਸਰ ਕੰਨ ਖਿਚਣ ਨੂੰ ਬੈਠੇ ਹਨ।

ਸ਼ਾਮ ਸੁੰਦਰ ਸਾਰੀ ਸਿਆਸਤ ਸਮਝ ਗਿਆ ਸੀ। ਉਹ ਤਾਂ ਪਹਿਲਾਂ ਹੀ ਅਨੁਮਾਨ ਲਾਈ ਬੈਠਾ

ਸੀ ਇਹ ਇਕੱਲੇ ਟੀ.ਬੀ. ਵਾਲੇ ਮਰੀਜ਼ ਦੀ ਸ਼ਰਾਰਤ ਨਹੀਂ। ਉਹਨੂੰ ਕੀ ਪਤੈ ਵਿਜਲੈਂਸ ਕੀ ਹੁੰਦੈ। ਜ਼ਰੂਰ ਕਿਸੇ ਦੀ ਚੁਕ ਹੈ। ਡਾਕਟਰ ਮੰਨਦਾ ਏ ਨਹੀਂ ਸੀ। ਅਖੇ ਉਹਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ। ਦੇਖ ਲੈ ਦੁਸ਼ਮਣਾਂ ਦੀਆਂ ਲਾਈਨਾਂ।

ਰਾਮ ਸਰੂਪ ਦੇ ਹਾੜੇ, ਸੈਸ਼ਨ ਜੱਜ ਦੀ ਰਿਸ਼ਤੇਦਾਰੀ ਦਾ ਹਵਾਲਾ ਜਦੋਂ ਕੁਝ ਵੀ ਸਰਦੂਲ ਸਿੰਘ ਨੂੰ ਪਿਘਲਾ ਨਾ ਸਕਿਆ ਤਾਂ ਸ਼ਾਮ ਸੁੰਦਰ ਨੇ ਆਪਣੇ ਹਥਿਆਰ ਸੰਭਾਲੇ।

ਪੈਂਟ ਦੀ ਖੱਬੀ ਜੇਬ 'ਚ ਪਾਇਆ ਇਕ ਲਿਫ਼ਾਫ਼ਾ ਹੌਲੀ ਦੇ ਕੇ ਉਹਨੇ ਰਾਮ ਸਰੂਪ ਦੇ ਪੱਟਾਂ 'ਤੇ ਰੱਖਿਆ। ਰਾਮ ਸਰੂਪ ਨੇ ਉਹ ਲਿਫ਼ਾਫ਼ਾ ਮੇਜ਼ ਦੇ ਹੇਠਾਂ ਦੀ ਥਾਣੇਦਾਰ ਦੇ ਪੱਟਾਂ ਤਕ ਪਹੁੰਚਾ ਦਿੱਤਾ। ਸਰਦੂਲ ਸਿੰਘ ਨੇ ਰਾਮ ਸਰੂਪ ਦਾ ਹੱਥ ਵੀ ਘੁਟਿਆ ਅਤੇ ਲਿਫ਼ਾਫ਼ੇ ਦੀ ਮੋਟਾਈ ਦਾ ਵੀ ਜਾਇਜ਼ਾ ਲਿਆ।

''ਤੁਸੀਂ ਬਹੁਤਾ ਖਹਿੜੇ ਪੈਂਦੇ ਹੋ ਤਾਂ ਕੋਈ ਰਾਹ ਲੱਭ ਲੈਣੇ ਹਾਂ। ਫੇਰ ਵੀ ਉਹ ਮੁਲਾਜ਼ਮ ਭਾਈ ਹੈ।''

ਆਖਦੇ ਐਸ.ਐਚ.ਓ. ਨੇ ਬੈੱਲ ਖੜਕਾਈ। ਅਰਦਲੀ ਨੂੰ ਬੁਲਾ ਕੇ 'ਲਿਮਕਿਆਂ' ਦਾ ਹੁਕਮ ਦਿੱਤਾ।

''ਨਾਲੇ ਰਾਮ ਸਰੂਪ ਨੂੰ ਕੁਆਟਰ 'ਚ ਲਿਜਾ ਕੇ ਇਹਦੀ ਸੇਵਾ ਕਰੋ। ਬੜੇ ਕੰਮ ਦਾ ਬੰਦਾ ਏ ਇਹ।'' ਰਾਮ ਸਰੂਪ ਦੀ ਹਾਜ਼ਰੀ 'ਚ ਘੁਟਨ ਮਹਿਸੂਸ ਕਰਦੇ ਥਾਣੇਦਾਰ ਨੇ ਅਰਦਲੀ ਨੂੰ ਦੂਸਰਾ ਹੁਕਮ ਸੁਣਾਇਆ।

ਰਾਮ ਸਰੂਪ ਦਾ ਕੁਆਟਰ ਵਿਚ ਦਿਲ ਨਹੀਂ ਸੀ ਲੱਗ ਰਿਹਾ। ਉਹਨੂੰ ਆਪਣੇ ਕੰਮ ਦੀ ਤਲਬ ਸੀ। ਅਰਦਲੀ ਨੇ ਹੋਰ ਏ ਫਿਕਰ ਪਾ ਦਿੱਤਾ। ਮੁਨਸ਼ੀ ਦੀ ਡਾਕਟਰ ਨਾਲ ਕੋਈ ਪੁਰਾਣੀ ਲਾਗ ਡਾਟ ਸੀ। ਮੁਨਸ਼ੀ ਨੇ ਤਾਂ ਇਕ ਮਿੰਟ ਲਈ ਵੀ ਡਾਕਟਰ ਨੂੰ ਹਵਾਲਾਤ 'ਚਾਂ ਬਾਹਰ ਨਹੀਂ ਕੱਢਿਆ। ਐਮ.ਐਲ.ਏ. ਦੀ ਵੀ ਪਰਵਾਹ ਨਹੀਂ ਕੀਤੀ। ਐਸ.ਐਚ.ਓ. ਨੂੰ ਵੀ ਨਹੀਂ ਗਉਲਿਆ। ਮੁਨਸ਼ੀ ਦੀ ਕਿਸੇ 'ਸਹੇਲੀ' ਨੂੰ ਉਹਨੇ 'ਮਟੈਰਨਟੀ ਲੀਵ' ਵਧਾਉਣ ਤੋਂ ਨਾਂਹ ਕਰ ਦਿੱਤੀ ਸੀ। ਇੰਨੀ ਗੱਲ ਹੁੰਦੀ ਤਾਂ ਵੀ ਕੋਈ ਨਹੀਂ। ਉਹਨੇ ਕਿਸੇ ਕੰਪਾਊਡਰ ਰਾਹੀਂ ਡੇਢ ਸੌ ਲੈ ਕੇ ਝਟ ਛੁੱਟੀ ਮਨਜ਼ੂਰ ਕਰ ਦਿੱਤੀ। ਮੁਨਸ਼ੀ ਹੁਣ ਆਪਣੀਆਂ ਪਾਵਰਾਂ ਦਿਖਾਉਣ ਤੇ ਤੁਲਿਆ ਹੋਇਐ। ਉਂਝ ਸਿਪਾਹੀ ਕਿਹੜਾ ਉਸ ਤੇ ਖ਼ੁਸ਼ ਨੇ। ਜਦੋਂ ਵੀ ਕਦੇ ਕੰਮੀਂ ਕਾਰੀਂ ਹਸਪਤਾਲ ਜਾਂਦੇ ਤਾਂ ਸੂਈ ਬਘਿਆੜੀ ਵਾਂਗੂੰ ਪੈਂਦਾ ਸੀ। ਰਾਮ ਸਰੂਪ ਨੂੰ ਲੱਗਦਾ ਸੀ ਉਹਦਾ ਕੰਮ ਬਨਣਾ ਮੁਸ਼ਕਲ ਹੈ। ਚਲੋ ਵਾਧੂ ਪੈਸੇ ਨਹੀਂ ਮਿਲਣਗੇ ਨਾ ਸਹੀ। ਸਕਾਚ ਤਾਂ ਕਿਧਰੇ ਨਹੀਂ ਗਈ। ਇਹ ਤਾਂ ਉਹਨੂੰ ਹੁਕਮ ਥਾਣੇ ਜਲਦੀ ਪਹੁੰਚਾਣ ਲਈ ਮਿਲਣੀ ਹੀ ਸੀ। ਹੁਕਮ ਦਸਤੀ ਨਹੀਂ ਸੀ ਲੈ ਕੇ ਆਇਆ ਉਹ !

ਦੋਚਿਤੀ 'ਚ ਪਿਆ ਰਾਮ ਸਰੂਪ ਮੁਨਸ਼ੀ ਕੋਲ ਆ ਬੈਠਾ। ਦੇਸੀ ਸ਼ਰਾਬ ਪੀਣ ਨੂੰ ਉਹਦਾ ਦਿਲ ਨਹੀਂ ਸੀ ਕਰਦਾ। ਇਕ ਪੈਗ ਵੀ ਲਾ ਲਿਆ ਤਾਂ ਸਕਾਚ ਦਾ ਮਜ਼ਾ ਜਾਂਦਾ ਰਹੇਗਾ।



ਜਿਸ ਢੰਗ ਨਾਲ ਮੁਨਸ਼ੀ ਥਾਣੇਦਾਰ ਨੂੰ ਭੱਜ ਭੱਜ ਪੈ ਰਿਹਾ ਸੀ। ਉਸ ਤੋਂ ਤਾਂ ਸੰਤਰੀ ਦੀ ਗੱਲ ਠੀਕ ਲਗਦੀ ਸੀ। ਐਸ.ਐਚ.ਓ. ਖ਼ੁਦ ਚਲ ਕੇ ਵੀ ਆਇਆ। ਫੀਸ ਦਾ ਲਾਲਚ ਵੀ ਦਿੱਤਾ। ਉਹ ਅੜੀਅਲ ਟੱਸ ਤੋਂ ਮੱਸ ਨਹੀਂ ਹੋਇਆ। ਤਿੰਨ ਘੰਟੇ ਉਪਰ ਦੀ ਲੰਘ ਚੁਕੇ ਸਨ। ਉਹ ਤਾਂ ਤਿੰਨ ਮਿੰਟਾਂ ਦੀ ਰਿਆਤ ਲਈ ਤਿਆਰ ਨਹੀਂ। ਉਹਦੀ ਹੌਲਦਾਰੀ ਡਾਕਟਰ ਨੇ ਮਿੱਟੀ 'ਚ ਰੋਲੀ ਸੀ। ਉਹ ਵੀ ਉਹਦੀ ਡਾਕਟਰੀ ਨੂੰ ਖੂਹ 'ਚ ਧੱਕਾ ਦੇ ਕੇ ਹੀ ਛੱਡੇਗਾ।

ਗੱਲ ਨਾ ਬਣਦੀ ਦੇਖ ਕੇ ਸਰਦੂਲ ਸਿੰਘ ਨੂੰ ਜੇਬ ਵਿਚਲੇ ਭਾਰੀ ਲਿਫ਼ਾਫ਼ੇ ਦਾ ਫ਼ਿਕਰ ਪਿਆ। ਪੜ੍ਹੇ ਲਿਖੇ ਬੰਦੇ ਹਨ। ਕੀ ਪਤੈ ਵਾਪਸ ਮੰਗ ਲੈਣ। ਸ਼ਾਮ ਸੁੰਦਰ ਅਤੇ ਡਾਕਟਰ ਦੀ ਖਮੋਸ਼ੀ ਇਸੇ ਗੱਲ ਦੀ ਸੂਚਕ ਸੀ।

''ਫੇਰ ਕੀ ਫਾਇਦਾ ਹੋਇਆ। ਆਖਿਰ ਤੁਸੀਂ ਐਸ.ਐਚ.ਓ. ਹੋ। ਥਾਣੇ ਦੇ ਮਾਲਕ। ਕੁਝ ਵੀ ਕਰ ਸਕਦੇ ਹੋ...ਇਹ ਤਾਂ ਫੇਰ ਗੱਲ ਨਾ ਬਣੀਂ...।'' ਸ਼ਾਮ ਸੁੰਦਰ ਦੀ ਅਵਾਜ਼ ਵਿਚ ਤਰਲਾ ਵੀ ਸੀ ਤੇ ਰੋਹਬ ਵੀ।

''ਸਵਾਹ ਦੇ ਐਸ.ਐਚ.ਓ. ਹਾਂ। ਜਦੋਂ ਦਾ ਇਹ ਬੈਡ ਐਲੀਮੈਂਟ ਪੁਲਿਸ 'ਚ ਭਰਤੀ ਹੋਇਐ ਸਾਡਾ ਭੱਠਾ ਬੈਠ ਗਿਆ। ਕੋਈ ਡਸਿਪਲਨ ਨਹੀਂ। ਕਿਸੇ ਵੱਡੇ ਛੋਟੇ ਦੀ ਕਦਰ ਨਹੀਂ। ਹਰ ਕੋਈ ਚੌਧਰੀ ਬਣਿਆ ਫਿਰਦੈ।'' ਡਾਕਟਰ ਦੇ ਮਜ਼ਬੂਤ ਮੋਢਿਆਂ 'ਤੇ ਹੱਥ ਧਰ ਕੇ ਬਾਹਰ ਵੱਲ ਲਿਜਾਂਦਾ ਸਰਦੂਲ ਸਿੰਘ ਤਰਲੇ ਲੈਣ ਲੱਗਾ।

''ਤੁਸੀਂ ਫਿਕਰ ਨਾ ਕਰੋ। ਮਹਿਕਮੇ ਨੂੰ ਰਿਪੋਰਟ ਤਾਂ ਮੈਂ ਹੀ ਕਰਨੀ ਹੈ। ਪਹਿਲਾਂ ਤਾਂ ਰਿਪੋਰਟ ਘਲਦਾ ਹੀ ਨਹੀਂ। ਘਲਣੀ ਪੈ ਹੀ ਗਈ ਤਾਂ ਠੀਕ ਕਰਕੇ ਭੇਜੂੰ। ਮੁਨਸ਼ੀ ਨੇ ਕਿਹੜਾ ਬੈਠੇ ਰਹਿਣੈ। ਸੋਡਾ ਕੰਮ ਮੇਰੇ ਜ਼ਿੰਮੇ। ਸਾਲਾ ਭਾਵੇਂ ਰੋਜਨਾਮਚਾ ਕਿਹੜਾ ਨਾ ਫੂਕਨਾ ਪਏ।''

ਸਰਦੂਰ ਸਿੰਘ ਦੀਆਂ ਗੱਲਾਂ ਉਹਨਾਂ ਨੂੰ ਹਵਾਈ ਫਾਇਰਾਂ ਵਰਗੀਆਂ ਲੱਗੀਆਂ। ਮੌਕੇ ਦੇ ਅਫ਼ਸਰ ਸੀ। ਹੋਰ ਕਰ ਵੀ ਕੀ ਸਕਦੇ ਸਨ। ਸ਼ਾਇਦ ਕਦੇ ਸ਼ਰਮ ਖਾ ਲਏ।

ਪਿੱਛੇ ਤੁਰੇ ਆਉਂਦੇ ਰਾਮ ਸਰੂਪ ਦਾ ਕਿਸੇ ਨੂੰ ਖ਼ਿਆਲ ਨਹੀਂ ਸੀ। ਉਹਦਾ ਸਾਰਾ ਮਜਾ ਕਿਰਕਿਰਾ ਹੁੰਦਾ ਜਾ ਰਿਹਾ ਸੀ।

ਗੇਟ ਤੱਕ ਛੱਡਣ ਆਏ ਸਰਦੂਲ ਸਿੰਘ ਨੇ ਵੀ ਉਹਦੀ ਜਾਤ ਨਾ ਪੁੱਛੀ। ਇਸ ਤੋਂ ਰਾਮ ਸਰੂਪ ਹੋਰ ਵੀ ਚਿੜ ਗਿਆ।

ਡਾਕਟਰ ਤੇ ਸ਼ਾਮ ਸੁੰਦਰ ਗੱਡੀ ਵਿਚ ਜਾ ਬੈਠੇ। ਫੇਰ ਵੀ ਕੋਈ ਉਸ ਵੱਲ ਨਾ ਝਾਕਿਆ। ਬੇਸ਼ਰਮੀ ਧਾਰ ਕੇ ਜਦੋਂ ਅਗਲੀ ਸੀਟ 'ਤੇ ਬੈਠਣ ਲਈ ਉਹਨੇ ਹੈਂਡਲ ਨੂੰ ਹੱਥ ਪਾਇਆ ਤਾਂ ਡਰਾਈਵਰ ਤਿੜਕਿਆ :

''ਬਸ ਸਟੈਂਡ ਨਾਲ ਤਾਂ ਹੈ....ਵੀਹ ਗਜ ਵੀ ਨਹੀਂ...।''

''ਸ਼ਾਮਾਂ ਪੈ ਗਈਆਂ...ਹੁਣ ਕੋਈ ਬੱਸ ਨਹੀਂ ਜਾਣੀ...ਨਾਲੇ ਮੇਰੀ ਬੋਤਲ....।''

''ਕਾਹਦੀ ਬੋਤਲ ਬਈ ? ਵੀਹ ਹਜ਼ਾਰ ਪਹਿਲਾਂ ਏ ਖੂਹ 'ਚ ਪੈ ਗਿਆ।'' ਸ਼ਾਮ ਸੁੰਦਰ ਇਉਂ ਅਹਿਸਾਨ ਕਰਨ ਲੱਗਾ ਜਿਵੇਂ ਸਾਰਾ ਕਸੂਰ ਰਾਮ ਸਰੂਪ ਦਾ ਹੀ ਹੋਵੇ।

''ਚਲ ਦਫਾ ਕਰ।'' ਆਖ ਕੇ ਡਾਕਟਰ ਨੇ ਇਕ ਦਸਾਂ ਦਾ ਨੋਟ ਉਸ ਵਲ ਵਧਾਇਆ।

ਰਹਿਮ ਕਰਨ ਨੂੰ ਉਹ ਕੋਈ ਮੰਗਤਾ ਹੈ ? ਸਾਰਾ ਦਿਨ ਖਰਾਬ ਕੀਤੇ ਉਹਨੇ। ਸਾਹਿਬ ਦੀ ਕੋਠੀ ਰਹਿੰਦਾ ਵੀਹ ਤੀਹ ਤਾਂ ਫੇਰ ਵੀ ਨਹੀਂ ਸੀ ਛੱਡਦਾ। ਕੰਮ ਵੀ ਰਾਮ ਸਰੂਪ ਨੇ ਉਹਨਾਂ ਦੇ ਕਹਿਣ ਮੁਤਾਬਕ ਕੀਤਾ। ਵਾਅਦੇ ਤੋਂ ਭਜਣਾ ਕਿਥੋਂ ਦੀ ਇਨਸਾਨੀਅਤ ਹੈ ? ਵੀਹ ਹਜ਼ਾਰ ਉਹਦੇ ਤੇ ਤਾਂ ਨਹੀਂ ਖਰਚਿਆ ? ਉਹਦੇ ਤਾਂ ਸੌ ਦੇ ਸੌ ਹੀ ਚੁਭਨ ਲੱਗੇ ਨੇ।

ਭਰਾ ਪੀਤਾ ਰਾਮ ਸਰੂਪ ਦੋ ਕਦਮ ਪਿਛਾਂਹ ਹਟ ਗਿਆ।

ਰਸਤਾ ਸਾਫ ਸੀ। ਕਾਰ ਅੱਗੇ ਵਧੀ।

ਵਧਿਆ ਹੱਥ ਪਿਛਾਂਹ ਖਿਚਣਾ ਡਾਕਟਰ ਦੀ ਵੀ ਆਦਤ ਨਹੀਂ ਸੀ।

ਨੋਟ ਉਹਨੇ ਹਵਾ ਵਿਚ ਉਛਾਲ ਦਿੱਤਾ।

ਰਾਮ ਸਰੂਪ ਹੋਰ ਵੀ ਬੇਇੱਜ਼ਤ ਮਹਿਸੂਸ ਕਰਨ ਲੱਗਾ। ਉਹਦੀਆਂ ਸੂਹੀਆਂ ਅੱਖਾਂ ਕੋਠੀਆਂ 'ਚ ਅਲੋਪ ਹੁੰਦੀ ਕਾਰ ਨੂੰ ਚੁੱਪ ਚਾਪ ਤੱਕਦੀਆਂ ਰਹੀਆਂ।

ਬਿੱਲੀ ਵਲੋਂ ਝੰਜੋਲੇ ਚੂਚੇ ਵਾਂਗ ਥਰ ਥਰ ਕੰਬਦਾ ਰਾਮ ਸਰੂਪ ਕਦੇ ਆਪਣੇ ਖੀਸੇ ਨੂੰ ਟਟੋਲਦਾ ਜਿਸ ਵਿਚ ਦੋ ਚਾਰ ਅਠਿਆਨੀਆਂ ਚੁਆਨੀਆਂ ਤੋਂ ਵੱਧ ਕੁਝ ਨਹੀਂ ਸੀ, ਕਦੇ ਸੱਠ ਕਿਲੋਮੀਟਰ ਦੂਰ ਰਹਿ ਗਏ ਆਪਣੇ ਕੁਆਟਰ ਬਾਰੇ ਸੋਚਦਾ ਜਿਥੇ ਪੁੱਜਣ ਲਈ ਘੱਟੋ ਘੱਟ ਬਾਰ੍ਹਾਂ ਰੁਪਏ ਚਾਹੀਦੇ ਸਨ ਅਤੇ ਕਦੇ ਹਵਾ 'ਚ ਤਰਦੇ ਉਸ ਨੋਟ ਵੱਲ ਤੱਕਦਾ ਜਿਹੜਾ ਹਰ ਪਲ ਉਸ ਤੋਂ ਦੂਰ ਦੂਰ ਹੁੰਦਾ ਜਾ ਰਿਹਾ ਸੀ।

☆☆☆

(50)

LAAM

# ਲਾਮ

ਅੱਜ ਕੱਲ ਦੇ ਬਲਦੇ ਦਿਨਾਂ ਵਿਚ ਬਲਦੇਵ ਨੂੰ ਚੰਡੀਗੜ੍ਹ ਗਿਆਂ ਪੰਜਵਾਂ ਦਿਨ ਸੀ। ਨਾ ਕੋਈ ਸੁੱਖ ਸੁਨੇਹਾ ਨਾ ਕੋਈ ਖਬਰ ਸਾਰ। ਉਡੀਕ ਉਡੀਕ ਸਾਰੇ ਟੱਬਰ ਦੀਆਂ ਅੱਖਾਂ ਪੱਕ ਗਈਆਂ ਸਨ।

ਦੇਵੀ ਦੇਵਤਿਆਂ ਦੀਆਂ ਤਸਵੀਰਾਂ ਅਗੇ ਮੱਥੇ ਰਗੜਦੀ, ਟੱਲੀਆਂ ਵਜਾਉਂਦੀ, ਪੀਰਾਂ ਫ਼ਕੀਰਾਂ ਨੂੰ ਧਿਆਉਂਦੀ ਅਤੇ ਸਾਰਾ ਦਿਨ ਮਾਲਾ ਦੇ ਮਣਕੇ ਫੇਰਦੀ ਬੁੱਢੀ ਮਾਂ ਆਪਣੇ ਆਪ ਉਤੇ ਅਤੇ ਦੇਵਤਿਆਂ ਤੇ ਖਿਝ-ਖਿਝ ਪੈਂਦੀ। ਉਸ ਚੰਦਰੀ ਦੀ ਜ਼ਿੱਦ ਨੇ ਹੀ ਬਲਦੇਵ ਨੂੰ ਚੁਰਾਸੀ ਦੇ ਚੱਕਰ ਵਿਚ ਪਾਇਆ ਸੀ। ਬੁੱਢੀ ਨੂੰ ਸਮਝ ਨਹੀਂ ਸੀ ਆ ਰਹੀ, ਰਾਧੇ ਪੰਡਤ ਦੇ ਉਪਾਅ, ਸ਼ਾਸਤਰੀ ਦੇ ਤਬੀਤ, ਮੌਲਵੀ ਦੇ ਹਥੌਲੇ, ਆਥਨ ਉਗਣ ਦੇ ਪਾਠ, ਪੀਰਾਂ ਫ਼ਕੀਰਾਂ ਅਤੇ ਦੇਵੀ ਦੇਵਤਿਆਂ ਦੀਆਂ ਸੁੱਖਾਂ ਰਾਸ ਕਿਉਂ ਨਹੀਂ ਸੀ ਆ ਰਹੀਆਂ। ਕੰਨਾਂ ਨੂੰ ਹੱਥ ਲਾਏ। ਇਕ ਵਾਰ ਸੁੱਖ ਸਾਂਦ ਨਾਲ ਘਰ ਆ ਜਾਵੇ ਮੁੜ ਕਦੇ ਉਹ ਬਲਦੇਵ ਨੂੰ ਬਦਲੀ ਕੈਂਸਲ ਕਰਾਉਣ ਲਈ ਨਹੀਂ ਘੱਲੇਗੀ।

ਕਿਸ ਨੂੰ ਪਤਾ ਹੈ ਸਵੇਰੇ ਸਹੀ ਸਲਾਮਤ ਘਰੋਂ ਨਿਕਲਿਆ ਉਹ ਸ਼ਾਮ ਨੂੰ ਘਰੇ ਮੁੜੇਗਾ ਵੀ ਕਿ ਨਹੀਂ ? ਕੀ ਪਤੈ ਕਿਸ ਮੋੜ 'ਤੇ ਬੱਸ ਰੋਕ ਲਈ ਜਾਵੇ ? ਮਨ ਮਰਜ਼ੀ ਦੇ ਬੰਦਿਆਂ ਨੂੰ ਉਤਾਰ ਲਿਆ ਜਾਵੇ ਅਤੇ ਬਾਲ ਬੱਚਿਆਂ ਦੇ ਦੇਖਦੇ-ਦੇਖਦੇ ਉਹਨਾਂ ਦੇ ਖ਼ੂਨ ਨਾਲ ਹੋਲੀ ਖੇਡ ਲਈ ਜਾਵੇ। ਕੀ ਪਤੈ ਕਿਸ ਪੁਲ 'ਤੇ ਸੀ.ਆਰ.ਪੀ. ਕਿਸੇ ਨੂੰ ਰੁਕਨ ਦਾ ਇਸ਼ਾਰਾ ਕਰੇ ? ਉਹ ਘੱਟ ਬਰੇਕਾਂ ਕਰਕੇ ਅੱਗੇ ਲੰਘਣ ਦੀ ਗੁਸਤਾਖੀ ਕਰਕੇ ਉਹਨਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਜਾਵੇ ਅਤੇ ਆਪਣਾ ਨਾਂ 'ਖੌਫ਼ਨਾਕ' ਅਤਿਵਾਦੀਆਂ ਵਿਚ ਲਿਖਵਾ ਬਹੇ।

ਇਸੇ ਮਾਨਸਿਕਤਾ ਦੀ ਸ਼ਿਕਾਰ ਚੰਨੀ ਬਿੰਦੇ ਝਟੇ ਦੇਹਲੀਆਂ 'ਚ ਆ ਖਲੋਂਦੀ ਅਤੇ ਆਪਣੇ ਆਪ ਨੂੰ ਕੋਸਨ ਲੱਗਦੀ। ਜੇ ਕਿਧਰੇ ਪਿਓ ਵਰਗੇ ਵੀਰੇ ਨੂੰ ਕੁਝ ਹੋ ਗਿਆ ਤਾਂ ਸਾਰਾ ਠੁਲ੍ਹਾ ਉਸ ਕਲਮੂੰਹੀ ਦੇ ਸਿਰ ਹੀ ਫੁਟਣਾ ਹੈ। ਉਸ ਨੇ ਆਪਣੇ ਮੋਏ ਪਤੀ ਅਤੇ ਛੇ ਮਹੀਨਿਆਂ ਦੀ ਬੱਚੀ ਦੇ ਵਾਸਤੇ ਪਾ ਕੇ ਉਸ ਨੂੰ ਤਰਨ-ਤਾਰਨ ਡਿਊਟੀ 'ਤੇ ਹਾਜ਼ਰ ਹੋਣ ਤੋਂ ਰੋਕਿਆ ਸੀ। ਹਾਲੇ ਤਾਂ ਸਤਿੰਦਰ ਦਾ ਸਿਵਾ ਵੀ ਠੰਡਾ ਨਹੀਂ ਸੀ ਹੋਇਆ ਕਿਧਰੇ ਹੋਰ ਸਿਵਾ ਬਲ ਉਠਿਆ। ਫੇਰ ਕੀ ਬਣੇਗਾ ? ਉਸ ਦਾ, ਉਸ ਦੀ ਦੁੱਧ ਚੁੰਘਦੀ ਬੱਚੀ ਦਾ, ਬੁੱਢੀ ਮਾਂ ਦਾ ਅਤੇ ਬਲਦੇਵ ਦੇ ਬੱਚਿਆਂ ਦਾ ਕੀ ਬਣੇਗਾ ? ਸਤਿੰਦਰ ਦੇ ਮਰਦਿਆਂ ਹੀ ਉਹਨਾਂ ਦਾ ਵਸਦਾ ਰਸਦਾ ਘਰ ਖੇਰੂੰ ਖੇਰੂੰ ਹੋ ਗਿਆ। ਬੁੱਢਾ ਸੌਹਰਾ ਕਰਫਿਊ ਵਿਚ ਦਮ ਤੋੜ ਗਿਆ। ਨਿੱਤ ਦੀਆਂ ਧਮਕੀਆਂ ਤੋਂ ਤੰਗ ਆ ਕੇ ਉਸ ਦਾ ਜੇਠ ਘਰ ਨੂੰ ਜੰਦਰਾ ਲਾ ਕੇ ਦਿੱਲੀ ਦੇ ਕਿਸੇ ਮੰਦਰ ਵਿਚ ਜਾ ਬੈਠਾ। ਉਸ ਕੋਲ ਆਪਣੇ ਟੱਬਰ ਦਾ ਢਿੱਡ ਭਰਨ ਦਾ ਵਸੀਲਾ ਨਹੀਂ ਸੀ। ਉਹ ਵਿਧਵਾ ਭਰਜਾਈ ਅਤੇ ਬੱਚੀ ਦੇ ਭਾਰ ਨੂੰ ਕਿਵੇਂ ਢੋਏ ? ਹੱਥ 'ਚ ਵੀਹ

ਹਜ਼ਾਰ ਦਾ ਸਰਕਾਰੀ ਚੈਕ ਅਤੇ ਕੁੱਛੜ 'ਚ ਬੱਚੀ ਚੁੱਕੀ ਉਹ ਬਲਦੇਵ ਦਾ ਦਰਵਾਜ਼ਾ ਨਾ ਖੜਕਾਉਂਦੀ ਤਾਂ ਕਿੱਧਰ ਜਾਂਦੀ ? ਉਸ ਦੇ ਨਿਤ ਦੇ ਕੀਰਨਿਆਂ ਨੇ ਹੀ ਬਲਦੇਵ ਨੂੰ ਚੰਡੀਗੜ੍ਹ ਤੋਰਿਆ ਸੀ। ਉਸ ਦਾ ਕਾਲਾ ਪਰਛਾਵਾਂ ਕਿਧਰੇ ਬਲਦੇਵ ਨੂੰ ਹੀ ਵਲ੍ਹੰਧਰ ਗਿਆ ਤਾਂ ਉਹ ਕਿਸੇ ਦੇ ਵੀ ਮੂੰਹ ਲੱਗਣ ਜੋਗੀ ਨਹੀਂ ਰਹੇਗੀ।

ਸਰੋਜ ਨੂੰ ਬਲਦੇਵ ਦੀ ਗੈਰ ਹਾਜ਼ਰੀ ਚੁੱਭ ਤਾਂ ਰਹੀ ਸੀ ਪਰ ਡਰਾ ਨਹੀਂ ਸੀ ਰਹੀ। ਉਹ ਕਿਸੇ ਪਰਾਏ ਨਾਲ ਨਹੀਂ ਗੁਰੂਆਂ ਵਰਗੇ ਦੋਸਤ ਸੁਰਜੀਤ ਨਾਲ ਗਿਆ ਸੀ। ਸੁਰਜੀਤ ਦੀ ਮੁੱਖ ਮੰਤਰੀ ਕੋਲ ਇੰਨੀ ਪਹੁੰਚ ਸੀ ਜੋ ਚਾਹੇ ਹੱਥ ਫੜ ਕੇ ਲਿਖਾ ਲਿਆਵੇ। ਫੇਰ ਬਲਦੇਵ ਕਿਹੜਾ ਡੀ.ਸੀ. ਲਗਿਐ। ਇਕ ਮਮੂਲੀ ਜਿਹਾ ਅਧਿਆਪਕ ਹੈ। ਡੀ.ਈ.ਓ. ਨੇ ਪਤਾ ਨਹੀਂ ਡੀ.ਪੀ. ਆਈ. ਨੂੰ ਕਿਹੋ ਜਿਹੀ ਪੱਟੀ ਪੜ੍ਹਾਈ ਸੀ ਕਿ ਸੁਰਜੀਤ ਵਲੋਂ ਕਰਾਏ ਤਿੰਨ ਵਜ਼ੀਰਾਂ ਦੇ ਟੈਲੀਫੋਨਾਂ ਦਾ ਵੀ ਉਸ ਤੇ ਅਸਰ ਨਹੀਂ ਸੀ ਹੋਇਆ। ਅੱਗੋਂ ਮੁੱਖ ਮੰਤਰੀ ਦੀ ਸ਼ਿਕਾਇਤ ਦੀ ਰਟ ਲਾ ਰੱਖਦਾ ਸੀ। ਉਹ ਮੁੱਖ ਮੰਤਰੀ ਦੇ ਹਲਕੇ ਦੇ ਬੰਦੇ ਹਨ। ''ਕੀ ਪਤੈ ਮੁੱਖ ਮੰਤਰੀ ਨੂੰ ਸੱਚ-ਮੁੱਚ ਕੋਈ ਗਿਲਾ ਹੋਵੇ।'' ਸੋਚ ਕੇ ਵਜ਼ੀਰਾਂ ਦੀ ਬੜਕ ਮੱਠੀ ਪੈ ਜਾਂਦੀ। ਸੁਰਜੀਤ ਤੋਂ ਨਾਲੇ ਮੁੱਖ ਮੰਤਰੀ ਕਿਹੜਾ ਬਾਹਰ ਹੈ। ਉਹ ਚਾਹੇ ਤਾਂ ਭਾਵੇਂ ਕਿਸੇ ਨੂੰ ਚੇਅਰਮੈਨ ਲਗਵਾ ਦੇਵੈ। ਜੇ ਸੁਰਜੀਤ ਮੁੱਖ ਮੰਤਰੀ ਨੂੰ ਛੱਡ ਕੇ ਉਹਨਾਂ ਕੋਲ ਆਇਆ ਹੈ ਤਾਂ ਕੋਈ ਗੜਬੜ ਜ਼ਰੂਰ ਹੈ।

ਮੁੱਖੀ ਮੰਤਰੀ ਸੀ ਕਿ ਉਸ ਦਾ ਚੰਡੀਗੜ੍ਹ ਪੱਬ ਹੀ ਨਹੀਂ ਸੀ ਪੈਂਦਾ। ਇਕ ਲੱਤ ਦਿੱਲੀ ਹੁੰਦੀ ਦੂਜੀ ਪਟਿਆਲੇ ਜਾਂ ਅੰਮ੍ਰਿਤਸਰ। ਕਦੇ ਇਰਾਦੀ ਕਮਿਸ਼ਨ ਦੀ ਰਿਪੋਰਟ ਦਾ ਰੌਲਾ, ਕਦੇ ਖਿੰਡ ਰਹੀ ਪਾਰਟੀ ਨੂੰ ਸੰਭਾਲਣਾ ਦਾ ਫਿਕਰ ਅਤੇ ਕਦੇ ਅਤਿਵਾਦੀਆਂ ਹੱਥੋਂ ਮਰੇ ਲੋਕਾਂ ਦੇ ਪਰਿਵਾਰਾਂ ਦੇ ਹੰਝੂ ਪੂੰਝਣ ਅਤੇ ਚੈਕ ਭੇਂਟ ਕਰਨ ਦੀ ਰਸਮ।

ਉਹ ਚੰਡੀਗੜ੍ਹ ਜਾਂਦੇ, ਮੰਤਰੀ ਜੀ ਦਿੱਲੀ ਤੁਰ ਜਾਂਦੇ। ਉਹ ਵਾਪਸ ਮੁੜਦੇ ਮੰਤਰੀ ਜੀ ਚੰਡੀਗੜ੍ਹ ਆ ਵੜਦੇ। ਇਸ ਲੁਕਣ ਮਿਚੀ ਵਿਚ ਉਹਨਾਂ ਦੇ ਚਾਰ ਚੱਕਰ ਲੱਗ ਚੁੱਕੇ ਸਨ। ਇਸ ਵਾਰ ਉਹਨਾਂ ਫੈਸਲਾ ਕੀਤਾ ਸੀ ਉਹ ਕੰਮ ਕਰਕੇ ਹੀ ਮੁੜਨਗੇ ਭਾਵੇਂ ਵੀਹ ਦਿਨ ਬੈਠਣਾ ਪਏ। ਸਰੋਜ ਨੂੰ ਪਤਾ ਸੀ ਕੰਮ ਬਣਿਆ ਨਹੀਂ ਹੋਣਾ। ਹੁਕਮ ਹੋ ਗਿਆ ਹੁੰਦਾ ਤਾਂ ਉਹ ਗੋਲੀ ਵਾਗ ਘਰ ਪੁੱਜਦੇ। ਉਹ ਕਿਹੜਾ ਰੋਕੜ ਲੈ ਕੇ ਗਿਆ ਹੈ ਬਈ ਬੈਠ ਖਾਈ ਜਾਣਗੇ। ਸਾਰਾ ਹਜ਼ਾਰ ਰੁਪਿਆ ਸੀ ਉਸ ਕੋਲ।

ਬਲਦੇਵ ਦੀ ਕਾਰ ਨੇ ਜਦੋਂ ਘਰ ਅੱਗੇ ਆ ਕੇ ਬਰੇਕਾਂ ਮਾਰੀਆਂ ਤਾਂ ਸਾਰੇ ਪਾਸੇ ਭੱਜ ਦੌੜ ਮਚ ਗਈ। ਖ਼ੁਸ਼ਖਬਰੀ ਸੁਣਨ ਲਈ ਸਾਰਾ ਟੱਬਰ ਚਬੂਤਰੇ ਤੇ ਆ ਖੜੋਤਾ।

ਪਰ ਸਿਰ ਸੁੱਟੀ ਬਲਦੇਵ ਜਦੋਂ ਬੈਠਕ ਵਿਚ ਵੜਿਆ ਤਾਂ ਸਾਰਿਆਂ ਦੇ ਚਿਹਰਿਆਂ ਤੇ ਪਲਿੱਤਣ ਛਾ ਗਈ। ਬਲਦੇਵ ਦੇ ਝੱਥਰਾ ਬਣੇ ਵਾਲ ਛੋਟੀ ਛੋਟੀ ਦਾਹੜੀ ਵਿਚ ਚਮਕਦੇ ਮਿੱਟੀ ਦੇ ਕਿਣਕੇ, ਕਾਲਰਾਂ ਤੇ ਜੰਮੀ ਮੈਲ ਅਤੇ ਮੱਥੇ ਦੀਆਂ ਤਿਊੜੀਆਂ ਦੇਖ ਕੇ ਕਿਸੇ ਨੂੰ ਕੁਝ ਪੁੱਛਣ ਦੀ ਲੋੜ ਨਹੀਂ ਸੀ।

ਮੂੰਹ ਲਟਕਾਈ ਚੰਨੀ ਪਾਣੀ ਧਾਣੀ ਦਾ ਇੰਤਜ਼ਾਮ ਕਰਨ ਲਈ ਰਸੋਈ ਵਿਚ ਜਾ ਵੜੀ। ਸਰੋਜ





ਕਾਰ ਦੇ ਕਿਰਾਏ ਦਾ ਇੰਤਜ਼ਾਮ ਕਰਨ ਲਈ ਟਰੰਕ ਪੇਟੀਆਂ ਫਰੋਲਣ ਲੱਗੀ। ਉਸਨੂੰ ਪਤਾ ਸੀ ਹਜ਼ਾਰ ਰੁਪਿਆ ਤਾਂ ਕਦੋਂ ਦਾ ਉੱਡ ਗਿਆ ਹੋਣਾ ਹੈ। ਚੰਡੀਗੜ੍ਹ ਤੁਰਨ ਤੋਂ ਪਹਿਲਾਂ ਵਾਰ ਵਾਰ ਉਹਨਾਂ ਮੰਤਰੀ ਦੇ ਉਥੇ ਰਹਿਣ ਦੀ ਤਸੱਲੀ ਕੀਤੀ ਸੀ। ਉਹਨਾਂ ਨੂੰ ਯਕੀਨ ਸੀ ਸ਼ਾਮ ਤਕ ਆਰਡਰ ਲੈ ਕੇ ਮੁੜ ਆਉਣਾ ਸੀ ਕੀ ਪਤਾ ਸੀ ਜਾਂਦਿਆਂ ਹੀ ਕਿਸੇ ਸਾਬਕਾ ਮੰਤਰੀ ਦੇ ਕਤਲ ਦੀ ਖ਼ਬਰ ਮਿਲਣੀ ਸੀ ਤੇ ਮੁੱਖ ਮੰਤਰੀ ਜੀ ਨੇ ਸੰਸਕਾਰ ਲਈ ਤੁਰ ਜਾਣਾ ਸੀ। ਉਥੋਂ ਹੀ ਉਹਨਾਂ ਨੂੰ ਵਜ਼ਾਰਤ ਦੇ ਭੋਗ ਪੈਣ ਦੀ ਸੂਹ ਲੱਗੀ ਤੇ ਉਹ ਮੰਤਰੀਆਂ ਦਾ ਜਹਾਜ਼ ਭਰ ਕੇ ਦਿੱਲੀ ਨੂੰ ਤੁਰ ਪਏ।

ਇਕ ਇਕ ਕਰਕੇ ਮੁੱਖ ਮੰਤਰੀ ਜੀ ਨੂੰ ਪੰਜਵਾਂ ਦਿਨ ਸੀ ਦਿੱਲੀ 'ਚ ਟਿਕਿਆ। ਹਨੂੰਮਾਨ ਦੀ ਪੂਛ ਵਾਂਗ ਮੰਤਰੀ ਜੀ ਦਾ ਦਿੱਲੀ ਦਾ ਦੌਰਾ ਵੱਧਦਾ ਹੀ ਜਾ ਰਿਹਾ ਸੀ। ਜਦੋਂ ਬਿਲਕੁਲ ਹੀ ਜੇਬ ਖਾਲੀ ਹੋ ਗਈ ਤਾਂ ਮੁੜਨ ਤੋਂ ਬਿਨਾਂ ਉਹਨਾਂ ਕੋਲ ਕੋਈ ਚਾਰਾ ਨਹੀਂ ਸੀ। ਉਹ ਤਾਂ ਸੁਰਜੀਤ ਹੋਟਲ ਦਾ ਪੱਕਾ ਗਾਹਕ ਸੀ, ਇਸ ਲਈ ਉਹਨਾਂ ਥੋੜ੍ਹੀ ਬਹੁਤ ਰਿਆਇਤ ਵੀ ਕੀਤੀ ਅਤੇ ਕੁਝ ਕੁ ਉਧਾਰ ਵੀ।

ਹੁਣ ਕਾਰ ਵਾਲੇ ਨਾਲ ਤਾਂ ਉਧਾਰ ਨਹੀਂ ਸੀ ਪੁੱਗਣਾ। ਮਜ਼ਦੂਰ ਬੰਦੇ ਨੇ ਉਹੋ ਕਮਾਉਣਾ ਅਤੇ ਉਹੋ ਖਾਣਾ।

ਸੱਤ ਅੱਠ ਸੌ ਤੋਂ ਵੱਧ ਦਾ ਇੰਤਜ਼ਾਮ ਨਾ ਹੁੰਦਾ ਦੇਖ ਕੇ ਸਰੋਜ ਬਲਦੇਵ ਨੂੰ ਇਸ਼ਾਰਾ ਕਰਨ ਲਈ ਮਜਬੂਰ ਸੀ। ਬੈਂਕ ਦੀ ਕਾਪੀ 'ਚ ਤਾਂ ਸਾਰੇ ਪੰਜ ਰੁਪਏ ਬਚਦੇ ਸਨ। ਮਹੀਨੇ ਤੋਂ ਗੈਰ-ਹਾਜ਼ਰੀ ਸੀ ਇਸ ਲਈ ਤਨਖਾਹ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੁੱਧ ਵਾਲਿਆਂ ਤੋਂ ਅਡਵਾਂਸ ਫੜ ਕੇ ਉਸ ਨੇ ਘਰ ਦਾ ਖ਼ਰਚ ਚਲਾਇਆ ਉਹ ਵੀ ਤਾ ਉਹਨਾਂ ਵਰਗੇ ਹੀ ਮੁਲਾਜ਼ਮ ਸਨ! ਵਾਰੀ ਵਾਰੀ ਕਿਥੋਂ ਦੇਣ।

ਸੁਰਜੀਤ ਨੂੰ ਇਕੱਲਾ ਬੈਠਾ ਦੇਖ ਕੇ ਮਾਂ ਤੋਂ ਰਿਹਾ ਨਾ ਗਿਆ। ਹਾਲਾਤ ਦਾ ਜਾਇਜ਼ਾ ਲੈਣ ਲਈ ਉਹ ਸੁਰਜੀਤ ਕੋਲ ਆ ਬੈਠੀ।

''ਕਿਉਂ ਪੁੱਤ ਫੇਰ ਮਿਲਿਆ ਨੀ ਵਜ਼ੀਰ? ਕੀ ਬਣਿਆ ਬਦਲੀ ਦਾ? ਔਂਤਰਾ ਅਫ਼ਸਰ ਇਹੋ ਜਾ ਮਗਰ ਪਿਐ ਪੁੱਠੇ ਦਿਨ ਆ ਗਏ ਸਾਡੇ...।''

ਸੋਫੇ ਨਾਲ ਢਾਸਨਾ ਲਾਈ ਅਤੇ ਲੱਤਾਂ ਨੂੰ ਮੇਜ਼ ਤੇ ਸਜਾਈ ਊਂਘ ਰਿਹਾ ਸੁਰਜੀਤ ਬੁੱਢੀ ਦੇ ਬੋਲ ਸੁਣ ਕੇ ਤ੍ਰਭਕਿਆ।

''ਤੂੰ ਫ਼ਿਕਰ ਨਾ ਕਰ ਮਾਂ। ਜਿੰਨਾਂ ਚਿਰ ਮੈਂ ਬਠਾਂ, ਬਲਦੇਵ ਦਾ ਕੋਈ ਬਾਲ ਵਿੰਗਾ ਨਹੀਂ ਕਰ ਸਕਦਾ। ਜਿਸ ਦਿਨ ਵੀ ਮੰਤਰੀ ਮਿਲ ਗਿਆ ਹਿੱਕ 'ਚ ਗੋਡਾ ਦੇ ਕੇ ਕੰਮ ਕਰਾਊਂ...।''

ਬੁੱਢੀ ਦੀਆਂ ਅੰਦਰ ਧਸੀਆਂ ਅੱਖਾਂ 'ਚ ਨਮੀ ਦੇਖਕੇ ਸੁਰਜੀਤ ਦਾ ਵੀ ਗੱਚ ਭਰ ਆਇਆ। ਆਪਣੀ ਲੰਮੀ ਦਾੜ੍ਹੀ 'ਚ ਹੱਥ ਫੇਰ ਕੇ ਅਤੇ ਮੁੱਛਾਂ ਨੂੰ ਤਾਅ ਦੇ ਕੇ ਉਸ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਬੁੱਢੀ ਦੇ ਹੌਂਸਲੇ ਬੁਲੰਦ ਕਰਨ ਲਈ ਗੜ੍ਹਕਿਆ:

''ਮੈਂ ਉਸ ਬੇਈਮਾਨ ਅਫ਼ਸਰ ਨੂੰ ਵੀ ਝੋਟੀਆਂ ਚੁੰਘਾ ਕੇ ਛੱਡੂੰ...ਜੇ ਉਹਦੇ ਗਰਦਾਸਪੁਰ ਦੇ

ਆਰਡਰ ਨਾ ਕਰਾਏ ਤਾਂ ਮਾਂ ਮੈਨੂੰ ਸੁਰਜੀਤ ਨਾ ਆਖੀਂ।''

ਇਸ ਵਾਰ ਮਾਂ ਨੇ ਸੁਰਜੀਤ ਦੀ ਬੜ੍ਹਕ ਵਲ ਕੋਈ ਧਿਆਨ ਨਾ ਦਿੱਤਾ ਹੌਲੀ ਹੌਲੀ ਉਸ ਦੀਆਂ ਅੱਖਾਂ ਮਿਚ ਗਈਆਂ। ਉਸ ਦੇ ਸੱਜੇ ਹੱਥ ਵਿਚ ਫੜੀ ਮਾਲਾ ਦੇ ਮਾਣਕੇ ਤੇਜ਼ੀ ਨਾਲ ਹੇਠਾਂ ਉੱਪਰ ਹੋਣ ਲੱਗੇ।

ਸੁਰਜੀਤ ਦੀਆਂ ਨਿਗਾਹਾਂ ਬੁੱਢੀ ਦੇ ਬੁੱਤ ਤੋਂ ਤਿਲਕ ਕੇ ਸਾਹਮਣੀ ਕੰਧ ਤੇ ਪਏ ਲੈਨਿਨ ਦੇ ਬੁੱਤ ਨਾਲ ਟਕਰਾਈਆਂ।

''ਹਾਲੇ ਤਾਂ ਤੂੰ ਬਲਦੇਵ ਨੂੰ ਝੋਟੀਆਂ ਚੁੰਘਾ ਰਿਹੈਂ...।'' ਸੁਰਜੀਤ ਨੂੰ ਲੱਗਾ ਜਿਵੇਂ ਲੈਨਿਨ ਦਾ ਗੁਸੈਲ ਚਿਹਰਾ ਉਸ ਨੂੰ ਘੂਰ ਰਿਹਾ ਹੋਵੇ।

ਨਾਲ ਦੇ ਕਮਰੇ ਵਿਚ ਹੁੰਦੀ ਘੁਸਰ ਮੁਸਰ ਵੀ ਬਲਦੇਵ ਨੂੰ ਝੰਜੋੜਨ ਲੱਗੀ। ਉਹ ਕੋਈ ਬੱਚਾ ਨਹੀਂ ਸੀ ਕਿ ਉਸ ਨੂੰ ਸਮਝ ਨਾ ਆਉਂਦੀ ਬਣੀ ਭੱਜ ਨੱਠ ਕਿਸ ਕੰਮ ਲਈ ਹੋ ਰਹੀ ਹੈ। ਸਾਰਾ ਜ਼ੋਰ ਲਾ ਕੇ ਵੀ ਉਹ ਕਿਰਾਇਆ ਇਕੱਠਾ ਕਰਨ ਵਿਚ ਸਫਲ ਨਹੀਂ ਸੀ ਹੋ ਰਹੇ।

ਕਿਰਾਏ ਲਈ ਚਲਦੇ ਸੰਘਰਸ਼ ਨੂੰ ਦੇਖ ਕੇ ਬਲਦੇਵ ਨੂੰ ਲੱਗਾ ਜਿਵੇਂ ਪੰਦਰਾਂ ਸਾਲਾਂ ਬਾਅਦ ਉਸ ਹੱਥੋਂ ਇਕ ਹੋਰ ਕਤਲ ਹੋਇਆ ਹੋਵੇ। ਐਤਕੀਂ ਕਿਸੇ ਬਿਗਾਨੇ ਦਾ ਨਹੀਂ ਸਗੋਂ ਪੁੱਤਰਾਂ, ਭਰਾਵਾਂ ਅਤੇ ਪਿਉ ਵਰਗੇ ਬਲਦੇਵ ਦਾ ਉਸ ਦੇ ਸਹਾਰੇ ਜੂਝਦੇ ਪਰਿਵਾਰ ਦੀਆਂ ਆਸਾਂ ਦਾ-ਉਹਨਾਂ ਦੇ ਸਖਾਵੇਂ ਭਵਿੱਖ ਦਾ।

ਉਹ ਵੀ ਜ਼ਮਾਨਾ ਸੀ ਜਦੋਂ ਇਕ ਉੱਜਲ ਭਵਿੱਖ ਅਤੇ ਜਮਾਤ-ਰਹਿਤ ਸਮਾਜ ਦਾ ਸੁਪਨਾ ਲੈ ਕੇ ਸੁਰਜੀਤ ਅੰਡਰ-ਗਰਾਊਂਡ ਹੋਇਆ ਸੀ। ਦਿਨਾਂ ਵਿਚ ਹੀ ਆਪਣੀ ਦਲੇਰੀ, ਸੂਝ ਬੂਝ ਅਤੇ ਕੰਮ ਕਰਨ ਦੀ ਸਮੱਰਥਾ ਦੇ ਸਿਰ ਤੇ ਉਹ ਦੋ ਜ਼ਿਲ੍ਹਿਆਂ ਦਾ ਆਰਗੇਨਾਈਜ਼ਰ ਬਣ ਗਿਆ ਸੀ। ਐਮ. ਐਸ. ਸੀ. ਦੀ ਪੜ੍ਹਾਈ ਵਿਚੇ ਛੱਡ ਕੇ ਬਲਦੇਵ ਨੇ ਹੋਸਟਲਾਂ 'ਚ ਜੁੜਦੀਆਂ ਮਹਿਫਲਾਂ ਦੀ ਗਿਣਤੀ ਵਧਾਉਣ ਲਈ ਦਿਨ ਰਾਤ ਇਕ ਕਰ ਦਿੱਤਾ ਸੀ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਸਾਰੀ ਯੂਨੀਵਰਸਿਟੀ ਹੀ ਰੋਸ਼ਨੀ ਗਈ। ਜਦੋਂ ਬਲਦੇਵ ਉਸ ਨੂੰ ਪੁੱਤਾਂ ਵਰਗਾ ਲੱਗਦਾ ਸੀ। ਆਪਣਾ ਸਹੀ ਵਾਰਿਸ। ਕਿੰਨੇ ਹੀ ਨੌਜਵਾਨ ਲੈ ਕੇ ਬਲਦੇਵ ਸੁਰਜੀਤ ਨਾਲ ਆ ਰਲਿਆ ਸੀ। ਬਾਹਣਾ 'ਚ ਸੱਪਾਂ ਦੀਆਂ ਸਿਰੀਆਂ ਮਿੱਧਦਾ, ਕੁੱਲੀਆਂ 'ਚ ਚੀਥੜਿਆਂ 'ਚ ਸੌਂਦਾ, ਤੂੜੀ ਵਾਲੇ ਕੋਠਿਆਂ 'ਚ ਸਾਰਾ ਸਾਰਾ ਦਿਨ ਕਲਾਸਾਂ ਲਾਉਂਦਾ, ਤੱਪਦੀਆਂ ਭੱਠੀਆਂ ਅੱਗੇ ਖਲੋ ਕੇ ਮਜ਼ਦੂਰ ਜਥੇਬੰਦੀਆਂ ਕਾਇਮ ਕਰਦਾ ਬਲਦੇਵ ਉਸ ਨੂੰ ਆਪਣੀ ਸੱਜੀ ਬਾਂਹ ਲੱਗਦਾ। ਬਰਾਬਰ ਦਾ ਭਾਈਵਾਲ।

''ਨਾ ਮੈਂ ਦੋ ਚਾਰ ਸੌ ਰੁਪਏ ਮਹੀਨਾ ਵਿਆਹ ਲੈਣ ਵਾਲੇ ਹਟਵਾਣੀਏ ਨੂੰ ਪੂੰਜੀਪਤੀ ਸਮਝਦਾ ਹਾਂ ਅਤੇ ਨਾ ਹੀ ਸੀਰੀ ਰੱਖ ਕੇ ਖੇਤੀ ਕਰਨ ਵਾਲੇ ਨੂੰ ਜਗੀਰਦਾਰ....।'' ਆਖਦਾ ਬਲਦੇਵ ਜਦੋਂ ਹਥਿਆਰ ਲੈਣ ਪਿਛੇ ਹਟਿਆ ਸੀ ਤਾਂ ਉਹਨਾਂ ਉਹਨੂੰ 'ਡਰਪੋਕ' ਅਤੇ 'ਬੁਜ਼ਦਿਲ' ਆਖ ਕੇ ਧਿਰਕਾਰ ਦਿੱਤਾ ਸੀ। ਪਿਛੋਂ ਬੀਸੀਆਂ ਕਤਲਾਂ ਦੇ ਕੇਸ ਭੁਗਤਦਾ ਸੁਰਜੀਤ ਜਦੋਂ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਸੜਦਾ ਸੀ ਤਾਂ ਬਲਦੇਵ ਦੀਆਂ ਗੱਲਾਂ ਵਿਚੋਂ ਉਸ ਨੂੰ ਸਿਆਣੇ ਪਿਉ ਵਰਗੀ ਸਮਝ ਆਉਂਦੀ ਸੀ।





ਇਹੋ ਜਿਹੇ ਸਾਥੀ ਦਾ ਦਸ ਹਜ਼ਾਰ ਕਾਰਾਂ, ਹੋਟਲਾਂ ਅਤੇ ਵਿਸਕੀਆਂ ਤੇ ਖਰਾਬ ਕਰਾ ਕੇ ਅੱਜ ਕੱਲ ਸੁਰਜੀਤ ਕਿਸ ਕਿਸਮ ਦੀ ਲੋਕ-ਸੇਵਾ ਵਿਚ ਲੱਗਾ ਸੀ?

ਇਨਕਲਾਬੀਆਂ ਦੀ ਪੋਲਟਬਿਯੂਰੋ ਤਕ ਅੱਪੜਿਆ ਸੁਰਜੀਤ ਤਾਂ ਜੇਲ੍ਹੋਂ ਜਥੇਦਾਰ ਬਣ ਕੇ ਨਿਕਲਿਆ ਪਰ ਬਾਹਰ ਬੈਠੇ ਬਲਦੇਵ ਦੀ ਲੜਾਈ ਉਸੇ ਤਰ੍ਹਾਂ ਜਾਰੀ ਸੀ।

ਉਹ ਚਾਹੁੰਦਾ ਤਾਂ ਉਹ ਐਫ. ਸੀ. ਆਈ. 'ਚ ਜਾ ਕੇ ਲੱਖਾਂ ਰੁਪਏ ਕਮਾ ਸਕਦਾ ਸੀ, ਇਕ ਅੱਧ ਭੇਤ ਦੇ ਕੇ ਥਾਣੇਦਾਰ ਭਰਤੀ ਹੋ ਸਕਦਾ ਸੀ। ਪਰ ਉਸਨੂੰ ਅਧਿਆਪਕ ਬਣਨਾ ਹੀ ਚੰਗਾ ਲੱਗਾ। ਸਾਰੀ ਉਮਰ ਵਿਚ ਪੰਜ ਛੇ ਬੂਟੇ ਹੀ ਲਾ ਦਿੱਤੇ ਤਾਂ ਉਸ ਦੀ ਪ੍ਰਾਪਤੀ ਹੋਏਗੀ। ਉਹ ਆਖਿਆ ਕਰਦਾ ਸੀ।

ਪ੍ਰਾਪਤੀ ਦੇ ਉਸ ਦੇ ਇਹ ਯਤਨ ਅਫ਼ਸਰਾਂ ਅਤੇ ਧਾਰਮਿਕ ਜਥੇਬੰਦੀਆਂ ਦੀਆਂ ਅੱਖਾਂ ਵਿਚ ਰੜਕਣ ਲੱਗੇ।

''ਇਹ ਤਾਂ ਬੱਚਿਆਂ ਨੂੰ ਪੁੱਠੀ ਸਿੱਖਿਆ ਦਿੰਦਾ ਹੈ। ਨਾਸਤਿਕ ਅਤੇ ਅਧਰਮੀ ਬਣਾਉਂਦਾ ਹੈ।'' ਪੰਚਾਇਤ ਦੀ ਇਹੋ ਜਿਹੀ ਇਕ ਸ਼ਿਕਾਇਤ ਤੇ ਉਸ ਨੂੰ ਸਕੂਲੋਂ ਬੁਲਾ ਕੇ ਦਫ਼ਤਰ 'ਚ ਲਾਇਆ ਗਿਆ ਸੀ।

ਨਵੇਂ ਆਏ ਡੀ. ਈ. ਓ. ਨੂੰ ਉਸ ਦੀ ਕਲਰਕੀ ਵੀ ਮੇਚ ਨਹੀਂ ਸੀ। ਉਸਦੀ ਕੀ ਮਜਾਲ ਉਹ ਅਫਸਰਾਂ ਦੀਆਂ ਮੱਝਾਂ ਲਈ ਸੋਇਆਬੀਨ ਦਾ ਤੇਲ ਅਤੇ ਦਲੀਏ ਦੀਆਂ ਬੋਰੀਆਂ ਨਾ ਘੱਲੇ। ਇਸੇ ਸਹਾਰੇ ਤਾਂ ਉਸ ਨੇ ਪਿਛਲੇ ਸਟੇਸ਼ਨ ਤੇ ਐਸ. ਡੀ. ਐਮ. ਅਤੇ ਜੱਜਾਂ ਨੂੰ ਖ਼ੁਸ਼ ਕਰਕੇ ਲੱਖਾਂ ਦੇ ਕੰਮ ਕਢਾਏ ਸਨ। ਇਹ ਨਹੀਂ ਤਾਂ ਉਸ ਦੀ ਪਤਨੀ ਲਈ ਵਿਸ਼ੇਸ਼ ਤੌਰ ਤੇ ਮੰਗਵਾਈਆਂ ਦਵਾਈਆਂ ਦੇ ਬਿੱਲ ਪਾਸ ਕਰਨਾ ਤਾ ਉਸ ਦਾ ਇਖ਼ਲਾਕੀ ਫ਼ਰਜ਼ ਸੀ। ਹੋਰ ਇਹੋ ਜਿਹੇ ਫੰਡ ਕੀ ਅੱਗ ਲਾਉਣੇ ਐ? ਕਿਸ ਕੋਲ ਵਕਤ ਹੈ ਸਕੂਲਾਂ 'ਚ ਬੈਠ ਕੇ ਭੱਠੀ ਚੜ੍ਹਾਏ ਅਤੇ ਪੰਜੀਰੀ ਬਣਾ ਕੇ ਬੱਚਿਆਂ ਨੂੰ ਖਵਾਵੇ। ਪੰਦਰੀਂ ਬੀਹੀਂ ਦਿਨੀਂ ਬੱਚਿਆਂ ਦਾ ਦਲੀਏ ਨਾਲ ਝੋਲਾ ਭਰਨ ਦੀ ਉਸਦੀ ਸਕੀਮ ਤੇ ਬਲਦੇਵ ਨੇ ਝੋਟੇ ਵਾਂਗ ਸਿਰ ਹਿਲਾ ਦਿੱਤਾ ਸੀ। ਸੀ. ਈ. ਓ. ਦੇ ਲਿਖਾਰੀ ਦੋਸਤਾਂ ਦੀਆਂ ਕਿਤਾਬਾਂ ਉੱਤੇ ''ਫਿਰਕੂ'' ਅਤੇ ''ਪੱਖਜਾਤੀ'' ਲਿਖ ਦੇਣਾ ਤਾਂ ਗੁਸਤਾਖੀ ਦੀ ਹੱਦ ਹੀ ਸੀ।

ਦੋਹਾਂ ਅਫਸਰਾਂ ਨੇ ਮਤਾ ਪਕਾਇਆ। ਤਿੰਨ ਦਿਨ ਚੰਡੀਗੜ੍ਹ ਬੈਠ ਕੇ ਉਨ੍ਹਾਂ ਖੁਦ ਉਸਦੀ ਬਦਲੀ ਦੀ ਫਾਇਲ ਤਿਆਰ ਕਰਾਈ। ਜਦੋਂ ਤਰਨ ਤਾਰਨ ਜਾਏਗਾ ਤਾਂ ਆਪੇ ਨਾਨੀ ਯਾਦ ਆ ਜਾਏਗੀ। ਇਥੇ ਬੈਠਾ ਟਿਊਸ਼ਨਾਂ ਕਰਦਾ ਹੈ, ਦੁੱਧ ਵੇਚਦਾ ਹੈ ਤਾਂ ਹੀ ਆਫ਼ਰਿਆ ਬੈਠਾ ਹੈ। ਇਹੋ ਜਿਹੇ ਬਗਾਵਤੀ ਬੀਜ ਦਾ ਦਫ਼ਤਰ ਵਿਚ ਵਧਣਾ ਫੁਲਣਾ ਕਿਸੇ ਲਈ ਵੀ ਨੁਕਸਾਨਦਾਇਕ ਸਿੱਧ ਹੋ ਸਕਦਾ ਹੈ। ਆਪੇ ਉਥੇ ਕਿਸੇ ਗੋਲੀ ਦਾ ਸ਼ਿਕਾਰ ਹੋ ਜਾਊ। ਉਹਨਾਂ ਦਾ ਵਿਚਾਰ ਸੀ।

ਬਲਦੇਵ ਬਲਦੀ ਅੱਗ ਵਿਚ ਜਾਣੋਂ ਨਹੀਂ ਸੀ ਡਰਦਾ। ਉਸਨੂੰ ਤਾਂ ਮਸਾਂ ਮਸਾਂ ਪੈਰਾਂ ਸਿਰ ਹੋਈ ਆਰਥਿਕਤਾ ਦੇ ਖਿੰਡਣ ਦਾ ਇਕੋ ਇਕ ਡਰ ਸੀ। ਜਾਂ ਕੁਝ ਫ਼ਿਕਰ ਉਸ ਨੂੰ ਚੰਨੀ ਦੀ ਮਾਨਸਿਕ ਅਵੱਸਥਾ ਦਾ ਸੀ। ਖਾਲੀ ਹੱਥੀ ਪਰਤੀ ਚੰਨੀ ਬਲਦੇਵ ਦੇ ਉਧਰ ਜਾਣ ਦੀ ਗੱਲ ਸੁਣਦੀ ਹੀ ਰੋਣ

ਲੱਗਦੀ ਸੀ। ਕਈ ਵਾਰ ਉਸਨੂੰ ਗਸ਼ਾਂ ਪੈ ਚੁੱਕੀਆ ਸਨ। ਕਈ ਕਈ ਵਾਰ ਰਾਤ ਨੂੰ ਬੜ ਬੜਾ ਉੱਠਦੀ ਸੀ। ਸਭ ਕੁਝ ਸੋਚ ਸਮਝ ਕੇ ਹੀ ਉਸਨੇ ਸੁਰਜੀਤ ਦਾ ਦਰਵਾਜ਼ਾ ਖੜਕਾਇਆ ਸੀ।

ਅਕਾਲੀਆਂ ਨਾਲ ਜੇਲ੍ਹ ਵਿਚ ਰਹਿ ਕੇ ਸੁਰਜੀਤ ਦੀ ਬਹੁਤ ਪੁੱਛ ਪੜਤਾਲ ਹੋ ਗਈ ਸੀ। ਐਮਰਜੈਂਸੀ ਦੇ ਦਿਨਾਂ ਵਿਚ ਉਹ ਅਤੇ ਮੁੱਖ-ਮੰਤਰੀ ਇਕੋ ਜੇਲ੍ਹ ਵਿਚ ਬੰਦ ਰਹੇ ਸਨ। ਉਸਨੂੰ ਯੂਥ ਵਿੰਗ ਖੜਾ ਕਰਨ ਲਈ ਉਸ ਵਰਗੇ ਜੁਝਾਰੂ ਵਰਕਰਾਂ ਦੀ ਲੋੜ ਸੀ ਅਤੇ ਉਹਨਾਂ ਨੂੰ ਬਾਹਰ ਆਉਣ ਦੀ। ਇਸੇ ਲੋੜ ਨੇ ਉਹਨਾਂ ਦਾ ਸਮਝੌਤਾ ਕਰਾ ਦਿੱਤਾ ਸੀ।

ਸਿਆਸੀ ਸੂਝ ਤਾਂ ਸੁਰਜੀਤ ਨੂੰ ਪਹਿਲਾਂ ਹੀ ਘਟ ਨਹੀਂ ਸੀ। ਮੁੱਖੀ-ਮੰਤਰੀ ਦੀ ਉਂਗਲ ਫੜ ਕੇ ਵੱਡੇ ਵੱਡੇ ਕਦਮ ਪੁੱਟਦਾ ਦਿਨਾਂ ਵਿਚ ਅਕਾਲੀ ਸਿਆਸਤ ਵਿਚ ਛਾ ਗਿਆ।

ਕਿਹੜਾ ਵਜ਼ੀਰ ਜਾਂ ਚੇਅਰਮੈਨ ਸੀ ਜਿਸ ਨਾਲ ਉਸਨੇ ਕਦੇ ਨਾ ਕਦੇ ਜੇਲ੍ਹ ਨਹੀਂ ਸੀ ਕੱਟੀ। ਚੰਗੇ ਦਿਨ ਆਏ ਤਾਂ ਵਗਦੀ ਗੰਗਾ ਵਿਚ ਉਸ ਨੇ ਵੀ ਹੱਥ ਧੋ ਲਏ। ਉਹੋ ਮਕਾਨ ਜਿਸ ਨੂੰ ਕਦੇ ਪੁਲਿਸ ਨੇ ਖੰਡਰਾਂ ਵਿਚ ਬਦਲਿਆ ਸੀ ਕੋਠੀ ਵਿਚ ਬਦਲ ਗਿਆ। ਜਿਨ੍ਹਾਂ ਖੇਤਾਂ 'ਚ ਪੁਲਿਸ ਨੇ ਅੱਗਾਂ ਲਾਈਆਂ ਸਨ ਉਹੋ ਫਾਰਮ ਵਿਚ ਬਦਲ ਗਏ। ਵਿਸਕੀਆਂ, ਮੁਰਗਿਆਂ ਅਤੇ ਕਾਰਾਂ ਦੇ ਝੂਟਿਆਂ ਨੇ ਸੁਰਜੀਤ ਦੀ ਗੋਗੜ ਖਾਸੀ ਬਾਹਰ ਲੈ ਆਉਂਦੀ। ਪੁਲਿਸ ਦੇ ਘੋੜਿਆਂ ਨੂੰ ਡਾਹ ਨਾ ਦੇਣ ਵਾਲਾ ਸੁਰਜੀਤ ਚਾਰ ਕਦਮ ਤੁਰ ਕੇ ਹੀ ਹੱਫਣ ਲੱਗਦਾ ਸੀ।

ਛੋਟੇ ਛੋਟੇ ਨੋਟਾਂ ਦੀ ਥਹੀ ਲਿਆ ਕੇ ਜਦੋਂ ਬਲਦੇਵ ਨੇ ਡਰਾਈਵਰ ਨੂੰ ਫੜਾਈ ਤਾਂ ਸੁਰਜੀਤ ਦੀ ਭੁੱਬ ਨਿਕਲਣ ਵਾਲੀ ਹੋ ਗਈ। ਬੱਚਿਆਂ ਦੇ ਗੱਲੇ ਫੋਲੇ ਗਏ ਸਨ ਅਤੇ ਭਗਵਾਨ ਦਾ ਖਜ਼ਾਨਾ ਲੁੱਟਿਆ ਗਿਆ ਲੱਗਦਾ ਸੀ।

ਸੁਰਜੀਤ ਨੂੰ ਲੱਗਾ ਇਕ ਵਾਰ ਫੇਰ ਉਹ ਬਲਦੇਵ ਕੋਲੋਂ ਹਾਰ ਗਿਆ ਹੈ। ਉਸ ਨੂੰ ਕੀ ਹੱਕ ਸੀ ਉਹ ਬਹਿਰਿਆਂ ਅਤੇ ਡਰਾਈਵਰ ਨਾਲ ਬੈਠ ਕੇ ਸ਼ਰਾਬ ਪੀਂਦਾ, ਧੋਬੀਆਂ ਤੋਂ ਕਪੜੇ ਧਵਾਉਂਦਾ ਅਤੇ ਵੰਨ ਸੁਵੰਨੇ ਖਾਣਿਆਂ ਦੇ ਸਵਾਲ ਚਖਦਾ। ਉਹ ਬੱਸ 'ਚ ਨਹੀਂ ਸੀ ਜਾ ਸਕਦਾ? ਧਰਮਸ਼ਾਲਾ 'ਚ ਰਹਿ ਕੇ ਰੁੱਖੀ ਸੁੱਖੀ ਨਹੀਂ ਸੀ ਖਾ ਸਕਦਾ? ਉਸ ਦੀ ਅਕਲ ਕਿਥੇ ਗਈ ਸੀ ਜਦੋਂ ਬਲਦੇਵ ਵਰਗਾ ਨਾਸਤਿਕ ਆਦਮੀ ਮੰਗਲਵਾਰ ਅਤੇ ਵੀਰਵਾਰ ਆਖ ਕੇ ਸ਼ਰਾਬ ਪੀਣ ਤੋਂ ਟੱਲਦਾ ਸੀ, ਦੋ ਰੁਪਏ ਕੇ ਕੇਲਿਆਂ ਨਾਲ ਢਿੱਡ ਭਰਕੇ ਵੀਹ ਰੁਪਏ ਬਚਾਉਣ ਲਈ ਵਰਤ ਦਾ ਬਹਾਨਾ ਘੜਦਾ ਸੀ।

''ਰਹਿਣ ਦੇ ਬਲਦੇਵ...ਪਿੰਡ ਜਾ ਕੇ ਆਪੇ ਦੇ ਦਿਉਂ।'' ਆਖਦੇ ਸੁਰਜੀਤ ਨੇ ਨੋਟਾਂ ਦੀ ਥਹੀ ਡਰਾਇਵਰ ਤੋਂ ਫੜ ਕੇ ਬਲਦੇਵ ਜੀ ਜੇਬ ਵਿਚ ਅੜਾਉਣੀ ਚਾਹੀ।

''ਨਹੀਂ ਯਾਰ ਹਾਲੇ ਤਾਂ ਤੇਰਾ ਹੋਰ ਕਰਜ਼ਾ ਵੀ ਰਹਿੰਦੈ..ਹੋਟਲ ਵਾਲੇ ਦੇ ਵੀ ਰਹਿੰਦੇ ਨੇ.. ਉਹ ਫੇਰ ਦੇਵਾਂਗਾ...ਕਰਾਇਆ ਤਾਂ ਦੇਣਾ ਹੀ ਹੈ।

ਬਲਦੇਵ ਬਜਿਦ ਸੀ। ਉਸ ਦੀ ਭੱਜ ਨੱਠ ਲਈ ਪੈਸਾ ਖਰਚ ਹੋਇਆ ਤਾਂ ਪੈਸੇ ਦੇਣ ਉਸ ਦਾ ਫਰਜ਼ ਹੈ। ਇਹੋ ਥੋੜ੍ਹਾ ਸੀ ਕਿ ਸੁਰਜੀਤ ਸਾਰੇ ਕੰਮ ਧੰਦੇ ਛੱਡ ਕੇ ਇਹੋ ਜਿਹੀਆਂ ਲੋਆਂ 'ਚ ਪੰਦਰਾਂ ਦਿਨ ਉਸਦੇ ਨਾਲ ਫਿਰਦਾ ਰਿਹਾ ਸੀ। 'ਅਜੋਕੇ' ਹਾਲਤਾਂ ਮੁਤਾਬਿਕ ਉਸ ਦੇ ਅਰਾਮ ਦਾ ਖਿਆਲ





ਰੱਖਦਾ ਉਦਾ ਇਖਲਾਕੀ ਫਰਜ਼ ਸੀ।

''ਹੋਰ ਸ਼ਰਮਿੰਦਾ ਨਾ ਕਰ...ਦੋ ਚਾਰ ਦਿਨਾਂ 'ਚ ਤੇਰੇ ਆਰਡਰ ਨਾ ਕਰਾ ਕੇ ਲਿਆਂਦੇ ਤਾਂ ਮੇਰਾ ਨਾਂ ਸੁਰਜੀਤ ਨਹੀਂ। ਆਰਡਰ ਵੀ ਤੈਨੂੰ ਘਰ ਬੈਠੇ ਹੀ ਆਉਣਗੇ....।''

ਆਖਦੇ ਸੁਰਜੀਤ ਨੇ ਨੋਟਾਂ ਦੀ ਗੁੱਟੀ ਲੈਨਿਨਨ ਦੇ ਬੁੱਤ ਹੇਠਾਂ ਟਿਕਾ ਦਿੱਤੀ ਅਤੇ ਆਪ ਹਨ੍ਹੇਰੀ ਵਾਂਗ ਬੈਠਕ 'ਚੋਂ ਬਾਹਰ ਨਿਕਲ ਗਿਆ। ਇਸ ਤੋਂ ਪਹਿਲਾਂ ਕਿ ਬਲਦੇਵ ਪੈਸੇ ਮੋੜਨ ਜਾਂਦਾ ਧੂੜਾਂ ਪੁੱਟਦੀ ਗੱਡੀ ਪਿੰਡ ਵਾਲਾ ਮੋੜ ਮੁੜ ਚੁੱਕੀ ਸੀ।

ਜਿੰਨਾਂ ਚਿਰ ਸੁਰਜੀਤ ਕੋਲ ਰਿਹਾ ਬਲਦੇਵ ਦੇ ਹੌਂਸਲੇ ਬੁਲੰਦ ਰਹੇ। ਸੁਰਜੀਤ ਦਾ ਅਜੀਬ ਜਿਹਾ ਢੰਗ ਨਾਲ ਚਲੇ ਜਾਣਾ ਉਸ ਨੂੰ ਵੱਢ-ਵੱਢ ਖਾਣ ਲੱਗਾ।

ਸੁਰਜੀਤ ਦੇ ਜਾਂਦਿਆਂ ਹੀ ਹਾਰੇ ਜੁਆਰੀਏ ਵਾਂਗ ਬਲਦੇਵ ਸੋਫਠੇ 'ਚ ਢੇਰ ਹੋ ਗਿਆ। ਉਸ ਦਾ ਮੱਥਾ ਫਟਣ ਅਤੇ ਲੱਤਾਂ ਦੁਖਣ ਲੱਗੀਆਂ। ਪਛਤਾਵਾ ਉਸ ਦਾ ਪਿੱਛਾ ਨਹੀਂ ਸੀ ਛੱਡ ਰਿਹਾ। ਸਾਰਾ ਨਿੱਕ ਸੁੱਕ ਬਰਬਾਦ ਕਰਨ ਨਾਲੋਂ ਤਾਂ ਚੰਗਾ ਸੀ ਉਹ ਡਿਊਟੀ 'ਤੇ ਹੀ ਚਲਾ ਜਾਂਦਾ। ਪੂੰਜੀ ਤਾਂ ਹੱਥੋਂ ਨਾ ਕਿਰਦੀ। ਜਾਂ ਫੇਰ ਛੁੱਟੀ ਲੈ ਕੇ ਬੈਠ ਜਾਂਦਾ। ਟਿਊਸ਼ਨਾਂ ਤਾਂ ਨਾ ਖਿੰਡਦੀਆਂ। ਆਪੇ ਹੌਲੀ ਹੌਲੀ ਬਦਲੀ ਰੁਕ ਜਾਂਦੀ। ਹੁਣ ਤਾਂ ਉਹ ਸਾਰੇ ਪੱਤੇ ਹਾਰ ਚੁੱਕਾ ਸੀ। ਹੋਰ ਸੋਚਣਾ ਫਜ਼ੂਲ ਸੀ।

ਰਹਰਾਸਿ ਦਾ ਵੇਲਾ ਹੋ ਚੁਕਾ ਸੀ। ਘਰ ਦੀ ਨੁੱਕਰ 'ਚ ਬਣੇ ਛੋਟੇ ਜਿਹੇ ਮੰਦਰ ਵਿਚ ਟੱਲੀਆਂ ਖੜਕਣ ਲੱਗੀਆਂ। ਬੁੱਢੀ ਮਾਂ ਤੇ ਉਸ ਨੂੰ ਬਹੁਤਾ ਗਿੱਲਾ ਨਹੀਂ ਸੀ ਪਰ ਅੰਤਰ ਧਿਆਨ ਹੋ ਕੇ ਆਰਤੀ ਗਾਉਂਦੀ ਚੰਨੀ 'ਤੇ ਉਸ ਨੂੰ ਅਫ਼ਸੋਸ ਸੀ, ਉਸ ਦੀ ਦਸਾਂ ਸਾਲਾਂ ਦੀ ਮਿਹਨਤ ਮਿੱਟੀ 'ਚ ਮਿਲ ਗਈ ਸੀ। ਮਸਾਂ ਮਸਾਂ ਉਸ ਨੇ ਚੰਨੀ ਨੂੰ ਵਹਿਮਾਂ ਭਰਮਾਂ 'ਚੋਂ ਕਢਿਆ ਸੀ। ਨਿੱਤ ਉਹ ਨਵੀਆਂ ਨਵੀਆਂ ਸੁੱਖਾਂ ਸੁੱਖਦੇ, ਵਰਤ ਰਖਦੇ, ਪੂਜਾ ਪਾਠ ਕਰਕੇ ਰੱਬ ਨੂੰ ਹਰ ਢੰਗ ਨਾਲ ਮਨਾਉਣ ਦਾ ਯਤਨ ਕਰਦੇ। ਸੁਖ ਸੀ ਕਦੇ ਕੋਈ ਵੀ ਪੂਰੀ ਨਹੀਂ ਸੀ ਹੋਈ। ਕਦੇ ਵੀ ਰੱਬ ਉਹਨਾਂ 'ਤੇ ਮਿਹਰਬਾਨ ਨਹੀਂ ਹੋਇਆ। ਬੜੇ ਪ੍ਰਯਤਨ ਅਤੇ ਪ੍ਰਯੋਗ ਕਰਨੇ ਪਏ ਸਨ ਚੰਨੀ ਨੂੰ ਮੰਦਰ ਜਾਣੋ ਹਟਾਉਣ ਲਈ। ਬੜੀ ਦੇਰ ਬਾਅਦ ਉਹ ਮਾਂ ਨੂੰ ਆਖਣ ਲੱਗੀ ਸੀ ਕਿ ਮੰਗਲਵਾਰ, ਵੀਰਵਾਰ ਜਾਂ ਸ਼ਨੀਵਾਰ ਵਿਚ ਕੋਈ ਫਰਕ ਨਹੀਂ। ਸੁੱਖਾਂ ਨਾ ਭੁੱਖੇ ਰਹਿ ਕੇ ਪੂਰੀਆਂ ਹੁੰਦੀਆਂ ਹਨ ਨਾ ਪਹਾੜਾਂ ਦੀਆਂ ਚੜ੍ਹਾਈਆਂ ਚੜ੍ਹ ਕੇ। ਸਗੋਂ ਯਤਨਾਂ ਨਾਲ ਪੂਰੀਆਂ ਹੁੰਦੀਆਂ ਨੇ।

ਇਹੋ ਜਿਹੇ ਹੀ ਖੁਲ੍ਹ-ਦਿਲੇ ਮੁੰਡੇ ਨਾਲ ਚੰਨੀ ਨੂੰ ਵਿਆਹ ਕੇ ਬਲਦੇਵ ਨੇ ਸੁਖ ਦਾ ਸਾਹ ਲਿਆ ਸੀ। ਕਦੀ ਪਤਾ ਸੀ ਤਿੰਨ ਸਾਲਾਂ ਦੇ ਅੰਦਰ ਅੰਦਰ ਹੀ ਉਹ ਪੰਜਾਬ 'ਚ ਚਲਦੀ ਤੱਤੀ ਹਵਾ 'ਚ ਝੁਲਸਿਆ ਜਾਵੇਗਾ ਅਤੇ ਚੰਨੀ ਤਰਕ ਨੂੰ ਉਸੇ ਚਿਤਾ ਵਿਚ ਜਲਾ ਕੇ ਮਾਂ ਦੀ ਝੋਲੀ ਆ ਪਵੇਗੀ। ਜ਼ਿੰਦਗੀ ਦੀ ਬਾਜ਼ੀ ਹਾਰੀ ਚੰਨੀ ਨੂੰ ਦੇਖ ਕੇ ਮਾਂ ਜਿੱਤੀ ਜਿੱਤੀ ਮਹਿਸੂਸ ਕਰਦੀ ਸੀ। ਰੱਬ ਵਲੋਂ ਬੇਮੁਖ ਹੋਈ ਚੰਨੀ ਹੋਰ ਕੀ ਆਸਾਂ ਰੱਖਦੀ ਸੀ। ਇਹ ਜਨਮ ਤਾਂ ਗਿਆ, ਅਗਲੇ ਜਨਮ ਸੰਵਾਰਨ ਦਾ ਝਾਂਸਾ ਦੇ ਕੇ ਚੰਨੀ ਨੂੰ ਪਿੱਛੇ ਲਾਉਣ ਵਿਚ ਕਾਮਯਾਬ ਹੋਈ ਫਿਰਦੀ ਸੀ।

ਬਲਦੇਵ ਦੀ ਪਸੀਨੇ ਨਾਲ ਭਿੱਜੀ ਬਨੈਣ ਬੂ ਛੱਡਣ ਲੱਗੀ। ਪੱਖੇ ਹੇਠਾਂ ਬੈਠੇ ਦਾ ਵੀ ਉਸ ਦਾ

ਪਸੀਨਾ ਨਹੀਂ ਸੀ ਸੁੱਕ ਰਿਹਾ।

ਥੋੜ੍ਹੀ ਜਿਹੀ ਰਾਹਤ ਮਿਲੇ ਇਸ ਲਈ ਉਹ ਟੂਟੀ ਹੇਠਾਂ ਜਾ ਬੈਠਾ। ਗੇਲਨਾ ਦੇ ਗੇਲਨ ਪਾਣੀ ਡੋਲ੍ਹ ਕੇ ਵੀ ਸਰੀਰ ਦੀ ਤਪਸ਼ ਮੱਠੀ ਨਹੀਂ ਸੀ ਪੈ ਰਹੀ।

ਤਪਦੇ ਤਨ ਮਨ ਨਾਲ ਉਸ ਨੇ ਇਕ ਦੋ ਬੁਰਕੀਆਂ ਅੰਦਰ ਸੁੱਟੀਆਂ ਅਤੇ ਬਿਨਾਂ ਕਿਸੇ ਨਾਲ ਗੱਲਬਾਤ ਕੀਤੇ ਕੋਠੇ ਜਾ ਚੜ੍ਹਿਆ।

ਨਾਲੇ ਬਲਦੇਵ ਪਾਸੇ ਪਰਤਦਾ ਰਿਹਾ ਨਾਲੇ ਇਤਿਹਾਸ ਦੀ ਚੱਕਰੀ ਨੂੰ ਪੁੱਠੀ ਘੁੰਮਦੀ ਦੇਖ ਕੇ ਹੈਰਾਨ ਹੁੰਦਾ ਰਿਹਾ। ਕਿੱਧਰ ਛਾਈ ਮਾਈਂ ਹੋ ਗਏ ਉਹ ਨੌਜਵਾਨ ਜਿਹੜੇ ਇਸ ਤੋਂ ਬਿਲਕੁਲ ਉਲਟ ਸੁਪਨਾ ਲੈ ਕੇ ਚਲੇ ਸਨ ?

ਉਸ ਦਾ ਖੋਜੀ ਦਿਮਾਗ ਇਕ ਇਕ ਸਾਥੀ ਦਾ ਪਿੱਛਾ ਕਰਨ ਲੱਗਾ। ਕੋਈ ਕਿਧਰੇ ਨਹੀਂ ਗਿਆ। ਸਭ ਇਥੇ ਹੀ ਰਚੇ ਮਿਚੇ ਬੈਠੇ ਹਨ। ਪੈਸੇ ਇਨਕਲਾਬ ਨੇ ਉਹਨਾਂ ਨੂੰ ਸਭ ਕੁਝ ਭੁਲਾ ਦਿਤੈ। ਇਕ ਤਾਂ ਹੁਣੇ ਗਿਆ ਹੈ। ਜ਼ਿਲੇ ਦਾ ਜਥੇਦਾਰ। ਕਾਲੀ ਪੱਗ, ਚਿੱਟਾ ਕੁੜਤਾ ਪਜਾਮਾ, ਤਿਲੇਦਾਰ ਜੁੱਤੀ ਅਤੇ ਰੰਗਦਾਰ ਐਨਕਾਂ। ਕਿੰਨਾ ਫਬਦਾ ਹੈ ਸਭ ਕੁਝ। ਕਦੇ ਸੂਰਜ ਮਾਰਕਾ ਅਖਵਾਉਂਦਾ ਇਸ ਤੋਂ ਦੋ ਛਾਲਾਂ ਵੱਧ ਮਾਰ ਕੇ ਮੰਤਰੀ ਬਣ ਗਿਆ। ਝੰਡੀ ਵਾਲੀ ਕਾਰ ਹੋਵੇ ਤਾਂ ਡਰਾਇਵਰਾਂ ਮਨੈਨਿਕਾਂ ਤੋਂ ਕੀ ਲੈਣਾ ? ਜਗਤਾਰ ਐਫ.ਸੀ.ਆਈ. ਦਾ ਏ.ਐਮ. ਹੈ। ਇਨਕਲਾਬ ਦੀਆਂ ਹੋਰ ਗੱਲਾਂ ਤਾਂ ਭੁੱਲ ਭੁਲਾ ਗਿਆ, ਪਰ ਦਲੇਰੀ ਨਹੀਂ ਛੱਡੀ। ਇਕ ਅੱਧ ਬੋਰੀ ਨਹੀਂ ਟਰੱਕਾਂ ਦੇ ਟਰੱਕ ਖਪਾਉਣ ਲਈ ਮਸ਼ਹੂਰ ਹੈ। ਕਈ ਸ਼ੈਲਰਾਂ 'ਚ ਹਿੱਸੇਦਾਰੀ ਹੈ। ਉਂਝ ਅਫ਼ਸਰਾਂ ਦੇ ਰੋਹਬ ਪਾਉਣ ਲਈ ਕਦੇ-ਕਦੇ ਪੰਜ ਚਾਰ ਸੌ ਦੀ ਪਰਚੀ ਕਟਵਾ ਲੈਂਦਾ ਹੈ। ਉਂਝ ਜੇ ਉਸ ਦੇ ਮਤਹਿਤ ਡੁਲ੍ਹੀ ਕਣਕ ਚੁਗਦੀਆਂ ਬਿਹਾਰਨਾਂ ਤੇ ਫੈਂਟਾ ਚਾੜ੍ਹ ਦੇਣ ਜਾਂ ਬਦਫੈਲੀ ਕਰ ਲੈਣ ਤਾਂ ਉਸ ਦੇ ਸੀਨੇ 'ਚ ਕੋਈ ਦਰਦ ਨਹੀਂ ਉਠਦਾ। ਤਿੰਨ ਸਾਥੀ ਮਰਵਾ ਕੇ ਸਿਪਾਹੀ ਹੋਇਆ ਨਿੰਦਰ ਅੱਜ ਕੱਲ ਥਾਣੇਦਾਰ ਹੈ। ਫਾਰਮ ਬਣ ਗਿਆ, ਕੰਬਾਈਨ ਆ ਗਈ ਅਤੇ ਤਿੰਨ ਟਰੱਕ ਪੈ ਗਏ। ਜਿਨ੍ਹਾਂ ਦਾ ਦਾਅ ਲੱਗ ਗਿਆ, ਉਹਨਾਂ ਲਾ ਲਿਆ। ਜੋ ਪੱਛੜ ਗਏ ਉਹਨਾਂ ਨਵੀਆਂ ਪਨਾਹਗਾਹਾਂ ਲੱਭ ਲਈਆਂ। ਮੋਟਰ ਸਾਈਕਲ ਲੈ ਲਏ, ਪਿਸਤੌਲ ਲੈ ਲਏ, ਨਵੇਂ ਨਿਸ਼ਾਨੇ ਅਤੇ ਨਵੇਂ ਨਾਹਰੇ ਵੀ। ਬਲਦੇਵ ਵਰਗਾ ਤਾਂ ਕੋਈ ਟਾਵਾਂ ਟੱਲਾ ਹੀ ਸੀ। ਨਵੀਆਂ ਪਨੀਰੀਆਂ ਲਾਉਣ ਲਈ ਉਹ ਅਧਿਆਪਕ ਬਣਿਆ। ਕੁਝ ਕੁ ਬੂਟੇ ਲਾਏ ਵੀ। ਜੋ ਝੱਖੜਾਂ ਨੇ ਉਹਨਾਂ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਤਾਂ ਉਸ ਦਾ ਕੀ ਕਸੂਰ ?

ਸੁੱਖੀ ਨੂੰ ਉਸ ਨੇ ਫਿਜ਼ਿਕਸ ਕਮਿਸਟਰੀ ਨਾਲੋਂ ਤਰਕ ਦੀ ਸਾਇੰਸ ਜ਼ਿਆਦਾ ਪੜ੍ਹਾਈ ਸੀ। ਕਾਲਜ ਦੇ ਦਿਨਾਂ ਤਕ ਉਹ ਬਲਦੇਵ ਤੋਂ ਰਹਿਨੁਮਾਈ ਲੈਂਦਾ ਰਿਹਾ। ਜਦੋਂ ਉਸ ਦੇ ਗੋਲਡ ਮੈਡਲਾਂ ਦੀ ਕਦਰ ਨਾ ਹੀ ਪਈ ਤਾਂ ਵੇਹਲਾ ਫਿਰਦਾ ਫਿਰਦਾ ਉਹ ਸਰਕਾਰ ਦੇ ਨਾਲ ਨਾਲ ਬਲਦੇਵ ਤੋਂ ਵੀ ਬਾਗੀ ਹੋ ਗਿਆ। ਹੁਣ ਬੈਂਕ ਲੁੱਟਣਾ, ਖੋਹਾਂ ਕਰਨਾ ਅਤੇ ਪੁਲਿਸ ਨੂੰ ਚਕਮਾ ਦੇਣਾ ਉਸ ਦੇ ਖੱਬੇ ਹੱਥ ਦੀ ਖੇਡ ਹੈ।

ਸ਼ਿੰਦੀ ਉਸ ਤੋਂ ਦੋ ਕਦਮ ਅੱਗੇ ਸੀ। ਬਾਪ ਦੇ ਮਰ ਜਾਣ ਤੇ ਪੜ੍ਹਾਈ ਛੱਡਣੀ ਪਈ ਤਾਂ ਚਲੋ

(54)

LAAM



ਕੋਈ ਨਹੀਂ। ਉਸ ਨੂੰ ਉਮੀਦ ਸੀ ਉਹ ਪਿੰਡ ਦੀ ਕਿਰਸਾਨੀ ਨੂੰ ਲਾਮਬੰਦ ਕਰ ਲਏਗਾ। ਕਈ ਘੋਲ ਉਸ ਨੇ ਲੜੇ ਵੀ। ਤੱਤਾ ਖ਼ੂਨ ਸੀ। ਲਗਾਤਾਰ ਦੋ ਵਰ੍ਹੇ ਗੜਿਆਂ ਅਤੇ ਹੜ੍ਹਾਂ 'ਚ ਫ਼ਸਲ ਗਵਾ ਕੇ ਖ਼ੂਨ ਉਬਾਲੇ ਖਾ ਗਿਆ। ਯੁੱਗ ਪਲਟਣ ਲਈ ਕਾਹਲਾ ਪੈ ਕੇ ਉਹ ਵੀ ਸੁੱਖੀ ਨਾਲ ਜਾ ਰਲਿਆ। ਹੁਣ ਪੰਜ ਚਾਰ ਬੰਦੇ ਮਾਰਨਾ ਉਸ ਦਾ ਸ਼ੌਂਕ ਹੈ।

ਸੁੱਖੀ ਸ਼ਿੰਦੀ ਲਈ ਤਾਂ ਕੋਈ ਬਾਹਾਂ ਅੱਡੀ ਖੜਾ ਸੀ। ਉਹਨਾਂ ਨੂੰ ਬੋਚ ਲਿਆ। ਦਸ ਪੜ੍ਹਿਆ ਮੁਸਲਮਾਨਾਂ ਦਾ ਫਰੀਦਾ ਕਿਧਰ ਜਾਂਦਾ। ਚਾਰ ਅੱਖਰ ਪੜ੍ਹ ਕੇ ਖੱਡੀ 'ਤੇ ਬੈਠਣੋਂ ਉਸ ਨੂੰ ਸ਼ਰਮ ਆਉਂਦੀ ਸੀ ਤੇ ਕੁਰਸੀ 'ਤੇ ਉਸ ਨੂੰ ਕੋਈ ਹੱਥ ਨਹੀਂ ਸੀ ਲਾਉਣ ਦਿੰਦਾ। ਦੋ ਚਾਰ ਸਾਲ ਤਾਂ ਚਿੱਟੇ ਕਪੜੇ ਪਾ ਕੇ ਸੱਥ 'ਚ ਬੈਠਾ। ਫੇਰ ਕਾਰਾਂ ਦੇ ਝੂਟਿਆਂ ਦੇ ਸਵਾਦ 'ਚ ਪਿਆ ਹੰਸੇ ਹੋਰਾਂ ਦੀ ਅਫ਼ੀਮ ਢੋਣ ਲੱਗਾ। ਦਿੱਲੀ ਦੇ ਚੱਕਰ ਕੱਟਦਾ ਕੱਟਦਾ ਬਾਬਰੀ ਮਸਜਿਦ ਵਾਲਿਆਂ ਦਾ ਲੀਡਰ ਜਾ ਬਣਿਆ।

ਚਿੜੀ ਤੋਂ ਡਰਨ ਵਾਲਾ ਬਾਨੀਆ ਤਾਂ ਭੂਸ਼ੀ ਤ੍ਰਿਸ਼ੂਲ ਚੁੱਕੀ ਫਿਰਦੈ। ਫੈਕਟਰੀਆਂ ਦੇ ਮੁਕਾਬਲੇ 'ਚ ਜਦੋਂ ਉਸ ਦੀ ਵਰਕਸ਼ਾਪ ਫੇਲ੍ਹ ਹੋ ਗਈ ਤਾਂ ਉਸ ਨੇ ਸ਼ਿਵ ਸੈਨਾ ਲਈ ਪਿਸਤੌਲ ਬਣਾਉਣੇ ਸ਼ੁਰੂ ਕਰ ਦਿੱਤੇ। ਦੁਕਾਨ ਵੀ ਵਧੀਆ ਚਲ ਪਈ, ਪੈਸਾ ਵੀ ਹੋ ਗਿਆ ਅਤੇ ਨਾਂ ਵੀ।

ਬਲਦੇਵ ਕਿਸ ਕਿਸ ਨੂੰ ਮੋੜਾ ਪਾਵੇ। ਬਾਹਰ ਤਾਂ ਕੀ ਉਸ ਦੇ ਘਰੇ ਹੀ ਬਗਾਵਤ ਦੇ ਝੰਡੇ ਬੁਲੰਦ ਹਨ। ਸ਼ਿੰਦੇ ਦੇ ਪੁਲਿਸ ਮੁਕਾਬਲੇ 'ਚ ਮਰਨ ਦੀ ਖ਼ਬਰ ਆਵੇ ਚਾਹੇ ਜੱਸੇ ਦੀ, ਉਸ ਦੇ ਸੀਨੇ 'ਚ ਖੋਹ ਪੈਣ ਲੱਗਦੀ, ਪਰ ਚੰਨੀ ਦੀਆਂ ਅੱਖਾਂ ਚਮਕ ਪੈਂਦੀਆਂ। ਉਸ ਨੂੰ ਲੱਗਦਾ ਜਿਵੇਂ ਉਸ ਦੇ ਪਤੀ ਦਾ ਬਦਲਾ ਲੈ ਲਿਆ ਗਿਆ ਹੈ। ਉਸ ਦੀ ਭੋਲੀ ਭੈਣ ਦੀ ਸਮਝ ਨੂੰ ਵੀ ਸਿਉਂਕ ਲੱਗ ਗਈ। ਉਹ ਭੁੱਲ ਜਾਂਦੀ ਹੈ ਕਿ ਸ਼ਿੰਦੇ ਦਾ ਬਦਲਾ ਲੈਣ ਲਈ ਹਜ਼ਾਰਾਂ ਜੱਸੇ ਪੈਦਾ ਹੋਣਗੇ ਅਤੇ ਲੱਖਾਂ ਸਤਿੰਦਰਾਂ ਨੂੰ ਜਾਨਾਂ ਦੇਣੀਆਂ ਪੈਣਗੀਆਂ। ਸਤਿੰਦਰਾਂ ਦੀ ਰਾਖੀ ਦੇ ਬਹਾਨੇ ਲੱਖਾਂ ਜੱਸੇ ਸਰਕਾਰੀ ਗੋਲੀ ਦਾ ਸ਼ਿਕਾਰ ਹੋਣਗੇ। ਇਸ ਤਰ੍ਹਾਂ ਤੇ ਗਿਣਤੀ ਵਧਦੀ ਹੀ ਜਾਣੀ ਹੈ, ਵਧਦੀ ਹੀ ਜਾਣੀ ਹੈ, ਜਿੰਨਾ ਚਿਰ ਸੁੱਖੀਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ, ਸ਼ਿੰਦੀਆਂ ਨੂੰ ਫ਼ਸਲਾਂ ਦਾ ਮੁੱਲ ਨਹੀਂ ਮਿਲਦਾ ਅਤੇ ਭੂਸ਼ੀਆਂ ਨੂੰ ਸਹੀ ਮਿਹਨਤਾਨਾ।

ਰਾਤ ਪੂਰੇ ਜੋਬਨ 'ਤੇ ਸੀ, ਪਰ ਤੱਤੀਆਂ ਹਵਾਵਾਂ ਦੀ ਤਪਸ਼ ਮੱਠੀ ਨਹੀਂ ਸੀ ਪਈ। ਗਰਮ ਹਵਾ ਦੇ ਬੁੱਲ੍ਹੇ ਕਈ ਵਾਰ ਉਸ ਦੇ ਨੰਗੇ ਪਿੰਡੇ ਨੂੰ ਝੁਲਸ ਚੁਕੇ ਸਨ। ਘੁੱਟ ਘੁੱਟ ਕਰਕੇ ਸਾਹਮਣੇ ਪਿਆ ਸਾਰਾ ਤਪਲਾ ਉਸ ਨੇ ਅੰਦਰ ਸੁੱਟ ਲਿਆ ਸੀ, ਪਰ ਸੁੱਕੇ ਗਲੇ ਨੂੰ ਭੋਰਾ ਵੀ ਰਾਹਤ ਨਹੀਂ ਸੀ ਮਿਲੀ। ਥੱਲੇ ਜਾ ਕੇ ਤਪਲਾ ਭਰਨ ਦੀ ਉਸ ਦੀ ਹਿੰਮਤ ਨਹੀਂ ਸੀ। ਮਸਾਂ ਮਸਾਂ ਤਾਂ ਟੱਬਰ ਸੁੱਤਾ ਸੀ। ਮਾੜੀ ਜਿਹੀ ਆਹਟ ਨਾਲ ਹੀ ਉਹਨਾਂ ਉਠ ਕੇ ਉਸ ਦੁਆਲੇ ਹੋ ਜਾਣਾ ਸੀ। ਉਂਝ ਵਾਰ ਵਾਰ ਖੰਘਦੀ ਮਾਂ ਅਤੇ ਸਰੋਜ ਦੇ ਮੰਜੇ ਦੀਆਂ ਚੀਕਦੀਆਂ ਚੂਲਾਂ ਤੋਂ ਉਸ ਨੂੰ ਰਤੀ ਵੀ ਸ਼ੱਕ ਨਹੀਂ ਸੀ ਕਿ ਉਹ ਵੀ ਉਸੇ ਵਾਂਗ ਸਮੇਂ ਨੂੰ ਧੱਕਾ ਦੇ ਰਹੀਆਂ ਸਨ।

ਗਰਮੀ ਅਤੇ ਪਿਆਸ ਨੇ ਉਸ ਨੂੰ ਬੇਚੈਨ ਕਰ ਰੱਖਿਆ ਸੀ। ਕਦੇ ਕਦੇ ਜੇ ਅੱਖ ਲੱਗ ਵੀ ਜਾਂਦੀ ਤਾਂ ਅਜੀਬ ਜਿਹੇ ਸੁਪਨੇ ਉਸ ਦਾ ਪਿੱਛਾ ਕਰਦੇ। ਕਦੇ ਸਤਿੰਦਰ ਦੇ ਵੈਣ....ਕਦੇ ਝੂਠੇ ਪੁਲਿਸ

ਮੁਕਾਬਲੇ 'ਚ ਮਰ ਰਿਹਾ ਪੁੱਤਰਾਂ ਵਰਗਾ ਸੁੱਖੀ...ਕਦੇ ਅੰਡਰ ਗਰਾਊਂਡ ਵਾਲੇ ਦਿਨਾਂ 'ਚ ਉਹਨਾਂ ਨੂੰ ਸਮਝਾ ਰਿਹਾ ਸੁਰਜੀਤ....ਕਦੇ ਹੋਟਲ ਦੇ ਬਿੱਲ ਤੋਂ ਡਰਦਾ ਬਲਦੇਵ...ਕਦੇ ਮੁੱਖ ਮੰਤਰੀ ਦੀ ਕੋਠੀ...ਕਦੇ ਟਾਇਪ ਹੋ ਰਹੇ ਆਰਡਰ...। ਕਦੇ ਡੀ.ਈ.ਓ. ਨਾਲ ਝਪਟ। ਕਦੇ ਲੋਕਾਂ ਦਾ ਹਾਹਾਕਾਰ। ਕਦੇ ਨਵਤੇਜ ਸਿੰਘ ਦਾ ਪੁੱਤ ਅਤੇ ਗੁਰਬਖਸ਼ ਸਿੰਘ ਦਾ ਪੋਤਾ, ਵਾਲ ਕਟਾਉਣ ਬਦਲੇ ਸ਼ਹਾਦਤ ਪਾਉਂਦਾ। ਸੁਮੀਤ...। ਕਦੇ ਜੂਝ ਰਹੇ ਰਤਨ ਪਟਵਾਰੀ, ਬਲਦੇਵ ਮਾਨ ਅਤੇ ਦੀਪਕ ਧਵਨ ਦੀਆਂ ਰੂਹਾਂ...।

ਇਸ ਘਬਰਾਹਟ ਵਿਚ ਬਲਦੇਵ, ਉੱਠ ਕੇ ਬੈਠ ਗਿਆ। ਤਾਰਿਆਂ ਨਾਲ ਭਰੇ....ਅਸਮਾਨ 'ਚ ਮਟਕ ਮਟਕ ਤੁਰਦੇ ਚੰਦਰਮਾ ਵੱਲ ਤੱਕਣ ਲੱਗਾ।

ਰਾਤ ਬੁਢਾਪੇ ਵਿਚ ਦਾਖਲ ਹੋ ਗਈ ਸੀ। ਇਸੇ ਲਈ ਕਦੇ ਕਦੇ ਠੰਢੀ ਹਵਾ ਦਾ ਬੁੱਲ੍ਹਾ ਨਸੀਬ ਹੋਣ ਲੱਗਾ ਸੀ।

ਚਮਕਦੇ ਸਿਤਾਰਿਆਂ ਸਾਹਮਣੇ ਬਲਦੇਵ ਸ਼ਰਮਸਾਰ ਜਿਹਾ ਹੋ ਗਿਆ। ਉਹਨਾਂ ਨਾਲ ਅੱਖ ਮਿਲਦਿਆਂ ਹੀ ਉਸ ਦੇ ਮਨ 'ਚ ਉਠਦੀਆਂ ਭਾਵਨਾਵਾਂ ਵਿਚ ਜਵਾਰਭਾਟੇ ਉਠ ਖੜੋਤੇ।

ਦੋਹੇਂ ਬਾਹਾਂ ਫੈਲਾ ਕੇ ਉਸ ਨੇ ਅਸਮਾਨ ਨੂੰ ਬਾਹਾਂ 'ਚ ਭਰਨਾ ਚਾਹਿਆ। ਉਸ ਦਾ ਦਿਲ ਕੀਤਾ ਉਹ ਇਕ ਇਕ ਤਾਰੇ ਦੀ ਬਾਂਹ ਫੜੇ ਅਤੇ ਪੁੱਛੇ :

''ਕੀ ਇਹਨਾਂ ਦੇ ਕਲਪਨਾ ਦੇ ਦੇਸ਼ ਵਿਚ ਤੁਸੀਂ ਦਿਨੇ ਦਿਖਾਈ ਦੇਣ ਲੱਗੋਗੇ, ਤੁਹਾਡਾ ਸਾਥੀ ਚੰਦਰਮਾ ਅੱਗ ਵਰਸਾਉਣ ਲੱਗੇਗਾ, ਸੂਰਜ ਦੀ ਤਸੀਰ ਬਦਲ ਜਾਏਗੀ, ਜੂਨ ਮਹੀਨੇ ਬਰਫਾਂ ਪੈਣ ਲੱਗਣਗੀਆਂ, ਨਦੀਆਂ ਸਮੁੰਦਰਾਂ 'ਚੋਂ ਨਿਕਲਣਗੀਆਂ ਜਾਂ ਦਰੱਖ਼ਤ ਹਵਾ 'ਚ ਲਟਕਣ ਲੱਗਣਗੇ ? ਕੀ ਉਥੇ ਆਦਮੀ ਦੇ ਚਾਰ ਹੱਥ ਹੋਣਗੇ ਜਾਂ ਫੇਰ ਬਿਨਾਂ ਖਾਧਿਆਂ ਭੁੱਖ ਮਿਟ ਜਾਏਗੀ ? ਕੀ ਸਾਰੇ ਮਜ਼ਦੂਰ ਮਾਲਕ ਬਣ ਜਾਣਗੇ ਜਾਂ ਮਾਲਕ ਮਜ਼ਦੂਰੀ ਕਰਨ ਲੱਗਣਗੇ ? ਸ਼ਾਇਦ ਕੁਝ ਵੀ ਨਹੀਂ ਬਦਲੇਗਾ। ਬੱਸ ਟਾਟਿਆਂ ਬਿਰਲਿਆਂ ਦੇ ਨਾਂ ਹੀ ਬਦਲਣਗੇ। ਸੁੱਖੀਆਂ, ਸ਼ਿੰਦੀਆਂ ਅਤੇ ਫਰੀਦਿਆਂ ਦੀਆਂ ਕਤਾਰਾਂ ਹੋਰ ਲੰਬੀਆਂ ਹੋ ਜਾਣਗੀਆਂ।''

ਬਲਦੇਵ, ਉਹ ਵੀ ਪਹਿਲਾਂ ਵਾਲਾ ਬਲਦੇਵ ਨਹੀਂ ਰਿਹਾ। ਉਸ ਸਮੇਂ ਪਿਉ ਦੇ ਸਿਰ 'ਤੇ ਘਰ ਦਾ ਖਰਚ ਤਾਂ ਤੁਰਦਾ ਹੀ ਸੀ ਹੁਣ ਤਾਂ ਉਹ ਵੀ ਨਹੀਂ ਰਿਹਾ। ਬੁੱਢੀ ਮਾਂ ਹੈ...ਖਬਰਾਂ ਸੁਣ ਕੇ ਹੀ ਕੰਬਣ ਲੱਗਦੀ ਹੈ। ਵਿਧਵਾ ਚੰਨੀ ਹੈ। ਉਸ ਦੀ ਛੇ ਮਹੀਨਿਆਂ ਦੀ ਬੱਚੀ। ਕੌਣ ਹੈ ਜੋ ਪਿਛੋਂ ਉਹਨਾਂ ਦੀ ਧੀਰ ਵੀ ਬੰਧਾ ਸਕੇ ? ਸਰੋਜ....ਉਸ ਦੇ ਦੋ ਮਾਸੂਮ ਬੱਚੇ...ਉਹ ਇਡਾ ਵੱਡਾ ਮਹਾਂਭਾਰਤ ਇਕੱਲਾ ਕਿਵੇਂ ਲੜ ਸਕਦਾ ?

''ਤੇਰੀ ਸੋਚ ਨੂੰ ਵੀ ਗ੍ਰਹਿਣ ਲੱਗ ਗਿਆ ?'' ਤਾਰਿਆਂ 'ਚ ਚਮਕਦੇ ਸ਼ਹੀਦ ਦੇ ਚਿਹਰੇ ਉਸ ਤੇ ਮੁਸਕਰਾਏ।

''ਛੋਟੇ ਜਿਹੇ ਟੱਬਰ ਦੀ ਸੋਚਣ ਲਗਿਐਂ, ਵੱਡੇ ਪਰਿਵਾਰ ਦਾ ਕੀ ਬਣੂ ?''





ਤਾਰਿਆਂ 'ਚ ਘਿਰੇ ਬਲਦੇਵ ਨੇ ਚਾਰੋਂ ਪਾਸੇ ਨਜ਼ਰ ਦੌੜਾਈ, ਪੂਰਬ ਦੀ ਕੁੱਖ ਸੂਹੀ ਹੁੰਦੀ ਜਾ ਰਹੀ ਸੀ। ਹੁਣ ਸੂਰਜ ਦੇ ਉਗਣ ਦੀ ਵਾਰੀ ਸੀ।

ਬਲਦੇਵ ਮਲਕੜੇ ਜਿਹੇ ਪੌੜੀਆਂ ਉਤਰਿਆ। ਟਰੰਕ ਪੇਟੀਆਂ ਫਰੋਲ ਕੇ ਪੁਰਾਣਾ ਝੋਲਾ ਕੱਢਿਆ। ਇਕ ਦੋ ਪੁਸਤਕਾਂ, ਕੁੜਤਾ, ਪਜਾਮਾ ਅਤੇ ਹੋਰ ਨਿੱਕ-ਸੁੱਕ ਪਾ ਕੇ ਝੋਲਾ ਮੋਢੇ 'ਤੇ ਲਟਕਾ ਲਿਆ।

ਉਸ ਨੂੰ ਮਿੰਟੀ ਸਕਿੰਟੀ ਤਿਆਰ ਹੋਇਆ ਦੇਖ ਕੇ ਹੈਰਾਨ ਪ੍ਰੇਸ਼ਾਨ ਸਾਰਾ ਟੱਬਰ ਹੇਠਾਂ ਉੱਤਰ ਆਇਆ।

''ਸੁਰਜੀਤ ਵੱਲ ਚੱਲਿਐ ਪੁੱਤਰ ?'' ਪੁਰਾਣਾ ਝੋਲਾ ਦੇਖ ਕੇ ਬੁੱਢੀ ਦਾ ਮੱਥਾ ਠਣਕ ਗਿਆ ਸੀ। ਦਿਲ ਧੜਕਣ ਲੱਗਾ ਸੀ ਅਤੇ ਲੱਤਾਂ ਕੰਬ ਗਈਆਂ ਸਨ। ਫੇਰ ਵੀ ਹਿੰਮਤ ਬਟੋਰ ਕੇ ਉਹਨੇ ਪੁੱਛ ਹੀ ਲਿਆ।

''ਨਹੀਂ। ਮੈਂ ਤਾਂ ਡਿਊਟੀ 'ਤੇ ਚਲਿਆਂ।''

ਚੰਨੀ ਦੀਆਂ ਅੱਖਾਂ 'ਚ ਉਮਡ ਆਏ ਹੰਝੂਆਂ ਨੂੰ ਪੂੰਝਦਿਆਂ ਬਲਦੇਵ ਮਾਂ ਨੂੰ ਸਮਝਾਇਆ।

''ਪਿਛੋਂ ਸਾਡਾ ਕੀ ਬਣੂ ਭਾਈ ?''

''ਮੈਂ ਸੌਡੇ ਭਲੇ ਲਈ ਜਾ ਰਿਹਾਂ। ਅੱਗ ਇਧਰ ਵੱਲ ਵੱਧਣੀ ਸ਼ੁਰੂ ਹੋ ਗਈ ਹੈ। ਜੇ ਇਸਨੂੰ ਹੁਣੇ ਨਾ ਰੋਕਿਆ ਗਿਆ ਤਾਂ ਇਹ ਸਭ ਨੂੰ ਨਿਗਲ ਜਾਊ।''

ਸਰੋਜ ਦੀ ਪਿੱਠ ਥਾਪੜ ਕੇ ਬਲਦੇਵ ਨੇ ਪਿੱਠ ਭੁਆਈ। ਸੂਰਜ ਦੀਆਂ ਪਹਿਲੀਆਂ ਕਿਰਨਾਂ ਨੇ ਉਸ ਦਾ ਮੱਥਾ ਚੁੰਮਿਆ।

ਬੱਸ ਸਟੈਂਡ ਵੱਲ ਤੇਜ਼ ਤੇਜ਼ ਕਦਮ ਪੁੱਟਦੇ ਬਲਦੇਵ ਨੂੰ ਦੇਖ ਕੇ ਮਾਂ ਦੇ ਦਿਲ ਵਿਚ ਖੋਹ ਪੈਣ ਲੱਗੀ। ਉਸ ਨੂੰ ਲੱਗ ਰਿਹਾ ਸੀ ਜਿਵੇਂ ਉਸ ਦਾ ਇਕੋ ਇਕ ਪੁੱਤ ਲਾਮ 'ਤੇ ਚਲਿਆ ਜਾਵੇ।

☆☆☆

# ਦੌੜ

ਹੱਥ-ਕੜੀਆਂ ਅਤੇ ਬੇੜੀਆ ਵਿਚ ਜਕੜੇ ਬਲਕਾਰ ਨੂੰ ਜਦੋਂ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਜੱਜ ਦਰਸ਼ਨ ਕੁਮਾਰ ਦੇ ਚਿਹਰੇ 'ਤੇ ਖ਼ੁਸ਼ੀ ਦੀ ਲਹਿਰ ਦੌੜ ਗਈ। ਉਹ ਇਸ ਲਈ ਕਿਉਂਕਿ ਇਕ ਅਜਿਹੇ ਖ਼ਤਰਨਾਕ ਦੋਸ਼ੀ ਦਾ ਖੁਰਾ ਮਿਟਾਉਣ ਦਾ ਮੌਕਾ ਮਿਲ ਰਿਹਾ ਸੀ, ਜਿਹੜਾ ਕਈਆਂ ਸਾਲਾਂ ਤੋਂ ਜੱਜ ਅਤੇ ਸਰਕਾਰ ਦੋਹਾ ਦੀਆਂ ਅੱਖਾਂ ਵਿਚ ਰੜਕ ਰਿਹਾ ਸੀ। ਇਸ ਤਰ੍ਹਾਂ ਕਰਨ ਨਾਲ ਉਸ ਨੂੰ ਕਈ ਫਾਇਦੇ ਹੋਏ ਸਨ।

ਪਹਿਲਾ ਫ਼ਾਇਦਾ ਜਮਾਤੀ ਸੀ। ਜਦੋਂ ਉਹ ਜੱਜ ਭਰਤੀ ਹੋਇਆ ਸੀ ਤਾਂ ਉਸ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨ ਦੀ ਸਹੁੰ ਖੁਆਈ ਗਈ ਸੀ। ਅੱਜ ਦੇਸ਼ ਨੂੰ ਇਹੋ ਸਮੱਸਿਆਂ ਦਰਪੇਸ਼ ਸੀ। ਦਰਸ਼ਨ ਕੁਮਾਰ ਦੀ ਨਿੱਜੀ ਰਾਏ ਸੀ ਕਿ ਦੇਸ਼ ਵਿਚ ਫੈਲੀ ਅਰਾਜਕਤਾ ਲਈ ਬਲਕਾਰ ਸਭ ਤੋਂ ਵੱਧ ਜ਼ਿੰਮੇਵਾਰ ਸੀ। ਉਸ ਨੇ ਭੁੱਖੇ-ਨੰਗੇ ਲੋਕਾਂ ਦਾ ਇਕ ਬਹੁਤ ਵੱਡਾ ਹਜੂਮ ਆਪਣੇ ਪਿਛੇ ਲਾ ਰੱਖਿਆ ਸੀ। ਉਹ ਉਨ੍ਹਾਂ ਨੂੰ ਇਕੋ ਨੁਕਤਾ ਸਮਝਾ ਰਿਹਾ ਸੀ। ਹਜੂਮ ਦੀ ਦੁਰਦਸ਼ਾ ਦਾ ਕਾਰਨ ਪਿਛਲੇ ਕਰਮਾਂ ਦਾ ਫ਼ਲ ਨਹੀਂ ਸਗੋਂ ਅਮੀਰਾਂ ਦੁਆਰਾ ਕੀਤੀ ਜਾਂਦੀ ਲੁੱਟ ਹੈ। ਇਸ ਨਰਕ ਤੋਂ ਖਹਿੜਾ ਛੁਡਾਉਣ ਦਾ ਇਕੋ-ਇਕ ਰਾਹ ਉਹ ਮੌਜੂਦਾ ਸਰਕਾਰ ਦਾ ਤਖ਼ਤਾ ਉਲਟਾਉਣਾ ਦੱਸਦਾ ਸੀ, ਜਿਹੜੀ ਅਮੀਰਾਂ ਦਾ ਪੱਖ ਪੂਰਦੀ ਸੀ। ਭੀੜ ਦੀ ਦਿਨੋ-ਦਿਨ ਵੱਧ ਰਹੀ ਗਿਣਤੀ ਅਮੀਰ ਤਬਕੇ ਲਈ ਚਿੰਤਾ ਦਾ ਕਾਰਨ ਬਣੀ ਹੋਈ ਸੀ। ਉਹ ਸੁੱਤੀ ਪਈ ਸਰਕਾਰ ਨੂੰ ਜਗਾਉਣ ਦਾ ਯਤਨ ਕਰ ਰਹੇ ਸਨ। ਜਨ ਸਾਧਾਰਣ ਨੂੰ ਨਾਸਤਕ ਬਨਾਉਣ ! ਅਮੀਰਾਂ ਪ੍ਰਤੀ ਨਫਰਤ ਫੈਲਾਉਣ ਅਤੇ ਹਿੰਸਾ ਰਾਹੀਂ ਸਰਕਾਰ ਦਾ ਤਖ਼ਤਾ ਉਲਟਾਉਣ ਵਾਲੇ ਇਸ ਹਜੂਮ ਨੂੰ ਫੌਰੀ ਤਿਤਰ-ਬਿਤਰ ਕੀਤਾ ਜਾਵੇ। ਭੀੜ ਨੂੰ ਖਿੰਡਾਉਣ ਦੀ ਇਹ ਅਹਿਮ ਜ਼ਿੰਮੇਵਾਰੀ ਸਰਕਾਰ ਨੇ ਦਰਸ਼ਲ ਕੁਮਾਰ ਦੇ ਮੋਢਿਆਂ ਤੇ ਸੁੱਟੀ ਸੀ। ਦਰਸ਼ਨ ਕੁਮਾਰ ਕੇਵਲ ਜੱਜ ਹੀ ਨਹੀਂ , ਇਕ ਵਜ਼ੀਰ ਦਾ ਪੁੱਤਰ ਵੀ ਸੀ। ਅਮੀਰਜ਼ਾਦੇ ਹੋਣ ਦੇ ਨਾਤੇ ਉਹ ਸਮੇਂ ਦੀ ਨਜ਼ਾਕਤ ਨੂੰ ਚੰਗੀ ਤਰ੍ਹਾਂ ਪਹਿਚਾਣ ਸਕਦਾ ਸੀ। ਸਮਾਂ ਮੰਗ ਕਰਦਾ ਸੀ ਕਿ ਕੁਰਸੀਆਂ ਅਤੇ ਹਵੇਲੀਆਂ ਵੱਲ ਵਧਦੀ ਇਸ ਅੱਗ ਨੂੰ ਤੁਰੰਤ ਕਾਬੂ ਕੀਤਾ ਜਾਵੇ। ਹਜੂਮ ਦੇ ਨੇਤਾ ਨੂੰ ਫਾਂਸੀ ਚਾੜ੍ਹ ਕੇ ਦਰਸ਼ਨ ਕੁਮਾਰ ਨੇ ਆਪਣਾ ਫਰਜ਼ ਅਦਾ ਕਰਨਾ ਸੀ। ਇਸ ਤਰ੍ਹਾਂ ਸੰਵਿਧਾਨ ਪ੍ਰਤੀ ਵਫ਼ਾਦਾਰੀ ਦਿਖਾਉ, ਸਰਕਾਰ ਨੂੰ ਖ਼ੁਸ਼ ਕਰਨ ਅਤੇ ਆਪਣੀ ਬਰਾਦਰੀ ਦੀ ਰੱਖਿਆ ਕਰਨ ਦਾ ਉਸ ਨੂੰ ਸੁਨਹਿਰੀ ਮੌਕਾ ਮਿਲ ਰਿਹਾ ਸੀ।

ਦੂਸਰਾ ਫਾਇਦਾ ਜ਼ਾਤੀ ਸੀ, ਜੱਜ ਦੇ ਅਧਿਕਾਰਾ ਦੀ ਵਰਤੋਂ ਕਰਦਿਆਂ ਉਸ ਨੇ ਆਪਣੇ ਨਿੱਜੀ ਦੁਸ਼ਮਣ ਦਾ ਸਫਾਇਆ ਵੀ ਕਰ ਜਾਣਾ ਸੀ ਅਤੇ ਕਿਸੇ ਨੂੰ ਕੰਨੋ-ਕੰਨ ਖ਼ਬਰ ਵੀ ਨਹੀਂ ਸੀ ਹੋਣੀ।



ਜੱਜ ਦੀ ਕਲਮ ਨੂੰ ਘੂਰ ਰਿਹਾ ਦੋਸ਼ੀ ਕੋਈ ਅਜਨਬੀ ਨਹੀਂ ਸੀ। ਉਹ ਦਰਸ਼ਨ ਕੁਮਾਰ ਦਾ ਬਚਪਨ ਦਾ ਸਾਥੀ, ਜੇ ਸੱਚ ਆਖਿਆ ਜਾਵੇ ਤਾਂ ਬਚਪਨ ਦਾ ਦੁਸ਼ਮਣ ਬਲਕਾਰ ਸੀ।

ਕਿਸੇ ਨੂੰ ਕੀ ਪਤਾ ਸੀ, ਸਕੂਲੀ ਮੁੰਡਿਆਂ ਵਿਚਕਾਰ ਇਕ ਛੋਟੇ ਜਿਹੇ ਇਨਾਮ ਲਈ ਹੋਈ ਦੌੜ ਕਦੇ ਇੰਨਾ ਭਿਆਨਕ ਰੂਪ ਧਾਰ ਲਏਗੀ ਕਿ ਉਹ ਇਕ ਦੂਜੇ ਦੀ ਜਾਨ ਲੈਣ 'ਤੇ ਤੁੱਲ ਪੈਣਗੇ।

ਗੱਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਉਹ ਅੱਠਵੀਂ ਜਮਾਤ ਵਿਚ ਪੜ੍ਹਦੇ ਸਨ।

ਸਭ ਨੂੰ ਪਤਾ ਸੀ ਦੌੜ ਬਲਕਾਰ ਨੇ ਜਿੱਤਣੀ ਹੈ। ਮੋਟੂ ਦਰਸ਼ਨ ਤਾਂ ਕਿਸੇ ਦੇ ਖ਼ੁਆਬ-ਖ਼ਿਆਲ ਵਿਚ ਵੀ ਨਹੀਂ ਸੀ।

ਸਾਲਾਨਾ ਸਮਾਗਮ ਦੇ ਬਾਕੀ ਸਭ ਪ੍ਰਬੰਧ ਤਾਂ ਮੁਕੰਮਲ ਸਨ ਪਰ ਇਕ ਸਮੱਸਿਆ ਨਹੀਂ ਸੀ ਸੁਲਝ ਰਹੀ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਮੁੰਡਾ ਇਕ ਵੀ ਇਨਾਮ ਹਾਸਲ ਕਰਦਾ ਨਜ਼ਰ ਨਹੀਂ ਸੀ ਆ ਰਿਹਾ। ਉਹ ਪੜ੍ਹਾਈ ਵਿਚ ਤਾਂ ਨਾਲਾਇਕ ਸੀ ਹੀ, ਖੇਡਾਂ ਵਿਚ ਵੀ ਪਿੱਛੇ ਸੀ।

ਪ੍ਰਧਾਨ ਦੇ ਪੁੱਤਰ ਨੂੰ ਇਨਾਮ ਕਿਵੇਂ ਦਿੱਤਾ ਜਾਵੇ? ਇਸ ਵਿਸ਼ੇ 'ਤੇ ਕਈ ਦਿਨ ਬਹਿਸ ਹੁੰਦੀ ਰਹੀ। ਇਨਾਮ ਹਾਸਲ ਕਰਨ ਵਾਲੇ ਸਾਰੇ ਹੀ ਮੁੰਡੇ ਕੁੜੀਆਂ ਪਤਵੰਤੇ ਸੱਜਣਾਂ ਦੇ ਧੀਆਂ ਪੁੱਤ ਸਨ। ਕਿਸੇ ਨੂੰ ਵੀ ਇਧਰ ਉਧਰ ਕਰਨਾ ਖ਼ਤਰੇ ਤੋਂ ਖਾਲੀ ਨਹੀਂ ਸੀ।

ਗੱਲ ਲੈ ਦੇ ਕੇ ਦੌੜਾਂ ਤੇ ਆ ਰੁਕਦੀ।

ਇਕ ਤਾਂ ਬਲਕਾਰ ਨੂੰ ਪੜ੍ਹਾਈ ਵਿਚ ਕਈ ਇਨਾਮ ਮਿਲ ਰਹੇ ਸਨ। ਦੂਜਾ ਉਸ ਵਲੋਂ ਕਿਸੇ ਨੇ ਇਤਰਾਜ਼ ਵੀ ਨਹੀਂ ਸੀ ਕਰਨਾ। ਉਸ ਦੇ ਅਨਪੜ੍ਹ ਬਾਪੂ ਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਸਕੂਲ ਸ਼ਹਿਰ ਦੀ ਕਿਸ ਦਿਸ਼ਾ ਵਿਚ ਹੈ। ਇਕ ਇਨਾਮ ਘੱਟ ਮਿਲਣ ਨਾਲ ਬਲਕਾਰ ਦੀ ਟੰਗ ਨਹੀਂ ਸੀ ਟੁੱਟਣ ਲੱਗੀ।

ਫੇਰ ਪ੍ਰਧਾਨ ਜੀ ਨੇ ਖੁੱਲ੍ਹ-ਦਿਲੀ ਵੀ ਤਾਂ ਕਮਾਲ ਦੀ ਦਿਖਾਈ ਸੀ। ਗੱਲ ਚਾਰ ਟਕਿਆਂ ਦੇ ਇਨਾਮ ਦੀ ਨਹੀਂ ਸੀ। ਉਨ੍ਹਾਂ ਦੀ ਖਾਹਿਸ਼ ਸੀ ਕਿ ਉਨ੍ਹਾਂ ਦੇ ਸ਼ਹਿਜ਼ਾਦੇ ਦੀ ਫੋਟੋ ਵੀ ਅਖ਼ਬਾਰਾਂ ਵਿਚ ਛਪ ਜਾਏ। ਇਨਾਮ ਦੀ ਥਾਂ ਉਹ ਬਲਕਾਰ ਨੂੰ ਇਨਾਮ ਨਾਲੋਂ ਦੁਗਣੇ ਪੈਸੇ ਦੇ ਦੇਣਗੇ। ਗ਼ਰੀਬ ਮੁੰਡਾ ਹੈ, ਉਨ੍ਹਾਂ ਪੈਸਿਆਂ ਨਾਲ ਕੁੜਤਾ ਖ਼ਰੀਦ ਸਕੇਗਾ, ਨਿੱਕਰ ਸੰਵਾ ਸਕੇਗਾ ਜਾਂ ਕਿਤਾਬਾਂ ਦੀ ਘਾਟ ਪੂਰੀ ਕਰ ਸਕੇਗਾ। ਇਸ ਵਿਚ ਬਲਕਾਰ ਦਾ ਹੀ ਭਲਾ ਸੀ!

ਪ੍ਰਧਾਨ ਦਾ ਰੁਤਬਾ ਵੀ ਇਹ ਮੰਗ ਕਰਦਾ ਸੀ ਕਿ ਬਲਕਾਰ ਨੂੰ ਜੇ ਉਨ੍ਹਾਂ ਲਈ ਕੁਰਬਾਨੀ ਦੇਣੀ ਪਵੇ ਤਾਂ ਉਹ ਵੀ ਦੇਵੇ। ਕਿੱਥੇ ਇਕ ਕਾਰਖਾਨੇਦਾਰ ਦਾ ਇਕਲੌਤਾ ਪੁੱਤਰ ਅਤੇ ਕਿਥੇ ਇਕ ਖੇਤ-ਮਜ਼ਦੂਰ ਦੀ ਵਾਧੂ-ਘਾਟੂ ਸਮਝੀ ਜਾਂਦੀ ਔਲਾਦ! ਕਿੱਥੇ ਕਾਰ 'ਚ ਸਕੂਲ ਆਉਣ ਵਾਲਾ ਦਰਸ਼ਨ। ਕਿੱਥੇ ਟੁੱਟੇ ਜਿਹੇ ਸਾਈਕਲ 'ਤੇ ਕਈ ਮੀਲ ਦਾ ਪੈਂਡਾ ਤਹਿ ਕਰਨ ਵਾਲਾ ਬਲਕਾਰ। ਘਾਹ ਖੋਤਣ, ਡੱਕੇ ਚੁਗਣ ਅਤੇ ਡੰਗਰਾਂ ਪਿੱਛੇ ਭੱਜਣ ਵਾਲੇ ਮੁੰਡੇ ਨੇ ਤੇਜ਼ ਦੌੜਨਾ ਹੀ ਹੋਇਆ। ਇਕ ਦਿਨ ਨਹੀਂ ਦੌੜੇਗਾ ਤਾਂ ਕਿਹੜਾ ਫਾਹਾ ਲੱਗ ਜਾਣੈਂ।

ਕੱਚੇ ਮੁਕਾਬਲਿਆਂ ਵਿਚ ਭਾਵੇਂ ਉਹ ਫਸਟ ਆਉਂਦਾ ਰਿਹਾ ਸੀ ਪਰ ਸਾਲਾਨ ਸਮਾਗਮ ਵਿਚ ਉਹਨੂੰ ਦਰਸ਼ਨ ਲਈ ਰਾਹ ਛੱਡਣਾ ਹੀ ਪੈਣਾ ਸੀ।

ਦਰਸ਼ਨ ਨੂੰ ਹਰ ਹਾਲਤ ਵਿਚ ਇਨਾਮ ਮਿਲੇ—ਇਸ ਯੋਜਨਾ ਨੂੰ ਸਿਰੇ ਚਾੜ੍ਹਨ ਦੀ ਜ਼ਿੰਮੇਵਾਰੀ ਪੀ.ਟੀ.ਆਈ. ਸ਼ਰਮੇ ਨੇ ਆਪਣੇ ਜ਼ਿੰਮੇ ਲਈ।

ਦੌੜ ਵਿਚ ਹਿੱਸਾ ਲੈਣ ਵਾਲੇ ਮੁੰਡਿਆਂ ਦੀ ਕਤਾਰ ਦੇ ਇਕ ਸਿਰੇ 'ਤੇ ਦਰਸ਼ਨ ਨੂੰ ਖੜ੍ਹਾਇਆ ਜਾਣਾ ਸੀ। ਦੂਜੇ 'ਤੇ ਬਲਕਾਰ ਨੂੰ। ਸ਼ਰਮੇ ਨੇ ਦਰਸ਼ਨ ਕੋਲ ਖੜੋਣਾ ਸੀ। ਇਕ ਤਾਂ ਦਰਸ਼ਨ ਨੂੰ ਪਹਿਲਾਂ ਦੌੜਨ ਦੀ ਖੁੱਲ੍ਹ ਹੋਣੀ ਸੀ। ਦੂਜਾ ਦੌੜ ਸ਼ੁਰੂ ਕਰਨ ਵਾਲੀ ਸੀਟੀ ਇੰਨੀ ਹੌਲੀ ਵਜਾਈ ਜਾਣੀ ਸੀ ਕਿ ਉਹ ਬਲਕਾਰ ਨੂੰ ਸੁਣਾਈ ਹੀ ਨਾ ਦੇਵੇ।

ਇਹ ਜ਼ਿੰਮੇਵਾਰੀ ਸ਼ਰਮੇ ਨੇ ਬਾਖੂਬੀ ਨਿਭਾਈ। ਬਲਕਾਰ ਨੂੰ ਤਾਂ ਕੀ, ਕਿਸੇ ਨੂੰ ਵੀ ਸਮਝ ਨਹੀਂ ਸੀ ਆਈ ਕਿ ਬਲਕਾਰ ਦੌੜ ਕਿਵੇਂ ਪਛੜ ਗਿਆ? ਸਭ ਮਾੜੀ ਕਿਸਮਤ ਨੂੰ ਕੋਸ ਕੇ ਬੈਠ ਗਏ।

ਇਹ ਪਹਿਲੀ ਦੌੜ ਸੀ, ਜਿਸ ਵਿਚ ਦਰਸ਼ਨ ਨੇ ਬਲਕਾਰ ਨੂੰ ਹਰਾਇਆ ਸੀ।

ਵੀਹ ਸਾਲ ਬਾਅਦ ਉਸ ਹਾਰ ਦਾ ਬਦਲਾ ਲੈਣ ਲਈ ਬਲਕਾਰ ਨੇ ਜਦੋਂ ਮਹਾਨ ਦੌੜ ਆਰੰਭੀ ਸੀ ਤਾਂ ਨਾਲ ਅਜਿਹੇ ਹਜ਼ਾਰਾਂ ਏਕਲਵਯ ਆ ਰਲੇ ਸਨ, ਜਿਹੜੇ ਆਪਣੇ ਹੀ ਗੁਰੂਆਂ ਕੋਲੋਂ ਆਪਣੇ ਅੰਗੂਠੇ ਕੇਵਲ ਇਸ ਲਈ ਕਟਵਾ ਬੈਠੇ ਸਨ, ਕਿਉਂਕਿ ਉਨ੍ਹਾਂ ਦਰੋਣ ਨੇ ਰਾਜ-ਘਰਾਣੇ ਦਾ ਨਮਕ ਖਾਧਾ ਸੀ।

ਪਰ ਕ੍ਰਿਸ਼ਨ ਵਰਗੇ ਚਲਾਕ ਸਿਆਸਤਦਾਨ ਦੇ ਨਾਲ ਹੁੰਦਿਆਂ ਅਰਜੁਨ ਵਰਗੇ ਬਲਸ਼ਾਲੀ ਦਰਸ਼ਨ ਕੁਮਾਰ ਨੂੰ ਇਨ੍ਹਾਂ ਭੀਲਾਂ ਦੀ ਕੀ ਪਰਵਾਹ ਸੀ? ਉਹ ਤਾਂ ਦੂਜੇ ਦੌੜ ਬਾਰੇ ਸੋਚ ਰਿਹਾ ਸੀ, ਜਿਹੜੀ ਉਨ੍ਹਾਂ ਕਾਲਜ ਵਿਚ ਦੌੜੀ ਸੀ।

ਪਰੀਆਂ ਵਰਗੀ ਜਿਸ ਦਲਜੀਤ 'ਤੇ ਦਰਸ਼ਨ ਤਿੰਨ ਵਰ੍ਹਿਆਂ ਵਿਚ ਵੀ ਡੋਰੇ ਨਹੀਂ ਸੀ ਪਾ ਸਕਿਆ, ਬਲਕਾਰ ਨੇ ਉਸ ਨੂੰ ਤਿੰਨ ਮਿਲਣੀਆਂ ਵਿਚ ਹੀ ਮੋਹ ਲਿਆ ਸੀ।

ਦਰਸ਼ਨ ਨੂੰ ਕੁੜੀਆਂ ਦਾ ਘਾਟਾ ਨਹੀਂ ਸੀ। ਇੱਟ ਚੁੱਕੋ ਤੋਂ ਸੋਹਣੀ ਕੁੜੀ ਲੱਭਦੀ ਸੀ। ਇਕ ਇਕ ਕਰਕੇ ਉਹ ਕਾਲਜ ਦੀਆਂ ਕਿੰਨੀਆਂ ਹੀ ਕੁੜੀਆਂ ਨਾਲ 'ਇਸ਼ਕ' ਕਰ ਚੁੱਕਾ ਸੀ। ਜਿਹੋ ਜਿਹਾ ਦਰਸ਼ਨ, ਉਹੋ ਜਿਹੀਆਂ ਉਸਦੀਆਂ ਸਹੇਲੀਆਂ। ਸਹੇਲੀਆਂ ਨੂੰ ਦਰਸ਼ਨ ਨਾਲੋਂ ਜ਼ਿਆਦਾ ਉਸ ਦੀ ਕਾਰ ਅਤੇ ਬਟੂਏ ਨਾਲ ਮੋਹ ਸੀ। ਦਰਸ਼ਨ ਨੂੰ ਉਨ੍ਹਾਂ ਦੀ ਤਾਜ਼ਗੀ ਨਾਲ। ਦੋ ਚਾਰ ਦਿਨ 'ਚ ਘੁਮਾ ਕੇ, ਵਧੀਆ ਹੋਟਲ 'ਚ ਸੁਆਦੀ ਖਾਣੇ ਖੁਆ ਕੇ ਉਹ ਸਹੇਲੀ ਬਦਲ ਲਿਆ ਕਰਦਾ ਸੀ।

ਪਰ ਦਲਜੀਤ 'ਤੇ ਉਸਦਾ ਸੱਚ-ਮੁੱਚ ਦਿਲ ਆ ਗਿਆ ਸੀ। ਚਾਰ ਸੌ ਰੁਪਏ ਮਹੀਨਾ ਕਮਾਉਣ ਵਾਲੇ ਬਾਬੂ ਦੀ ਇਹ ਧੀ ਬੜੀ ਅਜੀਬ ਸੀ। ਨਾ ਉਸਨੂੰ ਕਾਰ ਦੀ ਪਰਵਾਹ ਸੀ, ਬਟੂਏ ਦੀ ਅਤੇ ਨਾ ਹੀ ਦਰਸ਼ਨ ਦੇ ਬਾਪ ਦੇ ਰੁਤਬੇ ਦੀ।

ਦਰਸ਼ਨ ਨੇ ਬਥੇਰੇ ਪਾਪੜ ਵੇਲੇ। ਕਦੇ ਨਵੇਂ ਸੂਟਾਂ 'ਤੇ ਵਿਦੇਸ਼ੀ ਸੈਂਟ ਛਿੜਕ ਕੇ ਉਸਦੇ ਕੋਲ

(57)
LAAM



ਦੀ ਲੰਘਿਆ, ਕਦੇ ਸੋਨੇ ਦਾ ਕੜਾ, ਹੀਰੇ ਜੜੀਆਂ ਮੁੰਦਰੀਆਂ ਅਤੇ ਗਲ 'ਚ ਸੋਨੇ ਦੀ ਜ਼ੰਜੀਰ ਲਟਕਾ ਕੇ ਉਸ ਦਾ ਰਾਹ ਰੋਕਿਆ। ਪਰ ਦਰਸ਼ਨ ਦਾ ਮੌਜੂ ਉਡਾਉਣ ਤੋਂ ਸ਼ਿਵਾ ਦਲਜੀਤ ਨੇ ਕਦੀ ਕੋਈ ਹੁੰਗਾਰਾ ਨਾ ਭਰਿਆ।

ਜਿੰਨਾ ਚਿਰ ਦਲਜੀਤ ਅਛੂਤੀ ਰਹੀ, ਦਰਸ਼ਨ ਉਸਦੇ ਨਖ਼ਰੇ ਬਰਦਾਸ਼ਤ ਕਰਦਾ ਰਿਹਾ। ਪਰ ਜਦੋਂ ਉਹ ਬਲਕਾਰ ਦੇ ਸਾਈਕਲ ਪਿੱਛੇ ਬੈਠਣ ਲੱਗੀ ਅਤੇ ਹੋਟਲਾਂ ਦੀ ਥਾਂ ਬਿਰਜੂ ਦੇ ਢਾਬੇ 'ਤੇ ਜਾ ਕੇ ਉਸ ਨਾਲ ਆਲੂ ਛੋਲੇ ਖਾਣ ਲੱਗੀ ਤਾਂ ਦਰਸ਼ਨ ਦੀ ਹਿੱਕ 'ਤੇ ਸੱਪ ਲਿਟਣ ਲੱਗੇ।

ਆਸਾਨੀ ਨਾਲ ਹਾਰ ਮੰਨਣ ਵਾਲਾ ਦਰਸ਼ਨ ਵੀ ਨਹੀਂ ਸੀ। ਜਿਸ ਚੀਜ਼ 'ਤੇ ਵੀ ਦਿਲ ਆਉਂਦਾ, ਉਹ ਹਾਸਲ ਕਰਕੇ ਛੱਡਦਾ ਸੀ।

ਇਕ ਦਿਨ ਮੌਕਾ ਤਾੜ ਕੇ ਉਸਨੇ ਦਲਜੀਤ ਨੂੰ ਕਾਰ 'ਚ ਸੁੱਟ ਲਿਆ।

ਸ਼ਰਮ ਦੀ ਮਾਰੀ ਦਲਜੀਤ ਕਈ ਮਹੀਨੇ ਕਾਲਜ ਨਾ ਆਈ।

ਫੇਰ ਪਤਾ ਲੱਗਾ, ਉਹ ਗਰਭਵਤੀ ਸੀ।

ਫੇਰ ਫਿਲਮੀ ਡਰਾਮਾ ਹੋਇਆ।

ਦਲਜੀਤ ਦਾ ਬਾਪ ਕਈ ਦਿਨ ਦਰਸ਼ਨ ਦੇ ਬਾਪ ਦੇ ਪੈਰੀਂ ਪੱਗ ਧਰਦਾ ਰਿਹਾ। ਦਲਜੀਤ ਨੂੰ ਨੂੰਹ ਬਣਾ ਕੇ ਉਸਦੀ ਅਤੇ ਦਲਜੀਤ ਦੀ ਇੱਜ਼ਤ ਬਚਾਈ ਜਾਏ—ਇਹੋ ਭੀਖ ਮੰਗਦਾ ਰਿਹਾ।

ਦਰਸ਼ਨ ਦੇ ਬਾਪ ਲਈ ਇਹ ਸਮੱਸਿਆ ਕੋਈ ਵੀ ਨਵੀਂ ਨਹੀਂ ਸੀ। ਆਪਣੀ ਜਵਾਨੀ ਵਿਚ ਉਸਨੇ ਵੀ ਅਜਿਹੇ ਕਈ ਕਾਰਨਾਮੇ ਕੀਤੇ ਸਨ। ਆਪਣੇ ਬਾਪ ਵਾਂਗ ਦਰਸ਼ਨ ਦੇ ਬਾਪ ਨੇ ਵੀ ਘੜਿਆ-ਘੜਾਇਆ ਜਵਾਬ ਸੁਣਾਇਆ। ਮੁੰਡੇ ਪਿੱਛੇ ਵੀਹ ਕੁੜੀਆਂ ਧੱਕੇ ਖਾਂਦੀਆਂ ਫਿਰਦੀਆਂ ਹਨ। ਉਹ ਕਿਸ ਕਿਸ ਨੂੰ ਨੂੰਹ ਬਣਾਏ ? ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ।

ਆਮ ਦਿਨ ਹੁੰਦੇ ਤਾਂ ਬਾਪ ਬੁੱਢੇ ਕਲਰਕ ਨੂੰ ਧੱਕੇ ਦੇ ਘਰੋਂ ਕੱਢ ਦਿੰਦਾ। ਪਰ ਆਪਣੇ ਸਿਆਸੀ ਜੀਵਨ ਨੂੰ ਚੜ੍ਹਤ ਵੱਲ ਜਾਂਦਿਆਂ ਦੇਖ ਕੇ ਉਸ ਨੇ ਕਲਰਕ ਨੂੰ ਇਕ ਵੱਡੀ ਰਿਆਇਤ ਦਿੱਤੀ। ਗਰਭਪਾਤ ਅਤੇ ਮੂੰਹ ਬੰਦ ਰੱਖਣ ਲਈ ਮੂੰਹ ਮੰਗੇ ਪੈਸੇ। ਉਸਨੂੰ ਇਹ ਪਸੰਦ ਨਹੀਂ ਸੀ ਤਾਂ ਉਸਦੀ ਮਰਜ਼ੀ।

ਫਿਲਮੀ ਹੀਰੋ ਵਾਂਗ ਬਲਕਾਰ ਨੂੰ ਹੀ ਦਲਜੀਤ ਦੇ ਹੰਝੂ ਪੂੰਝਣੇ ਪਏ।

ਪਤੀ ਪਤਨੀ ਬਣ ਕੇ ਦਲਜੀਤ ਅਤੇ ਬਲਕਾਰ ਗੁੰਮ-ਸੁੰਮ ਰਹਿਣ ਲੱਗੇ। ਇਹ ਚੁੱਪ ਸ਼ੁਭ ਨਹੀਂ ਸੀ। ਇਹ ਦਰਸ਼ਨ ਵਿਰੁੱਧ ਝੁੱਲਣ ਵਾਲੇ ਕਿਸੇ ਤੂਫਾਨ ਦੀ ਸੂਚਕ ਸੀ।

ਉਹ ਮੋਟੀਆਂ-ਮੋਟੀਆਂ ਕਿਤਾਬਾਂ ਪੜ੍ਹਨ ਲੱਗੇ। ਜਿਵੇਂ ਕਿਤੇ ਉਨ੍ਹਾਂ ਦੀ ਹਾਰ ਦੇ ਕਾਰਨ ਅਤੇ ਹੱਲ ਇਨ੍ਹਾਂ ਕਿਤਾਬਾਂ ਵਿਚ ਦਰਜ ਸਨ।

ਫੇਰ ਉਹ ਅਜੀਬ-ਅਜੀਬ ਗੱਲਾਂ ਕਰਨ ਲੱਗੇ। ਔਖੇ-ਔਖੇ ਸ਼ਬਦਾਂ ਦੇ ਅਰਥ ਮੁੰਡੇ ਕੁੜੀਆਂ ਨੂੰ ਸਮਝਾਉਣ ਲੱਗੇ।

ਦਰਸ਼ਨ ਨੂੰ ਸਰਮਾਏਦਾਰੀ, ਇਜਾਰੇਦਾਰੀ, ਪ੍ਰੋਲੇਤਾਰੀ ਅਤੇ ਸਮਾਜਵਾਦ ਵਰਗੇ ਸ਼ਬਦਾਂ ਦੀ ਸਮਝ ਨਹੀਂ ਸੀ ਆਉਂਦੀ। ਉਸਨੂੰ ਇੰਨੀ ਹੀ ਸਮਝ ਆਉਂਦੀ ਸੀ ਜਿਵੇਂ ਉਸਦੇ ਅਤੇ ਉਸਦੇ ਦੋਸਤਾਂ ਦੇ ਖਿਲਾਫ਼ ਸਾਜ਼ਿਸ਼ ਰਚੀ ਜਾ ਰਹੀ ਹੋਵੇ।

ਮੁੰਡੇ ਕੁੜੀਆਂ ਦਾ ਇਕ ਵੱਡਾ ਗਰੁੱਪ ਜਦੋਂ ਦਰਸ਼ਨ ਵੱਲ ਕੌੜ-ਕੌੜ ਦੇਖਣ ਲੱਗਾ ਤਾਂ ਡਰਿਆ ਦਰਸ਼ਨ ਭਿੱਜੀ ਬਿੱਲੀ ਵਾਂਗ ਦਿਨ ਕੱਟਣ ਲੱਗਾ।

ਕਈ ਵਾਰੀ ਦਰਸ਼ਨ ਨੂੰ ਸ਼ਰਮ ਆਉਂਦੀ। ਮਲੰਗ ਬਲਕਾਰ ਨੇ ਦਰਸ਼ਨ ਦੀ ਸਰਦਾਰੀ ਖੋਹ ਲਈ ਸੀ। ਦਰਸ਼ਨ ਨੂੰ ਲੱਗਦਾ ਜਿਵੇਂ ਇਹ ਦੌੜ ਬਲਕਾਰ ਜਿੱਤ ਗਿਆ ਸੀ।

ਪਰ ਇਹ ਸੋਚ ਕੇ ਦਰਸ਼ਨ ਦੀ ਗਰਦਨ ਆਕੜ ਜਾਂਦੀ ਕਿ ਬਲਕਾਰ ਦੇ ਘਰ ਦਰਸ਼ਨ ਦੀ 'ਜੂਠ' ਵੱਸਦੀ ਸੀ। ਸਭ ਤੋਂ ਪਹਿਲਾਂ ਦਲਜੀਤ ਦਾ ਸੱਤ ਭੰਗ ਕਰਕੇ ਦਰਸ਼ਨ ਦੇ ਇਸ਼ਕ ਦੀ ਦੌੜ ਵਿਚ ਬਲਕਾਰ ਨੂੰ ਹਰਾਇਆ ਸੀ।

ਪੰਦਰਾਂ ਸਾਲ ਬਾਅਦ ਉਸ ਹਾਰ ਦਾ ਬਦਲਾ ਲੈਣ ਲਈ ਬਲਕਾਰ ਨੇ ਜਦੋਂ ਮਹਾਨ ਦੌੜ ਆਰੰਭੀ ਸੀ ਤਾਂ ਉਸ ਨਾਲ ਅਜਿਹੀਆਂ ਹਜ਼ਾਰਾਂ ਅਹੱਲਿਆਵਾਂ ਵੀ ਦੌੜਨ ਲੱਗੀਆਂ ਸਨ, ਜਿਨ੍ਹਾਂ ਨੂੰ ਕੇਵਲ ਇਸ ਲਈ ਸਰਾਪਿਆ ਜੀਵਨ ਜਿਊਣਾ ਪੈ ਰਿਹਾ ਸੀ, ਕਿਉਂਕਿ ਉਨ੍ਹਾਂ ਦਾ ਸੱਤ ਜਬਰ ਅਤੇ ਧੋਖੇ ਨਾਲ ਭੰਗ ਕਰ ਦਿੱਤਾ ਗਿਆ ਸੀ।

ਪਰ ਅਸਮਾਨੀ ਵੱਸਦੇ ਚੰਦਰਮਾਂ ਨੂੰ ਧਰਤੀ ਦੀ ਆਹ ਦੀ ਕੀ ਪਰਵਾਹ? ਉਹ ਤਾਂ ਆਪਣੀ ਤੀਸਰੀ ਦੌੜ ਬਾਰੇ ਸੋਚ ਰਿਹਾ ਸੀ, ਜਿਹੜੀ ਉਨ੍ਹਾਂ ਵਕਾਲਤ ਵਿਚ ਸ਼ੁਹਰਤ ਹਾਸਲ ਕਰਨ ਲਈ ਦੌੜੀ ਸੀ।

ਦਰਸ਼ਨ ਕੁਮਾਰ ਨੂੰ ਵਕਾਲਤ ਦੀ ਡਿਗਰੀ ਭਾਵੇਂ ਦੋ ਸਾਲ ਪੱਛੜ ਕੇ ਮਿਲੀ ਸੀ ਪਰ ਕੰਮ ਬਟੋਰਨ ਵਿਚ ਉਹ ਸਭ ਤੋਂ ਅੱਗੇ ਸੀ।

ਪਿਛਲੀਆਂ ਚੋਣਾਂ ਵਿਚ ਉਸਦਾ ਬਾਪ ਹੁਕਮਰਾਨ ਪਾਰਟੀ ਦਾ ਐਮ.ਐਲ.ਏ. ਬਣ ਗਿਆ ਸੀ। ਪੁਲਿਸ ਅਫਸਰ ਤਾਂ ਹਾਜ਼ਰੀ ਭਰਦੇ ਹੀ ਸਨ, ਵੇਲਾ ਦੇਖ ਕੇ ਜੱਜ ਵੀ ਹਮ-ਪਿਆਲਾ ਹੋ ਜਾਂਦੇ ਸਨ।

ਪਾਰਟੀ ਵਰਕਰਾਂ ਨੂੰ ਹਦਾਇਤ ਹੋਈ, ਕਾਕਾ ਜੀ ਨੂੰ ਵੱਧ ਤੋਂ ਵੱਧ ਮੁਕੱਦਮੇ ਦਿੱਤੇ ਜਾਣ।

ਪੁਲਿਸ ਕਪਤਾਨ ਨੇ ਸਾਰੇ ਥਾਣੇਦਾਰਾਂ ਨੂੰ ਹੁਕਮ ਜਾਰੀ ਕੀਤਾ। ਉਨਾ ਚਿਰ ਮੁਲਜ਼ਮ ਤੇ ਕੁਟਾਪਾ ਜਾਰੀ ਰੱਖਿਆ ਜਾਵੇ, ਜਿੰਨਾ ਚਿਰ ਉਹ ਕਾਕਾ ਜੀ ਨੂੰ ਵਕੀਲ ਕਰਨ ਲਈ ਰਾਜ਼ੀ ਨਾ ਹੋ ਜਾਵੇ।

ਜੱਜ ਵੀ ਆਪਣੇ ਫਰਜ਼ ਪਹਿਚਾਣਦੇ ਸਨ। ਲਗਦੀ ਵਾਹ ਡੱਕਾ ਕਾਕਾ ਜੀ ਵੱਲ ਹੀ ਸੁੱਟਦੇ।

ਬਾਪ ਦੇ ਦੋਸਤਾਂ ਦੇ ਸਹਾਰੇ ਦਰਸ਼ਨ ਕੁਮਾਰ ਦੇ ਕੈਬਿਨ ਵਿਚ ਜੁੜਨ ਵਾਲੀ ਭੀੜ ਦੀ ਗਿਣਤੀ ਵਧਦੀ ਹੀ ਗਈ।

(58)
LAAM



ਉਸੇ ਰਫਤਾਰ ਨਾਲ ਬਲਕਾਰ ਦੇ ਫੱਟੇ 'ਤੇ ਵੀ ਲੋਕਾਂ ਦਾ ਝੁਰਮਟ ਬੱਝਣ ਲੱਗਾ। ਪਰ ਸਾਇਲ ਸਾਇਲ ਦਾ ਫਰਕ ਸੀ। ਬਲਕਾਰ ਕੋਲ ਜਗੀਰਦਾਰਾਂ, ਸਨਅਤਕਾਰਾਂ ਤੇ ਸਮਗਲਰਾਂ ਦੇ ਸਤਾਏ ਖੇਤ ਮਜ਼ਦੂਰ, ਕਿਰਤੀ-ਕਾਮੇ ਜਾਂ ਅਮਲੀ ਹੁੰਦੇ। ਜਿਨ੍ਹਾਂ ਨੂੰ ਕੋਈ ਵੀ ਵਕੀਲ ਆਪਣੇ ਥੜ੍ਹੇ 'ਤੇ ਨਾ ਚੜ੍ਹਨ ਦਿੰਦਾ, ਉਨ੍ਹਾਂ ਨੂੰ ਬਲਕਾਰ ਕੋਲ ਸ਼ਰਨ ਮਿਲਦੀ। ਜਿਨ੍ਹਾਂ ਦੇ ਆਪਣੇ ਹੀ ਪੇਟ ਭੁੱਖੇ ਹੋਣ, ਉਹ ਵਕੀਲ ਦੇ ਬੋਝੇ ਕਿੱਥੋਂ ਭਰਨ। ਜਿਹੋ ਜਿਹੇ ਮਲੰਗ ਸਾਇਲ, ਉਹੋ ਜਿਹਾ ਗ਼ਰੀਬ, ਉਨ੍ਹਾਂ ਦਾ ਵਕੀਲ।

ਸੱਚ ਦਾ ਪਲੜਾ ਭਾਰੀ ਹੁੰਦੇ ਹੋਇਆ ਵੀ ਬਲਕਾਰ ਦੇ ਸਾਇਲਾਂ ਨੂੰ ਜਿੱਤ ਹਾਸਲ ਨਹੀਂ ਸੀ ਹੁੰਦੀ।

ਦਸਾਂ ਸਾਲ ਬਾਅਦ ਉਸ ਹਾਰ ਦਾ ਬਦਲਾ ਲੈਣ ਲਈ ਬਲਕਾਰ ਨੇ ਜਦੋਂ ਮਹਾਨ ਦੌੜ ਆਰੰਭੀ ਸੀ ਤਾਂ ਉਸ ਨਾਲ ਅਜਿਹੇ ਅਭਿਮੰਨਯੂ ਵੀ ਆ ਰਲੇ ਸਨ, ਜਿਹੜੇ ਸੱਚ ਦੀ ਜਿੱਤ ਦਾ ਸੁਫਨਾ ਲੈ ਕੇ ਕਾਨੂੰਨ ਦੇ ਇਸ ਚੱਕਰਵਿਊ ਵਿਚ ਜਾ ਤਾਂ ਵੜੇ ਸਨ ਪਰ ਜਿੱਤ ਨਹੀਂ ਸੀ ਸਕੇ। ਕਿਉਂਕਿ ਉਹ ਭੁੱਲ ਗਏ ਸਨ ਕਿ ਇਹ ਚੱਕਰਵਿਊ ਰਾਜ ਸਿੰਘਾਸਣ ਦੇ ਵਫਾਦਾਰ ਦਰੋਨਾਚਾਰੀਆ ਨੇ ਦੁਸ਼ਟ ਦਰਯੋਧਨ ਅਤੇ ਉਸ ਦੇ ਸੈਨਾਪਤੀਆਂ ਦੀ ਹਿਫਾਜ਼ਤ ਲਈ ਹੀ ਰਚਿਆ ਸੀ।

ਪਰ ਧਰਮਰਾਜ ਦੀਆਂ ਸ਼ਕਤੀਆਂ ਪ੍ਰਾਪਤ ਕਰੀ ਬੈਠੇ ਦਰਸ਼ਨ ਕੁਮਾਰ ਨੂੰ ਅਨਾੜੀ ਅਭਿਮੰਨਯੂਆਂ ਦੀ ਕੀ ਪ੍ਰਵਾਹ? ਉਹ ਤਾਂ ਆਪਣੀ ਚੌਥੀ ਦੌੜ ਬਾਰੇ ਸੋਚ ਰਿਹਾ ਸੀ, ਜਿਹੜੀ ਉਨ੍ਹਾਂ ਜੱਜ ਦੀ ਗੱਦੀ ਹਾਸਲ ਕਰਨ ਲਈ ਦੌੜੀ ਸੀ।

ਵਕਾਲਤ ਵਿਚ ਦਰਸ਼ਨ ਦੇ ਪੈਰ ਜੰਮ ਗਏ। ਪਰ ਸਿਆਸਤ ਵਿਚ ਬਾਪ ਦੇ ਪੈਰ ਉਖੜ ਗਏ। ਆਏ ਦਿਨ ਕੋਈ ਨਾ ਕੋਈ ਗ਼ਲਤੀ ਹੋ ਜਾਂਦੀ। ਕਦੇ ਕਿਸੇ ਸਮਗਲਰ ਦੀ ਮਦਦ ਕਰਦਾ ਫੜਿਆ ਗਿਆ, ਕਦੇ ਕਿਸੇ ਅਫਸਰ ਤੋਂ ਲਈ ਰਿਸ਼ਵਤ ਨੰਗੀ ਹੋ ਗਈ। ਕਦੇ ਕਿਸੇ ਹੁਸੀਨਾ ਨਾਲ ਸੌਣ ਦੇ ਕਿੱਸੇ ਅਖ਼ਬਾਰਾਂ ਵਿਚ ਛਪ ਗਏ।

ਬਲਕਾਰ ਸ਼ਾਇਦ ਪੁਰਾਣੀ ਦੁਸ਼ਮਣੀ ਦਾ ਬਦਲਾ ਲੈ ਰਿਹਾ ਸੀ। ਬਹੁਤੇ ਘਪਲੇ ਉਸ ਨੇ ਹੀ ਨੰਗੇ ਕੀਤੇ ਸਨ। ਉਸ ਦੇ ਮੁਖਬਰ ਸਰਕਾਰ ਦੇ ਮੁਖਬਰਾਂ ਨਾਲੋਂ ਕਈ ਗੁਣਾਂ ਤੇਜ਼ ਲੱਗਦੇ ਸਨ।

ਦਰਸ਼ਨ ਕੁਮਾਰ ਪ੍ਰਤੀ ਅਫ਼ਸਰਾਂ ਦੀ ਰਾਏ ਚੰਗੀ ਨਹੀਂ ਸੀ। ਕੰਮ ਤਾਂ ਬਥੇਰਾ ਮਿਲਣ ਲੱਗਾ ਸੀ। ਪਰ ਉਹ ਮਿਹਨਤ ਨਹੀਂ ਸੀ ਕਰ ਰਿਹਾ। ਸਾਰਾ ਕੰਮ ਸਹਾਇਕ ਵਕੀਲਾਂ 'ਤੇ ਸੁੱਟ ਦਿੱਤਾ ਸੀ। ਜੇ ਇਹੋ ਹਾਲ ਰਿਹਾ ਤਾਂ ਬਾਪ ਹੇਠੋਂ ਕੁਰਸੀ ਖਿਸਕਦਿਆਂ ਹੀ ਲਫ਼ਾਫ਼ਿਆਂ ਦਾ ਢੇਰ ਰੇਤ ਦੇ ਮਹਿਲ ਵਾਂਗ ਡਿੱਗ ਪੈਣਾ ਸੀ।

ਅਫ਼ਸਰਾਂ ਨੇ ਬਾਪੂ ਨੂੰ ਰਾਏ ਦਿੱਤੀ। ਚੰਗਾ ਹੋਵੇ ਜੇ ਮੁੰਡੇ ਨੂੰ ਜੱਜ ਭਰਤੀ ਕਰਾ ਦਿੱਤਾ ਜਾਵੇ। ਸਾਰੀ ਉਮਰ ਦੀ ਵਜ਼ੀਰੀ ਮਿਲ ਜਾਣੀ ਸੀ। ਹਾਲੇ ਸਰਕਾਰੇ ਦਰਬਾਰੇ ਚਲਦੀ ਹੈ। ਅਗਾਂਹ ਕੀ ਪਤੈ, ਕਿਸ ਪਾਰਟੀ ਦੀ ਸਰਕਾਰ ਬਣੇ।

ਬਾਪੂ ਨੂੰ ਅਫਸਰਾਂ ਦੀ ਰਾਇ ਮਾੜੀ ਨਹੀਂ ਸੀ ਲੱਗੀ। ਉਹ ਦਰਸ਼ਨ ਕੁਮਾਰ ਨੂੰ ਜੱਜ ਭਰਤੀ ਕਰਾਉਣ ਲਈ ਹੱਥ ਪੈਰ ਮਾਰਨ ਲੱਗਾ।

ਅਫ਼ਸਰਾਂ 'ਤੇ ਜ਼ੋਰ ਪਾ ਕੇ ਨੌਕਰੀਆਂ ਕਢਵਾਈਆਂ। ਤਰਲੇ ਮਿੰਨਤਾਂ ਕਰਕੇ ਵਜ਼ੀਰਾਂ ਤੋਂ ਹਾਂ ਕਰਾਈ। ਮੁੰਡਾ ਇਕ ਵਾਰ ਪਾਸ ਹੋ ਜਾਏ। ਉਹ ਆਪੇ ਜੱਜ ਲਗਵਾ ਦੇਣਗੇ।

ਪਰ ਸ਼ਹਿਜ਼ਾਦੇ ਨੂੰ ਦਾਰੂ ਪੀਣ, ਜੂਆ ਖੇਡਣ ਅਤੇ ਹੋਟਲਾਂ 'ਚ ਡਾਂਸ ਕਰਨ ਤੋਂ ਵਿਹਲ ਮਿਲੇ ਤਾਂ ਹੀ ਪੜ੍ਹੇ। ਮੈਰਿਟ ਵਿਚ ਤਾਂ ਕੀ ਆਉਣਾ ਸੀ, ਪਾਸ ਵੀ ਨਾ ਹੋਇਆ।

ਬਾਪ-ਬੇਟੇ ਦੋਹਾਂ ਦੇ ਸਿਤਾਰੇ ਗਰਦਿਸ਼ ਵਿਚ ਸਨ। ਇਧਰੋਂ ਮੁੰਡੇ ਹੱਥੋਂ ਜੱਜੀ ਖੁੱਸ ਗਈ, ਉਧਰੋਂ ਬਾਪ ਕੋਲੋਂ ਪਾਰਟੀ ਟਿਕਟ।

ਬਾਪ ਨੂੰ ਆਪਣੇ ਨਾਲੋਂ ਜ਼ਿਆਦਾ ਬੇਟੇ ਦੇ ਭਵਿੱਖ ਦਾ ਫਿਕਰ ਸੀ। ਦਰਸ਼ਨ ਕੋਲੋਂ ਸਾਇਲ ਇਉਂ ਖਿਸਕਣ ਲੱਗੇ ਸਨ, ਜਿਵੇਂ ਕਿਸੇ ਨੇ ਮਖਿਆਲ ਨੂੰ ਇੱਟ ਮਾਰ ਦਿੱਤੀ ਹੋਵੇ।

ਬਾਪੂ ਨੂੰ ਪਾਰਟੀ ਦਾ ਟਿਕਟ ਤਾਂ ਨਹੀਂ ਸੀ ਮਿਲਿਆ ਪਰ ਪਾਰਟੀ ਨੂੰ ਪਤਾ ਸੀ ਕਿ ਸੀਟ ਜਿੱਤਣ ਲਈ ਉਸ ਦੀ ਮਦਦ ਜ਼ਰੂਰੀ ਸੀ। ਇਸ ਹਮਾਇਤ ਦਾ ਸੌਦਾ ਹੋਇਆ। ਬਦਲੇ ਵਿਚ ਬਾਪੂ ਨੂੰ ਪਬਲਿਕ ਸਰਵਿਸ ਕਮਿਸ਼ਨ ਦੀ ਮੈਂਬਰੀ ਮਿਲੀ।

ਮੈਂਬਰ ਦੀ ਟੌਹਰ ਮੰਤਰੀ ਜਿੰਨੀ। ਪੈਸਾ ਰੱਜਵਾਂ ! ਸਾਰੇ ਕੁਨਬੇ ਨੂੰ ਚੰਗੀਆਂ ਨੌਕਰੀਆਂ ਵੀ।

ਬਾਪੂ ਨੇ ਸ਼ੁਰੂਆਤ ਘਰ ਤੋਂ ਕੀਤੀ।

ਇਸ ਵਾਰ ਦਰਸ਼ਨ ਕੁਮਾਰ ਦੀ ਡਿਊਟੀ ਪੇਪਰਾਂ ਦੀ ਤਿਆਰੀ ਕਰਨੀ ਨਹੀਂ ਸੀ। ਉਸ ਨੇ ਉਸ ਉਮੀਦਵਾਰ ਦਾ ਪਤਾ ਕਰਨਾ ਸੀ, ਜਿਸ ਦਾ ਮੈਰਿਟ ਵਿਚ ਆਉਣਾ ਯਕੀਨੀ ਸੀ।

ਇਸ ਕੰਮ ਲਈ ਦਰਸ਼ਨ ਕੁਮਾਰ ਨੂੰ ਬਹੁਤੀ ਮਿਹਨਤ ਨਹੀਂ ਸੀ ਕਰਨੀ ਪਈ। ਬਲਕਾਰ ਜੱਜ ਬਣਨ ਦੇ ਸੁਫਨੇ ਦੇਖ ਰਿਹਾ ਸੀ। ਉਸ ਦਾ ਦਿਮਾਗ਼ ਤਾਂ ਉਂਝ ਹੀ ਕੰਪਿਊਟਰ ਵਾਂਗ ਕੰਮ ਕਰਦਾ ਸੀ। ਦੇਸ਼ ਵਿਦੇਸ਼ ਦੀਆਂ ਖ਼ਬਰਾਂ ਦਾ ਅਤਾ-ਪਤਾ ਰੱਖਦਾ ਸੀ। ਉਹ ਜੇ ਬਿਨਾਂ ਤਿਆਰੀ ਵੀ ਇਮਤਿਹਾਨ ਵਿਚ ਬੈਠ ਜਾਵੇ, ਤਦ ਵੀ ਪਾਸ ਹੋ ਜਾਵੇ। ਜਦ ਕਿ ਉਹ ਦਿਨ-ਰਾਤ ਇਕ ਕਰੀ ਬੈਠਾ ਸੀ।

ਦਰਸ਼ਨ ਨੇ ਬਲਕਾਰ ਦੇ ਰੋਲ ਨੰਬਰ 'ਤੇ ਹੀ ਉਂਗਲ ਰੱਖੀ। ਇਕੋ ਤੀਰ ਨਾਲ ਦੋ ਨਿਸ਼ਾਨ ਫੁੰਡੇ ਜਾਣ ਸਨ। ਬਲਕਾਰ ਦਾ ਪੱਤਾ ਕੱਟਿਆ ਜਾਣਾ ਸੀ ਅਤੇ ਦਰਸ਼ਨ ਕੁਮਾਰ ਨੇ ਜੱਜ ਬਣ ਜਾਣਾ ਸੀ।

ਬਾਕੀ ਦਾ ਕੰਮ ਸਕੂਲ ਦੇ ਪੀ. ਟੀ. ਆਈ. ਵਾਂਗ ਕਮਿਸ਼ਨ ਦੇ ਵਫ਼ਾਦਾਰ ਨੌਕਰਾਂ ਨੇ ਕੀਤਾ।

ਇਹ ਬਾਪ ਦੀ ਹੁਸ਼ਿਆਰੀ ਦਾ ਹੀ ਨਤੀਜਾ ਸੀ ਕਿ ਅੱਜ ਦਰਸ਼ਨ ਕੁਮਾਰ ਬਲਕਾਰ ਵਾਲੀ ਕੁਰਸੀ ਸਾਂਭੀ ਬੈਠਾ ਸੀ ਅਤੇ ਬਲਕਾਰ ਮੁਲਜ਼ਮਾਂ ਦੇ ਕਟਹਿਰੇ ਵਿਚ ਖੜ੍ਹਾ ਸਜ਼ਾ ਉਡੀਕ ਰਿਹਾ ਸੀ।

ਫੇਲ੍ਹ ਹੋ ਜਾਣ 'ਤੇ ਬੁਖ਼ਲਾਏ ਬਲਕਾਰ ਨੇ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਬਥੇਰਾ ਦਰਵਾਜ਼ੇ ਖੜਕਾਏ। ਪਰ ਕਮਿਸ਼ਨ ਦੀ ਮੱਕੜੀ ਨੇ ਕਾਨੂੰਨਾਂ ਦਾ ਅਜਿਹਾ ਜਾਲ ਬੁਣਿਆ ਸੀ ਕਿ ਬਲਕਾਰ ਉਸ ਵਿਚ ਉਲਝ ਕੇ ਰਹਿ ਗਿਆ ਸੀ।



ਹਾਰਿਆ-ਥੱਕਿਆ ਬਲਕਾਰ ਘਰ ਨਹੀਂ ਸੀ ਵੜਿਆ। ਦਰਸ਼ਨ ਕੁਮਾਰ ਨੇ ਸੋਚਿਆ ਸੀ ਕਿ ਸ਼ਰਮ ਦੇ ਮਾਰੇ ਉਸਨੇ ਖੂਹ-ਖਾਤਾ ਗੰਦਾ ਕਰ ਦਿੱਤਾ ਹੋਣਾ ਹੈ। ਕੀ ਪਤਾ ਸੀ ਕਿ ਉਹ ਕਿਸੇ ਨਵੀਂ ਦੌੜ ਦੀ ਤਿਆਰੀ ਕਰ ਰਿਹਾ ਸੀ।

ਪੰਜਾਂ ਸਾਲਾਂ ਬਾਅਦ ਉਸ ਹਾਰ ਦਾ ਬਦਲਾ ਲੈਣ ਲਈ ਬਲਕਾਰ ਨੇ ਜਦੋਂ ਮਹਾਨ ਦੌੜ ਆਰੰਭੀ ਸੀ ਤਾਂ ਉਸ ਨਾਲ ਅਜਿਹੇ ਹਜ਼ਾਰਾਂ ਬੁੱਧੀਜੀਵੀ ਵੀ ਆ ਰਲੇ ਸਨ, ਜਿਨ੍ਹਾਂ ਨੂੰ ਉੱਚੇ ਅਹੁਦੇ ਕੇਵਲ ਇਸ ਲਈ ਨਹੀਂ ਸੀ ਮਿਲੇ, ਕਿਉਂਕਿ ਉਹ ਕਿਸੇ ਰਾਜਕੁਮਾਰੀ ਦੇ ਪੇਟੋਂ ਨਹੀਂ ਸੀ ਜਨਮੇ, ਸਗੋਂ ਦਾਸੀ ਦੀ ਕੁੱਖੋਂ ਜਨਮੇ ਸਨ।

ਦਰਸ਼ਨ ਕੁਮਾਰ ਦੀਆਂ ਰਗਾਂ ਵਿਚ ਤਾਂ ਸ਼ਾਹੀ-ਖ਼ੂਨ ਦੌੜਦਾ ਸੀ। ਉਸ ਨੂੰ ਦਾਸੀ-ਪੁੱਤਰਾਂ ਦੀ ਕੀ ਪਰਵਾਹ ?

ਉਹ ਤਾਂ ਉਸ ਆਖਰੀ ਦੌੜ ਬਾਰੇ ਸੋਚ ਰਿਹਾ ਸੀ, ਜਿਹੜਾ ਕੁਝ ਹੀ ਘੰਟਿਆਂ ਬਾਅਦ ਸਮਾਪਤ ਹੋਣ ਵਾਲੀ ਸੀ।

ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਬਲਕਾਰ ਲੱਖ ਇਹ ਦਾਅਵੇ ਕਰਦਾ ਸੀ ਕਿ ਉਨ੍ਹਾਂ ਦੇ ਹਜੂਮ ਦਾ ਇਕੋ-ਇਕ ਨਿਸ਼ਾਨਾ ਸਮੁੱਚੇ ਢਾਂਚੇ ਨੂੰ ਹੀ ਬਦਲਣਾ ਸੀ ਪਰ ਦਰਸ਼ਨ ਕੁਮਾਰ ਨੂੰ ਯਕੀਨ ਸੀ, ਉਸਦੀ ਅੱਖ ਆਪਣੇ ਪੁਰਾਣੇ ਦੁਸ਼ਮਣ ਉੱਪਰ ਹੀ ਸੀ।

ਅੱਜ ਦਰਸ਼ਨ ਕੁਮਾਰ ਨੇ ਉਹ ਅੱਖ ਭੰਨ ਦੇਣੀ ਸੀ।

ਤਰਸ ਭਰੀਆਂ ਅੱਖਾਂ ਨਾਲ ਦਰਸ਼ਨ ਕੁਮਾਰ ਨੇ ਬਲਕਾਰ ਦੇ ਆਖਰੀ ਦਰਸ਼ਨ ਕਰਨੇ ਚਾਹੇ।

ਬਲਕਾਰ ਵੱਲ ਤੱਕ ਕੇ ਦਰਸ਼ਨ ਕੁਮਾਰ ਹੈਰਾਨ ਰਹਿ ਗਿਆ। ਆਮ ਮੁਲਜ਼ਮਾਂ ਵਾਂਗ ਨਾ ਉਸਦਾ ਚਿਹਰਾ ਪੀਲਾ ਪਿਆ ਸੀ, ਨਾ ਲੱਤਾਂ ਕੰਬ ਰਹੀਆਂ ਸਨ ਅਤੇ ਨਾ ਹੀ ਸੀਨਾ ਧੱਕ-ਧੱਕ ਕਰਦਾ ਸੀ।

ਉਲਟਾ ਉਸ ਦੀਆਂ ਅੱਖਾਂ ਮਸ਼ਾਲ ਵਾਂਗ ਮਘ ਰਹੀਆਂ ਸਨ। ਉਸਦੇ ਬੁੱਲ੍ਹਾਂ 'ਤੇ ਹਲਕੀ ਜਿਹੀ ਹਾਸੀ ਸੀ।

ਇਸ ਹਾਸੀ ਦਾ ਮਤਲਬ ਦਰਸ਼ਨ ਕੁਮਾਰ ਨੂੰ ਚੰਗੀ ਤਰ੍ਹਾਂ ਸਮਝ ਆ ਰਿਹਾ ਸੀ। ਉਹ ਉਸ ਨੂੰ ਇਕ ਹੋਰ ਦੌੜ ਦੌੜਨ ਲਈ ਲਲਕਾਰ ਰਿਹਾ ਸੀ।

''ਰੱਸੀ ਤਾਂ ਜਲ ਗਈ ਪਰ ਵਲ ਨਹੀਂ ਗਿਆ।'' ਮੌਤ ਦੇ ਤਖ਼ਤੇ 'ਤੇ ਖੜ੍ਹੇ ਬਲਕਾਰ ਦੀ ਇਹ ਲਲਕਾਰ ਵੀ ਜੱਜ ਨੂੰ ਬਾਂਦਰ-ਘੁਰਕੀ ਵਰਗੀ ਲੱਗੀ।

''ਜ਼ਾਤ ਦੀ ਕੋਹੜ ਕਿਰਲੀ ਛੱਤ ਨਾਲ ਜੱਫੇ। ਚਾਰ ਟਟ-ਪੂੰਜੀਏ ਇਕੱਠੇ ਕਰਕੇ ਸੋਚਦੈ, ਸਰਕਾਰ ਨੂੰ ਢਾਹ ਲਾਏਗਾ। ਇਨ੍ਹਾਂ ਗਿੱਦੜਾਂ ਖ਼ਰਗੋਸ਼ਾਂ ਨੂੰ ਤਾਂ ਉਸ ਦੀ ਇਕੋ ਦਹਾੜ ਬਹੁਤ ਹੈ।'' ਸੋਚਦੇ ਦਰਸ਼ਨ ਕੁਮਾਰ ਨੂੰ ਯਕੀਨ ਸੀ ਕਿ ਬਲਕਾਰ ਨੂੰ ਫਾਂਸੀ ਲੱਗਣ ਦੀ ਖ਼ਬਰ ਸੁਣਦਿਆਂ ਹੀ ਹਜੂਮ ਨੇ ਖਿੰਡ ਜਾਣਾ ਸੀ।

ਇਸੇ ਨਤੀਜੇ ਦਾ ਆਸ ਰੱਖਦਿਆਂ, ਜੱਜ ਦਰਸ਼ਨ ਕੁਮਾਰ ਨੇ ਬਲਕਾਰ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ।

''ਸਾਨੂੰ ਇਸ ਅਦਾਲਤ ਤੋਂ ਇਹੋ ਆਸ ਸੀ। ਪਰ ਤੂੰ ਇਸ ਦੌੜ 'ਚ ਪੱਛੜ ਗਿਐਂ ਦੋਸਤ, ਜਿਉਂ ਜਿਉਂ ਬਲਕਾਰਾਂ ਦਾ ਖ਼ੂਨ ਡੁਲ੍ਹਦਾ ਜਾਏਗਾ, ਤਿਉਂ-ਤਿਉਂ ਦੌੜ ਦੀ ਰਫ਼ਤਾਰ ਤੇਜ਼ ਹੁੰਦੀ ਜਾਏਗੀ।''

ਦਰਸ਼ਨ ਕੁਮਾਰ ਦਾ ਧੰਨਵਾਦ ਕਰਕੇ ਬਲਕਾਰ ਨੇ ਇਉਂ ਪਿੱਠ ਭੁਆਈ, ਜਿਵੇਂ ਕੁਝ ਵੀ ਨਾ ਹੋਇਆ ਹੋਏ।

ਬੇੜੀਆਂ ਦੇ ਮਣਾਂ-ਮੂੰਹ ਭਾਰ ਦਾ ਵੀ ਉਸ ਤੇ ਕੋਈ ਅਸਰ ਨਹੀਂ ਸੀ, ਉਸਦੀ ਚਾਲ 'ਚ ਸਗੋਂ ਰਵਾਨਗੀ ਆ ਗਈ ਸੀ।

ਅਜੀਬ ਇਤਫ਼ਾਕ ਸੀ। ਸਜ਼ਾ ਸੁਣਨ ਵਾਲੇ ਦੀ ਥਾਂ ਸਜ਼ਾ ਸੁਣਾਉਣ ਵਾਲੇ ਦਾ ਦਿਲ ਧੱਕ-ਧੱਕ ਕਰ ਰਿਹਾ ਸੀ।

ਦਰਸ਼ਨ ਕੁਮਾਰ ਦੇ ਕਿਆਸਾਂ ਦੇ ਉਲਟ ਭੀੜ ਨਾ ਡਰੀ, ਨਾ ਖਿੰਡੀ। ਸਗੋਂ ਜੋਸ਼ੀਲੇ ਗੀਤਾਂ ਅਤੇ ਨਾਅਰਿਆਂ ਨਾਲ ਅਸਮਾਨ ਗੂੰਜਣ ਲੱਗਾ।

ਭੀੜ ਦੇ ਰੋਹ ਨੂੰ ਧਿਆਨ ਵਿਚ ਰੱਖਦਿਆਂ ਅਦਾਲਤ ਦੀਆਂ ਖਿੜਕੀਆ ਦਰਵਾਜ਼ੇ ਬੰਦ ਕਰ ਦਿੱਤੇ ਗਏ। ਜੱਜ ਦੀ ਸੁਰੱਖਿਆ ਲਈ ਪੁਲਿਸ ਨੇ ਅਦਾਲਤ ਦੇ ਚਾਰੇ ਪਾਸੇ ਪੋਜ਼ੀਸ਼ਨਾਂ ਸਾਂਭ ਲਈਆਂ।

ਸੰਗੀਨਾਂ ਦੇ ਪਹਿਰੇ ਹੇਠ ਬੰਦ ਕਮਰੇ 'ਚ ਇਕੱਠੇ ਬੈਠੇ ਦਰਸ਼ਨ ਕੁਮਾਰ ਨੂੰ ਲੱਗ ਰਿਹਾ ਸੀ ਜਿਵੇਂ ਸਜ਼ਾ ਬਲਕਾਰ ਨੂੰ ਨਹੀਂ, ਉਸ ਨੂੰ ਹੋਈ ਸੀ।

ਮੁਲਜ਼ਮ ਨੂੰ ਭੀੜ ਨੇ ਮੋਢਿਆਂ 'ਤੇ ਚੁੱਕ ਰੱਖਿਆ ਸੀ। ਹਰ ਕੋਈ ਬਲਕਾਰ ਬਣਨ ਦੀਆਂ ਸੌਹਾਂ ਖਾ ਰਿਹਾ ਸੀ।

ਬੰਦ ਖਿੜਕੀਆਂ ਦੇ ਧੁੰਧਲੇ ਸ਼ੀਸ਼ਿਆਂ ਰਾਹੀਂ ਵੀ ਦਰਸ਼ਨ ਕੁਮਾਰ ਨੂੰ ਸਾਫ਼ ਦਿਖਾਈ ਦੇ ਰਿਹਾ ਸੀ। ਬਲਕਾਰ ਦੀ ਗ਼ੈਰ-ਹਾਜ਼ਰੀ ਦਾ ਭੀੜ 'ਤੇ ਕੋਈ ਅਸਰ ਨਹੀਂ ਸੀ। ਭੀੜ ਉਸੇ ਤਰ੍ਹਾਂ ਦੌੜੀ ਜਾ ਰਹੀ ਸੀ।

ਕਦੇ-ਕਦੇ ਉਸ ਨੂੰ ਲੱਗਦਾ ਜਿਵੇਂ ਭੀੜ ਦਾ ਹਰ ਮੈਂਬਰ ਹੀ ਬਲਕਾਰ ਬਣ ਗਿਆ ਹੈ। ਇੰਨੇ ਬਲਕਾਰਾਂ ਨੂੰ ਫਾਂਸੀ ਲਾਉਣਾ ਦਰਸ਼ਨ ਕੁਮਾਰ ਦੇ ਅਧਿਕਾਰ-ਖੇਤਰ ਵਿਚ ਨਹੀਂ ਸੀ।

ਘਬਰਾਏ ਜੱਜ ਦਾ ਸਿਰ ਚਕਰਾਉਣ ਲੱਗਾ। ਉਸ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਆਖ਼ਰੀ ਦੌੜ ਵਿਚ ਉਹ ਸੱਚ-ਮੁੱਚ ਬਲਕਾਰ ਕੋਲੋਂ ਹਾਰ ਗਿਐ !

☆☆☆



# ਛੁਰੀ

ਲਾਸ਼ ਨੂੰ ਡੈੱਡ ਹਾਊਸ ਵਿਚ ਪਿਆਂ ਦੋ ਘੰਟੇ ਹੋ ਗਏ ਸਨ। ਪੋਸਟਮਾਰਟਮ ਦੀ ਕਾਰਵਾਈ ਸ਼ੁਰੂ ਹੋਣ 'ਚ ਨਹੀਂ ਸੀ ਆ ਰਹੀ।

ਲਾਸ਼ ਡੈੱਡ ਹਾਊਸ ਪਹੁੰਚਦਿਆਂ ਹੀ ਡਾਕਟਰ ਨੇ ਕੁਰਸੀ ਮੱਲ ਲਈ ਸੀ। ਉਹ ਜੋਗਿੰਦਰ ਨੂੰ ਕਈ ਸੁਨੇਹੇ ਭੇਜ ਚੁੱਕਾ ਸੀ।

ਡਾਕਟਰ, ਜੋਗਿੰਦਰ ਦੇ ਰੋਸੇ ਦਾ ਕਾਰਨ ਸਮਝ ਰਿਹਾ ਸੀ। ਉਸ ਨੂੰ ਫੀਸ ਨਹੀਂ ਸੀ ਮਿਲੀ। ਨਾ ਮਿਲਣੀ ਹੀ ਸੀ। ਹਰ ਕੇਸ ਵਿਚੋਂ ਫੀਸ ਦੀ ਆਸ ਰੱਖਣਾ ਉਸ ਦੀ ਬੇਵਕੂਫੀ ਸੀ।

ਇਸ ਕੇਸ ਵਿਚ ਕਰਨਾ ਵੀ ਤਾਂ ਕੁਝ ਨਹੀਂ ਸੀ। ਜ਼ਾਬਤਾ ਹੀ ਪੂਰਾ ਕਰਨਾ ਸੀ। ਲਾਸ਼ ਦਾ ਮੁਆਇਨਾ ਤਾਂ ਡਾਕਟਰ ਖ਼ੁਦ ਕਰ ਚੁੱਕਾ ਸੀ। ਸਿਰ ਵਿਚ ਇਕ ਗਹਿਰਾ ਘਾਓ ਸੀ। ਲੋਹੇ ਦੀ ਰਾਡ ਨਾਲ ਸੱਟ ਮਾਰੀ ਗਈ ਹੈ। ਬੱਚਾ ਜਦੋਂ ਇਸ ਸੱਟ ਨਾਲ ਮਰਿਆ ਤਾਂ ਉਹੋ ਰਾਡ ਉਸ ਦੀ ਗਰਦਨ ਤੇ ਰੱਖ ਕੇ ਦਬਾਈ ਗਈ। ਬਾਹਰ ਨਿਕਲੀਆਂ ਅੱਖਾਂ ਅਤੇ ਲਟਕਦੀ ਜੀਭ ਇਸ ਦਾ ਸਬੂਤ ਦੇ ਰਹੀਆਂ ਸਨ। ਸਰੀਰ ਤੇ ਜੰਮੀ ਮੈਲ ਅਤੇ ਗੱਲ੍ਹਾਂ ਤੇ ਹੰਝੂਆਂ ਦੇ ਨਿਸ਼ਾਨ ਦੱਸਦੇ ਸਨ ਕਿ ਬੱਚਾ ਬਿਨਾਂ ਨਹਾਤੇ ਧੋਤੇ ਲਗਾਤਾਰ ਰੋਂਦਾ ਰਿਹਾ ਸੀ।

ਮੌਤ ਇਨ੍ਹਾਂ ਸੱਟਾਂ ਕਾਰਨ ਹੋਈ ਸੀ। ਪੇਟ ਖੋਲ੍ਹਣ ਦੀ ਡਾਕਟਰ ਕੋਈ ਜ਼ਰੂਰਤ ਮਹਿਸੂਸ ਨਹੀਂ ਸੀ ਕਰਦਾ। ਫਿਰ ਵੀ ਪੋਸਟ-ਮਾਰਟਮ ਦੀ ਰਿਪੋਰਟ ਦੇ ਖਾਨੇ ਭਰਨ ਲਈ ਡਾਕਟਰ ਨੂੰ ਉਸ ਦਾ ਪੇਟ ਖੋਲ੍ਹਣਾ ਹੀ ਪੈਣਾ ਸੀ। ਪੇਟ ਵਿਚੋਂ ਵਿਸਰਾ ਲੈਣਾ ਸੀ। ਖਾਧੇ ਖਾਣੇ ਦੇ ਆਧਾਰ ਤੇ ਮੌਤ ਦੇ ਕਾਰਨ ਤੇ ਸਮਾਂ ਮਿਥਣਾ ਸੀ।

ਪੇਟ ਦੀ ਚੀਰ-ਫਾੜ ਲਈ ਡਾਕਟਰ ਨੂੰ ਹਸਪਤਾਲ ਦੇ ਜਮਾਂਦਾਰ ਦੀ ਜ਼ਰੂਰਤ ਪੈਂਦੀ ਸੀ। ਗੰਦ 'ਚ ਹੱਥ ਮਾਰਨ ਦੀ ਜੋਗਿੰਦਰ ਦੀ ਘੱਟੋ-ਘੱਟ ਫੀਸ ਪੰਜਾਹ ਰੁਪਏ ਸੀ।

ਲਾਸ਼ ਨੂੰ ਡੈੱਡ ਹਾਊਸ ਵਿਚ ਪਿਆਂ ਦੋ ਘੰਟੇ ਹੋ ਗਏ ਹਨ ਤਾਂ ਪਏ ਹੋਣ। ਸੂਰਜ ਛਿਪਣ ਵਿਚ ਥੋੜ੍ਹਾ ਸਮਾਂ ਹੀ ਰਹਿੰਦਾ ਹੈ ਤਾਂ ਪਿਆ ਰਹੇ। ਡਾਕਟਰ ਸੁਨੇਹੇ ਭੇਜ ਰਿਹਾ ਹੈ ਤਾਂ ਪਿਆ ਭੇਜੇ। ਜੋਗਿੰਦਰ ਨੇ ਵੀ ਬੱਚੇ ਪਾਲਣੇ ਹਨ। ਜੋਗਿੰਦਰ ਹੋਰਾਂ ਨੂੰ ਕਿਸੇ ਨੇ ਵਿਆਹ ਸ਼ਾਦੀ ਤੇ ਤਾਂ ਬੁਲਾਉਣਾ ਨਹੀਂ ਹੈ। ਵੀਹ-ਵੀਹ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਮਹੀਨੇ ਵਿਚ ਇਕ ਦੋ ਲਾਸ਼ਾਂ ਨੇ ਤਾਂ ਪੋਸਟਮਾਰਟਮ ਲਈ ਆਉਣਾ ਹੁੰਦਾ ਹੈ।

ਜੋਗਿੰਦਰ ਨੂੰ ਡਾਕਟਰ ਦਾ ਕੋਈ ਡਰ ਨਹੀਂ ਸੀ। ਗੰਦੀਆਂ ਲਾਸ਼ਾਂ ਦੀ ਚੀਰ-ਫਾੜ ਕਰਨਾ

(61)
LAAM

ਜੋਗਿੰਦਰ ਦੀ ਨੌਕਰੀ ਦਾ ਹਿੱਸਾ ਨਹੀਂ ਸੀ। ਕਾਗਜ਼ੀ-ਪੱਤਰੀ ਉਹ ਜਮਾਂਦਾਰ ਹੈ। ਉਸ ਦੀ ਡਿਊਟੀ ਹਸਪਤਾਲ ਦੀ ਸਫਾਈ ਕਰਨੀ ਹੈ। ਇਹ ਦੂਸਰੀ ਗੱਲ ਹੈ ਕਿ ਉਸ ਦੀ ਇਸ ਡਿਊਟੀ ਨੂੰ ਸਾਰੇ ਭੁੱਲ ਭੁਲਾ ਗਏ ਹਨ। ਉਸ ਦਾ ਇਕ-ਇਕ ਫਰਜ਼ ਡੈੱਡ ਹਾਊਸ ਨੂੰ ਸਾਫ ਰੱਖਣਾ ਅਤੇ ਪੋਸਟਮਾਰਟਮ ਲਈ ਆਈ ਲਾਸ਼ ਦੀ ਚੀਰ-ਫਾੜ ਕਰਕੇ ਡਾਕਟਰ ਦਾ ਮਦਦ ਕਰਨਾ ਅਤੇ ਕੋਠੀ ਨਾਲ ਲਗਦੀ ਵਾਧੂ ਜ਼ਮੀਨ ਵਿਚ ਡਾਕਟਰਾਂ ਲਈ ਸਬਜ਼ੀਆਂ ਉਗਾਣਾ।

ਪਹਿਲਾਂ ਝੋਟਾ ਸਰਕਾਰੀ ਹੁੰਦਾ ਸੀ ਹਲਟੀ ਤੋਂ ਪਾਣੀ ਗੇੜਨ ਲਈ। ਲੋੜ ਪਏ ਤਾਂ ਜੋਗਿੰਦਰ ਝੋਟੇ ਨੂੰ ਹਲਟੀ ਤੇ ਜੋੜ ਲੈਂਦਾ। ਵਿਹਲਾ ਹੁੰਦਾ ਤਾਂ ਲੋਕਾਂ ਦੀਆਂ ਮੱਝਾਂ ਨਵੇਂ ਦੁੱਧ ਕਰਦਾ ਰਹਿੰਦਾ। ਲੋਕ ਉਸ ਨੂੰ ਗੁੜ ਦੀ ਭੇਲੀ ਦੇ ਜਾਂਦੇ।

ਸਮਾਂ ਬਦਲਿਆ ਤਾਂ ਹਲਟੀ ਤੇ ਮੋਹਰ ਲੱਗ ਗਈ। ਝੋਟੇ ਦਾ ਖਰਚਾ ਮਿਲਣਾ ਬੰਦ ਹੋ ਗਿਆ। ਜੋਗਿੰਦਰ ਨੇ ਝੋਟਾ ਹਿੱਕ ਨਾਲ ਲਾਈ ਰੱਖਿਆ। ਪਹਿਲਾਂ ਵਾਲੀ ਗੁੜ ਦੀ ਭੇਲੀ ਬੰਦ ਕਰਕੇ ਜੋਗਿੰਦਰ ਨੇ ਝੋਟੇ ਦਾ ਰੇਟ ਵੀਹ ਰੁਪਏ ਫੀ ਮੱਝ ਕਰ ਦਿੱਤਾ। ਦਿਨ ਵਿਚ ਦੋ ਚਾਰ ਮੱਝਾਂ ਨਵੇਂ ਦੁੱਧ ਲਈ ਆਈਆਂ ਹੀ ਰਹਿੰਦੀਆਂ। ਉਹਦੀ ਅਤੇ ਝੋਟੇ ਦੀ ਧੰਨ ਧੰਨ ਹੋ ਜਾਂਦੀ। ਘਾਹ ਪੱਠੇ ਦੀ ਕੋਈ ਕਮੀ ਨਹੀਂ ਸੀ। ਡੈੱਡ ਹਾਊਸ ਦੇ ਨਾਲ ਲਗਦੀ ਜ਼ਮੀਨ ਵਿਚ ਘਾਹ ਹੀ ਘਾਹ ਹੈ। ਭੂਤਾਂ ਪ੍ਰੇਤਾਂ ਦੇ ਵਹਿਮ ਕਰਕੇ ਕਦੇ ਕਿਸੇ ਨੇ ਇਸ ਜ਼ਮੀਨ ਨੂੰ ਵਾਹੁਣ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਜੋਗਿੰਦਰ ਨੇ ਇਸ ਵਹਿਮ ਦਾ ਫਾਇਦਾ ਉਠਾਇਆ ਹੋਇਆ ਸੀ। ਹਰਾ-ਹਰਾ ਘਾਹ ਝੋਟਾ ਖ਼ੁਸ਼ ਹੋ ਕੇ ਚਰਦਾ ਸੀ।

ਸਮਾਂ ਹੋਰ ਬਦਲਿਆ ਤਾਂ ਝੋਟੇ ਵਾਲਾ ਕੰਮ ਵੀ ਮੱਠਾ ਪੈ ਗਿਆ। ਲੋਕ ਉਸਦੇ ਝੋਟੇ ਕੋਲ ਲਿਆਉਣ ਦੀ ਥਾਂ ਮੱਝਾਂ ਡੰਗਰਾਂ ਦੇ ਹਸਪਤਾਲ ਲਿਜਾਣ ਲੱਗੇ। ਇਨ੍ਹੀਂ ਦਿਨੀਂ ਤਾਂ ਝੋਟੇ ਦਾ ਖਰਚਾ ਵੀ ਇਸ ਕੰਮ ਵਿਚ ਨਹੀਂ ਨਿਕਲਦਾ। ਮੋਹ ਦਾ ਮਾਰਿਆ ਜੋਗਿੰਦਰ ਝੋਟੇ ਨੂੰ ਘਰੋਂ ਨਹੀਂ ਸੀ ਕੱਢ ਸਕਦਾ। ਉਂਝ ਤਾਂ ਇਹ ਸਗੋਂ ਜੋਗਿੰਦਰ ਤੇ ਬੋਝ ਬਣਿਆ ਹੋਇਆ ਸੀ।

ਅਜਿਹੇ ਹਲਾਤਾਂ ਵਿਚ ਜੇ ਮਸਾਂ ਆਈ ਲਾਸ਼ ਨੂੰ ਜੋਗਿੰਦਰ ਬਿਨਾਂ ਫੀਸ ਲਏ ਚੀਰ ਦੇਵੇ ਤਾਂ ਭੁੱਖਾਂ ਨਹੀਂ ਮਰੇਗਾ? ਦੁਖੀ ਹੋਇਆ ਦੁਖੀ ਝੋਟੇ ਨਾਲ ਦੁੱਖ ਸਾਂਝੇ ਕਰ ਰਿਹਾ ਸੀ। ਉਹ ਵਾਰ-ਵਾਰ ਝੋਟੇ ਦੀ ਪਿੱਠ ਖੁਰਕ ਰਿਹਾ ਸੀ।

ਮਰਨ ਵਾਲਾ ਲਾਲਾ ਜੀ ਦਾ ਪੋਤਾ ਹੈ ਤਾਂ ਪਿਆ ਹੋਵੇ। ਲਾਲਾ ਖੁਦ ਵੀ ਮਰਿਆ ਹੁੰਦਾ ਤਾਂ ਵੀ ਜੋਗਿੰਦਰ ਨੇ ਬਿਨਾਂ ਫੀਸ ਲਏ ਕੰਮ ਨਹੀਂ ਸੀ ਕਰਨਾ।

ਲਾਲਾ ਕਿੱਡਾ ਕੁ ਭਲਾਮਾਣਸ ਹੈ, ਇਹ ਜੋਗਿੰਦਰ ਚੰਗੀ ਤਰ੍ਹਾਂ ਜਾਣਦਾ ਸੀ। ਪਿਛਲੀ ਰਾਮ ਲੀਲ੍ਹਾ ਵੇਲੇ ਜੋਗਿੰਦਰ ਨੇ ਉਸ ਦੇ ਬਹੁਤ ਹਾੜੇ ਕੱਢੇ। ਰਾਮ ਲੀਲ੍ਹਾ ਵਾਲਿਆਂ ਨੇ ਤਾਂ ਸੀਤਾ-ਸਵੰਬਰ ਵਾਲੇ ਦਿਨ ਕਿਸੇ ਨਾ ਕਿਸੇ ਦੀ ਕੁੜੀ ਵਿਆਹੁਣੀ ਹੀ ਹੁੰਦੀ ਹੈ। ਕੁੜੀ ਦੀ ਚੋਣ ਲਾਲਾ ਜੀ ਨੇ ਕਰਨੀ ਹੁੰਦੀ ਹੈ। ਜਿਸ ਦੇ ਸਿਰ ਤੇ ਵੀ ਉਨ੍ਹਾਂ ਦਾ ਹੱਥ ਟਿਕ ਜਾਏ, ਉਸੇ ਦੇ ਭਾਗ ਖੁਲ੍ਹ ਜਾਂਦੇ ਹਨ। ਦਾਜ ਲਈ ਇੰਨੀਆਂ ਚੀਜ਼ਾਂ ਇਕੱਠੀਆਂ ਹੋ ਜਾਂਦੀਆਂ ਹਨ ਕਿ ਜੋਗਿੰਦਰ ਵਰਗਾ ਗਰੀਬੜਾ ਤਾਂ ਸਾਰੀ ਉਮਰ ਘੱਟਾ ਢੋ ਕੇ ਵੀ ਇਕੱਠੀਆਂ ਨਾ ਕਰ ਸਕੇ।



ਜਦੋਂ ਵੀ ਲਾਲਾ ਜੀ ਕੋਈ ਕੈਂਪ ਹਸਪਤਾਲ ਵਿਚ ਲਾਉਂਦੇ, ਜੋਗਿੰਦਰ ਤਨ ਮਨ ਨਾਲ ਮਰੀਜ਼ਾਂ ਦੀ ਸੇਵਾ ਕਰਦਾ। ਸਾਰਾ ਦਿਨ ਗੰਦ ਹੂੰਝਦਾ ਰਹਿੰਦਾ। ਮਜਾਲ ਹੈ ਇਕ ਮੱਖੀ ਵੀ ਕੈਂਪ 'ਚ ਆ ਸਕੇ। ਇਕੋ ਆਸ ਨਾਲ—ਕਿ ਖ਼ੁਸ਼ ਹੋ ਕੇ ਲਾਲਾ ਜੀ ਉਸ ਤੇ ਮਿਹਰ ਕਰਨ। ਉਸ ਨੂੰ ਪੂਰੀ ਉਮੀਦ ਸੀ, ਲਾਲਾ ਜੀ ਉਸ ਨੂੰ ਸੇਵਾ ਦਾ ਫਲ ਜ਼ਰੂਰ ਦੇਣਗੇ। ਇਸ ਝਾਕ ਵਿਚ ਉਸ ਨੇ ਕੰਪਾਊਡਰ ਮੁੰਡਾ ਵੀ ਦੇਖ ਲਿਆ, ਰਿਸ਼ਤੇਦਾਰਾਂ ਨੂੰ ਸਾਰੀ ਗੱਲ ਸਮਝਾਈ। ਇੰਨਾ ਦਾਜ ਦਿਆਂਗਾ ਕਿ ਅੱਖਾਂ ਅੱਡੀਆਂ ਰਹਿ ਜਾਣਗੀਆਂ।

ਜੋਗਿੰਦਰ ਸਾਰਾ ਦਿਨ ਡਾਕਟਰ ਕੰਪਾਊਡਰਾਂ ਵਿਚ ਹੀ ਤਾਂ ਰਹਿੰਦਾ ਸੀ। ਪਤਾ ਸੀ ਸਾਰਾ ਦਿਨ ਨੋਟਾਂ ਦੀ ਝੜੀ ਲੱਗਦੀ ਹੈ। ਦਵਾਈਆਂ ਤਾਂ ਇਧਰ ਉਧਰ ਕਰਦੇ ਹੀ ਹਨ, ਬਿਨਾਂ ਫੀਸ ਲਏ ਕਿਸੇ ਦੇ ਚੂੰਡੀ ਨਹੀਂ ਭਰਦੇ। ਦਵਾਈਆਂ ਦੀਆਂ ਦੁਕਾਨਾਂ ਵਾਲੇ ਅੱਡ ਪੂਛ-ਪੂਛ ਕਰਦੇ ਰਹਿੰਦੇ ਹਨ। ਪ੍ਰਾਈਵੇਟ ਪ੍ਰੈਕਟਿਸ ਅਲੱਗ। ਕੁੜੀ ਨੇ ਮੌਜਾਂ ਕਰਨੀਆਂ ਸਨ। ਡਾਕਟਰਨੀ ਅਖਵਾਉਣਾ ਸੀ।

ਇਸ ਲਾਲੇ ਦੇ ਬੱਚੇ ਨੇ ਪੈਰਾਂ ਤੇ ਪਾਣੀ ਨਾ ਪੈਣ ਦਿੱਤਾ। ਜੋਗਿੰਦਰ ਨੇ ਡਾਕਟਰ ਤੋਂ ਵੀ ਸਿਫਾਰਸ਼ ਕਰਾਈ। ਮੋਦੀ ਦਵਾਈਆਂ ਵਾਲੇ ਤੋਂ ਵੀ। ਸਭ ਨੂੰ ਟਾਲ-ਮਟੋਲ ਕਰ ਗਿਆ। ਕਹਿੰਦਾ ਇਸ ਵਾਰ ਤਾਂ ਉਸ ਨੇ ਸ਼ਾਂਤੀ ਦੀ ਕੁੜੀ ਲਈ ਹਾਂ ਕਰ ਦਿੱਤੀ ਹੈ। ਕੋਈ ਲਾਲਾ ਜੀ ਨੂੰ ਪੁੱਛੇ ਬਈ ਸ਼ਾਂਤੀ ਹੁਣ ਕੋਈ ਗਰੀਬ ਹੈ ? ਉਹ ਮੁੱਖ-ਮੰਤਰੀ ਦੀ ਕੋਠੀ ਸੰਭਰਦੀ ਹੈ। ਉਸ ਦੀ ਬੀਬੀ ਨਾਲ ਸਿੱਧੀ ਜਾਣ-ਪਹਿਚਾਣ ਹੈ। ਚੌਥੇ ਦਿਨ ਕੋਈ ਨਾ ਕੋਈ ਕਾਰ 'ਚ ਬਿਠਾ ਕੇ ਉਸ ਨੂੰ ਚੰਡੀਗੜ੍ਹ ਲੈ ਤੁਰਦਾ ਹੈ। ਘਰ ਦੇ ਸਾਰੇ ਜੀਅ ਨੌਕਰ ਕਰਾ ਲਏ। ਕਿਸੇ ਨੂੰ ਮਾਰਕੀਟ ਕਮੇਟੀ 'ਚ ਚੌਕੀਦਾਰ ਲਗਵਾ ਦਿੱਤਾ। ਕਿਸੇ ਨੂੰ ਫੂਡ ਸਪਲਾਈ ਵਿਚ ਜਮਾਂਦਾਰ। ਇਕ ਨੂੰ ਐਫ. ਸੀ. ਆਈ. ਵਿਚ ਲਗਵਾ ਦਿੱਤਾ। ਉਹ ਆਥਣ ਨੂੰ ਬੋਰੀ ਕਣਕ ਦੀ ਲੈ ਕੇ ਆਉਂਦੈ। ਕੁੜੀਆਂ ਤਾਂ ਨਿੱਤ ਨਵਾਂ ਸੂਟ ਪਾ ਪਾ ਨਿਕਲਦੀਆਂ ਨੇ। ਸ਼ਾਂਤੀ ਤਾਂ ਚਾਹੇ ਜਿੱਡਾ ਮਰਜ਼ੀ ਵਿਆਹ ਕਰ ਲਏ। ਜਿਸ ਨਾਲ ਮਰਜ਼ੀ ਨਾਤਾ ਜੋੜ ਲਏ। ਪਰ ਲਾਲਾ ਜੀ ਨੇ ਇਕ ਨਾ ਸੁਣੀ। ਸ਼ਾਂਤੀ ਦੀ ਕੁੜੀ ਦਾ ਵਿਆਹ ਹੀ ਕੀਤਾ। ਲਾਲੇ ਨੇ ਅੰਦਰਖਾਤੇ ਜ਼ਰੂਰ ਉਸ ਰਾਹੀਂ ਮੁੱਖ-ਮੰਤਰੀ ਤੋਂ ਕੋਈ ਕੰਮ ਕਰਾਇਆ ਹੋਣੈ, ਉਂਜ ਤਾਂ ਉਸ ਦੀ ਮੁੱਖ-ਮੰਤਰੀ ਨਾਲ ਬਣਦੀ ਨਹੀਂ।

ਅਗਲੇ ਸਾਲ ਲਈ ਵੀ ਲਾਲਾ ਹਾਂ ਕਰ ਦਿੰਦਾ ਤਾਂ ਵੀ ਜੋਗਿੰਦਰ ਰਿਸ਼ਤੇਦਾਰਾਂ ਦੀ ਮਿੰਨਤ ਕਰ ਲੈਂਦਾ। ਫੇਰ ਟਾਲ ਗਿਆ। ਅਗਲੇ ਸਾਲ ਦਾ ਫੈਸਲਾ ਅਗਲੇ ਸਾਲ ਕੀਤਾ ਜਾਏਗਾ। ਉਸ ਨਾਲ ਕਿਸੇ ਹੋਰ ਵਜ਼ੀਰ ਦੀ ਟੰਗ ਅੜ ਜਾਣੀ ਸੀ। ਗ਼ਰੀਬ ਜੋਗਿੰਦਰ ਦੀ ਕਿਸ ਨੇ ਸੁਣਨੀ ਸੀ।

ਜੋਗਿੰਦਰ ਨੂੰ ਵਿਚੋਲੇ ਨੂੰ ਸਾਫ ਆਖਣਾ ਪਿਆ। ਰਿਸ਼ੇਤਦਾਰਾਂ ਨੂੰ ਕੁੜੀ ਆਮ ਜਮਾਦਾਰਾਂ ਵਾਂਗ ਵਿਆਹ ਕੇ ਲਿਜਾਣੀ ਪਏਗੀ।

ਇਸ ਤਰ੍ਹਾਂ ਉਹ ਕਿਉਂ ਕਰਦੇ ? ਉਨ੍ਹਾਂ ਦੇ ਪੜ੍ਹੇ ਲਿਖੇ ਮੁੰਡੇ ਨੂੰ ਸਾਕਾਂ ਦਾ ਘਾਟਾ ਸੀ? ਉਨ੍ਹਾਂ ਅਗਲੇ ਦਿਨ ਹੀ ਮੁੰਡਾ ਮਾਸਟਰਨੀ ਨਾਲ ਮੰਗ ਲਿਆ।

ਜੋਗਿੰਦਰ ਦੇ ਸੁਫਨੇ ਖੇਰੂੰ-ਖੇਰੂੰ ਹੋ ਗਏ। ਉਸ ਦੀ ਕੁੜੀ ਨੂੰ ਗੋਹੇ ਨਾਲ ਟੱਕਰਾਂ ਮਾਰਨੀਆਂ ਪੈ ਰਹੀਆਂ ਹਨ। ਟੁੱਟੇ ਸਾਕ ਦੀ ਨਮੋਸ਼ੀ ਕਾਰਨ ਜੋਗਿੰਦਰ ਨੂੰ ਫਟਾਫਟ ਇਹ ਵਿਆਹ ਕਰਨਾ ਪਿਆ।

ਭੁੱਖੇ ਨੰਗੇ ਰਿਸ਼ਤੇਦਾਰ ਟੱਕਰੇ। ਸੀਰੀ ਰਲਿਆ ਹੋਇਆ ਜਵਾਈ। ਲਾਲੇ ਦੀ ਮਿਹਰ ਹੋਈ ਹੁੰਦੀ ਤਾਂ ਧੀ ਮੌਜਾਂ ਕਰਦੀ।

ਜੋਗਿੰਦਰ ਦੱਸਣਾ ਚਾਹੁੰਦਾ ਸੀ ਕਿ ਉਸ ਦੀ ਵੀ ਕੋਈ ਹੈਸੀਅਤ ਹੈ। ਉਹ ਜੱਲਾਦ ਜ਼ਰੂਰ ਅਖਵਾਉਂਦੈ ਪਰ ਕਿਤੇ ਨਾ ਕਿਤੇ ਉਸ ਦੀ ਵੀ ਪੁੱਛ ਹੈ। ਭਾਵੇਂ ਲਾਸ਼ਾਂ ਚੀਰਨ ਵਿਚ ਹੀ ਸਹੀ। ਆਪਣੀ ਫੀਸ ਲਏ ਬਿਨਾਂ ਉਹ ਲਾਸ਼ ਨੂੰ ਹੱਥ ਨਹੀਂ ਲਾਏਗਾ। ਕਦੇ ਵੀ ਨਹੀਂ।

ਲਾਸ਼ ਦਾ ਪੋਸਟ ਮਾਰਟਮ ਕਰਾਉਣ ਆਏ ਸਿਪਾਈਆਂ ਦਾ ਕੋਈ ਕਸੂਰ ਨਹੀਂ ਸੀ। ਉਹਨਾਂ ਨੇ ਤਾਂ ਇਸ਼ਾਰੇ ਨਾਲ ਲਾਲਾ ਜੀ ਦੇ ਹਮਾਇਤੀਆਂ ਨੂੰ ਸਮਝਾ ਦਿੱਤਾ ਸੀ ਕਿ ਜੋਗਿੰਦਰ ਦਾ ਖਿਆਲ ਰੱਖੇ। ਪਰ ਅੱਖਾਂ 'ਚੋਂ ਮਗਰਮੱਛ ਵਾਲੇ ਹੰਝੂ ਵਹਾਉਂਦੇ ਮੋਟੇ ਢਿੱਡਾਂ ਵਾਲਿਆਂ ਨੂੰ ਲਾਲਾ ਜੀ ਨਾਲ ਦਿਲੋਂ ਕੋਈ ਹਮਦਰਦੀ ਨਹੀਂ ਸੀ। ਨਹੀਂ ਤਾਂ ਕੀ ਹੁੰਦੇ ਨੇ ਪੰਜਾਹ ਰੁਪਏ। ਜਿਹੜਾ ਮਰਜ਼ੀ ਉਸ ਨੂੰ ਫੜਾ ਦਿੰਦਾ। ਅੱਗੇ ਕਿਹੜਾ ਹਰ ਵਾਰ ਫੀਸ ਵਾਰਿਸ ਹੀ ਦਿੰਦੇ ਹਨ। ਜਿਸ ਨੂੰ ਵੀ ਸਿਪਾਹੀ ਨੇ ਆਖ ਦਿੱਤਾ, ਉਸ ਨੇ ਫੜਾ ਦਿੱਤੇ। ਇਥੇ ਤਾਂ ਹਰ ਕੋਈ ਗੱਲ ਸੁਣੀ ਅਣਸੁਣੀ ਕਰਕੇ ਬਾਹਰ ਵਿਛੇ ਸੱਥਰ ਤੇ ਜਾ ਬੈਠਦਾ ਹੈ।

ਜੋਗਿੰਦਰ ਨੂੰ ਬੁੱਧ ਸਿੰਘ ਹੌਲਦਾਰ ਦੀ ਯਾਦ ਸਤਾਉਣ ਲੱਗੀ। ਬੜਾ ਭਲਾ ਆਦਮੀ ਸੀ ਉਹ। ਖਾਸ ਕਰ ਜੋਗਿੰਦਰ ਲਈ। ਉਸ ਨੂੰ ਲਿਖਾਪੜ੍ਹੀ ਦਾ ਕੰਮ ਘੱਟ ਆਉਂਦਾ ਸੀ, ਇਸ ਲਈ ਥਾਣੇ ਵਾਲੇ ਉਪਰਲੇ ਕੰਮਾਂ ਤੇ ਹੀ ਰੱਖਦੇ ਸਨ। ਜੋਗਿੰਦਰ ਵਾਂਗ ਉਹ ਗ਼ਰੀਬ ਘਰਾਣੇ ਦਾ ਸੀ। ਜੋਗਿੰਦਰ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਕਿਸੇ ਪੁਲਿਸ ਅਫਸਰ ਦੀ ਮਿਹਰਬਾਨੀ ਨਾਲ ਸਿਪਾਹੀ ਭਰਤੀ ਹੋ ਗਿਆ। ਅੱਗੋਂ ਆਪਣੀ ਤਾਬੇਦਾਰੀ ਦੇ ਸਿਰ ਤੇ ਹੌਲਦਾਰ ਬਣ ਗਿਆ। ਜੋਗਿੰਦਰ ਨਾਲ ਬਹੁਤ ਪਿਆਰ ਰੱਖਦਾ ਸੀ। ਜਦੋਂ ਵੀ ਕਿਸੇ ਲਾਸ਼ ਨਾਲ ਆਉਂਦਾ, ਘੱਟੋ-ਘੱਟ ਸੌ ਦਾ ਨੋਟ ਦਿਵਾਉਂਦਾ। ਇਕ ਵਾਰ ਤਾਂ ਤਿੰਨ ਸੌ ਵੀ ਦਿਵਾ ਗਿਆ। ਇਨ੍ਹਾਂ ਦਾ ਕਿਹੜਾ ਦਿਵਾਉਂਦਿਆਂ ਦਾ ਲੂਣ ਢਿਲਕਦੈ ਜਾਂ ਜੇਬੋਂ ਨਿਕਲਦੇ ਨੇ। ਥੋੜ੍ਹੀ ਜਿਹੀ ਜ਼ੁਬਾਨ ਹੀ ਹਿਲਾਉਣੀ ਹੁੰਦੀ ਹੈ।

ਇਕ ਦੋ ਵਾਰ ਲਾਵਾਰਿਸ ਲਾਸ਼ਾਂ ਨਾਲ ਆਇਆ। ਫੇਰ ਵੀ ਪੰਜਾਹ ਦਾ ਨੋਟ ਆਪਣੇ ਕੋਲੋਂ ਦੇ ਗਿਆ। ਲਾਵਾਰਿਸ ਲਾਸ਼ਾਂ ਵਿਚ ਉਨ੍ਹਾਂ ਨੇ ਕੁਝ ਨਹੀਂ ਕਰਨਾ ਹੁੰਦਾ। ਘੰਟਾ ਡੈੱਡ ਹਾਊਸ ਵਿਚ ਪਾਈ ਰੱਖਣ ਬਾਅਦ ਲਾਸ਼ ਵਾਪਸ ਕਰ ਦੇਣੀ ਹੁੰਦੀ ਹੈ।

ਪਹਿਲਾਂ ਵਾਲੇ ਡਾਕਟਰ ਤਾਂ ਰਹੇ ਨਹੀਂ, ਜਿਹੜੇ ਆਪ ਨਾੜ-ਨਾੜ ਟੋਹਦੇ ਸੀ। ਫੁੱਟੇ ਪੈਨਸਲਾਂ ਫੀ ਜ਼ਖ਼ਮਾਂ ਦੀ ਲੰਬਾਈ ਚੌੜਾਈ ਮਿਣਦੇ ਰਹਿੰਦੇ ਸੀ। ਜਿਹੀ ਫੀਸ ਉਹੋ ਜਿਹਾ ਮੁਆਇਨਾ। ਕਤਲ ਨੂੰ ਖੁਦਕਸ਼ੀ ਬਣਾ ਦਿੰਦੇ ਹਨ ਅਤੇ ਖੁਦਕਸ਼ੀ ਨੂੰ ਕਤਲ। ਵਿਸਰੇ ਬਦਲ ਕੇ ਖਾਧੀ ਜ਼ਹਿਰ ਦਾ ਨਾਂ ਨਿਸ਼ਾਨ ਮਿਟਾ ਦਿੰਦੇ ਹਨ। ਲੋੜ ਪਏ ਤਾਂ ਜ਼ਹਿਰ ਕੋਲੋਂ ਮਿਲਾ ਦਿੰਦੇ ਹਨ। ਆਖਿਰ ਇਹ ਸਭ ਕੰਮ ਜੋਗਿੰਦਰ ਦੇ ਹੱਥੀਂ ਹੀ ਤਾਂ ਹੁੰਦੇ ਹਨ। ਲਾਵਾਰਿਸ ਲਾਸ਼ ਨੂੰ ਤਾਂ ਜੋਗਿੰਦਰ ਵੀ ਨਹੀਂ ਛੇੜਦਾ।

ਉਸ ਨੂੰ ਯਾਦ ਸੀ, ਇਸੇ ਤਰ੍ਹਾਂ ਦੀ ਇਕ ਲਾਵਾਰਿਸ ਲਾਸ਼ ਵਿਚ ਡਾ. ਸ਼ਰਮੇ ਨੂੰ ਸਿਆਪਾ ਪਿਆ ਸੀ। ਪੋਸਟਮਾਰਟਮ ਦੀ ਉਸਦੀ ਘੱਟੋ-ਘੱਟ ਫੀਸ ਇਕ ਹਜ਼ਾਰ ਰੁਪਏ ਸੀ। ਜਿਹੜਾ ਇੰਨੇ ਪੈਸੇ ਨਹੀਂ





ਸੀ ਦਿੰਦਾ, ਉਹ ਉਸ ਦੇ ਉਲਟ ਰਿਪੋਰਟ ਕਰਵਾ ਦਿੰਦਾ ਸੀ। ਉਹ ਵੀ ਕੋਠੀ ਬੈਠ ਕੇ ਹੀ। ਡੈੱਡ ਹਾਊਸ ਵਿਚ ਪੈਰ ਨਹੀਂ ਸੀ ਧਰਦਾ। ਉਸ ਕੇਸ ਵਿਚ ਇਕ ਭਈਏ ਦਾ ਕਤਲ ਹੋਇਆ ਸੀ। ਅਸਲ ਗੱਲ ਦਾ ਕਿਸੇ ਨੂੰ ਵੀ ਨਹੀਂ ਸੀ ਪਤਾ। ਪੁਲਿਸ ਨੇ ਗੱਲ ਟਾਲਣ ਲਈ ਇਸ ਕਤਲ ਨੂੰ ਸ਼ਰਾਬੀਆਂ ਦੀ ਲੜਾਈ ਵਿਚ ਬਦਲ ਦਿੱਤਾ। ਉਨ੍ਹਾਂ ਪਰਚਾ ਦਰਜ ਕਰਦਿਆਂ ਲਿਖਿਆ ਸੀ ਕਿ ਭਈਆ ਸ਼ਰਾਬੀ ਸੀ। ਦੂਜੇ ਭਈਏ ਨੇ ਸ਼ਰਾਬ ਦੇ ਨਸ਼ੇ ਵਿਚ ਮਰਨ ਵਾਲੇ ਨੂੰ ਸੱਟ ਮਾਰ ਦਿੱਤੀ। ਡਰਦਾ ਭਈਆ ਆਪਣੇ ਦੇਸ਼ ਦੌੜ ਗਿਆ।

ਮੁਜਰਮ ਵੀ ਭਈਆ ਅਤੇ ਮਰਨ ਵਾਲਾ ਵੀ ਭਈਆ, ਹਜ਼ਾਰ ਕੌਣ ਦੇਵੇ ? ਬਿਨਾਂ ਫੀਸ ਤੋਂ ਡਾਕਟਰ ਕੋਲ ਵਕਤ ਕਿੱਥੇ ਕਿ ਉਹ ਪੁਲਿਸ ਦੇ ਕਾਗਜ਼-ਪੱਤਰ ਪੜ੍ਹ ਸਕੇ। ਉਸ ਨੇ ਸਿੱਧੀ ਸਾਧੀ ਰਿਪੋਰਟ ਕਰ ਦਿੱਤੀ।

ਰਿਪੋਰਟ ਜਦੋਂ ਸਰਕਾਰੀ ਵਕੀਲ ਕੋਲ ਪੁੱਜੀ ਤਾਂ ਉਹ ਅੱਗ-ਬਬੂਲਾ ਹੋ ਗਿਆ। ਪੁਲਿਸ ਮੁਤਾਬਿਕ ਮਰਨ ਵਾਲਾ ਮੌਤ ਹੋਣ ਸਮੇਂ ਸ਼ਰਾਬੀ ਸੀ। ਡਾਕਟਰ ਦੀ ਰਿਪੋਰਟ ਆਖਦੀ ਹੈ, ਉਸ ਦੇ ਪੇਟ ਵਿਚ ਸ਼ਰਾਬ ਨਹੀਂ ਸੀ। ਜਾਂ ਡਾਕਟਰ ਝੂਠਾ ਹੈ ਜਾਂ ਥਾਣੇਦਾਰ। ਉਸ ਨੇ ਵੱਡੀ ਸਾਰੀ ਚਿੱਠੀ ਐਸ. ਐਸ. ਪੀ. ਨੂੰ ਲਿਖ ਦਿੱਤੀ। ਕਸੂਰਵਾਰ ਨੂੰ ਸਜ਼ਾ ਦਿੱਤੀ ਜਾਵੇ। ਪੁਲਿਸ ਨੇ ਪੁਲਿਸ ਦਾ ਹੀ ਪੱਖ ਲੈਣਾ ਸੀ। ਕਪਤਾਨ ਨੇ ਡਾਕਟਰ ਦੇ ਖਿਲਾਫ ਪਰਚਾ ਦਰਜ ਕਰਨ ਦਾ ਹੁਕਮ ਫਰਮਾ ਦਿੱਤਾ। ਡਾਕਟਰ ਦਾ ਸਿਫਾਰਸ਼ੀ ਕਪਤਾਨ ਨੂੰ ਦੱਸ ਬੈਠਾ ਸੀ, ਕਿ ਉਸ ਨੇ ਮਰਨ ਵਾਲੇ ਦਾ ਪੇਟ ਖੋਲ੍ਹਿਆ ਹੀ ਨਹੀਂ ਸੀ। ਨੋਟਾਂ ਦੇ ਥੱਬੇ ਦੇ ਕੇ ਮਸਾਂ ਉਸ ਦਾ ਖਹਿੜਾ ਛੁੱਟਿਆ।

ਜੋਗਿੰਦਰ ਸਿੰਘ ਨੇ ਕੁਝ ਕਰਨਾ ਹੈ ਭਾਵੇਂ ਨਹੀਂ , ਬੁੱਧ ਸਿੰਘ ਨੇ ਫ਼ੀਸ ਦੇਣੀ ਹੀ ਦੇਣੀ ਹੈ। ਉਹ ਆਖਦਾ ਹੁੰਦਾ ਸੀ, ਕਈਆਂ ਕੇਸਾਂ ਵਿਚ ਪੁਲਿਸ ਲੱਖ-ਲੱਖ ਰੁਪਿਆ ਖਾ ਜਾਂਦੀ ਹੈ। ਕਦੇ ਪੱਲੇ ਤੋਂ ਦੇ ਦੇਣਗੇ ਤਾਂ ਕਿਹੜਾ ਮਲੰਗ ਹੋ ਜਾਣਗੇ। ਉਹ ਆਪਣੇ ਮੁਨਸ਼ੀ ਤੋਂ ਲੈ ਲਏਗਾ।

ਬੁੱਧ ਸਿੰਘ ਨੂੰ ਯਾਦ ਕਰ ਕੇ ਜੋਗਿੰਦਰ ਰੋਣ-ਹੱਕਾ ਹੋ ਗਿਆ। ਕੀ ਪਤਾ ਸੀ, ਜੋਗਿੰਦਰ ਦੇ ਮਨਹੂਸ ਹੱਥ ਕਦੇ ਉਸੇ ਦਾ ਪੇਟ ਚੀਰਨ ਲਈ ਚੱਲਣਗੇ ?

ਉਹ ਪੀਂਦਾ ਬਹੁਤ ਸੀ। ਕਈ ਵਾਰ ਜੋਗਿੰਦਰ ਨੇ ਵੀ ਸਮਝਾਇਆ ਸੀ। ਬਹੁਤੀ ਨਾ ਪੀਆ ਕਰੇ। ਪਰ ਮਾਂ ਦਾ ਸ਼ੇਰ ਕਿਸੇ ਦੀ ਨਹੀਂ ਸੀ ਸੁਣਦਾ। ਪੀਣ ਲਗਦਾ ਤਾਂ ਹਫਤਾ-ਹਫਤਾ ਪੀਂਦਾ ਰਹਿੰਦਾ। ਸੜਕਾਂ ਤੇ ਲਿਟਦਾ ਰਹਿੰਦਾ।

ਮੋਟਰ-ਸਾਈਕਲ ਤੋਂ ਸਭ ਨੇ ਵਰਜਿਆ। ਇਹ ਤਾਂ ਉਸ ਦੀ ਮੌਤ ਦਾ ਗਾਲਾ ਸੀ। ਇਨਫੀਲਡ ਤਾਂ ਸੋਫੀ ਬੰਦੇ ਤੋਂ ਨਹੀਂ ਸੰਭਲਦਾ। ਉਹ ਤਾਂ ਸ਼ਰਾਬੀ ਰਹਿਣ ਵਾਲਾ ਸੀ।

ਆਖਿਰ ਉਹੋ ਹੋਇਆ। ਮਹੀਨੇ ਕੁ ਬਾਅਦ ਹੀ ਉਹ ਚਿੱਤ ਹੋ ਗਿਆ। ਮਰਿਆ ਵੀ ਕੁੱਤਿਆਂ ਵਾਲੀ ਮੌਤ। ਸ਼ਰਾਬੀ ਹੋਏ ਨੂੰ ਪਤਾ ਨਾ ਲੱਗਾ ਕਿ ਅੱਗੇ ਕੱਸੀ ਦੀ ਪੁਲੀ ਹੈ। ਕੱਸੀ 'ਚ ਗਿਰਦਿਆਂ ਹੀ ਘੰਡੀ ਟੁੱਟ ਗਈ। ਮੋਟਰ-ਸਾਈਕਲ ਨੂੰ ਅੱਗ ਲੱਗ ਗਈ। ਕਿਸੇ ਤੋਂ ਲਾਸ਼ ਪਛਾਣੀ ਵੀ ਨਾ ਗਈ। ਡਰਦਿਆਂ ਕਿਸੇ ਨੇ ਥਾਣੇ ਵੀ ਇਤਲਾਹ ਨਾ ਦਿੱਤੀ। ਸਾਰੀ ਰਾਤ ਕੱਸੀ 'ਚ ਪਿਆ ਸੜਦਾ ਰਿਹਾ।

ਸਵੇਰੇ ਪਤਾ ਲੱਗਾ, ਉਹ ਸ਼ਰਾਬ ਦੀ ਕੇਨੀ ਲੈਣ ਪਿੰਡ ਚਾਉਕੇ ਗਿਆ ਸੀ ਤੇ ਰੱਜ ਕੇ ਪੀਤੀ। ਬਾਕੀ ਡਿੱਗੀ ਵਿਚ ਰੱਖ ਲਈ।

ਅਫਸਰਾਂ ਨੇ ਰਹਿਮ ਕੀਤਾ। ਮਰਿਆ ਉਹ ਤਪੇ ਥਾਣੇ ਦੀ ਹਦੂਦ ਵਿਚ ਸੀ। ਇਸ ਤਰ੍ਹਾਂ ਕਾਗਜ਼ ਪੱਤਰ ਭਰੇ ਗਏ ਤਾਂ ਉਸ ਦੇ ਵਾਰਿਸਾਂ ਨੂੰ ਕੁਝ ਨਹੀਂ ਸੀ ਮਿਲਣਾ। ਉਸ ਨੂੰ ਕਿਸੇ ਢੰਗ ਨਾਲ ਡਿਊਟੀ ਤੇ ਦਿਖਾਉਣਾ ਜ਼ਰੂਰੀ ਸੀ।

ਸਰਕਾਰੀ ਵਕੀਲ ਦੀ ਰਾਏ ਨਾਲ ਉਸ ਨਾਲ ਉਸ ਦੀ ਜੇਬ 'ਚ ਬਠਿੰਡੇ ਜ਼ਿਲ੍ਹੇ ਦੇ ਸੰਮਨ ਪਾਏ ਗਏ। ਰੋਜ਼ਨਾਮਚਾ ਪਾੜ ਕੇ ਨਵੀਂ ਰਿਪੋਰਟ ਦਰਜ ਕੀਤੀ ਗਈ। ਉਸ ਨੂੰ ਬਠਿੰਡੇ ਵੱਲ ਗਿਆ ਦਿਖਾਇਆ ਗਿਆ।

ਬਾਕੀ ਕੰਮ ਜੋਗਿੰਦਰ ਦੇ ਰਹਿਮੋ-ਕਰਮ ਤੇ ਸੀ। ਜੇ ਪੋਸਟਮਾਰਟਮ ਵਿਚ ਸ਼ਰਾਬ ਆ ਗਈ ਤਾਂ ਅਫ਼ਸਰਾਂ ਦੀ ਕਰੀ-ਕਰਾਈ ਖੂਹ ਵਿਚ ਪੈ ਜਾਣੀ ਸੀ। ਸ਼ਰਾਬੀ ਬੰਦੇ ਨੂੰ ਮਹਿਕਮਾ ਕੀ ਲਈ ਬੈਠਾ ਸੀ? ਡਾਕਟਰ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਸੀ। ਬੱਸ ਜੋਗਿੰਦਰ ਦੀ ਹਾਂ ਚਾਹੀਦੀ ਸੀ।

ਜੋਗਿੰਦਰ ਭੱਜਣ ਵਾਲਾ ਥੋੜ੍ਹਾ ਸੀ? ਇਸ ਹੌਲਦਾਰ ਲਈ ਤਾਂ ਉਹ ਕੁਝ ਵੀ ਕਰ ਸਕਦਾ ਸੀ। ਬੁੱਧ ਸਿੰਘ ਦੇ ਸਰੀਰ ਤੇ ਛੁਰੀ ਚਲਾਉਂਦੇ ਜੋਗਿੰਦਰ ਨੂੰ ਇਉਂ ਲੱਗਦਾ ਸੀ ਜਿਵੇਂ ਉਹ ਆਪਣਾ ਪੁੱਤ ਦਾ ਪੇਟ ਕੱਟ ਰਿਹਾ ਹੋਵੇ। ਕਈ ਵਾਰ ਉਸ ਨੂੰ ਝਉਲੇ ਪਏ। ਜਿਵੇਂ ਬੁੱਧ ਸਿੰਘ ਉਠੇਗਾ ਅਤੇ ਆਖੇਗਾ: ''ਬਾਈ ਹੌਲੀ।'' ਪਰ ਮੁਰਦੇ ਕਦੇ ਉੱਠੇ ਨੇ ? ਜੋਗਿੰਦਰ ਦੇ ਜ਼ਾਲਮ ਹੱਥ ਬੁੱਧ ਸਿੰਘ ਦੇ ਟੁਕੜੇ-ਟੁਕੜੇ ਕਰਦੇ ਰਹੇ।

ਦੇਣ ਵਾਲੇ ਤਾਂ ਜੋਗਿੰਦਰ ਨੂੰ ਬੁੱਧ ਸਿੰਘ ਦੇ ਪੋਸਟ-ਮਾਰਟਮ ਦੀ ਫੀਸ ਵੀ ਦੇ ਗਏ ਸਨ। ਉਸ ਨੇ ਬਥੇਰੇ ਤਰਲੇ ਲਏ। ਉਹ ਬੁੱਧ ਸਿੰਘ ਦੇ ਬੱਚਿਆਂ ਨੂੰ ਕੁਝ ਦੇ ਤਾਂ ਨਹੀਂ ਸਕਦਾ ਪਰ ਲਵੇ ਤਾਂ ਨਾ। ਪਰ ਪੁਲਿਸ ਵਾਲੇ ਨਾ ਮੰਨੇ। ਜੇ ਜੋਗਿੰਦਰ ਨੇ ਬੁੱਧ ਸਿੰਘ ਦੇ ਬੱਚਿਆਂ ਦੇ ਮੂੰਹ ਰੋਟੀ ਪਾਈ ਸੀ ਤਾਂ ਉਨ੍ਹਾਂ ਦੀ ਯੂਨੀਅਨ ਦੀ ਪੰਜਾਹ ਰੁਪਏ ਨਾਲ ਟੰਗ ਥੋੜ੍ਹਾਂ ਟੁੱਟ ਜਾਣੀ ਸੀ।

ਇਹ ਸਨ ਕਿ ਜੋਗਿੰਦਰ ਦੀ ਫੀਸ ਦੀ ਪਰਵਾਹ ਹੀ ਨਹੀਂ ਸਨ ਕਰ ਰਹੇ।

ਜੇ ਇਨ੍ਹਾਂ ਨੂੰ ਕੋਈ ਪਰਵਾਹ ਨਹੀਂ ਤਾਂ ਘੱਟ ਜੋਗਿੰਦਰ ਵੀ ਨਹੀਂ। ਉਹ ਵੀ ਚੂਹੜੇ ਦਾ ਪੁੱਤ ਹੈ। ਚੂਹੜੇ ਦੀ ਆਕੜ ਸਾਰੇ ਮਸ਼ਹੂਰ ਹੈ। ਇਕ ਵਾਰ ਉਹ ਆਕੜ ਗਿਆ ਤਾਂ ਪੰਜ ਸੌ ਤੇ ਵੀ ਨਹੀਂ ਮੰਨਣਾ। ਡਾਕਟਰ ਆਪ ਭਾਵੇਂ ਚੀਰ-ਫਾੜ ਕਰ ਲਏ। ਡਾਕਟਰ ਜੋਗਿੰਦਰ ਤੋਂ ਬਾਹਰ ਹੋ ਕੇ ਚੱਲਿਆ ਤਾਂ ਉਸ ਨੇ ਵੀ ਡਾਕਟਰ ਦਾ ਬਾਈਕਾਟ ਕਰ ਦੇਣਾ ਹੈ। ਅੱਗੇ ਤੋਂ ਉਹ ਪਾਣੀ 'ਚ ਸੜੀਆਂ ਅਤੇ ਅੱਗ 'ਚ ਝੁਲਸੀਆਂ ਲਾਸ਼ਾਂ ਦਾ ਚੀਰ-ਫਾੜ ਡਾਕਟਰ ਨੂੰ ਕੋਲ ਖੜ੍ਹਾ ਕੇ ਕਰਿਆ ਕਰੇਗਾ। ਅੱਧਾ ਮੀਲ ਦੂਰ ਬੈਠ ਕੋਲ ਵਿਸਰੇ ਲਿਜਾ ਲਿਜਾ ਨਹੀਂ ਰੱਖੇਗਾ।

ਜੋਗਿੰਦਰ ਦਾ ਕੋਈ ਵੱਸ ਨਾ ਹੀ ਚੱਲਿਆ ਤਾਂ ਉਸ ਕਾਮਰੇਡ ਵਰਗੀ ਤਾਂ ਕਰੇਗਾ ਹੀ, ਜਿਹੜਾ ਐਕਸੀਡੈਂਟ ਵਿਚ ਮਰ ਗਿਆ ਸੀ। ਜਦੋਂ ਜੋਗਿੰਦਰ ਨੇ ਫੀਸ ਦਾ ਇਸ਼ਾਰਾ ਕੀਤਾ, ਉਸ ਦੇ ਸਾਥੀਆਂ ਨੇ ਚੁੱਪ ਕਰਕੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ। ਜਿਵੇਂ ਵਿਰੋਧ ਕਰਨ ਲਈ ਕੋਈ ਸਰਮਾਏਦਾਰ ਉਨ੍ਹਾਂ



ਨੂੰ ਲੱਭਾ ਹੀ ਨਹੀਂ ਸੀ। ਗ਼ਰੀਬ ਜੋਗਿੰਦਰ ਹੀ ਲੱਭਾ ਸੀ, ਗੰਦਗੀ ਚੋਂ ਰੋਟੀ ਕਮਾ ਢਿੱਡ ਭਰਨ ਵਾਲਾ।

ਜੋਗਿੰਦਰ ਨੂੰ ਮਜਬੂਰੀ ਵਿਚ ਚੀਰ-ਫਾੜ ਤਾਂ ਕਰਨੀ ਪਈ ਸੀ ਪਰ ਉਸ ਨੇ ਕਾਮਰੇਡਾਂ ਨੂੰ ਨਾਨੀ ਯਾਦ ਕਰਾ ਦਿੱਤੀ ਸੀ।

ਜੋਗਿੰਦਰ ਨੇ ਕਾਮਰੇਡ ਦਾ ਪੇਟ ਤਾਂ ਚੀਰਨਾ ਸੀ, ਉਸ ਦੀਆਂ ਲੱਤਾਂ ਬਾਹਾਂ ਦੇ ਜੋੜ ਵੀ ਢਿੱਲੇ ਕਰ ਦਿੱਤੇ। ਆਂਤੜੀਆਂ ਦੀ ਥਾਂ ਤੂੜੀ ਭਰ ਕੇ ਪੇਟ ਚੰਗੀ ਤਰ੍ਹਾਂ ਸਿਉਣ ਦੀ ਥਾਂ ਕੱਚੇ ਸੜੋਪੇ ਹੀ ਮਾਰੇ।

ਟਰਾਲੀ 'ਚ ਰੱਖਦਿਆਂ ਹੀ ਲਾਸ਼ ਖੱਖੜੀ ਹੋ ਗਈ। ਲੱਤ ਕਿਤੇ, ਬਾਂਹ ਕਿਤੇ, ਧੜ ਕਿਤੇ। ਫਿਰ ਉਨ੍ਹਾਂ ਨੂੰ ਜੋਗਿੰਦਰ ਦੀ ਅਹਿਮੀਅਤ ਦਾ ਪਤਾ ਲੱਗਾ। ਸਾਰੇ ਰਸਮੋ-ਰਿਵਾਜ ਵਿਚ ਛੱਡ ਕੇ ਉਨ੍ਹਾਂ ਨੂੰ ਲਾਸ਼ ਸਮੇਟਨ ਦੀ ਪੈ ਗਈ। ਕਾਮਰੇਡ ਨੂੰ ਗਠੜੀ ਵਾਂਗ ਬੰਨ੍ਹ ਕੇ ਸ਼ਮਸ਼ਾਨ ਲਿਜਾਂਦੇ ਸਾਥੀਆਂ ਨੂੰ ਦੇਖ ਕੇ ਜੋਗਿੰਦਰ ਦੇ ਕਾਲਜੇ ਠੰਢ ਪਈ ਸੀ। ਦੇਖੋ ਜੋਗਿੰਦਰ ਦੇ ਹੱਥ !

ਲਾਲਾ ਜੀ ਨੂੰ ਵੀ ਇਹ ਕਰਾਮਾਤ ਦਿਖਾਣੀ ਪਏਗੀ।

ਇਕ ਸਿਪਾਹੀ ਨੇ ਜੋਗਿੰਦਰ ਨੂੰ ਦੱਸਿਆ ਕਿ ਡਾਕਟਰ ਨੇ ਮੁਰਾਰੀ ਨੂੰ ਬੁਲਾ ਜੋਗਿੰਦਰ ਨੂੰ ਮਨਾਉਣ ਦਾ ਇਸ਼ਾਰਾ ਕੀਤਾ ਸੀ।

ਮੁਰਾਰੀ ਡਾਕਟਰ ਦੇ ਨਜ਼ਦੀਕੀ ਵਿਚੋਂ ਇਕ ਸੀ। ਉਸ ਦਾ ਹਸਪਤਾਲ ਵਿਚ ਆਉਣ ਜਾਣ ਸੀ। ਹੋਰ ਕਾਹਦੀ ਲਿਹਾਜ ਸੀ ? ਡਾਕਟਰ ਦਾ ਦਲਾਲ ਸੀ। ਉਸ ਨੂੰ ਕੇਸ ਲਿਆ-ਲਿਆ ਦਿੰਦਾ ਸੀ। ਕੋਈ ਚੰਗੀ ਮੁਰਗੀ ਫਸ ਜਾਂਦੀ ਤਾਂ ਹਿੱਸਾ ਲੈ ਜਾਂਦਾ ਸੀ। ਪੈਗ ਮੁਫਤ 'ਚ ਲਾ ਜਾਂਦਾ। ਨਰਸਾ ਨਾਲ ਹਾਸਾ ਠੱਠਾ ਬੋਨਸ ਵਿਚ।

ਜੋਗਿੰਦਰ ਉਨ੍ਹਾਂ ਦੀ ਖੂਬ ਸੇਵਾ ਕਰਦਾ ਸੀ। ਜਦੋਂ ਉਹ ਅਤੇ ਡਾਕਟਰ ਵਿਸਕੀ ਪੀ ਰਹੇ ਹੁੰਦੇ ਤਾਂ ਉਹ ਬਾਹਰ ਬੈਠਾ ਪਹਿਰਾ ਦਿੰਦਾ ਰਹਿੰਦਾ। ਕਦੇ ਭੱਜ ਕੇ ਮੁਰਗਾ ਫੜ ਲਿਆਇਆ, ਕਦੇ ਸਿਗਰਟਾਂ ਦੀ ਡੱਬੀ ਅਤੇ ਕਦੇ ਵਿਸਕੀ ਦੀ ਬੋਤਲ। ਜੋਗਿੰਦਰ ਨੂੰ ਪੂਰੀ ਆਸ ਸੀ, ਮੁਰਾਰੀ ਜੋਗਿੰਦਰ ਨੂੰ ਫੀਸ ਦਿਵਾ ਦੇਵੇਗਾ।

ਜੋਗਿੰਦਰ ਨੂੰ ਕੀ ਪਤਾ ਸੀ ਕਿ ਉਹ ਉੱਚੀ ਦੰਦ ਵੀੜ ਵਾਲਾ, ਪੀਲੇ ਦੰਦਾ ਨੂੰ ਕੱਢਦਾ, ਜੋਗਿੰਦਰ ਨੂੰ ਰਿਸ਼ਵਤਖੋਰ ਆਖ ਕੇ ਭੰਡਣ ਲੱਗੇਗਾ।

''ਰਿਸ਼ਵਤ ਦੀ ਵੀ ਕੋਈ ਹੱਦ ਹੁੰਦੀ ਹੈ। ਇਹ ਤਾਂ ਮੁਰਦੇ ਤੋਂ ਖੱਫਣ ਲਾਹੁਣ ਵਾਲੀ ਗੱਲ ਹੈ।'' ਉਹਦੀ ਚਿੜ-ਚਿੜ ਸੁਣ ਕੇ ਡਾਕਟਰ ਨੂੰ ਵੀ ਧਰਤੀ 'ਚ ਧੱਸਣ ਲਈ ਥਾਂ ਨਾ ਲੱਭੀ। ਡਾਕਟਰ ਰੋਣ ਹੱਕਾ ਹੋ ਕੇ ਚੁੱਪ ਕਰ ਗਿਆ।

ਜੋਗਿੰਦਰ ਦਾ ਦਿਲ ਕਰ ਰਿਹਾ ਸੀ, ਉਹ ਮੁਰਾਰੀ ਦੇ ਬੱਚੇ ਨੂੰ ਗਿੱਚੀ ਤੋਂ ਫੜ ਕੇ ਪੁੱਛੇ ਕਿ ਉਹ ਕਿੱਧਰਲਾ ਭਲਾਮਾਨਸ ਹੈ? ਜਦੋਂ ਦੀ ਮਾਲਗੁਦਾਮ ਦੇ ਨਾਲ ਲਗਦੀ ਬਸਤੀ ਵਿਚ ਚੱਕੀ ਲਾਈ ਹੈ, ਉਹ ਮਾਲਾਮਾਲ ਹੋ ਗਿਆ ਹੈ। ਵਿਚਾਰੇ ਸਾਂਸੀ, ਬਿਹਾਰੀ ਅਤੇ ਤਾਮਿਲ ਲੇਬਰ ਦੇ ਡੰਡੇ ਖਾ ਖਾ ਮਸਾਂ ਚਾਰ ਸੇਰ ਦਾਣੇ ਇਕੱਠੇ ਕਰਦੇ ਹਨ। ਇਹ ਭੋਅ ਦੇ ਭਾਅ ਕਣਕ ਖਰੀਦ ਕੇ ਤਿੰਨ ਰੁਪਏ ਕਿਲੋ

(64)
LAAM

ਵੇਚਦਾ ਹੈ। ਐਫ.ਸੀ.ਆਈ. ਵਾਲਿਆਂ ਤੋਂ ਲੈ ਕੇ ਟਰੱਕਾਂ ਵਾਲਿਆਂ ਤਕ ਸਭ ਚੋਰੀ ਦੀ ਕਣਕ ਉਸੇ ਨੂੰ ਵੇਚਦੇ ਹਨ। ਇਕ ਦੋ ਵਾਰ ਫੜਿਆ ਵੀ ਗਿਐ। ਡਾਕਟਰ ਨੂੰ ਵਿਚ ਪਾ ਕੇ ਪੁਲਿਸ ਤੋਂ ਕੇਸ ਰਫਾ-ਦਫਾ ਕਰਾ ਦਿੱਤੇ। ਉਹ ਹੇਰਾ-ਫੇਰੀ ਨਹੀਂ ਹੁੰਦੀ? ਰਿਸ਼ਵਤਖੋਰੀ ਨਹੀਂ? ਮੱਕੀ ਦੇ ਆਟੇ 'ਚ ਕਣਕ ਦਾ, ਬੇਸਣ 'ਚ ਮੱਕੀ ਦਾ ਆਟਾ ਰਲਾਉਣਾ ਜੁਰਮ ਨਹੀਂ? ਜਦੋਂ ਸੁੱਕੀਆਂ ਮਿਰਚਾਂ 'ਚ ਮਰੇ ਹੋਏ ਚੂਹਿਆਂ ਦੀਆਂ ਹੱਡੀਆਂ ਹੀ ਪੀਹ ਦਿੰਦੈ, ਉਦੋਂ ਉਸ ਨੂੰ 'ਖੱਫਣ' ਯਾਦ ਨਹੀਂ ਆਉਂਦੇ? ਕੋਈ ਨਹੀਂ ਕਦੇ ਮੁਰਾਰੀ ਦੇ ਕਿਸੇ ਰਿਸ਼ਤੇਦਾਰ ਨੂੰ ਡੈੱਡ ਹਾਊਸ ਦੇਖਣਾ ਪਿਆ ਤਾਂ ਜੋਗਿੰਦਰ ਦੱਸੇਗਾ ਕਿ ਰਿਸ਼ਵਤਖੋਰੀ ਕੀ ਹੁੰਦੀ ਹੈ ਅਤੇ ਖੱਫਣ ਕੀ?

ਬਿਨਾਂ ਕਿਸੇ ਕਾਰਨ ਤੋਂ ਪੋਸਟਮਾਰਟਮ ਲਈ ਹੁੰਦੀ ਦੇਰ ਤੋਂ ਸਾਰੇ ਘਬਰਾ ਗਏ ਸਨ। ਡੈੱਡ ਹਾਊਸ ਦੇ ਆਲੇ-ਦੁਆਲੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ ਸਨ। ਕਈ ਛੋਟੇ ਵੱਡੇ ਬਾਂਦਰਾਂ ਵਾਂਗ ਕੰਧਾਂ ਤੇ ਚੜ੍ਹ ਕੇ ਬੈਠ ਗਏ। ਇਕ ਚੱਕਰ ਡਿਪਟੀ ਵੀ ਮਾਰ ਗਿਆ ਸੀ।

ਭੀੜ ਬੇਚੈਨ ਹੁੰਦੀ ਜਾ ਰਹੀ ਸੀ। ਕਿਸੇ ਵੀ ਸਮੇਂ ਡਾਕਟਰ ਦੇ ਖਿਲਾਫ ਨਾਹਰੇਬਾਜ਼ੀ ਹੋ ਸਕਦੀ ਸੀ।

ਢਲਦੀ ਸ਼ਾਮ ਨੂੰ ਦੇਖ ਕੇ ਲਾਲਾ ਜੀ ਨੇ ਪਹਿਲਾਂ ਪ੍ਰੋਗਰਾਮ ਬਦਲ ਦਿੱਤਾ ਸੀ। ਪਹਿਲਾਂ ਉਨ੍ਹਾਂ ਸੋਚਿਆ ਸੀ, ਕੁਝ ਦੇਰ ਲਈ ਲਾਸ਼ ਗੀਤਾ ਭਵਨ ਵਿਚ ਰੱਖੀ ਜਾਏਗੀ। ਲੋਕ ਸ਼ਰਧਾਂਜਲੀ ਭੇਟ ਕਰ ਸਕਣਗੇ। ਘਰ ਦੀਆਂ ਔਰਤਾਂ ਨੂੰ ਵੀ ਉਥੇ ਹੀ ਜਾਣ ਲਈ ਆਖਿਆ ਗਿਆ।

ਕੁਵੇਲਾ ਹੋਣ ਕਾਰਨ ਹੁਣ ਇਹ ਸੰਭਵ ਨਹੀਂ ਸੀ। ਇਕ ਘੰਟਾ ਹੋਰ ਬਾਕੀ ਸੀ, ਸੂਰਜ ਅਸਤ ਹੋਣ ਵਿਚ। ਘੰਟੇ ਦੇ ਅੰਦਰ-ਅੰਦਰ ਸੰਸਕਾਰ ਨਾ ਕੀਤਾ ਜਾ ਸਕਿਆ ਤਾਂ ਸੰਸਕਾਰ ਅਗਲੇ ਦਿਨ ਤੇ ਪਾਉਣਾ ਪੈਣਾ ਸੀ। ਇਹ ਅਸੰਭਵ ਸੀ। ਬੰਦਾ ਪਤਾ ਨਹੀਂ ਕਦੋਂ ਦਾ ਮਰਿਆ ਹੋਇਆ ਸੀ, ਰਾਤ ਭਰ ਵਿਚ ਦੇਹ ਫਿੱਟ ਸਕਦੀ ਸੀ। ਬੰਟੀ ਦੀ ਮਾਂ ਕਾਂਤਾ ਦਾ ਵੀ ਬੁਰਾ ਹਾਲ ਸੀ, ਉਸ ਨੂੰ ਮਿੰਟ-ਮਿੰਟ ਬਾਅਦ ਦੰਦਲ ਪੈ ਰਹੀ ਸੀ। ਜਿੰਨੀ ਜਲਦੀ ਹੋ ਸਕੇ, ਬੰਟੀ ਦੀ ਮਿੱਟੀ ਸਮੇਟੀ ਜਾਣੀ ਚਾਹੀਦੀ ਸੀ।

ਇਹ ਤਾਂ ਹੀ ਸੰਭਵ ਸੀ ਜੇ ਪੋਸਟ-ਮਾਰਟਮ ਕਰਕੇ ਲਾਸ਼ ਉਨ੍ਹਾਂ ਦੇ ਹਵਾਲੇ ਕਰੇ। ਡਾਕਟਰ ਮੂੰਹ ਚੁੱਕੀ ਬੈਠਾ ਸੀ। ਜਮਾਂਦਾਰ ਝੋਟੇ ਨਾਲ ਚੰਬੜਿਆ ਖੜ੍ਹਾ ਸੀ। ਕਿਸੇ ਨੂੰ ਵੀ ਇਸ ਪਹੇਲੀ ਦੀ ਸਮਝ ਨਹੀਂ ਸੀ ਆ ਰਹੀ।

ਕਿਸੇ ਪਾਸਿਉਂ ਬਾਬੂ ਜੀ ਦੇ ਉਥੇ ਪੁੱਜਣ ਨਾਲ ਭੀੜ ਵਿਚ ਨਵੀਂ ਰੂਹ ਫੂਕੀ ਗਈ।

ਆਪਣੀ ਆਦਤ ਅਨੁਸਾਰ ਆਉਂਦੇ ਹੀ ਉਹ ਧਾਹਾਂ ਮਾਰਦੇ ਲਾਲਾ ਜੀ ਦੇ ਗਲ ਨੂੰ ਚੰਬੜ ਗਏ। ਹਾਲੇ ਤਕ ਲਾਲਾ ਜੀ ਸਬਰ ਦਾ ਘੁੱਟ ਭਰੀ ਬੈਠੇ ਸਨ। ਅਫ਼ਸੋਸ ਕਰਨ ਆਏ ਹਰ ਹਮਦਰਦ ਦੀ ਪਿੱਠ ਥਾਪੜ ਕੇ ਉਹ ਭਾਣਾ ਮੰਨਣ ਦਾ ਉਪਦੇਸ਼ ਦਿੰਦੇ ਸਨ। ਬਾਬੂ ਜੀ ਦੀਆਂ ਧਾਹਾਂ ਨੇ ਉਨ੍ਹਾਂ ਨੂੰ ਵੀ ਬੇਕਾਬੂ ਕਰ ਦਿੱਤਾ। ਲਾਲਾ ਜੀ ਦੀਆਂ ਅੱਖਾਂ ਵਿਚੋਂ ਵੀ ਗੰਗਾ ਜਮਨਾ ਵਹਿ ਤੁਰੀਆਂ।

ਪਹਿਲਾਂ ਲਾਲਾ ਜੀ ਬਾਬੂ ਜੀ ਨੂੰ ਦਿਲਾਸਾ ਦੇ ਰਹੇ ਸਨ। ਫਿਰ ਆਪੇ ਤੋਂ ਬਾਹਰ ਹੋਏ ਲਾਲਾ



ਜੀ ਨੂੰ ਬਾਬੂ ਜੀ ਸਮਝਾਉਣ ਲੱਗੇ। ਸ਼ਹਿਰ ਦੇ ਦੋਹਾਂ ਪਤਵੰਤਿਆਂ ਦੇ ਰੁਦਨ ਨੂੰ ਦੇਖ ਕੇ ਸਾਰੀ ਭੀੜ ਦੀਆਂ ਅੱਖਾਂ ਸਿੰਮ ਆਈਆਂ। ਕੁਝ ਕੁ ਹਮਦਰਦ ਹਉਕੇ ਭਰਨ ਲੱਗੇ।

ਜਦੋਂ ਸਭ ਕੁਝ ਠੀਕ ਹੋ ਗਿਆ ਤਾਂ ਸੰਘ ਵਾਲਿਆਂ ਨੇ ਪੋਸਟ-ਮਾਰਟਮ ਵਿਚ ਹੋ ਰਹੀ ਦੇਰ ਲਈ ਬਾਬੂ ਜੀ ਕੋਲ ਸ਼ਿਕਾਇਤ ਕੀਤੀ। ਬਾਬੂ ਜੀ ਸਿਰਕੱਢ ਕਾਂਗਰਸੀ ਤਾਂ ਸਨ ਹੀ, ਨਾਲ ਸਮਾਜ ਸੇਵਕ ਵੀ ਸਨ। ਛੋਟੇ ਮਜ਼ਦੂਰ ਤੋਂ ਲੈ ਕੇ ਵੱਡੇ-ਵੱਡੇ ਕਾਰਖਾਨੇਦਾਰ ਸਭ ਉਨ੍ਹਾਂ ਦੇ ਉਪਾਸ਼ਕ ਸਨ। ਉਹ ਸਭ ਦੇ ਦੁੱਖ-ਸੁਖ ਵਿਚ ਸ਼ਰੀਕ ਹੁੰਦੇ ਸਨ। ਵਿਆਹ-ਸ਼ਾਦੀ ਹੋਵੇ ਜਾਂ ਮਰਨ ਜੰਮਣ, ਬਾਬੂ ਜੀ ਆਪੇ ਹਾਜ਼ਰ ਹੋ ਜਾਂਦੇ ਸਨ। ਲੋੜ ਪੈਣ ਤੇ ਵਿਤੋਂ ਵੱਧ ਮਦਦ ਕਰਦੇ ਸਨ। ਕਿਧਰੇ ਬਾਹਰ ਅੰਦਰ ਜਾਣਾ ਹੋਵੇ ਤਾਂ ਇਹ ਵੀ ਨਹੀਂ ਪੁਛਦੇ ਕਿ ਕਿੱਥੇ ਜਾਣਾ ਹੈ? ਪੈਰੀਂ ਜੁੱਤੀ ਪਾ ਕੇ ਨਾਲ ਤੁਰ ਪੈਂਦੇ ਹਨ। ਭਾਵੇਂ ਤਿੰਨ ਦਿਨ ਨਾਲ ਲਈ ਫਿਰੋ। ਚੁੱਪ ਕਰਕੇ ਨਾਲ ਘੁੰਮਦੇ ਰਹਿੰਦੇ ਹਨ।

ਡਾਕਟਰ ਉਨ੍ਹਾਂ ਦੀ ਮੋੜ ਨਹੀਂ ਸਕਦਾ। ਡਾਕਟਰ ਵਿਰੁੱਧ ਕਾਰਵਾਈ ਤਾਂ ਸੰਘ ਆਪ ਵੀ ਕਰ ਸਕਦਾ ਸੀ। ਪਰ ਇਸ ਭੈੜੇ ਵੇਲੇ ਉਹ ਨਾਅਰੇਬਾਜ਼ੀ ਜਾਂ ਤਕਰਾਰ ਵਿਚ ਨਹੀਂ ਸੀ ਪੈਣਾ ਚਾਹੁੰਦੇ। ਉਹ ਡਾਕਟਰ ਨਾਲ ਕਿਸੇ ਹੋਰ ਸਮੇਂ ਨਿਬੜਨਗੇ। ਇਸ ਸਮੇਂ ਬਾਬੂ ਜੀ ਮਸਲਾ ਹੱਲ ਕਰਨ।

ਬਾਬੂ ਜੀ ਨੂੰ ਡਾਕਟਰ ਵੱਲ ਜਾਂਦਾ ਵੇਖ ਕੇ ਜੋਗਿੰਦਰ ਦਾ ਮੱਥਾ ਠਣਕਿਆ। ਜੇ ਬਾਬੂ ਨੇ ਜ਼ੋਰ ਪਾ ਦਿੱਤਾ ਤਾਂ ਜੋਗਿੰਦਰ ਨੂੰ ਹਥਿਆਰ ਸੁੱਟਣੇ ਪੈਣਗੇ। ਡਾਕਟਰ ਦੇ ਹੁਕਮਾਂ ਦੀ ਤਾਂ ਉਸ ਨੇ ਕੋਈ ਪਰਵਾਹ ਨਹੀਂ ਸੀ ਕੀਤੀ ਪਰ ਬਾਬੂ ਦਾ ਹੁਕਮ ਟਾਲਣਾ ਮੁਸ਼ਕਿਲ ਸੀ। ਬਾਬੂ ਦਾ ਉਨ੍ਹਾਂ ਦੇ ਪਰਿਵਾਰ ਤੇ ਬਹੁਤ ਵੱਡਾ ਅਹਿਸਾਨ ਸੀ।

ਜੋਗਿੰਦਰ ਦਾ ਭਣਵੱਈਆਂ ਉੱਨੀ ਸੌ ਇਕੱਤਰ ਦੀ ਜੰਗ ਵਿਚ ਸ਼ਹੀਦ ਹੋ ਗਿਆ ਸੀ। ਉਸ ਦੀ ਛੋਟੀ ਭੈਣ ਭਰ ਜਵਾਨੀ ਵਿਚ ਵਿਧਵਾ ਹੋ ਗਈ ਸੀ। ਜੋਗਿੰਦਰ ਹੋਰੀਂ ਪਾਗਲਾਂ ਵਰਗੇ ਹੋ ਗਏ ਸਨ। ਕੁਝ ਨਹੀਂ ਸੀ ਸੁੱਝ ਰਿਹਾ ਕਿ ਕੀ ਕੀਤਾ ਜਾਵੇ। ਜਵਾਨ ਭੈਣ ਨੂੰ, ਉਹਦੇ ਬੱਚੇ ਨੂੰ ਕਿਹੜੇ ਖੂਹ ਵਿਚ ਧੱਕਾ ਦੇਵੇ? ਜੋਗਿੰਦਰ ਦਾ ਤਾਂ ਆਪਣਾ ਡੰਗ ਮਸਾਂ ਟੱਪਦਾ ਸੀ।

ਬਾਬੂ ਜੀ ਨੂੰ ਪਤਾ ਲੱਗਾ ਤਾਂ ਭੱਜੇ-ਭੱਜੇ ਆਏ। ਆਪ ਹੀ ਅੱਗੇ ਲੱਗ ਕੇ ਕੁੜੀ ਦਾ ਨਾਂ ਇੰਪਲਾਇਮੈਂਟ ਐਕਸਚੇਂਜ ਵਿਚ ਦਰਜ ਕਰਾਇਆ। ਆਪੇ ਕਾਰਡ ਕਢਵਾ ਕੇ ਤਹਿਸੀਲ ਵਿਚ ਜ਼ਮਾਦਾਰਨੀ ਲਗਾ ਦਿੱਤਾ। ਹੁਣ ਉਹ ਮੌਜਾਂ ਕਰਦੀ ਹੈ। ਨਾਂਹ-ਨਾਂਹ ਕਰਦੀ ਵੀ ਉਪਰਲੀ ਆਮਦਨ ਦੇ ਪੰਜਾਹ ਰੁਪਏ ਰੋਜ਼ ਲੈ ਕੇ ਘਰ ਵੜਦੀ ਹੈ। ਮੁੰਡਾ ਵੀ ਤਹਿਸੀਲ ਵਿਚ ਹੀ ਨੌਕਰ ਕਰਾ ਲਿਆ। ਉਹ ਉਸ ਤੋਂ ਵੀ ਵੱਧ ਕਮਾਉਂਦਾ ਹੈ। ਜੋਗਿੰਦਰ ਦਾ ਪਰਿਵਾਰ ਤਾਂ ਉਠਦੇ ਬੈਠਦੇ ਸਾਰਾ ਦਿਨ ਬਾਬੂ ਜੀ ਨੂੰ ਅਸੀਸਾਂ ਦਿੰਦਾ ਹੈ। ਉਹ ਬਾਬੂ ਜੀ ਦੀ ਨਹੀਂ ਮੋੜ ਸਕੇਗਾ।

ਉਹੋ ਹੋਇਆ ਜਿਸ ਦਾ ਜੋਗਿੰਦਰ ਨੂੰ ਡਰ ਸੀ। ਡਾਕਟਰ ਨੇ ਬਾਬੂ ਜੀ ਨੂੰ ਇਕ ਪਾਸੇ ਲਿਜਾ ਕੇ ਸਾਰਾ ਕਿੱਸਾ ਸਮਝਾਇਆ।

ਬਾਬੂ ਜੀ ਸੰਘ ਵਾਲਿਆਂ ਨੂੰ ਡਾਕਟਰ ਕੋਲ ਖੜ੍ਹਾ ਕੇ ਇਕੱਠੇ ਜੋਗਿੰਦਰ ਵੱਲ ਵਧੇ।

ਸ਼ਰਮਸਾਰ ਹੋਏ ਜੋਗਿੰਦਰ ਨੂੰ ਉਨ੍ਹਾਂ ਦੇ ਪੈਰੀਂ ਹੱਥ ਲਾਉਣਾ ਵੀ ਭੁੱਲ ਗਿਆ।

ਬਾਬੂ ਜੀ ਜੋਗਿੰਦਰ ਦਾ ਹੱਥ ਫੜ ਕੇ ਇਕ ਪਾਸੇ ਲੈ ਗਏ। ਆਪਣੀ ਜੇਬ ਵਿਚੋਂ ਇਕ ਨੋਟਾਂ ਦਾ ਥੱਬਾ ਕੱਢ ਕੇ ਕਿਸੇ ਖਾਸ ਨੋਟ ਦੀ ਤਲਾਸ਼ ਕਰਨ ਲੱਗੇ।

ਤੁਸੀਂ ਇਹ ਕੀ ਕਰਦੇ ਹੋ? ਜੋਗਿੰਦਰ ਨੂੰ ਲੱਗਾ ਬਾਬੂ ਜੀ ਉਸ ਨਾਲ ਡਾਢੇ ਨਰਾਜ਼ ਸਨ। ਉਸ ਤੇ ਲਾਅਨਤਾਂ ਪਾ ਰਹੇ ਸਨ।

ਜੋਗਿੰਦਰ ਨੂੰ ਲੱਗਾ, ਉਸਦੀਆਂ ਦੋਵੇਂ ਗੱਲ੍ਹਾਂ ਤੇ ਥੱਪੜਾਂ ਦਾ ਮੀਂਹ ਵਰਸ ਰਿਹਾ ਸੀ। ਉਸ ਨੂੰ 'ਨਮਕ-ਹਰਾਮ' ਅਤੇ 'ਗੱਦਾਰ' ਦੇ ਖ਼ਿਤਾਬ ਮਿਲ ਰਹੇ ਸਨ।

ਨੋਟਾਂ ਨੂੰ ਪਰ੍ਹਾਂ ਧਰਦਾ ਜੋਗਿੰਦਰ ਸੁਸਤ ਚਾਲ ਨਾਲ ਡੈੱਡ ਹਾਊਸ ਵੱਲ ਵੱਧਣ ਲੱਗਾ।

ਬੱਚੇ ਦੇ ਪੇਟ ਤੇ ਛੁਰੀ ਚਲਾਉਂਦੇ ਜੋਗਿੰਦਰ ਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ ਬਾਬੂ ਉਸ ਦੇ ਭੁੱਖੇ ਬੱਚਿਆਂ ਦੇ ਪੇਟ ਤੇ ਲੱਤ ਮਾਰ ਗਿਆ ਸੀ।

☆☆☆



# ਸ਼ਾਰਕ

ਅੱਧਾ ਸਮਾਂ ਬੀਤਣ ਦਾ ਐਲਾਨ ਹੋ ਚੁੱਕਾ ਸੀ।

ਨਕਲਚੀਆਂ ਨੂੰ ਭਾਰੀ ਬਣ ਗਈ। ਜੇ ਇਸੇ ਤਰ੍ਹਾਂ ਹੱਥ ਤੇ ਹੱਥ ਧਰੀ ਬੈਠੇ ਰਹੇ ਤਾਂ ਉਹਨਾਂ ਦੀਆਂ ਆਨਸਰ-ਸ਼ੀਟਾਂ ਤਾਂ ਕੋਰੀਆਂ ਹੀ ਰਹਿ ਜਾਣੀਆਂ ਸਨ।

ਬਾਹਰੋਂ ਆਉਂਦੀਆਂ ਪਰਚੀਆਂ ਦੀ ਰਫ਼ਤਾਰ ਵਿਚ ਕਾਫੀ ਵਾਧਾ ਹੋ ਗਿਆ ਸੀ। ਹੁਸ਼ਿਆਰ ਵਿਦਿਆਰਥੀਆਂ ਨੇ ਪਹਿਲੀ ਆਨਸਰ-ਸ਼ੀਟ ਮੁਕੰਮਲ ਕਰ ਲਈ ਸੀ। ਉਹਨਾਂ ਦਾ ਅਦਾਨ-ਪ੍ਰਦਾਨ ਵੀ ਤੇ ਜ਼ੋਰਾਂ ਤੇ ਸੀ। ਪਾਣੀ ਪਿਆਉਣ ਵਾਲਿਆਂ ਤੋਂ ਲੈ ਕੇ ਸੁਪਰਵਾਈਜ਼ਰ ਤਕ ਸਭ ਇਸੇ ਸੇਵਾ ਤੇ ਜੁੱਟੇ ਹੋਏ ਸਨ।

ਸਬਜ਼ੀ ਮੰਡੀ ਬਣੇ ਇਗਜਾਮੀਨੇਸ਼ਨ ਹਾਲ ਨੂੰ ਦੇਖ ਕੇ ਖਰੈਤੀ ਨੂੰ ਚਿੜ੍ਹ ਚੜ੍ਹ ਰਹੀ ਸੀ। ਜਿਨ੍ਹਾਂ ਨੇ ਸਾਰਾ ਸਾਲ ਕਦੇ ਕਿਤਾਬ ਨੂੰ ਹੱਥ ਨਹੀਂ ਲਾਇਆ, ਉਹ ਮੌਜਾਂ ਨਾਲ ਨਕਲਾਂ ਮਾਰ ਰਹੇ ਸਨ। ਨਕਲਾਂ ਮਾਰਦੇ ਨੇ ਤਾਂ ਪਏ ਮਾਰਨ ਪਰ ਖਰੈਤੀ ਨੂੰ ਤਾਂ ਅਰਾਮ ਨਾਲ ਲਿਖਣ ਦੇਣ। ਸ਼ੋਰ-ਸ਼ਰਾਬੇ ਵਿਚ ਨਾ ਕੁਝ ਸੁਝ ਰਿਹਾ ਸੀ ਨਾ ਲਿਖ ਹੋ ਰਿਹਾ ਸੀ।

ਐਮ.ਐਲ.ਏ. ਦੇ ਪੁੱਤਰ ਹਮੀਦ ਅਤੇ ਯੂਨੀਅਨ ਦੇ ਪ੍ਰਧਾਨ ਬਬਲੇ ਨੂੰ ਤਾਂ ਜਿਵੇਂ ਪਰਚੀਆਂ ਦੀ ਵੀ ਪਰਵਾਹ ਨਹੀਂ ਸੀ। ਪੈਂਟਾਂ ਦੀਆਂ ਜੇਬਾਂ ਵਿਚ ਹੱਥ ਪਾਈ ਉਹ ਉਸੇ ਤਰ੍ਹਾਂ ਹਾਲ ਵਿਚ ਮਟਰ-ਗਸਤੀ ਕਰ ਰਹੇ ਸਨ, ਜਿਵੇਂ ਡਰਾਮੇ ਦੇ ਕਿਸੇ ਸ਼ੋਅ ਵਾਲੇ ਦਿਨ ਕਰਿਆ ਕਰਦੇ ਸਨ।

ਸੁਮਿਦਾ ਦੀ ਬਦਤਮੀਜ਼ੀ ਦੀ ਤਾਂ ਕੋਈ ਹੱਦ ਹੀ ਨਹੀਂ ਸੀ। ਜਦੋਂ ਦਿਲ ਕਰਦਾ, ਸੀਟ ਤੋਂ ਉੱਠਦੀ, ਜਿਸ ਕੋਲ ਜੀਅ ਕਰਦਾ ਜਾ ਖਲੋਂਦੀ। ਆਨਸਰ-ਸ਼ੀਟ ਉਲਟ ਪੁਲਟ ਕੇ ਦੇਖਦੀ। ਕੋਈ ਪ੍ਰਸ਼ਨ ਵਧੀਆਂ ਹੱਲ ਹੋਇਆ ਹੁੰਦਾ ਤਾਂ ਅਗਲੇ ਦੀ ਆਨਸਰ-ਸ਼ੀਟ ਇਉਂ ਚੁੱਕ ਲਿਜਾਂਦੀ, ਜਿਵੇਂ ਸ਼ਾਹੂਕਾਰ ਕਰਜ਼ਾਈ ਜੱਟ ਦਾ ਪਿੜ ਚੁੱਕ ਲਿਜਾਂਦੇ।

ਚਲਾਕ ਬਾਣੀਏ ਦਾ ਧੀਅ ਸੁਮਿਦਾ ਨੇ ਤਾੜ ਲਿਆ ਸੀ ਕਿ ਪਰਚਾ ਅਜੀਬੋ-ਗ਼ਰੀਬ ਢੰਗ ਨਾਲ ਸੈੱਟ ਹੋਇਆ ਹੋਇਐ। ਨਕਲਾਂ ਵਾਲੇ ਚਾਹੇ ਬਜ਼ਾਰੋਂ ਮਿਲਦੀਆਂ ਸਾਰੀਆਂ ਗਾਈਡਾਂ ਖੋਲ੍ਹ ਕੇ ਮੇਜ਼ ਤੇ ਰੱਖ ਲੈਣ, ਸਵਾਲ ਨਕਲ ਨਹੀਂ ਕਰ ਸਕਦੇ। ਮਸਲਾ ਨਾ ਸੁਡਿਆਂ 'ਚ ਟੰਗੀਆਂ ਕਿਤਾਬਾਂ ਤੋਂ ਹੱਲ ਹੋ ਰਿਹਾ ਸੀ ਤੇ ਨਾ ਹੀ ਬਾਹਰੋਂ ਆਉਂਦੀਆਂ ਪਰਚੀਆਂ ਤੋਂ।

ਇਸੇ ਲਈ ਸੁਮਿਦਾ ਦੀ ਚੁਸਤ ਅੱਖ ਖਰੈਤੀ ਦੀ ਸੋਲਾਂ ਪੰਨਿਆਂ ਦੀ ਪਹਿਲੀ ਆਨਸਰ-ਸ਼ੀਟ ਤੇ ਟਿਕੀ ਹੋਈ ਸੀ।

ਸੁਮਿਦਾ ਦੀ ਟੋਕ-ਟਕਾਈ ਤੇ ਖਰੈਤੀ ਦੇ ਬਰਦਾਸ਼ਤੋਂ ਬਾਹਰ ਹੋ ਰਹੀ ਸੀ। ਰੋਸ ਪ੍ਰਗਟ ਕਰਨ ਲਈ ਕਈ ਵਾਰ ਉਸ ਨੇ ਸੁਪਰਵਾਈਜ਼ਰਾਂ ਵੱਲ ਕੌੜੀਆਂ ਅੱਖਾਂ ਨਾਲ ਤੱਕਿਆ ਵੀ। ਉਹ ਇਉਂ ਪਿੱਠ ਭੁਆ ਕੇ ਨਿਕਲ ਜਾਂਦੇ ਜਿਵੇਂ ਇਹ ਗੱਲ ਉਹਨਾਂ ਦੇ ਅਧਿਕਾਰ-ਖੇਤਰ ਵਿਚ ਹੋਵੇ ਹੀ ਨਾ।

ਆਖਿਰ ਉਹ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਦੀ ਕੁੜੀ ਸੀ। ਪ੍ਰਿੰਸੀਪਲ ਸੈਨਟ ਦਾ ਮੈਂਬਰ। ਪ੍ਰਿੰਸੀਪਲ ਰਾਹੀਂ ਸਾਰੇ ਸਟਾਫ਼ ਨੂੰ ਇਸ ਲਾਡਲੀ ਦਾ ਖਿਆਲ ਰੱਖਣ ਲਈ ਹਦਾਇਤ ਜਾਰੀ ਹੋਈ ਹੋਏਗੀ। ਕੁੜੀ ਨੂੰ ਖਰੈਤੀ ਵਾਂਗ ਨੰਬਰਾਂ ਦੇ ਥੱਬੇ ਨਹੀਂ ਚਾਹੀਦੇ। ਉਸ ਨੇ ਤਾਂ ਪਾਸ ਹੀ ਹੋਣਾ ਹੈ। ਬਾਕੀ ਦਾ ਪ੍ਰਬੰਧ ਪ੍ਰਧਾਨ ਜੀ ਕਰੀ ਬੈਠੇ ਹਨ। ਤਕੜੀ ਜਿਹੀ ਡੋਨੇਸ਼ਨ ਦੇ ਕੇ ਉਹਨਾਂ ਪਟਨੇ ਸੀਟ ਬੁੱਕ ਕਰਾ ਰੱਖੀ ਹੈ। ਜੇ ਕਾਲਜ ਦੇ ਪ੍ਰਧਾਨ ਦਾ ਬੱਚਾ ਵੀ ਪਾਸ ਨਾ ਹੋਵੇ ਤਾਂ ਲਾਹਨਤ ਹੈ ਅਜਿਹੀ ਚੌਧਰ ਤੇ।

ਅਜਿਹੇ ਭਲੇ ਕੰਮਾਂ ਲਈ ਸਟਾਫ਼ ਨੂੰ ਪੂਰਾ ਤਾਲ-ਮੇਲ ਰੱਖਣਾ ਪੈਂਦਾ ਹੈ। ਆਖਿਰ ਭਾਈਚਾਰਾ ਹੈ। ਅੱਜ ਇਥੇ ਕੰਮ ਆਉਣਗੇ ਤਾਂ ਕੱਲ੍ਹ ਨੂੰ ਆਪਣੇ ਕਾਲਜ ਕੰਮ ਲੈਣ ਜੋਗੇ ਹੋਣਗੇ। ਅਡਹਾਕ ਲੈਕਚਰਾਰ ਤਾਂ ਉਂਝ ਹੀ ਚੂਹੇ ਵਾਂਗ ਡਰਦੇ ਰਹਿੰਦੇ ਹਨ। ਸੈਨਟ ਵਾਲੇ ਕਿਸੇ ਸਮੇਂ ਵੀ ਉਹਨਾਂ ਦੀ ਗਰਦਨ ਦਬੋਚ ਸਕਦੇ ਹਨ। ਸੁਮਿਦਾ ਦੀ ਮਨ-ਮਰਜ਼ੀ ਅੱਗੇ ਸਿਰ ਝੁਕਾਉਣਾ ਸਭ ਦਾ ਇਖ਼ਲਾਕੀ ਫ਼ਰਜ਼ ਸੀ।

ਖ਼ਰੈਤੀ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ, ਉਸ ਦੇ ਸਾਰੇ ਪ੍ਰਸ਼ਨ ਪਹਿਲੀ ਆਨਸਰ-ਸ਼ੀਟ ਵਿਚ ਹੀ ਸਿਮਟ ਜਾਣ, ਤਾਂ ਜੋ ਉਹਦੀ ਸਾਲ ਭਰ ਦੀ ਮਿਹਨਤ ਸੁਮਿਦਾ ਦੇ ਹੱਥਾਂ ਵਿਚ ਨਾ ਅੱਪੜ ਸਕੇ। ਆਨਸਰ-ਸ਼ੀਟ ਕੋਈ ਮਾਮੂਲੀ ਕਾਗਜ਼ ਦਾ ਟੁਕੜਾ ਨਹੀਂ ਸੀ। ਇਹਨਾਂ ਚੰਦ ਸਤਰਾਂ ਤਕ ਅੱਪੜਨ ਲਈ ਤਪੱਸਵੀਆਂ ਵਾਂਗ ਉਹਨੂੰ ਬਾਰਾਂ ਵਰ੍ਹੇ ਤਪ ਕਰਨਾ ਪਿਆ ਸੀ, ਮਾਪਿਆਂ ਨੂੰ ਮੋਰਾਂ ਤੇ ਟਿਕੇ ਜੂਲੇ ਦਾ ਭਾਰ ਕਈ ਗੁਣਾਂ ਵਧਾਉਣਾ ਪਿਆ ਸੀ ਤੇ ਵੱਡੀ ਭੈਣ ਨੂੰ ਵਿਆਹ ਦੇ ਹੁਸੀਨ ਸੁਫ਼ਨੇ ਲੋਕਾਂ ਦੀਆਂ ਕੋਠੀਆਂ ਦੀਆਂ ਸਫਾਈਆਂ 'ਚ ਧੁੰਧਲੇ ਕਰਨੇ ਪਏ ਸਨ।

ਪ੍ਰਸ਼ਨ-ਪੱਤਰ ਪੜ੍ਹ ਕੇ ਜਿੰਨਾ ਉਹ ਖ਼ੁਸ਼ ਹੋਇਆ ਸੀ, ਬਿੱਲੀ ਵਾਂਗ ਆਨਸਰ-ਸ਼ੀਟ ਤੇ ਝਪਟਨ ਲਈ ਤਿਆਰ ਬੈਠੀ ਸੁਮਿਦਾ ਨੂੰ ਦੇਖ ਕੇ ਓਨਾ ਹੀ ਉਹ ਉਦਾਸ ਹੋਈ ਜਾ ਰਿਹਾ ਸੀ।

ਪੇਪਰ ਪੜ੍ਹਦਿਆਂ ਇਕ ਵਾਰ ਤਾਂ ਕੰਪਿਊਟਰ ਅਖਵਾਉਂਦੇ ਖਰੈਤੀ ਦੇ ਪੈਰਾਂ ਹੇਠੋਂ ਵੀ ਜ਼ਮੀਨ ਖਿਸਕ ਗਈ। ਪ੍ਰੋਫੈਸਰ ਜਗਜੀਤ ਦੀ ਛਤਰ ਛਾਇਆ ਹੇਠ ਕੀਤੀ ਮਿਹਨਤ ਤੇ ਖਰੈਤੀ ਨੂੰ ਮਾਣ ਸੀ। ਸਿਲੇਬਸ ਦਾ ਇਕ-ਇਕ ਅੱਖਰ ਤਿਆਰ ਸੀ। ਇਗਜ਼ਾਮੀਨਰ ਚਾਹੇ ਜਿਥੋਂ ਮਰਜ਼ੀ ਪਰਚਾ ਪਾ ਦੇਵੇ, ਉਸਨੂੰ ਸੌ ਨੰਬਰਾਂ ਦਾ ਪਰਚਾ ਹੱਲ ਕਰਨੋਂ ਨਹੀਂ ਸੀ ਰੋਕ ਸਕਦਾ।

ਇਸੇ ਲਈ ਨਿੰਦੀ, ਜਗਤਾਰ ਤੇ ਟੀਟੂ ਵਾਂਗ ਨਾ ਉਸ ਨੂੰ ਸਵੇਰੇ ਉੱਠ ਕੇ ਮੰਦਰ ਜਾਣ ਦੀ ਜ਼ਰੂਰਤ ਪਈ ਸੀ ਅਤੇ ਨਾ ਪ੍ਰਸ਼ਨ-ਪੱਤਰ ਤਕਸੀਮ ਹੋਣ ਤੋਂ ਪਹਿਲਾਂ ਅੱਖਾਂ ਮੀਟ ਕੇ ਮੰਤਰ ਪੜ੍ਹਨ ਦੀ।

ਉਸ ਨੇ ਜੋ ਕਰਨਾ ਸੀ, ਉਹ ਸੀ ਠੰਢੇ ਦਿਮਾਗ਼ ਨਾਲ ਪੇਪਰ ਪੜ੍ਹਨਾ, ਸਭ ਤੋਂ ਵਧੀਆ ਆਉਂਦੇ ਸਵਾਲਾਂ ਦੀ ਚੋਣ ਕਰਨਾ ਅਤੇ ਹਰ ਪ੍ਰਸ਼ਨ ਲਈ ਸਮਾਂ ਨਿਯਤ ਕਰਕੇ ਉੱਤਰ ਲਿਖਣ ਜੁੱਟ ਜਾਣਾ।



ਪਹਿਲੇ ਘੰਟੇ ਦੇ ਮੌਤ ਵਰਗੇ ਸੰਨਾਟੇ ਵਿਚ ਇਹ ਕੰਮ ਅਸਾਨੀ ਨਾਲ ਸਿਰੇ ਚੜ੍ਹ ਰਿਹਾ ਸੀ। ਪਹਿਲਾ ਪ੍ਰਸ਼ਨ ਛੋਹਂਦਿਆਂ ਹੀ ਉਹਦੇ ਦਿਮਾਗ਼ ਅਤੇ ਪੈਨ ਦਾ ਤਾਲ-ਮੇਲ ਬੈਠ ਗਿਆ। ਜਵਾਬ ਰੱਬੀ-ਬਾਣੀ ਵਾਂਗ ਕਾਗਜ਼ਾਂ ਤੇ ਉਤਰਨ ਲੱਗੇ। ਜੇ ਇਸੇ ਤਰ੍ਹਾਂ ਸਵਾਲ ਹੱਲ ਹੁੰਦੇ ਰਹੇ ਤਾਂ ਕਿਹੜਾ ਭੜੂਆ ਉਸਨੂੰ ਡਾਕਟਰ ਬਣਨੋਂ ਰੋਕ ਸਕਦੈ।

ਖਰੈਤੀ ਨਾਲੇ ਸਵਾਲ ਕਰ ਰਿਹਾ ਸੀ, ਨਾਲੇ ਆਪਣੇ ਜਮਾਤੀ ਹਮੀਦ ਤੇ ਮੁਸਕਰਾ ਰਿਹਾ ਸੀ। ਹਮੀਦ ਯਕੀਨ ਕਰਨ ਲਈ ਤਿਆਰ ਨਹੀਂ ਸੀ ਕਿ ਟੱਟੀਆਂ ਚੁੱਕਣ ਵਾਲੇ ਧਾਨਕਿਆਂ ਦਾ ਮੁੰਡਾ ਵੀ ਉਹਦੇ ਬਾਪ ਵਾਂਗ ਡਾਕਟਰ ਅਖਵਾ ਸਕਦੈ। ਰੇਹੜੀ ਵਾਹੁਣ ਵਾਲਾ ਸੰਤਾ ਕੜਕਦੀ ਧੁੱਪ ਵਾਲੀ ਦੁਪਹਿਰ ਪੱਖੇ ਥੱਲੇ ਕਿਵੇ ਬਿਤਾ ਸਕਦੈ? ਮੁੰਡਾ ਜੰਮਣ ਵਾਲੀਆਂ ਨੂੰ ਵਧਾਈ ਦੇਣ ਲਈ ਸਾਰਾ-ਸਾਰਾ ਦਿਨ ਹਸਪਤਾਲ ਦੇ ਗੇਟ ਤੇ ਖੜ੍ਹੀ ਰਹਿਣ ਵਾਲੀ ਜਮਾਦਾਰਨੀ ਡਾਕਟਰ ਦੀ ਮਾਂ ਵਾਲੀ 'ਬੀਬੀ ਜੀ' ਕਿਵੇਂ ਬਣ ਸਕਦੀ ਹੈ।

ਖਰੈਤੀ ਨਾਲੋਂ ਹੁਸ਼ਿਆਰ ਬਥੇਰੇ ਵਿਦਿਆਰਥੀ ਸਨ ਕਾਲਸ ਵਿਚ। ਧਨਕਿਆਂ ਦਾ ਉਹ ਇਕੱਲਾ ਹੀ ਸੀ। ਸ਼ਾਇਦ ਇਸੇ ਕਰਕੇ ਹਮੀਦ ਨੂੰ ਉਹਨਾਂ ਜਮਾਦਾਰਾਂ ਦੇ ਬਰਾਬਰ ਬੈਠਣਾ ਚੰਗਾ ਨਹੀਂ ਸੀ ਲੱਗਦਾ, ਜਿਨ੍ਹਾਂ ਦੀਆਂ ਸੈਂਕੜੇ ਪੀੜ੍ਹੀਆਂ ਉਹਨਾਂ ਦੇ ਬਜ਼ੁਰਗਾਂ ਦਾ ਗੰਦ ਢੋਂਦੀਆਂ, ਉਹਨਾਂ ਦੀ ਜੂਠ ਖਾਦੀਆਂ ਅਤੇ ਉਹਨਾਂ ਦੇ ਉਤਾਰ ਵਿਆਹ ਸ਼ਾਦੀਆਂ ਲਈ ਸੰਭਾਲ ਸੰਭਾਲ ਰੱਖਦੀਆਂ ਆ ਰਹੀਆਂ ਸਨ।

ਖਰੈਤੀ ਨੂੰ ਚਿੜਾਉਣ ਲਈ ਅਕਸਰ ਉਹ ਮਹਿਫਲ ਜਮਾਉਂਦਾ ਅਤੇ ਉਸ ਮੂਰਖ ਡੱਡੂ ਦੀ ਕਹਾਣੀ ਸੁਣਾਉਣ ਲੱਗਦਾ, ਜਿਹੜਾ ਸਾਰਸਾਂ ਦੀਆਂ ਗੱਲਾਂ ਸੁਣ ਵਿਸ਼ਾਲ ਸਮੁੰਦਰਾਂ ਦੇ ਸੁਫ਼ਨੇ ਦੇਖਣ ਲੱਗਾ ਸੀ। ਬਿਗਾਨੇ ਪਰਾਂ ਦੇ ਸਹਾਰੇ ਉੱਡਦਾ ਅੱਧ-ਅਸਮਾਨੋਂ ਗਿਰ ਕੇ ਉਹ ਨਾ ਘਰ ਦਾ ਰਿਹਾ ਸੀ ਨਾ ਘਾਟ ਦਾ।

ਪਿਛੋਂ ਜਮਾਤੀਆਂ ਨੇ ਉਸ ਦਾ ਨਾਂ 'ਮੂਰਖ ਡੱਡੂ' ਅਤੇ ਪ੍ਰੋਫੈਸਰ ਜਗਜੀਤ ਦਾ ਨਾਂ 'ਸਾਰਸ' ਰੱਖ ਦਿੱਤਾ ਸੀ।

ਸਿਗਰਟਾਂ ਫੂਕਦੇ, ਚਾਹਾਂ ਪੀਂਦੇ ਅਤੇ ਸੁਮਿਦਾ ਨਾਲ ਗੱਪਾਂ ਮਾਰਦੇ ਹਮੀਦ ਨੂੰ ਦੇਖ ਕੇ ਖਰੈਤੀ ਮਨ ਹੀ ਮਨ ਖ਼ੁਸ਼ ਹੋ ਰਿਹਾ ਸੀ। ਏਨਾ ਔਖਾ ਪੇਪਰ ਹੈ। ਹਮੀਦ ਜ਼ੋਰ ਲਾ ਲਏ, ਪੰਜ ਨੰਬਰ ਵੀ ਹਾਸਲ ਨਹੀਂ ਕਰ ਸਕਦਾ।

ਫੇਰ ਵੀ ਫਿਕਰ ਦੇ ਨਿਸ਼ਾਨ ਉਹਦੇ ਚਿਹਰੇ ਤੇ ਕਿਉਂ ਨਹੀਂ ? ਇਹ ਖਰੈਤੀ ਦੀ ਸਮਝੋਂ ਬਾਹਰ ਸੀ। ਠੀਕ ਹੈ, ਉਹ ਸ਼ਹਿਰ ਦੇ ਸਭ ਤੋਂ ਮਸ਼ਹੂਰ ਡਾਕਟਰ ਫਖ਼ਰੁਦੀਨ ਦਾ ਮੁੰਡਾ ਹੈ। ਉਹਨਾਂ ਦਾ ਸੌ ਬਿਸਤਰਿਆਂ ਦਾ ਹਸਪਤਾਲ ਹੈ। ਦੋ ਵੱਡੇ-ਭਰਾ ਵੀ ਡਾਕਟਰ ਹਨ। ਹਮੀਦ ਪ੍ਰੀ-ਮੈਡੀਕਲ ਪਾਸ ਕਰੇ ਸਹੀ। ਮੁੱਖੀ-ਮੰਤਰੀ ਦੇ ਕੋਟੇ 'ਚੋਂ ਨਾਮੀਨੇਸ਼ਨ ਪੱਕੀ ਹੈ। ਫਖ਼ੁਰ ਨੇ ਖੱਦਰ ਐਵੇਂ ਤਾਂ ਨਹੀਂ ਪਹਿਨਿਆ ਹੋਇਆ।

ਪਰ ਪਾਸ ਹੋਣ ਲਈ ਵੀ ਤਾਂ ਚਾਰ ਵਰਕੇ ਭਰਨੇ ਹੀ ਪੈਣੇ ਸਨ। ਕਿਸੇ ਨੇ ਖਾਲੀ ਪੰਨਿਆਂ ਤੇ

ਤਾਂ ਨੰਬਰ ਨਹੀਂ ਲਾ ਦੇਣੇ।

ਖਰੈਤੀ ਦੇਖੇਗਾ। ਮੂਰਖ ਉਹ ਹੈ ਜਾਂ ਹਮੀਦ। ਉਹ ਹੋਰਨਾਂ ਦੇ ਪਰਾਂ ਸਹਾਰੇ ਉਡਣ ਵਾਲਾ ਡੱਡੂ ਨਹੀਂ। ਉਹ ਤਾਂ ਬਾਜ਼ ਹੈ ਬਾਜ਼। ਆਪਣੇ ਪਰ ਉਗਾਣ ਲਈ ਉਹਨਾਂ ਬਾਰਾਂ ਸਾਲ ਮਿਹਨਤ ਕੀਤੀ ਹੈ। ਹਮੀਦ ਦੇਖਦਾ ਰਹਿ ਜਾਏਗਾ, ਕਿਵੇਂ ਬਾਜ਼ ਵਾਂਗ ਉਹ ਆਪਣੀ ਸੀਟ ਹਥਿਆਉਂਦਾ ਹੈ।

ਲੱਖ ਯਤਨ ਕਰਨ ਤੇ ਵੀ ਉਹ ਸੋਲਾਂ ਪੰਨਿਆਂ ਵਿਚ ਦੋ ਤੋਂ ਵੱਧ ਪ੍ਰਸ਼ਨ ਨਹੀਂ ਸੀ ਸਮੇਟ ਸਕਿਆ।

ਜਿਉਂ ਹੀ ਵਾਧੂ ਸੀਟ ਲੈਣ ਲਈ ਖਰੈਤੀ ਖੜ੍ਹਾ ਹੋ ਗਿਆ, ਸਾਰੇ ਹਾਲ ਵਿਚ ਗੜਬੜੀ ਜਿਹੀ ਮੱਚ ਗਈ। ਜਿਵੇਂ ਖਰੈਤੀ ਨੇ ਬੰਬ ਸੁੱਟਿਆ ਹੋਵੇ। ਪਹਿਲੀ ਸ਼ੀਟ ਭਰਨ ਵਾਲਾ ਖਰੈਤੀ ਪਹਿਲਾ ਵਿਦਿਆਰਥੀ ਸੀ। ਪ੍ਰਿੰਸੀਪਲ ਦਾ ਨਿੰਦੀ ਵੀ ਹਾਲੇ ਤਾਂ ਮੂੰਹ ਵਿਚ ਪੈੱਨ ਦੇਈ ਬੈਠਾ ਸੀ। ਸਾਰਾ ਵਰ੍ਹਾ ਟਿਊਸ਼ਨ ਰੱਖਣ ਵਾਲੇ ਟੀਟੂ ਅਤੇ ਫਜ਼ਿਕਸ ਦੇ ਪ੍ਰੋਫੈਸਰ ਦੀ ਧੀ ਅਨੀਤਾ ਦੀਆਂ ਹਾਲੇ ਅੱਧੀਆਂ ਸ਼ੀਟਾਂ ਵੀ ਨਹੀਂ ਸੀ ਭਰੀਆਂ।

ਭਰੀ ਸ਼ੀਟ ਨੂੰ ਕੂਹਣੀਆਂ ਹੇਠ ਦਬਾ ਕੇ ਉਹਨੇ ਤੀਜਾ ਪ੍ਰਸ਼ਨ ਅਰੰਭਿਆ ਹੀ ਸੀ ਕਿ ਪਿੱਛੇ ਬੈਠੇ ਜਗਤਾਰ ਦੀਆਂ ਹੁੱਜਾਂ ਤੇਜ਼ ਹੋ ਗਈਆਂ।

ਰੋਲ ਨੰਬਰਾਂ ਦੇ ਹਿਸਾਬ ਨਾਲ ਸ਼ੀਟਾਂ ਲੱਗਦੀਆਂ ਤਾਂ ਜਗਤਾਰ ਦੀ ਸੀਟ ਸੁਮਿਦਾ ਦੇ ਪਿੱਛੇ ਬਣਦੀ ਸੀ। ਸੀਟਾਂ ਲਾਉਣ ਵਿਚ ਪਤਾ ਨਹੀਂ ਕੀ ਹੇਰਾ-ਫੇਰੀ ਕੀਤੀ ਗਈ ਸੀ। ਹੈੱਡ ਕਲਰਕ ਦਾ ਪੁੱਤਰ ਜਗਤਾਰ ਉਹਦੇ ਪਿੱਛੇ ਬਿਠਾ ਦਿੱਤਾ ਗਿਆ ਸੀ। ਹਮੀਦ ਦੀ ਸੀਟ ਬਿਲਕੁਲ ਅਖੀਰ ਵਿਚ। ਤਾਂ ਜੋ ਕੋਈ ਰੋਕ-ਟੋਕ ਨਾ ਹੋਵੇ। ਸੁਮਿਦਾ ਦੀ ਵਿਚਕਾਰ। ਤਾਂ ਜੋ ਸਾਰੇ ਵਿਦਿਆਰਥੀਆਂ ਤੇ ਨਿਗਾਹ ਰੱਖ ਸਕੇ। ਖਰੈਤੀ ਵਾਂਗ ਹੀ ਸੋਹਣ ਵੀ ਦਸਵੀਂ ਲਾਈਨ 'ਚ ਪਹਿਲਾਂ। ਪ੍ਰਿੰਸੀਪਲ ਦੇ ਮੁੰਡੇ ਨਿੰਦੀ ਨੂੰ ਕੋਈ ਤੰਗ ਨਾ ਕਰ ਸਕੇ। ਇਸ ਲਈ ਉਹਦੀ ਸੀਟ ਸੁਪਰਡੈਂਟ ਨੇ ਆਪਣੇ ਕੋਲ ਲਾ ਲਈ ਸੀ।

ਹਾਲ 'ਚ ਵੜਦਿਆਂ ਹੀ ਹੈੱਡ ਕਲਰਕ ਨੇ ਮਿੱਠੀਆਂ-ਮਿੱਠੀਆਂ ਗੱਲਾਂ ਕੀਤੀਆਂ ਸਨ। ਲੱਕੜ ਨਾਲ ਲੋਹਾਂ ਵੀ ਤਰ ਜਾਂਦੈ। ਵੱਡਿਆਂ ਦੀਆਂ ਵੱਡੀਆਂ ਗੱਲਾਂ ਹੁੰਦੀਆਂ ਹਨ। ਜਗਤਾਰ ਖਰੈਤੀ ਵਰਗਾ ਹੀ ਹੈ। ਉਹਦਾ ਕੁਝ ਨਹੀਂ ਵਿਗੜਨਾ, ਜਗਤਾਰ ਰੋਟੀ ਜੋਗਾ ਹੋ ਜੂ।

ਖਰੈਤੀ ਨੂੰ ਸਮਝ ਨਹੀਂ ਸੀ ਆਉਂਦੀ। ਸਾਰੇ ਉਸ ਮਗਰ ਹੱਥ ਧੋ ਕੇ ਕਿਉਂ ਪਏ ਹਨ? ਉਹ ਇਕੱਲਾ ਹੀ ਤਾਂ ਲਾਲਾ ਹਰਦਿਆਲ ਨਹੀਂ, ਉਸ ਵਰਗੇ ਵੀਹ ਹੋਰ ਹਨ। ਸਭ ਅਰਾਮ ਨਾਲ ਆਪਣੇ ਆਪਣੇ ਕੰਮ ਵਿਚ ਰੁੱਝੇ ਹੋਏ ਹਨ।

ਜਗਤਾਰ ਨੂੰ ਟਾਲ ਕੇ ਹਟਿਆ ਹੀ ਸੀ ਕਿ ਸੁਮਿਦਾ ਆ ਧਮਕੀ।

ਜਗਤਾਰ ਨਕਲ ਮਾਰ ਲਏ ਤਾਂ ਮਾਰ ਲਏ। ਸੁਮਿਦਾ ਨੂੰ ਤਾਂ ਉਹ ਕਦੇ ਵੀ ਸੀਟ ਨਹੀਂ ਦੇਵੇਗਾ। ਜਾਏ ਆਪਦੇ ਹਮੀਦ ਕੋਲ। ਡੱਡੂ ਲੂੰਬੜੀ ਦਾ ਕੀ ਸਵਾਰ ਸਕਦੈ?

ਜਦੋਂ ਡਿਪਟੀ ਸੁਪਰਡੈਂਟ ਹੀ ਸਿਰ ਤੇ ਆ ਖੜੋਤਾ ਤਾਂ ਖਰੈਤੀ ਰੋਣ-ਹਾਕਾ ਹੋ ਗਿਆ। ਸੁਮਿਦਾ

(67)
LAAM



ਦੇ ਧਨੀ ਬਾਪ ਦਾ ਉਹਨੂੰ ਹੁਣ ਕੋਈ ਰੋਹਬ ਨਹੀਂ ਸੀ। ਅਗਲੇ ਸਾਲ ਉਸ ਨੇ ਮੈਡੀਕਲ ਕਾਲਜ ਚਲੇ ਜਾਣਾ ਸੀ। ਇਹਨਾਂ ਸਟਾਫ ਵਾਲਿਆਂ ਦਾ ਕੀ ਕਰੇ? ਉਸ ਨੇ ਸੁਣ ਰੱਖਿਆ ਸੀ ਕਿ ਇਕ ਹਰਖੇ ਸੁਪਰਵਾਈਜ਼ਰ ਨੇ ਇਕ ਵਾਰ ਕਿਸੇ ਮੁੰਡੇ ਦੀ ਆਨਸਰ-ਸ਼ੀਟ ਤੋਂ ਇਕ ਸਵਾਲ ਕੱਟ ਦਿੱਤਾ ਸੀ। ਮੈਰਿਟ 'ਚ ਆਉਂਦਾ-ਆਉਂਦਾ ਉਹ ਮਸਾਂ ਹੀ ਪਾਸ ਹੋਇਆ ਸੀ। ਇਹ ਤਾਂ ਪਰਚਾ ਹੀ ਫਿਜ਼ਿਕਸ ਦਾ ਹੈ। ਕਿਸੇ ਨਮੈਰੀਕਲ ਦੇ ਅੱਗੇ 'ਏਕਾ' 'ਦੂਆ' ਜਾਂ ਪਿੱਛੇ 'ਜ਼ੀਰੋ' ਵੀ ਲਿਖ ਦਿਉ ਤਾਂ ਹੀ ਭੱਠਾ ਬੈਠ ਸਕਦਾ ਹੈ। ਉਹ ਇਸ ਤਰ੍ਹਾਂ ਦਾ ਜੋਖਮ ਨਹੀਂ ਸੀ ਲੈ ਸਕਦਾ।

ਭਾਰੇ ਮਨ ਨਾਲ ਉਸ ਨੂੰ ਆਨਸਰ-ਸ਼ੀਟ ਤੋਂ ਕੂਹਨੀਆਂ ਖਿਸਕਾ ਉਣੀਆਂ ਪਈਆਂ। ਆਨਸਰ-ਸ਼ੀਟ ਜਾਂਦਿਆਂ ਹੀ ਖਰੈਤੀ ਨੂੰ ਆਪਣੇ ਖੰਭ ਕੱਟੇ ਗਏ ਮਹਿਸੂਸ ਹੋਣ ਲੱਗੇ। ਉਸ ਦੀ ਇਕਾਗਰਤਾ ਭੰਗ ਹੋ ਗਈ। ਭਾਂਤ-ਭਾਂਤ ਦੇ ਫਿਕਰ ਉਸ ਨੂੰ ਆ ਚਿੰਬੜੇ। ਸੁਮਿਦਾ ਦੀ ਹਮੀਦ ਨਾਲ ਯਾਰੀ ਸੀ। ਪਹਿਲਾਂ ਉਹ ਆਪ ਨਕਲ ਕਰੇਗੀ, ਫੇਰ ਹਮੀਦ ਨੂੰ ਕਰਾਏਗੀ, ਹਮੀਦ ਜੋ ਹਰ ਹਾਲਤ ਵਿਚ ਖਰੈਤੀ ਨੂੰ ਫੇਲ੍ਹ ਹੋਇਆ ਦੇਖਣਾ ਚਾਹੁੰਦਾ ਹੈ।

ਨਕਲ ਤਾਂ ਨਕਲ, ਹਮੀਦ ਕੋਈ ਵੀ ਕਮੀਨੀ ਹਰਕਤ ਕਰ ਸਕਦਾ ਹੈ। ਕੀ ਵਸਾਹ ਕਿਸੇ ਲਾਈਨ ਤੇ ਕਾਟਾ ਮਾਰ ਦੇਵੇ, ਸਿਆਹੀ ਡੋਲ ਜਾਵੇ, ਵਰਕਾ ਹੀ ਪਾੜ ਦੇਵੇ।

ਆਨਸਰ-ਸ਼ੀਟ ਦੇ ਕੇ ਉਹ ਕਿਧਰੇ ਸੱਚਮੁੱਚ ਤਾਂ ਮੂਰਖਤਾ ਨਹੀਂ ਕਰ ਬੈਠਾ? ਕਿਧਰੇ ਉਸ ਨੇ ਆਪਣੇ ਪਰਿਵਾਰ ਅਤੇ ਪ੍ਰੋਫੈਸਰ ਦੇ ਸੁਫ਼ਨਿਆਂ ਨੂੰ ਹਮੀਦ ਦੇ ਹਵਾਲੇ ਤਾਂ ਨਹੀਂ ਕਰ ਦਿੱਤਾ।

ਲੱਖ ਯਤਨ ਕਰਨ ਤੇ ਵੀ ਖਰੈਤੀ ਨੂੰ ਅਗਲੇ ਪ੍ਰਸ਼ਨ ਦਾ ਹੱਲ ਨਹੀਂ ਸੀ ਆਉੜ ਰਿਹਾ। ਬਾਰ-ਬਾਰ ਇਕੋ ਸਵਾਲ ਉਹਦਾ ਪਿੱਛਾ ਕਰ ਰਿਹਾ ਸੀ। ਹਮੀਦ ਹੱਥੀਂ ਗਈ ਆਨਸਰ-ਸ਼ੀਟ ਸਹੀ ਸਲਾਮਤ ਮੁੜ ਵੀ ਆਏਗੀ ਜਾਂ ਨਹੀਂ?

ਇਸੇ ਸੋਚ 'ਚ ਸਾਰੀ ਤਰਤੀਬ ਉੱਪਰ-ਥੱਲੇ ਹੋ ਗਈ ਸੀ।

ਕੁਝ ਪਲ ਪਹਿਲਾਂ ਇੰਝ ਨਹੀਂ ਸੀ। ਉਦੋਂ ਤਾਂ ਉਸ ਨੂੰ ਲੱਗਦਾ ਸੀ, ਜੱਸੇ ਦੇ ਫੱਤੂ ਅਤੇ ਰਾਜੇ ਦੇ ਨੰਦੂ ਵਾਂਗ ਉਨ੍ਹਾਂ ਦੇ ਦਿਨ ਵੀ ਫਿਰਨ ਵਾਲੇ ਹਨ। ਉਹ ਤਾਂ ਸਾਰੀਆਂ ਦਸ-ਦਸ ਪੜ੍ਹੇ ਸਨ। ਉਹ ਵੀ ਤੀਜੇ ਦਰਜੇ ਵਿਚ। ਖਰੈਤੀ ਤਾਂ ਮੈਰਿਟ ਵਿਚ ਆਇਆ ਸੀ। ਫੱਤੂ ਪਹਿਲਾਂ ਤਹਿਸੀਲ ਵਿਚ ਕਲਰਕ ਲੱਗਿਆ। ਫਿਰ ਤਰੱਕੀ ਕਰ ਕੇ ਨਾਇਬ ਤਹਿਸੀਲਦਾਰ ਬਣ ਗਿਆ। ਜੱਸੇ ਨੇ ਉਸੇ ਦਿਨ ਮਿਊਂਸਪਲ ਕਮੇਟੀ ਦਾ ਕੂੜਾ ਢੋਣ ਵਾਲੀ ਝੋਟਾ-ਗੱਡੀ ਕਮੇਟੀ ਦੇ ਦਫ਼ਤਰ ਖੜ੍ਹਾ ਦਿੱਤੀ। ਮਾਂ ਨਾਲੀਆਂ ਸਾਫ਼ ਕਰਨੋਂ ਹਟਾ ਲਈ। ਅੱਜ-ਕੱਲ੍ਹ ਉਹਦੀ ਬਾਈਪਾਸ ਤੇ ਕੋਠੀ ਬਣਦੀ ਹੈ। ਨੰਦੂ ਤੇ ਮਾਲਕਾਂ ਦੀ ਮੇਹਰਬਾਨੀ ਹੋਈ। ਜਿਨ੍ਹਾਂ ਦੇ ਬੱਚੇ ਖਿਡਾਉਂਦਾ ਸੀ, ਉਨ੍ਹਾਂ ਨੇ ਹੀ ਪੜ੍ਹਾ ਕੇ ਓਵਰਸੀਅਰੀ ਕਰਾ ਦਿੱਤੀ। ਲੱਗਿਆ ਵੀ ਸੜਕਾਂ ਦੇ ਮਹਿਕਮੇ ਵਿਚ। ਰਾਜਾ ਹੁਣ ਚੌਧਰੀ ਅਖਵਾਉਣ ਲੱਗੈ। ਉਸ ਨੇ ਚਿੱਟੇ ਕੱਪੜੇ ਪਾਉਣੇ ਤੇ ਹੁੱਕਾ ਪਾਣੀ ਭਰਨ ਲਈ ਸੇਵਾਦਾਰ ਰੱਖਣੇ ਸ਼ੁਰੂ ਕਰ ਦਿੱਤੇ ਨੇ।

ਖ਼ਰੈਤੀ ਨੇ ਉਨ੍ਹਾਂ ਤੋਂ ਕਈ ਘਲਾਰਾਂ ਅੱਗੇ ਪੁੱਟਣੀਆਂ ਹਨ। ਉਸਦੀ ਪਿੱਠ ਤੇ ਵੀ ਫਰਿਸ਼ਤਿਆਂ ਵਰਗੇ ਪ੍ਰੋਫੈਸਰ ਦਾ ਹੱਥ ਹੈ।

ਜੇ ਪ੍ਰੋਫੈਸਰ ਨਾਲ ਮੁਲਾਕਾਤ ਨਾ ਹੁੰਦੀ ਤਾਂ ਕਿਸੇ ਨੇ ਦੱਸਣਾ ਸੀ ਖ਼ਰੈਤੀ ਨੂੰ ਕਿ ਕਾਲਜ ਨਾਂ ਦੀ ਵੀ ਕੋਈ ਚੀਜ਼ ਹੁੰਦੀ ਹੈ। ਦਸਵੀਂ ਪਾਸ ਕਰਨ ਤਕ ਉਹ ਸਮਝਦਾ ਸੀ, ਫੁੱਲਾਂ ਬੂਟਿਆਂ ਨਾਲ ਮਹਿਕਦੀ ਇਹ ਜਗ੍ਹਾ ਤਾਂ ਸੁਰਖੀਆਂ ਪਾਊਡਰਾਂ ਵਾਲੀਆਂ ਕੁੜੀਆਂ ਅਤੇ ਜੀਨਾਂ ਦੀਆਂ ਪੈਂਟਾਂ ਪਾਉਣ ਵਾਲੇ ਮੁੰਡਿਆਂ ਦੀ ਕੋਈ ਐਸ਼ਗਾਹ ਹੈ।

ਦਸਵੀਂ ਦਾ ਇਮਤਿਹਾਨ ਦੇ ਕੇ ਵਿਹਲਾ ਹੋਇਆ ਖਰੈਤੀ ਲੇਬਰ ਚੌਂਕ ਖੜੋਣ ਲੱਗਾ ਸੀ। ਉਹਨੀਂ ਦਿਨੀਂ ਵਿਚੋਲਾ ਛੋਟੇ ਦੇ ਵਿਆਹ ਲਈ ਜ਼ੋਰ ਪਾ ਰਿਹਾ ਸੀ। ਸੰਤਾ ਪੰਜਾਂ ਸਾਲਾਂ ਦਾ ਵਿਆਹ ਪਿੱਛੇ ਪਾ ਰਿਹਾ ਸੀ। ਪੜ੍ਹ ਲਿਖ ਕੇ ਮੁੰਡਾ ਬਿਜਲੀ ਬੋਰਡ 'ਚ ਲਾਈਨਮੈਨ ਵੀ ਲੱਗ ਗਿਆ ਸੀ। ਹੋਰ ਦੇਰ ਕਰਨ ਨਾਲ ਮੁੰਡਾ ਹੱਥੋਂ ਖੁੱਸ ਸਕਦਾ ਸੀ। ਖਰੈਤੀ ਦੇ ਦਿਹਾੜੀ ਜਾਣ ਨਾਲ ਹੱਥ ਕੁਝ ਮੋਕਲਾ ਹੋਣ ਲੱਗਾ ਸੀ।

ਇਕੱਲਾ ਖਰੈਤੀ ਹੀ ਡਾਕਟਰ ਬਣਨ ਲਈ ਮਿਹਨਤ ਨਹੀਂ ਕਰ ਰਿਹਾ ਸੀ। ਸਾਰੇ ਟੱਬਰ ਨੇ ਹੀ ਦਿਨ ਰਾਤ ਇਕ ਕਰ ਰੱਖਿਆ ਸੀ। ਛੋਟਾ ਭਰਾ ਦੀਨਾ ਚੌੜੇ ਜੁੱਸੇ ਵਾਲਾ ਸੀ। ਅਗਲੀ ਜਮਾਤ ਚੜ੍ਹਦਾ ਤਾਂ ਸੀ ਪਰ ਖਰੈਤੀ ਵਾਂਗ ਚਮਕਦਾ ਨਹੀਂ ਸੀ। ਘਰ ਵਿਚੋਂ ਇਕ ਪੜ੍ਹ ਜਾਏ, ਬਥੇਰੈ। ਦੀਨੇ ਨੂੰ ਸਕੂਲੋਂ ਹਟਾ ਕੇ ਖਾਨਦਾਨੀ ਪੇਸ਼ਾ ਸੰਭਾਲ ਦਿੱਤਾ ਗਿਆ ਸੀ। ਸੱਤਾ ਹੱਟਾ-ਕੱਟਾ ਸੀ। ਸੂਰਾਂ ਪਿੱਛੇ ਸਮਾਂ ਬਰਬਾਦ ਕਰਨ ਦੀ ਜ਼ਰੂਰਤ ਨਹੀਂ ਸੀ। ਬਾਪੂ ਨੇ ਹੱਥ-ਰੇਹੜੀ ਕਿਰਾਏ ਤੇ ਲੈ ਲਈ ਸੀ। ਮਾਂ ਹੋਰ ਸਾਜਰੇ ਉਠਣ ਲੱਗੀ ਸੀ। ਕਈਆਂ ਘਰਾਂ 'ਚ ਫਲੱਸ਼ ਲੱਗ ਗਏ ਸਨ। ਟੱਟੀਆਂ ਚੁੱਕਣ ਵਿਚ ਬਹੁਤੀ ਦਿਕਤ ਨਹੀਂ ਹੁੰਦੀ। ਦੋ ਤਿੰਨ ਘਰ ਵੱਧ ਸੰਭਾਲ ਲਏ। ਡਾਕਟਰ ਦਾ ਭਨੋਈਆ ਅਖਵਾਉਣ ਦੇ ਚਾਅ ਵਿਚ ਛੋਟੇ ਦੇ ਸੌਹਰੇ ਵੀ ਵਿਆਹ ਹੋਰ ਅੱਗੇ ਪਾਉਣ ਲਈ ਮੰਨ ਗਏ ਸਨ। ਘਰ ਬੈਠੇ ਛੋਟੇ ਦੇ ਟੱਬਰ ਨੂੰ ਖਾਸਾ ਸਹਾਰਾ ਸੀ।

ਸਭ ਨੇ ਮਿਲ ਮਿਲਾ ਕੇ ਖਰੈਤੀ ਨੂੰ ਪੜ੍ਹਨ ਲਈ ਵਿਹਲਾ ਕੀਤਾ ਹੋਇਆ ਸੀ।

ਖਰੈਤੀ ਨੇ ਵੀ ਕਦੇ ਕੁਤਾਹੀ ਨਹੀਂ ਕੀਤੀ, ਦਿਨ ਰਾਤ ਕਿਤਾਬਾਂ ਨਾਲ ਖਪਦਾ ਰਿਹਾ। ਕਦੇ ਪ੍ਰੋਫੈਸਰ ਦੀ ਮੋਟਰ 'ਤੇ ਅਤੇ ਕਦੇ ਅਨੈਕਸੀ ਵਿਚ।

ਸਮਾਂ ਬਰਬਾਦ ਨਾ ਹੋਵੇ, ਇਸੇ ਲਈ ਤਾਂ ਉਹਨੇ ਕੌਡੀ ਖੇਡਣੀ ਛੱਡ ਦਿੱਤੀ ਸੀ। ਨਹੀਂ ਤਾਂ ਰੇਹੜੀਆਂ ਖਿੱਚ-ਖਿੱਚ ਅਤੇ ਦਿਹਾੜੀਆਂ ਕਰ-ਕਰ ਫੌਲਾਦ ਬਣੇ ਡੌਲੇ ਧੌਲੜਾਂ ਜਹੇ ਮੁੰਡਿਆਂ ਦੀ ਸਾਰੀ ਦੀ ਸਾਰੀ ਟੀਮ ਨੂੰ ਪਾਲੇ ਤਕ ਚੁੱਕ ਲਿਆਉਣ ਦੀ ਤਾਕਤ ਰੱਖਦੇ ਸਨ। ਕਬੱਡੀ ਲਾਲਿਆਂ ਦੇ ਮੁੰਡਿਆਂ ਦਾ ਖੇਡ ਨਹੀਂ।

ਹਾਲ ਦੀ ਘੜੀ ਉਸ ਨੇ ਨਕਲਾਂ ਕਰਨੀਆਂ ਵੀ ਛੱਡ ਦਿੱਤੀਆਂ ਸਨ। ਨਹੀਂ ਤਾਂ ਜਿਸ ਹਿਸਾਬ ਹਮੀਦ ਵਰਗੇ ਟੁੱਟੇ ਜਿਹੇ ਐਕਟਰ ਇਨਾਮ ਜਿੱਤ ਲਿਆਉਂਦੇ ਸਨ, ਉਸ ਪਿੱਛੇ ਤਾਂ ਰੇਡੀਓ ਟੀ.ਵੀ. ਵਾਲਿਆਂ ਨੇ ਕਤਾਰਾਂ ਬੰਨ੍ਹ ਲੈਣੀਆਂ ਸਨ।

ਪ੍ਰੋਫੈਸਰ ਨੇ ਸਭ ਗੱਲਾਂ ਤੋਂ ਮਨ੍ਹਾਂ ਕੀਤਾ ਹੋਇਆ ਸੀ। ਉਸ ਦਾ ਇਕੋ-ਇਕ ਨਿਸ਼ਾਨਾ ਮੈਡੀਕਲ ਕਾਲਜ ਸੀ। ਉਸ ਕੋਲ ਨਾ ਡੋਨੇਸ਼ਨ ਸੀ ਨਾ ਨਾਮੀਨੇਸ਼ਨ। ਉਸ ਨੇ ਕੇਵਲ ਨੰਬਰਾਂ ਦੇ ਸਹਾਰੇ ਲੜਨਾ





ਸੀ। ਬਥੇਰਾ ਸਮਾਂ ਸੀ ਉਸ ਕੋਲ। ਮੈਡੀਕਲ ਕਾਲਜ ਪੁੱਜ ਕੇ ਭਾਵੇਂ ਨਕਲਾਂ ਭਾਵੇਂ ਪਹਿਲਵਾਨੀ। ਉਦੋਂ ਤਕ ਸਭ ਬੰਦ।

ਆਨਸਰ-ਸ਼ੀਟ ਦੇ ਖੁੱਸਣ ਨਾਲ ਉਸ ਨੂੰ ਲੱਗ ਰਿਹਾ ਸੀ, ਉਸ ਦੀ ਸੀਟ ਖੁੱਸਣ ਲੱਗੀ ਸੀ।

ਅੱਧਾ ਸਮਾਂ ਬੀਤਣ ਦਾ ਐਲਾਨ ਖਰੈਤੀ ਤੇ ਵੀ ਤਲਵਾਰ ਵਾਂਗ ਵਰ੍ਹਿਆ।

ਅੱਧਾ ਘੰਟਾ ਬੀਤ ਗਿਆ ਸੀ। ਸਵਾਲ ਅੱਧਾ ਵੀ ਹੱਲ ਨਹੀਂ ਸੀ ਹੋਇਆ। ਘੜੀ ਨਾਲੋਂ ਉਹਦਾ ਤਾਲ-ਮੇਲ ਟੁੱਟ ਚੁੱਕਾ ਸੀ।

ਹਾਲ ਵਿਚ ਗੜਬੜੀ ਮੱਚੀ ਹੋਈ ਸੀ। ਕੋਈ ਕਿਸੇ ਦੀ ਨਹੀਂ ਸੀ ਸੁਣ ਰਿਹਾ। ਸਭ ਨੂੰ ਆਪਣੀ ਆਪਣੀ ਬਣੀ ਹੋਈ ਸੀ।

ਨਿੰਦੀ ਦਾ ਇਕ ਨਮੈਰੀਕਲ ਹੱਲ ਨਹੀਂ ਸੀ ਹੋ ਰਿਹਾ। ਖਰੈਤੀ ਬਿਨਾਂ ਹੋਰ ਕੋਈ ਉਸਦੀ ਮਦਦ ਵੀ ਨਹੀਂ ਕਰ ਸਕਦਾ। ਇਸੇ ਲਈ ਵਾਰ-ਵਾਰ ਉਹ ਸੁਪਰਟੈਂਡੈਂਟ ਨੂੰ ਖਰੈਤੀ ਵੱਲ ਜਾਣ ਲਈ ਤੁੰਨ ਰਿਹਾ ਸੀ।

ਇਕ ਛੋਟੀ ਜਿਹੀ ਸਫੈਦ ਚਿਟ ਲੈ ਕੇ ਖੁਦ ਸੁਪਰਡੈਂਟ ਖਰੈਤੀ ਕੋਲ ਆਇਆ ਅਤੇ ਫਾਰਮੂਲਾ ਲਿਖਣ ਦੀ ਬੇਨਤੀ ਕੀਤੀ।

ਸਮਾਂ ਪਹਿਲਾਂ ਹੀ ਉਹਨੂੰ ਧੋਖਾ ਦੇ ਚੁੱਕਾ ਸੀ। ਇਕ ਮਿੰਟ ਦੀ ਬਰਬਾਦੀ ਵੀ ਉਸ ਦੇ ਭਵਿੱਖ ਦੀ ਤਬਾਹੀ ਹੋ ਸਕਦੀ ਸੀ।

'ਘਬਰਾ ਨਾ ਬੇਟਾ ਜਿੰਨਾ ਸਮਾਂ ਖਰਾਬ ਹੋਊ...ਉਸ ਤੋਂ ਦੁਗਣਾ ਦੇ ਦੇਊਂ, ਉਹ ਸਾਡੇ ਪ੍ਰਿੰਸੀਪਲ ਦਾ ਮੁੰਡਾ ਹੈ..।'' ਖਰੈਤੀ ਦਾ ਢਿੱਲ ਮਿਸ ਦੇਖਕੇ ਚਿਟੇ ਵਾਲਾਂ 'ਚ ਉਂਗਲਾਂ ਨਾਲ ਕੰਘੀ ਕਰਦਾ ਸੁਪਰਡੈਂਟ ਵਾਅਦੇ ਤੇ ਵਾਅਦਾ ਕਰਦਾ ਜਾ ਰਿਹਾ ਸੀ।

ਸੁਪਰਡੈਂਟ ਦੇ ਰੋਹਬ ਅਤੇ ਵਾਧੂ ਸਮੇਂ ਨਾਲ ਵਿਗੜੀ ਸੰਵਰਨ ਦੇ ਲਾਲਚ ਵੱਸ ਉਸ ਨੇ ਚਿਟ ਤੇ ਫਾਰਮੂਲਾ ਝਰੀਟ ਦਿੱਤਾ।

''ਨਮੈਰੀਕਲ ਵੀ ਹੱਲ ਕਰ ਦੇ..ਮੂੰਹ ਬੰਨ੍ਹ ਕੇ ਘੜਾ ਨਹਾਉਣ ਵਾਲੀ ਗੱਲ ਨਾ ਕਰ...।'' ਸੁਪਰਟੈਂਡੈਂਟ ਉਹਦੀ ਪਿੱਠ ਵੀ ਥਾਪੜ ਰਿਹਾ ਸੀ ਤੇ ਘੂਰ ਵੀ ਰਿਹਾ ਸੀ।

ਸੁਪਰਡੈਂਟ ਨੂੰ ਗਲੋਂ ਲਾਹ ਕੇ ਫੇਰ ਘੜੀ ਦੇਖੀ। ਰਹਿੰਦੇ ਘੰਟੇ ਵਿਚ ਢਾਈ ਸਵਾਲ ਹੱਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਖਰੈਤੀ ਦੇ ਹੱਥ ਪੈਰ ਕੰਬਣ ਲੱਗੇ। ਦਿਮਾਗ ਚਕਰਾਉਣ ਲੱਗਾ। ਸਾਰਾ ਸਰੀਰ ਪਸੀਨੇ ਨਾਲ ਗੱਚ ਹੋ ਗਿਆ।

ਹਥਲਾ ਨਮੈਰੀਕਲ ਉਥੇ ਹੀ ਅਟਕ ਗਿਆ। ਖਰੈਤੀ ਦੀ ਯਾਦਦਾਸ਼ਤ ਨੂੰ ਪਤਾ ਨਹੀਂ ਕੀ ਸੱਪ ਸੁੰਘ ਗਿਆ ਸੀ? ਕਦੇ ਉਸ ਨੂੰ ਲੱਗਦਾ ਦੋ ਅਤੇ ਦੋ ਪੰਜ ਹੁੰਦੇ ਹਨ। ਕਦੇ ਲਗਦਾ ਤਿੰਨ ਹੁੰਦੇ ਹਨ।

ਕਦੇ ਪਾਂਜੇ ਤੇ ਕਾਟਾ ਮਾਰ ਦਿੰਦਾ ਕਦੇ ਤੀਏ ਤੇ।

ਪ੍ਰੋਫੈਸਰ ਦੀ ਗੱਲ ਫਿਰ ਚੇਤੇ ਆਈ। ਪਹਿਲਾਂ ਸੌਖਾ-ਸੌਖਾ ਕੰਮ ਨਬੇੜ ਲਏ। ਬਾਕੀ ਫੇਰ ਕਰ ਲਏਗਾ।

ਮਿੱਠਬੋਲੜੇ ਸੁਪਰਟੈਂਡੈਂਟ ਵੱਲ ਤੱਕਦਿਆਂ ਹੀ ਉਸ ਨੂੰ ਕੁਝ ਆਸ ਬੱਝੀ। ਨਿੰਦੀ ਨੇ ਇਹ ਨਮੈਰੀਕਲ ਜ਼ਰੂਰ ਹੱਲ ਕੀਤਾ ਹੋਣੈ।

ਨਿੰਦੀ ਤਾਂ ਉਸ ਵੱਲ ਝਾਕਿਆ ਵੀ ਨਹੀਂ। ਉਂਝ ਹੀ ਸਿਰ ਫੇਰ ਦਿੱਤਾ। ਉਹ ਨਮੈਰੀਕਲ ਤਾਂ ਉਸ ਨੇ ਹੱਲ ਕੀਤਾ ਹੀ ਨਹੀਂ।

''ਤੂੰ ਸੀਟ ਤੇ ਬੈਠ...ਮੈਂ ਕੋਸ਼ਿਸ਼ ਕਰਦਾਂ...'' ਆਖ ਕੇ ਸੁਪਰਟੈਂਡੈਂਟ ਰਾਊਂਡ ਤੇ ਨਿਕਲ ਗਿਆ।

ਇਕ-ਇਕ ਕਰਕੇ ਪੰਜ ਮਿੰਟ ਹੋਰ ਲੰਘ ਗਏ। ਬਿਟਰ-ਬਿਟਰ ਤੱਕਦਾ ਖਰੈਤੀ ਸੁਪਰਟੈਂਡੈਂਟ ਨੂੰ ਉਡੀਕਦਾ ਰਿਹਾ।

ਘੁੰਮਦੀ-ਘੁੰਮਦੀ ਉਸ ਦੀ ਨਜ਼ਰ ਤਰਲੋ-ਮੱਛੀ ਹੋ ਰਹੇ ਸੋਹਣੇ ਤੇ ਜਾ ਟਿਕੀ। ਪਰਚੀਆਂ ਲਈ ਉਹ ਤਰਲੇ ਕਰ ਰਿਹਾ ਸੀ। ਕੋਈ ਗੱਲ ਨਹੀਂ ਸੀ ਸੁਣ ਰਿਹਾ। ਸਗੋਂ ਸੁਪਰਵਾਈਜ਼ਰ ਉਸ ਨੂੰ ਝਿੜਕ ਜਾਂਦੇ ਸਨ। ਮਦਦ ਕਿਸ ਅਹਿਸਾਨ ਬਦਲੇ ਭਾਲਦੈ। ਜਦੋਂ ਕਾਲਜ ਵਾਲਿਆਂ ਨੇ ਸਟਾਫ਼ ਦੀ ਸੇਵਾ ਲਈ ਸੌ-ਸੌ ਰੁੱਪਿਆ ਇਕੱਠਾ ਕਰਿਆ ਸੀ ਤਾਂ ਸਿਰ ਫੇਰਨ ਵਾਲਿਆਂ ਵਿਚ ਇਕ ਸੋਹਣਾ ਵੀ ਸੀ। ਫੀਸਾਂ ਭਰਨ ਲਈ ਤਾਂ ਕਈ-ਕਈ ਦਿਨ ਦਿਹਾੜੀ ਕਰਨੀ ਪੈਂਦੀ ਹੈ। ਖੂਨ ਪਸੀਨੇ ਦੀ ਕਮਾਈ ਉਹ ਸਟਾਫ਼ ਵਾਲਿਆਂ ਦੀਆਂ ਸ਼ਰਾਬਾਂ, ਮੁਰਗਿਆਂ ਅਤੇ ਚੌਬਾਰਿਆਂ' ਲਈ ਕਿਵੇਂ ਦੇ ਦੇਵੇ? ਪਾਸ ਹੁੰਦਾ ਹੈ ਤਾਂ ਠੀਕ, ਨਹੀਂ ਅਗਲੀ ਵਾਰ ਸਹੀ। ਅਗਾਂਹ ਕਿਹੜਾ ਨੌਕਰੀਆਂ ਪਿਛੇ ਫਿਰਦੀਆਂ ਹਨ।

ਆਖਣ ਨੂੰ ਉਹ ਜੱਟਾਂ ਦਾ ਮੁੰਡਾ ਸੀ। ਹਾਲਤ ਖਰੈਤੀ ਨਾਲੋਂ ਵੀ ਭੈੜੀ। ਚੰਗਾ ਸੀ ਜਾਂ ਮਾੜਾ, ਖਰੈਤੀ ਨੂੰ ਛੁੱਟੀ ਲੈਣ ਦੀ ਜ਼ਰੂਰਤ ਨਹੀਂ ਸੀ ਪੈਂਦੀ। ਸੋਹਣੇ ਨੂੰ ਤਾਂ ਮਹੀਨੇ 'ਚ ਦਸ-ਦਸ ਦਿਨ ਗਾਇਬ ਰਹਿਣ ਪੈਂਦਾ ਸੀ। ਕਦੇ ਗੋਡੀ ਕਰਨੀ ਹੈ, ਕਦੇ ਪਾਣੀ ਲਾਉਣਾ ਹੈ। ਕਦੇ ਹਾੜੀ ਵੱਢਣੀ ਹੈ ਤੇ ਕਦੇ ਝੋਨਾ ਬੀਜਣਾ ਹੈ। ਕਦੇ ਕਚਹਿਰੀਆਂ, ਤਹਿਸੀਲੇ ਪੇਸ਼ੀ ਭੁਗਤਨੀ ਹੈ। ਜ਼ਮੀਨ ਥੋੜ੍ਹੀ ਤੇ ਕਬੀਲਦਾਰੀ ਵੱਡੀ। ਦਿਹਾੜੀਏ ਕਿਵੇਂ ਰੱਖਣ ?

ਬਹੁਤੇ ਉੱਚੇ ਨਿਸ਼ਾਨੇ ਵੀ ਨਹੀਂ। ਕੰਪਾਊਡਰੀ ਮਿਲ ਜਾਏ ਤਾਂ ਕਿਆ ਕਹਿਣੈ। ਨਹੀਂ ਸਾਇੰਸ ਮਾਸਟਰੀ ਹੀ ਸਹੀ। ਕਿਵੇਂ ਨਾ ਕਿਵੇਂ ਗਲੋਂ ਖੇਤੀ ਵਾਲੀ ਪੰਜਾਲੀ ਤਾਂ ਲਹੇ।

ਔਖੇ ਪੇਪਰ ਨੇ ਉਹਦੀ ਸਾਇੰਸ ਮਾਸਟਰੀ ਖੋਹ ਲਈ ਲੱਗਦੀ ਸੀ। ਬੈਠਾ ਵੀ ਦੂਰ ਸੀ। ਨੇੜੇ-ਤੇੜੇ ਹੋਵੇ ਤਾਂ ਖਰੈਤੀ ਹੀ ਆਪਣੀ ਆਨਸਰ-ਸ਼ੀਟ ਘੱਲ ਦੇਵੇ। ਨਾ ਸੁਮਿਦਾ ਨੇ ਸੀਟ ਮੋੜਨੀ ਸੀ ਨਾ ਹੀ ਸਟਾਫ਼ ਵਾਲਿਆਂ ਉਹਨਾਂ ਦੀ ਮਦਦ ਕਰਨੀ ਸੀ। ਉਹ ਤਾਂ ਇਹਨਾਂ ਕਾਲੀਆਂ ਭੇਡਾਂ ਨੂੰ ਸਬਕ ਸਿਖਾਉਣ ਤੇ ਤੁਲੇ ਹੋਏ ਹੋਣਗੇ।

ਵਿਹਲਾ ਬੈਠ ਦੇਖ ਕੇ ਪਿਛਲੇ ਜਗਤਾਰ ਅਤੇ ਸੱਜੇ ਹੱਕ ਆ ਬੈਠੇ ਬਬਲੇ ਦੀਆਂ ਧਮਕੀਆਂ



ਦੀ ਸੁਰ ਉੱਚੀ ਹੋ ਗਈ। ਵਿਹਲਾ ਹੀ ਬੈਠਾ ਸੀ। ਦੋ ਚਾਰ ਨੰਬਰਾਂ ਦੀ ਮਦਦ ਕਰ ਦੇਵੇ ਤਾਂ ਕਿਹੜਾ ਲੂਣ ਢਿਲਕ ਜਾਣਾ ਸੀ। ਖਰੈਤੀ ਕਿਵੇਂ ਸਮਝਾਏ। ਜੋ ਕੁਝ ਹੱਥ ਪੱਲੇ ਸੀ, ਉਹ ਤਾਂ ਪਹਿਲਾਂ ਹੀ ਸੁਮਿਦਾ ਲੈ ਗਈ ਸੀ।

ਪੰਜ ਮਿੰਟ ਹੋਰ ਬੀਤ ਗਏ। ਹਮੀਦ ਨੇ ਚਾਹ ਮੰਗਵਾ ਲਈ। ਸੁਪਰਡੈਂਟ ਬੇਫਿਕਰੀ ਨਾਲ ਗੱਪਾਂ ਮਾਰ ਰਿਹਾ ਸੀ।

ਕੀ ਕਰੇ ਖਰੈਤੀ? ਸਮਾਂ ਪੂਰੀ ਤਰ੍ਹਾਂ ਉਸ ਦੇ ਹੱਥੋਂ ਨਿਕਲ ਗਿਆ ਸੀ।

ਬਾਕੀ ਬਚਦੇ ਸਮੇਂ ਵਿਚ ਇਕ ਤੋਂ ਵੱਧ ਪ੍ਰਸ਼ਨ ਹੱਲ ਨਹੀਂ ਸੀ ਹੋ ਸਕਦਾ। ਡੇਢ ਸਵਾਲ ਦੇ ਰਹਿ ਜਾਣ ਦਾ ਮਤਲਬ ਸਾਫ ਸੀ।

ਦਬਾਦਬ ਉਸ ਨੇ ਬਾਕੀ ਪ੍ਰਸ਼ਨਾਂ ਤੇ ਨਿਗਾਹ ਮਾਰੀ। ਦੋ ਛੋਟੇ-ਛੋਟੇ ਪ੍ਰਸ਼ਨ ਵੀ ਸਨ। ਜਿਹਨਾਂ ਦੀ ਮਾੜੀ ਮੋਟੀ ਟੰਗ ਪੂਛ ਛੱਡ ਕੇ ਉਹਨੂੰ ਜਵਾਬ ਆਉਂਦੇ ਸਨ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਇਹੋ ਪ੍ਰਸ਼ਨ ਹੱਲ ਕਰਨ 'ਚ ਭਲਾ ਸੀ।

ਅੱਧਾ ਪ੍ਰਸ਼ਨ ਵੀ ਹੱਲ ਨਹੀਂ ਸੀ ਹੋਇਆ ਕਿ ਪੈੱਨ ਅਟਕ ਗਿਆ। ਭੁਲਦਾ-ਭੁਲਦਾ ਉਹ ਸਾਰਾ ਕੁਝ ਹੀ ਭੁੱਲ ਗਿਆ। ਇਹੋ ਜਿਹੇ ਉੱਤਰ ਦੇ ਵੀਹਾਂ ਚੋਂ ਚਾਰ ਪੰਜ ਤੋਂ ਵੱਧ ਨੰਬਰ ਨਹੀਂ ਸੀ ਮਿਲਣੇ।

ਖਿਝੇ ਖਰੈਤੀ ਨੇ ਪ੍ਰਸ਼ਨ ਤੇ ਵੱਡਾ ਸਾਰਾ ਕਾਟਾ ਮਾਰ ਦਿੱਤਾ। ਦੋ ਮਾੜੇ ਸਵਾਲ ਕਰਨ ਨਾਲੋਂ ਤਾਂ ਚੰਗਾ ਹੈ, ਇਕ ਵਧੀਆ ਸਵਾਲ ਹੀ ਕਰ ਲਏ।

ਮੁੜ ਉਸ ਨੇ ਪਹਿਲਾਂ ਵਾਲੇ ਪ੍ਰਸ਼ਨਾਂ ਵਿਚੋਂ ਇਕ ਨੂੰ ਛੋਹ ਲਿਆ।

ਖ਼ਰੈਤੀ ਹੈਰਾਨ ਸੀ, ਹਮੀਦ ਹਾਲੇ ਵੀ ਗੇੜੇ ਤੇ ਗੇੜਾ ਦੇਈ ਜਾ ਰਿਹਾ ਸੀ।

ਤੀਜਾ ਪ੍ਰਸ਼ਨ ਖ਼ਤਮ ਹੁੰਦਿਆਂ ਹੀ ਪੰਜ ਮਿੰਟ ਬਾਕੀ ਰਹਿਣ ਦਾ ਐਲਾਨ ਹੋ ਗਿਆ। ਬਾਕੀ ਰਹਿੰਦੇ ਡੇਢ ਸਾਵਲ ਦਾ ਪੰਜਾਂ ਮਿੰਟਾਂ 'ਚ ਕੀ ਕਰੇ?

ਹਾਲ ਵਿਚ ਖ਼ਮੋਸ਼ੀ ਸੀ। ਸਾਰੇ ਤਿੰਨ ਜਣੇ ਰਹਿੰਦੇ ਸਨ। ਉਹ, ਹਮੀਦ ਤੇ ਸੁਮਿਦਾ।

ਸੁਮਿਦਾ ਵੀ ਪੇਪਰ ਨੱਥੀ ਕਰ ਰਹੀ ਸੀ। ਉਸ ਕੋਲ ਆਨਸਰ-ਸ਼ੀਟਾਂ ਦੀਆਂ ਦੋ ਕਾਪੀਆਂ ਸਨ। ਇਕ ਆਪਣੀ ਤੇ ਇਕ ਖਰੈਤੀ ਵਰਗੇ ਕਿਸੇ ਹੋਰ ਦੀ।

ਕਚੀਚੀ ਵੱਟ ਕੇ ਉਹ ਸੁਪਰਡੈਂਟ ਦਾ ਵਾਅਦਾ ਯਾਦ ਕਰਨ ਲੱਗਾ। ਜੇ ਦਸ ਮਿੰਟ ਹੋਰ ਮਿਲ ਜਾਣ ਤਾਂ ਉਸ ਦਾ ਮਸਲਾ ਹੱਲ ਹੋ ਸਕਦਾ ਹੈ।

ਪਿਸ਼ਾਬ ਕਰਨ ਗਿਆ ਹਮੀਦ ਪੰਜਾਂ ਮਿੰਟਾਂ ਤੋਂ ਗਾਇਬ ਸੀ। ਸੁਮਿਦਾ ਚਲੀ ਗਈ ਸੀ। ਜ਼ਰੂਰ ਉਸ ਨਾਲ ਗੱਲੀਂ ਲੱਗ ਗਿਆ ਹੋਵੇਗਾ।

ਸਾਰੇ ਸਟਾਫ ਦੀ ਨਿਗਾਹ ਖਰੈਤੀ ਤੇ ਸੀ। ਤਿੰਨ ਘੰਟਿਆਂ ਦੀ ਖਪਾਈ ਕਾਰਨ ਸਭ ਥੱਕੇ ਟੁੱਟੇ ਪਏ ਸਨ।

"ਕਾਗ਼ਜ਼ ਨੱਥੀ ਕਰ ਬਈ...ਸਮਾਂ ਖ਼ਤਮ ਹੋ ਗਿਆ..." ਆਸ ਤੋਂ ਉਲਟ ਇਹ ਤਾੜਨਾ ਸੁਪਰਡੈਂਟ ਵਲੋਂ ਆਈ ਸੀ।

ਹਮੀਦ ਵਾਪਸ ਪਰਤ ਆਇਆ ਸੀ। ਆਉਂਦਿਆਂ ਹੀ ਉਸ ਨੇ ਇਕ ਮੋਟੀ ਸਾਰੀ ਆਨਸਰ-ਸ਼ੀਟ ਨੇਫੇ ਚੋਂ ਕੱਢ ਕੇ ਮੇਜ਼ ਤੇ ਟਿਕਾ ਲਈ। ਖਾਲੀ ਸੀਟ ਨੂੰ ਦਬਾਦਬ ਨੇਫ਼ੇ 'ਚ ਤੁੰਨਿਆਂ। ਬਾਹਰੋਂ ਆਈ ਸੀਟ ਤੇ ਰੋਲ ਨੰਬਰ ਲਿਖਿਆ ਤੇ ਸੁਪਰਡੈਂਟ ਨੂੰ ਫੜਾ ਕੇ ਸੀਟੀਆਂ ਮਾਰਦਾ ਬਾਹਰ ਨਿਕਲ ਗਿਆ

ਇਹ ਸਰਾਸਰ ਜ਼ਿਆਦਤੀ ਸੀ। ਖਰੈਤੀ ਚਾਹ ਰਿਹਾ ਸੀ ਕਿ ਉੱਚੀ-ਉੱਚੀ ਰੌਲਾ ਪਾਏ। ਪਤਾ ਸੀ ਕੌਣ ਸੁਣਨ ਲੱਗਾ ਹੈ। ਉਲਟਾ ਕਿਧਰੇ ਵਾਧੂ ਮਿਲਣ ਵਾਲਾ ਸਮਾਂ ਵੀ ਹੱਥੋਂ ਨਾ ਖੁੱਸ ਜਾਏ। ਸਬਰ ਦਾ ਘੁੱਟ ਭਰਨਾ ਹੀ ਬੇਹਤਰ ਸੀ।

"ਜੀ ਬਸ ਦੋ ਮਿੰਟ...ਜਿਹੜੇ ਨਮੈਰੀਕਲ ਹੱਲ ਕਰਨ ਤੇ ਲੱਗੇ ਸਨ...." ਹਮੀਦ ਦੇ ਹਾਲ ਚੋਂ ਬਾਹਰ ਨਿਕਲਣ ਤੇ ਖਰੈਤੀ ਨੇ ਸੁਪਰਡੈਂਟ ਨੂੰ ਵਾਅਦਾ ਯਾਦ ਕਰਾਇਆ।

"ਕਿਉਂ ? ਬਾਪੂ ਵਾਲਾ ਰਾਜ਼ ਹੈ? ਉਦੋਂ ਤਾਂ ਸੌ ਰੁਪਿਆ ਦਿੰਦੇ ਨੂੰ ਗੋਲੀ ਵੱਜੀ ਸੀ..ਬਾਕੀਆਂ ਨੂੰ ਵੀ ਹਟਾ ਤਾ ਸੀ ਵੱਡੇ ਸਾਹਿਬ ਨੇ.."

ਇਕੋ ਝਟਕੇ ਨਾਲ ਹੱਥੋਂ ਸੀਟ ਖੋਹ ਕੇ ਸੁਪਰਡੈਂਟ ਨੇ ਜਿਵੇਂ ਖਰੈਤੀ ਦੀ ਉਸ ਜ਼ਿਆਦਤੀ ਦਾ ਮਜ਼ਾ ਚਖਾ ਦਿੱਤਾ ਸੀ।

ਖਰੈਤੀ ਸੁੰਨ ਹੋ ਗਿਆ। ਇਕੱਲੀ ਆਨਸਰ-ਸ਼ੀਟ ਖੁੱਸੀ ਹੁੰਦੀ ਤਾਂ ਸਬਰ ਹੋ ਸਕਦਾ ਸੀ। ਇਥੇ ਤਾਂ ਸਾਰੇ ਪਰਿਵਾਰ ਦੇ ਸੁਫ਼ਨਿਆਂ ਦੇ ਮਹਿਲ ਹੇਠੋਂ ਨੀਂਹ ਹੀ ਖਿਸਕ ਗਈ ਸੀ।

ਹਾਰੇ ਜੁਆਰੀਏ ਵਾਂਗ ਮੂੰਹ ਲਟਕਾਈ ਬੈਠੇ ਖ਼ਰੈਤੀ ਦਾ ਸੀਟ ਤੋਂ ਉਠਣ ਨੂੰ ਦਿਲ ਨਹੀਂ ਸੀ ਕਰਦਾ। ਉਹ ਜਾਵੇ ਤਾਂ ਕਿੱਥੇ? ਹੁੱਲੜਬਾਜ਼ਾਂ ਦੇ ਸ਼ੋਰ-ਸ਼ਰਾਬੇ ਨੇ ਸੱਚਮੁੱਚ ਉਸ ਨੂੰ ਅੱਧ ਅਸਮਾਨੋਂ ਗੇਰ ਲਿਆ ਸੀ।

ਹਾਲ ਚੋਂ ਬਾਹਰ ਨਿਕਲਦੇ ਖਰੈਤੀ ਦੀਆਂ ਅੱਖਾਂ ਅੱਗੇ ਭੱਬੂ-ਤਾਰੇ ਨੱਚ ਰਹੇ ਸਨ। ਤਪਦਿਕ ਦਾ ਮਰੀਜ਼ ਬਣਿਆ ਬਾਪ, ਗਲ ਤਕ ਗੰਦਗੀ 'ਚ ਧਸੀ ਮਾਂ, ਵਧੀਆ ਵਰ ਦੀ ਆਸ 'ਚ ਕੁਆਰੀ ਰਹਿ ਗਈ ਭੈਣ ਅਤੇ ਮੂਰਛਤ ਹੋਏ ਲਛਮਣ ਵਰਗੇ ਭਰਾ ਦੀ ਦੇਹ। ਕਿੰਨੇ ਹੀ ਪੰਡਿਤ ਅਕਸ ਤਾਰਿਆਂ ਚੋਂ ਉਭਰ-ਉਭਰ ਉਹਦਾ ਮੂੰਹ ਚਿੜਾ ਰਹੇ ਸਨ।

ਬਾਹਰ ਹਮੀਦ ਦੁਆਲੇ ਮੁੰਡੇ ਕੁੜੀਆਂ ਦਾ ਝੁਰਮਟ ਬੱਝਾ ਹੋਇਆ ਸੀ। ਸੁਮਿਦਾ ਹਮੀਦ ਦੇ ਮੋਢਿਆਂ ਤੇ ਚੜ੍ਹ ਚੜ੍ਹ ਉੱਚੀ-ਉੱਚੀ ਹਿਣਹਣਾ ਰਹੀ ਸੀ।

ਸ਼ਾਰਕ ਕੋਲ ਦੀ ਲੰਘਦੇ ਖਰੈਤੀ ਨੂੰ ਲੱਗਿਆ ਜਿਵੇਂ ਉਸ ਦੇ ਪਰਾਂ ਨੂੰ ਨਿਗਲਣ ਵਾਲੇ ਮੱਛੀਆਂ ਦੇ ਇਸ ਝੁੰਡ ਦਾ ਨਾਇਕ ਹਮੀਦ ਮੂਰਖ ਡੱਡੂ ਵਾਲੀ ਕਹਾਣੀ ਸਵਾਦ ਲੈ-ਲੈ ਦੁਹਰਾ ਰਿਹਾ ਹੋਵੇ।

★★★



# ਬਲਾਤਕਾਰ

ਜਦੋਂ ਵੀ ਭੁੱਲਰ ਉਦਾਸ ਹੁੰਦਾ, ਉਹ ਆਪਣੇ ਦੋਸਤ ਸਤੀਸ਼ ਨੂੰ ਫ਼ੋਨ ਕਰਦਾ। ਸਤੀਸ਼ ਖਰਾਂਟ ਅਕਸਾਈਜ਼ ਇੰਸਪੈਕਟਰ ਸੀ। ਸ਼ਹਿਰ ਦੇ ਸਾਰੇ ਹੋਟਲਾਂ ਵਾਲੇ ਉਸ ਤੋਂ ਡਰਦੇ ਸਨ।

ਉਹ ਮਨਮਰਜ਼ੀ ਦੇ ਹੋਟਲ 'ਚ ਜਾਂਦੇ। ਘੁੱਟ ਘੁੱਟ ਲਾ ਕੇ ਹਵਾ ਪਿਆਜ਼ੀ ਹੁੰਦੇ। ਫਿਰ ਕਿਸੇ ਹਸੀਨ ਔਰਤ ਦੀ ਬਗਲ 'ਚ ਗ਼ਮ ਗ਼ਲਤ ਕਰਦੇ।

ਅੱਜ ਵੀ ਭੁੱਲਰ ਉਦਾਸ ਸੀ ਤੇ ਉਸ ਨੇ ਸਤੀਸ਼ ਨੂੰ ਬੁਲਾਇਆ ਸੀ।

ਅੱਜ ਕਚਹਿਰੀ ਵਿਚ ਉਸਨੇ ਫ਼ਾਤਮਾ ਨੂੰ ਸਜ਼ਾ ਸੁਣਾਈ ਸੀ। ਜੇਬਾਂ ਕੱਟਣ ਦੇ ਦੋਸ਼ 'ਚ। ਹੁਣ ਉਹ ਆਪਣੇ ਫੈਸਲੇ ਤੇ ਆਪ ਹੀ ਕਿੰਤੂ ਕਰ ਰਿਹਾ ਸੀ।

ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਦਿਆਂ, ਉਸਨੂੰ ਮਾਮੂਲੀ ਜਿਹੀ ਗੱਲ 'ਤੇ ਗੁੱਸਾ ਆ ਗਿਆ ਸੀ। ਉਹ ਬਰਦਾਸ਼ਤ ਨਹੀਂ ਸੀ ਕਰ ਸਕਿਆ ਕਿ ਸਫਾਈ ਪੇਸ਼ ਕਰਦੀ, ਫ਼ਾਤਮਾ ਉਲਟ ਥਾਣੇਦਾਰ ਉੱਤੇ ਹੀ ਇਲਜ਼ਾਮ ਲਾਵੇ।

ਫ਼ਾਤਮਾ ਮੁਤਾਬਿਕ ਉਹ ਗ਼ਰੀਬ ਸੀ, ਵਿਧਵਾ ਸੀ ਅਤੇ ਤਿੰਨ ਬੱਚਿਆਂ ਦੀ ਮਾਂ ਵੀ। ਪਤੀ ਨੂੰ ਮਰਿਆਂ ਦੋ ਵਰ੍ਹੇ ਹੋ ਗਏ ਸਨ। ਛੇ ਮਹੀਨੇ ਪਤੀ ਨੇ ਮੰਜਾ ਮੱਲੀ ਰੱਖਿਆ। ਘਰ ਵਿਚਲਾ ਨਿੱਕ-ਸੁੱਕ ਬਿਮਾਰੀ ਨਿਗਲ ਗਈ। ਬੱਚਿਆਂ ਦਾ ਪੇਟ ਥਾਪੜਨ ਲਈ ਫ਼ਾਤਮਾ ਨੂੰ ਫੈਕਟਰੀ 'ਚ ਨੌਕਰੀ ਕਰਨੀ ਪੈਂਦੀ ਸੀ।

ਇਕ ਰਾਤ ਜਦੋਂ ਉਹ ਕੰਮ ਤੋਂ ਵਾਪਸ ਆ ਰਹੀ ਸੀ ਤਾਂ ਸ਼ਰਾਬੀ ਥਾਣੇਦਾਰ ਨੇ ਉਸਨੂੰ ਚੌਕ 'ਚ ਘੇਰ ਲਿਆ। ਬਲਾਤਕਾਰ ਕਰਨਾ ਚਾਹਿਆ। ਜਦੋਂ ਥਾਣੇਦਾਰ ਨੂੰ ਕਾਮਯਾਬੀ ਨਾ ਮਿਲੀ ਤਾਂ ਉਸਨੇ ਇਹ ਕੇਸ ਮੜ੍ਹ ਦਿੱਤਾ।

ਫ਼ਾਤਮਾ ਦੀ ਇਹ ਦਲੀਲ ਭੁੱਲਰ ਨੂੰ ਕੋਰਾ ਝੂਠ ਲੱਗੀ। ਭੁੱਲਰ ਦਾ ਖਿਆਲ ਸੀ, ਫ਼ਾਤਮਾ ਵਰਗੀਆਂ ਬਦਚਲਣ ਔਰਤਾਂ ਗਵਾਹਾਂ ਨੂੰ ਡਰਾਉਣ ਲਈ ਅਜਿਹੇ ਬੇਹੂਦਾ ਦੋਸ਼ ਲਾਉਂਦੀਆਂ ਹਨ।

ਫ਼ਾਤਮਾ ਦੀ ਦਲੀਲ ਰੱਦ ਕਰਨ ਦਾ ਇਕ ਹੋਰ ਕਾਰਨ ਵੀ ਸੀ। ਉਹ ਥਾਣੇਦਾਰ ਨੂੰ ਨਿੱਜੀ ਤੌਰ ਤੇ ਵੀ ਜਾਣਦਾ ਸੀ। ਥਾਣੇਦਾਰ ਦੇ ਰਿਟਾਇਰ ਹੋਣ ਵਿਚ ਦੋ ਸਾਲ ਰਹਿੰਦੇ ਸਨ। ਇਸ ਉਮਰ 'ਚ ਉਹ ਮੂੰਹ ਕਾਲਾ ਕਰੇਗਾ?

ਥਾਣੇਦਾਰ ਵੈਸੇ ਵੀ ਭੁੱਲਰ ਦੇ ਮੂੰਹ ਮੁਲਾਹਜ਼ੇ ਵਾਲਾ ਸੀ। ਹਾਲੇ ਕੱਲ੍ਹ ਹੀ ਵਿਸਕੀ ਦੀ ਪੇਟੀ

ਰੱਖ ਕੇ ਗਿਆ ਸੀ। ਉਸ 'ਤੇ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ।

ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਭੁੱਲਰ ਨੇ ਫੈਸਲਾ ਸੁਣਾਇਆ ਸੀ। ਜੁਰਮਾਨਾ ਭਰਨ ਲਈ ਫ਼ਾਤਮਾ ਕੱਲ੍ਹ ਨੂੰ ਪੰਜ ਸੌ ਰੁਪਏ ਲੈ ਕੇ ਆਏ। ਨਹੀਂ, ਸਿੱਧੀ ਜੇਲ੍ਹ ਜਾਏਗੀ।

ਜੁਰਮਾਨਾ ਦਾ ਹੁਕਮ ਸੁਣ ਕੇ ਫ਼ਾਤਮਾ ਇਉਂ ਤਿਲਮਿਲਾ ਉੱਠੀ ਜਿਵੇਂ ਸੀਨੇ 'ਚ ਤੀਰ ਲੱਗਾ ਹੋਵੇ। ਇੰਨੇ ਪੈਸੇ ਤਾਂ ਉਹ ਸਾਰੀ ਉਮਰ ਨਹੀਂ ਭਰ ਸਕਦੀ।

ਜੁਰਮਾਨਾ ਮੁਆਫ ਕਰਾਉਣ ਲਈ ਉਹ ਰੋਈ, ਕੁਰਲਾਈ ਅਤੇ ਨੱਕ ਰਗੜਿਆ।

ਜਦੋਂ ਭੁੱਲਰ 'ਤੇ ਕੋਈ ਅਸਰ ਨਾ ਹੋਇਆਂ ਤਾਂ ਉਸਨੇ ਆਖ਼ਰੀ ਅਪੀਲ ਕੀਤੀ। ਪੰਜ ਸੌ ਰੁਪਏ ਉਹ ਕਦੇ ਵੀ ਨਹੀਂ ਭਰ ਸਕੇਗੀ। ਆਪਣੀ ਇਜ਼ਤ ਤੋਂ ਸਿਵਾ ਉਸ ਕੋਲ ਵੇਚਣ ਲਈ ਵੀ ਕੁਝ ਨਹੀਂ। ਜੇ ਇਜ਼ਤ ਵੇਚਣੀ ਹੁੰਦੀ ਤਾਂ ਥਾਣੇਦਾਰ ਨੂੰ ਨਰਾਜ਼ ਨਾ ਕਰਦੀ। ਜੇ ਜੱਜ ਰਹਿਮ ਕਰੇ ਤਾਂ ਜੁਰਮਾਨੇ ਦੀ ਥਾਂ ਕੁਝ ਦਿਨਾਂ ਦੀ ਕੈਦ ਕਰ ਦੇਵੇ।

ਫ਼ਾਤਮਾ ਦੇ ਇਸ ਮਕਰ ਤੋਂ ਭੁੱਲਰ ਆਪੇ ਤੋਂ ਬਾਹਰ ਹੋ ਗਿਆ ਸੀ। ਹੁਣ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਫ਼ਾਤਮਾ ਇਕ ਪੇਸ਼ਾਵਰ ਮੁਜਰਮ ਸੀ। ਰੋਣਾ ਧੋਣਾ ਅਤੇ ਜੁਰਮਾਨੇ ਨਾਲੋਂ ਕੈਦ ਨੂੰ ਤਰਜੀਹ ਦੇ ਕੇ ਜੱਜ ਦੀ ਹਮਦਰਦੀ ਜਿੱਤਣ ਦਾ ਇਹ ਪੁਰਾਣਾ ਤਰੀਕਾ ਹੰਢੇ ਵਰਤੇ ਮੁਜਰਮ ਹੀ ਵਰਤਦੇ ਹਨ।

ਖਿਝੇ ਭੁੱਲਰ ਨੇ ਧੱਕੇ ਮਰਵਾ ਕੇ ਉਸ ਨੂੰ ਅਦਾਲਤ ਤੋਂ ਕਢਵਾ ਦਿੱਤਾ ਸੀ। ਹੁਣ ਘਰ ਆਏ ਭੁੱਲਰ ਨੂੰ ਲੱਗਦਾ ਸੀ, ਉਸ ਦਾ ਫੈਸਲਾ ਗ਼ਲਤ ਸੀ। ਸ਼ਾਇਦ ਫ਼ਾਤਮਾ ਸੱਚ ਬੋਲ ਰਹੀ ਸੀ। ਜੇ ਉਹ ਜੇਬ ਕਤਰੀ ਹੁੰਦੀ ਤਾਂ ਪੰਜ ਸੌ ਲਈ ਇੰਨੀਆਂ ਲੇਲੜੀਆਂ ਨਾ ਕੱਢਦੀ। ਜੇ ਉਸ ਕੋਲ ਸੱਚਮੁੱਚ ਪੰਜ ਸੌ ਰੁਪਏ ਹੁੰਦੇ ਤਾਂ ਉਹ ਬੱਚਿਆਂ ਨੂੰ ਰੁਲਦਾ ਛੱਡ ਕੇ ਜੇਲ੍ਹ ਨੂੰ ਤਰਜੀਹ ਨਾ ਦਿੰਦੀ।

ਥਾਣੇਦਾਰ ਦਾ ਵੀ ਮਨ ਸਾਫ਼ ਨਹੀਂ ਸੀ ਲੱਗਦਾ। ਉਸ ਨੂੰ ਕੱਲ੍ਹ ਹੀ ਭੁੱਲਰ ਦੀ ਕੋਠੀ ਦਾ ਰਾਹ ਕਿਉਂ ਦਿਖਾਈ ਦਿੱਤਾ? ਅੱਗੇ ਤਾਂ ਕਦੇ ਉਸਨੇ ਮਠਿਆਈ ਦਾ ਡੱਬਾ ਤਕ ਨਹੀਂ ਸੀ ਭੇਜਿਆ।

ਜ਼ਰੂਰ ਦਾਲ 'ਚ ਕੁਝ ਕਾਲਾ ਸੀ।

ਇਹ ਕਾਲਖ਼ ਉਸ ਨੂੰ ਪਹਿਲਾਂ ਕਿਉਂ ਨਾ ਦਿਖਾਈ ਦਿੱਤੀ? ਇਸ ਗੱਲ ਤੇ ਉਹ ਝੂਰ ਰਿਹਾ ਸੀ।

ਡੁਲ੍ਹੇ ਬੇਰਾਂ ਦਾ ਕੁਝ ਨਹੀਂ ਸੀ ਵਿਗੜਿਆ। ਉਹ ਕੱਲ੍ਹ ਨੂੰ ਵੀ ਫ਼ਾਤਮਾ ਨੂੰ ਬਰੀ ਕਰ ਸਕਦਾ ਸੀ। ਜੁਰਮਾਨਾ ਘਟਾ ਸਕਦਾ ਸੀ। ਪਰ ਉਹ ਇੰਝ ਕਰ ਨਹੀਂ ਸਕੇਗਾ। ਇਕ ਵਾਰ ਸੁਣਾਇਆ ਫੈਸਲਾ ਏਨੀ ਆਸਾਨੀ ਨਾਲ ਨਹੀਂ ਬਦਲਿਆ ਜਾ ਸਕਦਾ।

ਕਿਵੇਂ ਨਾ ਕਿਵੇਂ ਉਹ ਸੱਪ ਵੀ ਮਾਰਨਾ ਚਾਹੁੰਦਾ ਸੀ ਅਤੇ ਲਾਠੀ ਵੀ ਬਚਾਈ ਰੱਖਣਾ ਚਾਹੁੰਦਾ ਸੀ।

ਉਹ ਆਪਣੇ ਕੋਲੋਂ ਪੈਸੇ ਭਰ ਕੇ ਵੀ ਫ਼ਾਤਮਾ ਦਾ ਖਹਿੜਾ ਛੱਡ ਸਕਦਾ ਸੀ। ਪਰ ਇਸ ਤਰ੍ਹਾਂ ਉਸ ਦੇ ਚਾਲ-ਚਲਣ ਤੇ ਧੱਬਾ ਲੱਗ ਸਕਦਾ ਸੀ। ਅਮਲੇ-ਫੈਲੇ ਅਤੇ ਵਕੀਲਾਂ ਨੇ ਸੋਚਣਾ ਸੀ, ਜੱਜ

(71)

LAAM



ਨੇ ਫ਼ਾਤਮਾ ਨੂੰ ਕੋਠੀ ਬੁਲਾ ਲਿਆ ਹੋਣੈ। ਉਹ ਸੋਹਣੀ ਵੀ ਤਾਂ ਘੱਟ ਨਹੀਂ ਸੀ।

ਇਸ ਸਮੱਸਿਆਂ ਨੂੰ ਹੱਲ ਕਰਨ ਲਈ ਉਹ ਸਤੀਸ਼ ਦੀ ਮਦਦ ਲੈਣਾ ਚਾਹੁੰਦਾ ਸੀ। ਕਿਸੇ ਵਾਕਫ਼ ਰਾਹੀਂ ਜੁਰਮਾਨਾ ਭਰ ਕੇ ਉਹ ਆਪਣਾ ਮਾਨਸਿਕ ਤਣਾਓ ਦੂਰ ਕਰ ਸਕਦਾ ਸੀ।

ਭੁੱਲਰ ਦੀ ਗੱਲ ਸੁਣ ਕੇ ਸਤੀਸ਼ ਖੂਬ ਹੱਸਿਆ ਸੀ।

''ਜੇ ਆਪਣੇ ਫੈਸਲਿਆਂ ਬਾਰੇ ਇਸ ਤਰ੍ਹਾਂ ਸੋਚਦਾ ਰਿਹਾ ਤਾਂ ਦਿਨਾਂ 'ਚ ਪਾਗਲ ਹੋ ਜਾਏਂਗਾ। ਕਚਹਿਰੀ ਨੂੰ ਕਚਹਿਰੀ ਹੀ ਛੱਡ ਆਇਆ ਕਰ। ਘਰ ਨਾ ਚੁੱਕ ਲਿਆਇਆ ਕਰ।'' ਸਤੀਸ਼ ਨੇ ਪੰਜ ਸੌ ਭਰਨ ਦੀ ਥਾਂ ਮਸਲੇ ਨੂੰ ਭੁੱਲ ਜਾਣ ਦੀ ਸਲਾਹ ਦਿੱਤੀ ਸੀ।

ਮਸ਼ਵਰਾ ਠੀਕ ਹੀ ਸੀ। ਕਚਹਿਰੀ ਅਤੇ ਘਰ ਵਿਚ ਕੁਝ ਫ਼ਰਕ ਹੋਣਾ ਹੀ ਚਾਹੀਦਾ ਹੈ।

''ਜੇ ਪੰਜ ਸੌ ਰੜਕਦੇ ਹੀ ਹਨ ਤਾਂ ਗਲੈਮਰ 'ਚ ਚਲਦੇ ਹਾਂ। ਹੂਰਾਂ ਦੇਖ ਕੇ ਫ਼ਾਤਮਾ ਭੁੱਲ ਜਾਏਗੀ।'' ਕਹਿਕਹੇ ਲਾਉਂਦਾ ਸਤੀਸ਼ ਭੁੱਲਰ ਨੂੰ ਗਲੈਮਰ ਦੇ ਸਬਜ਼-ਬਾਗ਼ ਦਿਖਾ ਕੇ ਭਰਮਾਉਣ ਲੱਗਾ।

ਸਤੀਸ਼ ਜਿਸ ਕਾਵਿਕ ਢੰਗ ਨਾਲ ਗਲੈਮਰ ਦੀਆਂ ਅਪਸਰਾਵਾਂ ਦਾ ਜ਼ਿਕਰ ਕਰ ਰਿਹਾ ਸੀ, ਉਸ ਨਾਲ ਤਾਂ ਵਿਸ਼ਵਾਮਿੱਤਰ ਦਾ ਵੀ ਤਪ ਭੰਗ ਹੋ ਜਾਵੇ। ਭੁੱਲਰ ਤਾਂ ਸਾਧਾਰਨ ਮਨੁੱਖ ਸੀ। ਚੰਡੀਗੜ੍ਹ ਵਾਲੀ ਅੰਜੂ ਦਾ ਨਖ਼ਰਾ, ਜੰਮੂ ਵਾਲੀ ਸੁਰਿੰਦਰ ਦੀ ਪੇਸ਼ਕਾਰੀ ਅਤੇ ਅੰਮ੍ਰਿਤਸਰ ਵਾਲੀ ਮੰਜੂ ਦੀ ਪਤਲੀ ਕਮਰ। ਸੱਭੇ ਤਾਂ ਮਾਨਣ ਵਾਲੀਆਂ ਚੀਜ਼ਾਂ ਸਨ।

ਭੁੱਲਰ ਨੇ ਗਲੈਮਰ ਦਾ ਨਾਂ ਬਹੁਤ ਸੁਣਿਆ ਸੀ ਪਰ ਕਦੇ ਅਨੰਦ ਮਾਨਣ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ।

ਇਸ ਹੋਟਲ ਬਾਰੇ ਮਸ਼ਹੂਰ ਸੀ ਕਿ ਇਥੇ ਯੂਨੀਵਰਸਿਟੀ ਦੀਆਂ ਕੁੜੀਆਂ ਆਉਂਦੀਆਂ ਸਨ। ਨਾਲੇ ਦਿਲ ਬਹਿਲਾ ਜਾਂਦੀਆਂ ਨਾਲੇ ਫੈਸ਼ਨਾਂ ਲਈ ਖਰਚ ਕੱਢ ਲਿਜਾਂਦੀਆਂ।

ਬਲਿਯੂ ਫਿਲਮਾਂ ਦੀਆਂ ਪੱਟੀਆਂ ਕਈ ਵੱਡੇ ਘਰਾਂ ਦੀਆਂ ਨੂੰਹਾਂ ਧੀਆਂ ਵੀ ਇਸ ਹੋਟਲ ਦੀ ਸ਼ਾਨ ਵਧਾਉਂਦੀਆਂ ਸਨ। ਸ਼ਾਇਦ ਇਸੇ ਲਈ ਇਸ ਹੋਟਲ ਦੇ ਰੇਟ ਬੜੇ ਉੱਚੇ ਸਨ।

ਅਜਿਹੀ ਕਿਸੇ ਅਮੀਰਜ਼ਾਦੀ ਦੇ ਸਾਥ ਦੀ ਕਲਪਨਾ ਕਰਦੇ ਉਹ ਗਲੈਮਰ ਹੋਟਲ ਵੱਲ ਵਧਣ ਲੱਗੇ।

ਹੋਟਲ ਤਕ ਪਹੁੰਚਦਾ-ਪਹੁੰਚਦਾ ਭੁੱਲਰ ਸੁਚਮੁੱਚ ਫ਼ਾਤਮਾ ਨੂੰ ਭੁੱਲ ਗਿਆ। ਜੇ ਕੋਈ ਉਸ ਨੂੰ ਯਾਦ ਸੀ ਤਾਂ ਉਹ ਸੀ ਅੰਜੂ, ਮੰਜੂ ਜਾਂ ਸੁਰਿੰਦਰ।

ਪਿੰਡ ਦੇ ਗੋਹਾਰਿਆਂ ਵਾਂਗ ਵੈਸੇ ਤਾਂ ਹੋਟਲ ਦੀ ਸ਼ਾਨੋ-ਸ਼ੌਕਤ ਦਾ ਅੰਦਾਜ਼ਾ ਉਸ ਦੀ ਟਿਮ-ਟਿਮਾਉਂਦੀ ਪੰਜ ਮੰਜ਼ਲੀ ਇਮਾਰਤ ਤੋਂ ਹੀ ਲਾਇਆ ਜਾ ਸਕਦਾ ਸੀ, ਪਰ ਭੁੱਲਰ ਨੇ ਚੋਰ ਅੱਖ ਨਾਲ ਆਲਾ-ਦੁਆਲਾ ਵੀ ਵੇਖਿਆ।

ਹੋਟਲ ਦੀ ਨੁੱਕਰ ਵਿਚ ਦਸ ਕੁ ਮਾਰੂਤੀ, ਪੰਜ ਛੇ ਫੀਅਟ ਅਤੇ ਤਿੰਨ ਚਾਰ ਅਮਬੈਸਡਰ ਕਾਰਾਂ ਬੜੇ ਸਲੀਕੇ ਨਾਲ ਪਾਰਕ ਕੀਤੀਆਂ ਹੋਈਆਂ ਸਨ। ਸੱਜੇ ਪਾਸੇ ਇੰਡੋਸਜ਼ੂਕੀ ਮੋਟਰ-ਸਾਇਕਲ ਖੜ੍ਹੇ ਸਨ। ਗਰਾਸੀ ਲਾਅਨ ਸਿਗਰਟਾਂ ਫੂਕਦੇ ਅਤੇ ਸੀਟੀਆਂ ਮਾਰਦੇ ਕਾਲਜੀਏਟਾਂ ਨਾਲ ਭਰਿਆ ਹੋਇਆ ਸੀ। ਭੰਵਰੇ ਹਨ ਤਾਂ ਗੁਲਾਬ ਵੀ ਹੋਣਗੇ। ਭੁੱਲਰ ਨੇ ਦੂਰ ਦੀ ਸੋਚੀ।

ਬੁਲ੍ਹਾਂ ਤੇ ਜੀਭ ਫੇਰ ਕੇ ਉਹ ਹਾਲ ਵਿਚ ਦਾਖਲ ਹੋਏ।

ਸਤੀਸ਼ ਕਮਰੇ ਦੀਆਂ ਚਾਬੀਆਂ ਲੈਣ ਲਈ ਕਾਊਂਟਰ ਵੱਲ ਤੁਰ ਗਿਆ। ਹਾਲ ਦਾ ਜਾਇਜ਼ਾ ਲੈਣ ਲਈ ਭੁੱਲਰ ਇਕ ਨੁੱਕਰ ਵਿਚ ਖੜੋ ਗਿਆ।

ਪ੍ਰਵੇਸ਼-ਦੁਆਰ ਤੋਂ ਲੈ ਕੇ ਕਾਊਂਟਰ ਤੱਕ 'ਰੈਡਕਾਰਪਿਟ' ਵਿਛੀ ਹੋਈ ਸੀ। ਕਾਰਪਿਟ ਦੇ ਦੋਹੀਂ ਪਾਸੀਂ ਟੇਬਲ ਲੱਗੇ ਹੋਏ ਸਨ। ਮੇਜ਼ ਦੁਆਲੇ ਬੈਠੀਆਂ ਟੋਲੀਆਂ ਹਾਸੇ-ਠੱਠੇ ਵਿਚ ਮਸਰੂਫ਼ ਸਨ। ਛਣਕਦੇ ਗਲਾਸਾਂ ਦੀਆਂ ਸੰਗੀਤਮਈ ਧੁਨਾਂ ਬੇਫਿਕਰ ਹਾਸਿਆਂ ਵਿਚ ਘੁਲ ਕੇ ਵਾਤਾਵਰਨ ਨੂੰ ਨਸ਼ਿਆਉਣ ਲੱਗਦੀਆਂ।

ਲਾਈਟਾਂ ਡਿਮ ਸਨ। ਕੋਈ ਅੱਖਾਂ ਅੱਡ ਕੇ ਵੀ ਚਮਕਦੇ ਚਿਹਰਿਆਂ ਦੀ ਅਸਲੀਅਤ ਨਹੀਂ ਸੀ ਪਛਾਣ ਸਕਦਾ।

ਘੁੰਮ ਘੁਮਾ ਕੇ ਭੁੱਲਰ ਦੀ ਨਜ਼ਰ ਆਖਰੀ ਦੋ ਮੇਜ਼ਾਂ ਤੇ ਜਾ ਟਿਕਦੀ। ਉਥੇ ਜੋੜੀਆਂ ਦੀ ਥਾਂ ਮੁਟਿਆਰਾਂ ਦਾ ਝੁਰਮਟ ਸੀ। ਨੇੜੇ-ਨੇੜੇ ਬੈਠੀਆਂ ਵੀ ਉਹ ਇਕ ਦੂਜੀ ਤੋਂ ਕੋਹਾਂ ਦੂਰ ਸਨ। ਕੋਈ ਗੱਲਬਾਤ ਨਹੀਂ। ਕੋਈ ਕਹਿਕਹਾ ਨਹੀਂ। ਇਕ ਤਨਾਅ-ਪੂਰਨ ਸਥਿਤੀ ਸੀ। ਮੁਕਾਬਲੇ ਦੀ ਹੋੜ ਸੀ।

ਪ੍ਰਵੇਸ਼-ਦੁਆਰ ਖੁਲ੍ਹਦਿਆਂ ਹੀ ਉਨ੍ਹਾਂ ਦੇ ਚਿਹਰਿਆਂ ਤੇ ਆਸ ਦੀ ਕਿਰਨ ਦੌੜਦੀ, ਸੁਸਤੀ ਤਿਆਗ ਕੇ ਉਹ ਆਪਣੇ ਵਾਲਾਂ ਦੀਆਂ ਲਿਟਾ ਨੂੰ ਝੜਕਦੀਆਂ, ਕਜਰਾਰੀਆਂ ਅੱਖਾਂ ਮਟਕਾ-ਮਟਕਾ ਮਹਿਮਾਨਾਂ ਨੂੰ ਆਕਰਸ਼ਤ ਕਰਦੀਆਂ।

ਉਹ ਭਾਗਾਂ ਵਾਲੀ ਹੁੰਦੀ, ਜਿਹੜੀ ਕਿਸੇ ਨੂੰ ਪਸੰਦ ਆ ਜਾਂਦੀ। ਉਹ ਮਹਿਮਾਨ ਦੁਆਲੇ ਪੈਲਾਂ ਪਾਉਂਦੀ, ਉਸ ਦੀਆਂ ਬਾਹਾਂ ਵਿਚ ਲੁੜਕੀ ਪੌੜੀਆਂ ਚੜ੍ਹ ਜਾਂਦੀ।

ਬਾਕੀ ਦੀਆਂ ਸੁਖ ਦਾ ਸਾਹ ਲੈਂਦੀਆਂ। ਇਕ ਬਲਾ ਟਲੀ। ਹੁਣ ਉਸ ਦਾ ਹੀ ਨੰਬਰ ਲੱਗੇਗਾ। ਹਰ ਕੋਈ ਸੋਚਦੀ।

ਸਭ ਮੁਟਿਆਰਾਂ ਦੀ ਨਜ਼ਰ ਭੁੱਲਰ 'ਤੇ ਸੀ। ਇਕ ਨੇ ਤਾਂ ਉਸ ਨੂੰ ਕੋਲ ਆਉਣ ਦਾ ਇਸ਼ਾਰਾ ਵੀ ਕਰ ਦਿੱਤਾ ਸੀ।

ਕੁੜੀ ਦਾ ਉੱਚਾ ਲੰਬਾ ਕੱਦ ਦੇਖ ਕੇ ਭੁੱਲਰ ਨੂੰ ਆਪਣੇ ਮਧਰੇ ਕੱਦ ਨੇ ਗਲਿਆਨੀ ਆਈ। ਅੱਡੀਆਂ ਚੁੱਕ ਕੇ ਵੀ ਉਹ ਉਸ ਦੇ ਹੋਠਾਂ ਤਕ ਨਹੀਂ ਪੁੱਜ ਸਕੇਗਾ।

ਅਗਲੇ ਹੀ ਪਲ ਉਸ ਨੇ ਆਪਣੀ ਡਾਈ ਕੀਤੀ ਦਾਹੜੀ ਤੇ ਹੱਥ ਫੇਰਿਆ, ਪੱਗ ਠੀਕ ਕੀਤੀ ਅਤੇ ਹੁਣੇ-ਹੁਣੇ ਆਈ ਹੀਣ ਭਾਵਨਾ ਨੂੰ ਤਿਆਗ ਕੇ ਜੱਜਾਂ ਵਾਲੇ ਰੋਹਬ ਨਾਲ ਇਸ਼ਾਰੇ ਦਾ ਜਵਾਬ





ਦੇਣ ਲੱਗਾ।

ਇਸ ਤੋਂ ਪਹਿਲਾਂ ਕਿ ਭੁੱਲਰ ਕੁੜੀ ਨੂੰ ਲੈ ਕੇ ਪੌੜੀਆਂ ਚੜ੍ਹਦਾ, ਮੁਟਿਆਰ ਤੇ ਕੋਈ ਹੋਰ ਹੱਥ ਮਾਰ ਗਿਆ।

''ਸਾਲਾ ਮੈਨੇਜਰ ਨਾਲ ਹੀ ਬਹਿਸੀ ਜਾਂਦੈ। ਜੇ ਇਸ ਤਰ੍ਹਾਂ ਟਾਈਮ ਖ਼ਰਾਬ ਕਰਦਾ ਰਿਹਾ ਤਾਂ ਚੰਗਾ-ਚੰਗਾ ਮਾਲ ਬੁਕ ਹੋ ਜਾਣੈ।'' ਸੋਚਦਾ ਭੁੱਲਰ ਕਾਊਂਟਰ ਵੱਲ ਤੁਰ ਪਿਆ।

ਹੋਟਲ ਵੱਡਾ ਜ਼ਰੂਰ ਸੀ ਪਰ ਕੁੜੀਆਂ ਦੀ ਕਮੀ ਲੱਗਦੀ ਸੀ। ਉਹ ਜਲਦੀ-ਜਲਦੀ ਕਿਸੇ ਸੋਹਣੀ ਕੁੜੀ ਤੇ ਕਬਜ਼ਾ ਕਰਨਾ ਚਾਹੁੰਦਾ ਸੀ।

ਜਿੰਨੀਆਂ ਕੁ ਮੁਟਿਆਰਾਂ ਦਾ ਉਸ ਨੇ ਜਾਇਜ਼ਾ ਲਿਆ ਸੀ, ਉਨ੍ਹਾਂ ਵਿਚੋਂ ਨਾ ਕੋਈ ਉਸ ਨੂੰ ਅਮੀਰਜ਼ਾਦੀ ਲੱਗੀ ਸੀ ਅਤੇ ਨਾ ਹੀ ਯੂਨੀਵਰਸਿਟੀ ਦੀ ਵਿਦਿਆਰਥਣ। ਉਹ ਤਾਂ ਸਾਧਾਰਣ ਜਿਹੀਆਂ ਔਰਤਾਂ ਸਨ। ਪੈਸਾ ਖਿੱਚਣ ਦੀ ਕਾਹਲ ਵਿਚ ਸਨ। ਸ਼ਾਇਦ ਫ਼ਾਤਮਾ ਵਾਂਗ ਕਿਸੇ ਨੂੰ ਕੋਈ ਮਜਬੂਰੀ ਹੋਵੇ।

ਇਕ ਵਾਰ ਫੇਰ ਫ਼ਾਤਮਾ ਉਸ ਦੇ ਅੱਗੇ ਆ ਖੜੋਤੀ।

ਸਤੀਸ਼ ਮੈਨੇਜਰ ਨਾਲ ਬਹਿਸ ਰਿਹਾ ਸੀ। ਮੈਨੇਜਰ ਦੇ ਤੇਵਰ ਚੜ੍ਹੇ ਹੋਏ ਸਨ। ਸਤੀਸ਼ ਦਾ ਚਿਹਰਾ ਉਤਰਿਆ ਹੋਇਆ ਸੀ।

ਭੁੱਲਰ ਦਾ ਮੂਡ ਹੋਰ ਵੀ ਖਰਾਬ ਹੋ ਗਿਆ।

ਜੱਜ ਨੂੰ ਕੋਲ ਆਇਆ ਦੇਖ ਕੇ ਮੈਨੇਜਰ ਨੇ ਜਿਸ ਅੰਦਾਜ਼ ਨਾਲ ਚਾਬੀਆਂ ਦਾ ਗੁੱਛਾ ਵੇਟਰ ਵੱਲ ਸੁੱਟਿਆ, ਉਸ ਤੋਂ ਭੁੱਲਰ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਉਨ੍ਹਾਂ ਦਾ ਕਿਹੋ ਜਿਹਾ ਸਵਾਗਤ ਹੋਣ ਵਾਲਾ ਹੈ।

''ਕੰਜਰ ਦਾ ਐਵੇ ਫੜ੍ਹਾਂ ਮਾਰਦਾ ਸੀ। ਇੱਡੇ ਵੱਡੇ ਹੋਟਲ ਵਿਚ ਅਜਿਹੇ ਟਟ-ਪੂੰਜੀਏ ਨੂੰ ਕੌਣ ਪੁੱਛਦੈ? ਸਾਲਾ ਬੇਇਜ਼ਤ ਕਰਾ ਕੇ ਛੱਡੂ।'' ਮਨ ਹੀ ਮਨ ਸਤੀਸ਼ ਨੂੰ ਕੋਸਦੇ, ਗਰਦਨ ਸੁੱਟੀ ਸਤੀਸ਼ ਦੇ ਪਿੱਛੇ-ਪਿੱਛੇ ਪੌੜੀਆਂ ਚੜ੍ਹਦੇ ਭੁੱਲਰ ਕੋਲ ਹੋਰ ਕੋਈ ਚਾਰਾ ਨਹੀਂ ਸੀ।

ਪੌੜੀਆਂ ਚੜ੍ਹਦੇ ਸਤੀਸ਼ ਨੂੰ ਵੀ ਇਕ ਚੜ੍ਹਦੀ ਅਤੇ ਇਕ ਲਹਿੰਦੀ ਸੀ।

ਸਤੀਸ਼ ਚਾਹੁੰਦਾ ਸੀ, ਕਮਰਾ ਪਹਿਲੀ ਮੰਜ਼ਿਲ ਤੇ ਮਿਲੇ। ਅਸਲੀ ਨਜ਼ਾਰਾ ਇਸ ਮੰਜ਼ਿਲ ਤੇ ਸੀ। ਹਰ ਕਮਰਾ ਪੰਜ ਸਿਤਾਰਾ ਹੋਟਲ ਵਾਂਗ ਸਜਿਆ ਹੋਇਆ। ਨਵੀਂ ਤੋਂ ਨਵੀਂ ਕੁੜੀ ਕਮਰੇ ਵਿਚ ਠਹਿਰਾਈ ਜਾਂਦੀ। ਉਹ ਸਾਰੀ ਰਾਤ ਲਈ ਇਕੋ ਗਾਹਕ ਲਈ ਰਾਖਵੀਂ ਹੁੰਦੀ ਹੈ। ਕੋਈ ਕਾਹਲ ਨਹੀਂ। ਕਿਸੇ ਬਾਹਰਲੇ ਦੀ ਦਖ਼ਲ-ਅੰਦਾਜ਼ੀ ਨਹੀਂ। ਧੀਮੇ-ਧੀਮੇ ਮਿਜ਼ਾਜ ਨਾਲ ਜੋ ਚਾਹੋ, ਕਿਵੇਂ ਚਾਹੋ ਕਰਦੇ ਜਾਓ।

ਸਤੀਸ਼ ਨਾਲ ਇਕ ਜੱਜ ਆਇਆ ਸੀ। ਜੱਜ ਦਾ ਸਟੈਂਡਰਡ ਇਸੇ ਮੰਜ਼ਲ ਤੇ ਕਮਰੇ ਦੀ ਮੰਗ ਕਰਦਾ ਸੀ।

ਮੈਨੇਜਰ ਨੇ ਕਮਰਾ ਦੂਜੀ ਮੰਜ਼ਿਲ ਤੇ ਦਿੱਤਾ ਸੀ। ਉਥੇ ਗੱਲ ਹੋਰ ਹੈ। ਲਾਈਨ ਵਿਚ ਲੱਗੋ, ਭੁਗਤੋ ਅਤੇ ਜਾਓ।

ਹੋਟਲ ਵਾਲਿਆਂ ਨੂੰ ਕੀ ਸੱਪ ਸੁੰਘ ਗਿਆ? ਸਤੀਸ਼ ਦੀ ਸਮਝੋਂ ਬਾਹਰ ਸੀ। ਅੱਗੇ ਉਸ ਨਾਲ ਚਾਹੇ ਅਕਸਾਈਜ਼ ਦਾ ਕਮਿਸ਼ਨਰ ਹੁੰਦਾ, ਚਾਹੇ ਪੁਲਿਸ ਦਾ ਸਿਪਾਹੀ। ਉਹ ਜਵਾਈ ਵਾਂਗ ਸੇਵਾ ਕਰਦੇ। ਅੱਜ ਨਾ ਮੈਨੇਜਰ ਨੇ ਕੁਰਸੀ ਛੱਡੀ ਨਾ ਬੈਠਣ ਲਈ ਕਿਹਾ, ਜੱਜ ਦੀ ਵੀ ਪਰਵਾਹ ਨਾ ਕੀਤੀ। ਸਤੀਸ਼ ਤੋਂ ਕੀ ਗੁਸਤਾਖ਼ੀ ਹੋ ਸਕਦੀ ਹੈ?

ਪਿਛਲੇ ਮਹੀਨੇ ਉਸ ਨੇ ਬੀਅਰ ਬਾਰ ਦਾ ਚਲਾਨ ਜ਼ਰੂਰ ਕੀਤਾ ਸੀ। ਪਰ ਉਹ ਰੁਟੀਨ ਮੈਟਰ ਹੈ। ਇਸ ਤਰ੍ਹਾਂ ਦੇ ਚਲਾਨ ਤਾਂ ਉਹ ਹਰ ਮਹੀਨੇ ਕਰਦੇ ਹਨ। ਪੰਜ ਚਾਰ ਸੌ ਦੇ ਜੁਰਮਾਨੇ ਨਾਲ ਹੋਟਲ ਵਾਲਿਆਂ ਦੀ ਕਿਹੜਾ ਟੰਗ ਟੁੱਟਦੀ ਹੈ। ਉਨ੍ਹਾਂ ਦੀ ਕਾਰਗੁਜ਼ਾਰੀ ਪੈ ਜਾਂਦੀ ਹੈ। ਇਸੇ ਗੱਲ ਤੇ ਨਰਾਜ਼ ਹੋਣਗੇ। ਕੋਈ ਹੋਰ ਵਜ੍ਹਾ ਨਹੀਂ। ਉਹ ਉੱਨੀ ਕਰਨ ਇਕੀ ਕਰਨ, ਸਤੀਸ਼ ਨੇ ਕਦੇ ਟੰਗ ਨਹੀਂ ਅੜਾਈ। ਨਵੇਂ ਪੈਸੇ ਦਾ ਰਵਾਦਾਰ ਨਹੀਂ। ਭੁੱਲਰ ਵਰਗੇ ਦੋਸਤਾਂ ਨੂੰ ਖ਼ੁਸ਼ ਕਰਨ ਲਈ ਹੀ ਤਾਂ ਉਹ ਹੋਟਲ ਵਾਲਿਆਂ ਤੋਂ ਰਿਸ਼ਵਤ ਨਹੀਂ ਲੈਂਦਾ। ਜਿਉਂਦੇ ਰਹਿਣ ਭੁੱਲਰ ਵਰਗੇ। ਇਹਨਾਂ ਦੇ ਸਿਰੋਂ ਸਤੀਸ਼ ਨੇ ਲੱਖਾਂ ਰੁਪਏ ਕਮਾਏ ਸਨ। ਇਹ ਸ਼ਰਾਬ ਅਤੇ ਸ਼ਬਾਬ ਦਾ ਸ਼ੌਕੀਨ ਹੈ। ਅਕਸਾਈਜ਼ ਵਾਲਿਆਂ ਨੂੰ ਸ਼ਰਾਬ ਦਾ ਘਾਟਾ ? ਇਸ ਸ਼ਹਿਰ ਵਿਚ ਸ਼ਬਾਬ ਦੀ ਵੀ ਕੋਈ ਕਮੀ ਨਹੀਂ। ਪੈਸੇ ਖਰਚ ਕੇ ਭਾਵੇਂ ਅਸਮਾਨੋਂ ਪਰੀ ਬੁਲਾ ਲਉ। ਹਰ ਹੋਟਲ 'ਚ ਧੰਦਾ ਚਲਦਾ ਹੈ। ਧੰਦਾ ਚਲਦਾ ਹੋਵੇ ਤਾਂ ਹੋਟਲਾਂ ਵਾਲੇ ਉਸ ਨੂੰ ਨਾਂਹ ਨਹੀਂ ਕਰ ਸਕਦੇ। ਅਜਿਹੇ ਜੱਜਾਂ ਨੂੰ ਪੰਜ ਸੱਤ ਦਿਨਾਂ ਬਾਅਦ ਇਕ ਦੋ ਵਿਸਕੀ ਦੀਆਂ ਬੋਤਲਾਂ ਅਤੇ ਪੰਜ ਚਾਰ ਸਜਾਵਟੀ ਗਲਾਸ ਦੇ ਕੇ ਭਾਵੇਂ ਇਹਨਾਂ ਦੇ ਮੋਢਿਆਂ 'ਤੇ ਚੜ੍ਹੇ ਰਹੋ। ਕਦੇ ਰੰਗ-ਰਲੀਆਂ ਹੋ ਜਾਣ ਤਾਂ ਭਾਵੇਂ ਖ਼ਾਲੀ ਕਾਗ਼ਜ਼ਾਂ 'ਤੇ ਦਸਖਤ ਕਰਾ ਲਓ।

ਭੁੱਲਰ ਦਾ ਪਹਿਲਾਂ ਹੀ ਮੂਡ ਠੀਕ ਨਹੀਂ। ਦੂਜੀ ਮੰਜ਼ਲ 'ਤੇ ਜਾ ਕੇ ਉਸ ਨੇ ਹੋਰ ਉਦਾਸ ਹੋ ਜਾਣੈ। ਸਤੀਸ਼ ਦਾ ਭਾਂਡਾ ਫੁੱਟਣ ਹੀ ਵਾਲਾ ਸੀ। ਉਸ ਦੇ ਹੱਥੋਂ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਖੁੱਸ ਜਾਣੀ ਸੀ। ਉਸ ਨੂੰ ਇਸੇ ਗੱਲ ਦਾ ਗ਼ਮ ਸੀ।

ਦੂਜੀ ਮੰਜ਼ਲ ਤਕ ਪਹੁੰਚਦੇ ਉਨ੍ਹਾਂ ਦਾ ਸਾਹ ਚੜ੍ਹ ਗਿਆ। ਲੱਖ ਯਤਨ ਕਰਨ ਤੇ ਵੀ ਭੁੱਲਰ ਦੀ ਹੌਂਕਣੀ ਨਹੀਂ ਸੀ ਰੁਕ ਰਹੀ। ਉਹ ਮੱਥੇ ਤੋਂ ਵਹਿ ਤੁਰੀ ਪਸੀਨੇ ਦੀ ਨਦੀ ਤੋਂ ਵੀ ਦੁਖੀ ਸੀ।

''ਹੁਣੇ ਤੰਗ ਹੋ ਗਿਆ ਤਾਂ ਅੱਗੇ ਕੀ ਕਰੇਂਗਾ ?'' ਤਨਾਅ-ਪੂਰਨ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਸਤੀਸ਼ ਨੇ ਸ਼ੁਰਲੀ ਛੱਡੀ। ਰੇਲਿੰਗ ਨਾਲ ਢੋਅ ਲਾ ਕੇ ਦਮ ਮਾਰਦੇ ਭੁੱਲਰ ਨੂੰ ਦੇਖ ਕੇ ਉਸ ਨੂੰ ਹਾਸਾ ਆ ਗਿਆ ਸੀ।

ਵੇਲਾ ਹੱਸਣ ਦਾ ਨਹੀਂ ਸੀ। ਉਸ ਦੀ ਟਿੱਚਰ ਵੱਲ ਬਿਨਾਂ ਧਿਆਨ ਦਿੱਤੇ ਭੁੱਲਰ ਕਮਰਿਆਂ 'ਤੇ ਲਟਕਦੀਆਂ ਨੇਮ ਪਲੇਟਾਂ ਤੇ ਉਕਰੇ ਨਾਂ ਪੜ੍ਹਦਾ ਰਿਹਾ। ਇਕ ਨੰਬਰ ਕਮਰਾ ਮੰਜੂ ਦਾ। ਰੇਲਿੰਗ ਤੇ ਝੁਟਦੇ ਮੁੰਡਿਆਂ ਦੀ ਨਜ਼ਰ ਇਸ ਕਮਰੇ 'ਤੇ ਸੀ। ਤਿੰਨ ਨੰਬਰ 'ਤੇ ਕੋਈ ਪਲੇਟ ਨਹੀਂ ਸੀ। ਕੋਈ ਬਹੁਤੇ ਗਾਹਕ ਨਹੀਂ ਸਨ। ਦੋ ਮੋਟੇ-ਮੋਟੇ ਸੇਠ ਕਮਰੇ ਅੱਗੇ ਟਹਿਲ ਰਹੇ ਸਨ ਅਤੇ ਪਾਨ ਚਬਾ ਰਹੇ

(73)

LAAM



ਸਨ।

ਚੌਥਾ ਕਮਰਾ ਖ਼ਾਲੀ ਸੀ, ਜਿਹੜਾ ਭੁੱਲਰ ਹੋਰਾਂ ਨੂੰ ਉਡੀਕ ਰਿਹਾ ਸੀ।

''ਇਸ ਦਾ ਮਤਲਬ ਅੰਜੂ ਅਤੇ ਮੰਜੂ ਦੋਵੇਂ ਆਈਆਂ ਹੋਈਆਂ ਹਨ। ਬਈ ਵਾਹ !'' ਅੰਜੂ ਮੰਜੂ ਦਾ ਨਾਂ ਪੜ੍ਹ ਕੇ ਭੁੱਲਰ ਦਾ ਸਾਰਾ ਥਕੇਵਾਂ ਲਹਿ ਗਿਆ।

''ਇਥੇ ਜਿਹੜੀਆਂ ਵੀ ਆਉਂਦੀਆਂ ਨੇ, ਉਨ੍ਹਾਂ ਦਾ ਨਾਂ ਅੰਜੂ, ਮੰਜੂ ਅਤੇ ਸੁਰਿੰਦਰ ਹੀ ਹੁੰਦੈ। ਵਾਹ ਪਏ ਤੋਂ ਹੀ ਪਤਾ ਲੱਗੂ, ਕਿਸ ਨਾਲ ਮੱਥਾ ਲਗਦੈ।'' ਸਤੀਸ਼ ਨੂੰ ਦੂਜੀ ਮੰਜ਼ਲ 'ਤੇ ਖੜ੍ਹਾ ਹੋਣਾ ਭੁੱਲਿਆ ਨਹੀਂ ਸੀ। ਉਹ ਭੁੱਲਰ ਦੀਆਂ ਉੱਚ ਅਕਾਂਕਸ਼ਾਵਾਂ ਨੂੰ ਕਾਬੂ ਵਿਚ ਰੱਖਣਾ ਚਾਹੁੰਦਾ ਸੀ।

ਸਤੀਸ਼ ਹੋਟਲਾਂ ਦੇ ਸਭਿਆਚਾਰ ਨੂੰ ਸਮਝਦਾ ਸੀ। ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ, ਅਗਲੀ ਕੌਣ ਹੈ ? ਕਿੱਥੋਂ ਆਈ ਹੈ ? ਕਿਧਰ ਜਾਏਗੀ ? ਕਈਆਂ ਦੇ ਮੁੜ ਦਰਸ਼ਨ ਨਹੀਂ ਹੁੰਦੇ। ਉਹ ਕਿਸੇ ਖਾਸ ਅੰਜੂ ਮੰਜੂ ਦੀ ਗਰੰਟੀ ਨਹੀਂ ਲੈ ਸਕਦਾ।

ਉਹ ਕਮਰੇ ਵਿਚ ਵੜਨ ਹੀ ਲੱਗੇ ਸਨ ਕਿ ਕੜੱਕ ਦੇਣੇ ਇਕ ਨੰਬਰ ਕਮਰੇ ਦਾ ਦਰਵਾਜ਼ਾ ਖੁੱਲ੍ਹਾ। ਅੰਜੂ ਦੀ ਝਲਕ ਲੈਣ ਲਈ ਭੁੱਲਰ ਨੇ ਪੈਰ ਮਲੇ।

ਅਪਸਰਾਵਾਂ ਵਰਗੀ, ਪੰਦਰਾਂ ਕੁ ਸਾਲਾਂ ਦੀ ਅੰਜੂ ਦਰਵਾਜ਼ੇ 'ਚ ਖਲੋਤੀ ਅਗਲੇ ਗਾਹਕ ਨੂੰ ਅੰਦਰ ਬੁਲਾ ਰਹੀ ਸੀ।

ਗਾਹਕ ਝਿਜਕ ਰਿਹਾ ਸੀ। ਉਸ ਦੀ ਨਜ਼ਰ ਬੈੱਡ 'ਤੇ ਹੌਂਕ ਰਹੇ ਆਪਣੇ ਸਾਥੀ ਤੇ ਸੀ। ਸਾਥੀ ਨੇ ਨਾ ਹਾਲੇ ਕੁੜਤਾ ਪਾਇਆ ਸੀ ਨਾ ਪੈਂਟ। ਅੰਜੂ ਦੀ ਇਸ ਕਾਹਲ 'ਤੇ ਉਹ ਬੁੜਬੁੜਾ ਰਿਹਾ ਸੀ।

''ਸੰਗਦਾ ਕਾਹਤੋਂ ਹੈਂ ਸ਼ੇਰਾ, ਮਾਰ ਥਾਪੀ ਤੇ ਚਲੇ ਜਾ ਅੰਦਰ—ਇਸ ਹਮਾਮ 'ਚ ਸਭ ਨੰਗੇ ਨੇ।'' ਸੋਚਦੇ ਭੁੱਲਰ ਦੇ ਖੁਸ਼ਕ ਹੋਠਾਂ 'ਤੇ ਮੁਸਕਰਾਹਟ ਫੈਲੀ।

ਕਮਰੇ 'ਚ ਵੜਦਿਆਂ ਹੀ ਕੁਝ ਸਕਿੰਟਾਂ ਦੀ ਇਹ ਖ਼ੁਸ਼ੀ ਖੰਭ ਲਾ ਗਈ। ਕਮਰੇ 'ਚ ਫੈਲੀ ਅਜੀਬ ਬੂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਪੱਖੇ ਦੀ ਫੁੱਲ ਸਪੀਡ ਵੀ ਬੂ ਦਾ ਕੁਝ ਨਾ ਵਿਗਾੜ ਸਕੀ।

ਪਸੀਨਾ ਪੂੰਝਣ ਲਈ ਜਦੋਂ ਭੁੱਲਰ ਨੇ ਤੌਲੀਆ ਚੁੱਕਿਆ ਤਾਂ ਖਾਧਾ ਪੀਤਾ ਬਾਹਰ ਆਉਣ ਲੱਗਾ। ਤੌਲੀਏ 'ਚੋਂ ਕੋਈ ਜਾਣੀ ਪਹਿਚਾਣੀ ਬੂ ਆ ਰਹੀ ਸੀ।

ਵੱਟਾਂ ਵਾਲੀ ਮੈਲੀ ਚਾਦਰ, ਸੋਢੇ ਵਾਲੀਆਂ ਖ਼ਾਲੀ ਬੋਤਲਾਂ ਅਤੇ ਇਧਰ ਉਧਰ ਖਿੱਲਰੇ ਸਲਾਦ ਦੇ ਟੁਕੜੇ ਵੀ ਉਨ੍ਹਾਂ ਦਾ ਮੂੰਹ ਚਿੜਾਉਣ ਲੱਗੇ।

ਕੁਝ ਦੇਰ ਲਈ ਉਨ੍ਹਾਂ ਚੁੱਪ ਵਰਤ ਗਈ।

ਸਤੀਸ਼ ਨੂੰ ਲੱਗ ਰਿਹਾ ਸੀ, ਜਿਵੇਂ ਉਨ੍ਹਾਂ ਨੂੰ ਜਾਣ ਬੁੱਝ ਕੇ ਜ਼ਲੀਲ ਕੀਤਾ ਜਾ ਰਿਹਾ ਸੀ। ਇਸ ਕਮਰੇ ਵਿਚੋਂ ਹੁਣੇ ਕੋਈ ਅੰਜੂ ਮੰਜੂ ਗਈ ਹੋਣੀ ਹੈ। ਸਫਾਈ ਕਰਾਏ ਬਗੈਰ ਹੀ ਉਨ੍ਹਾਂ ਨੂੰ ਇਸ ਕਮਰੇ ਵਿਚ ਧੱਕ ਦਿੱਤਾ ਗਿਆ ਸੀ। ਅੱਧੇ ਘੰਟੇ ਤੱਕ ਕਿਸੇ ਵੇਟਰ ਨੇ ਦਰਸ਼ਨ ਨਾ ਦਿੱਤੇ।

''ਆਪਾਂ ਬੱਸ ਝਲਕ ਜਿਹੀ ਲੈਣੀ ਹੈ। ਕਰਨਾ ਕਰਾਉਣਾ ਕੁਝ ਨਹੀਂ।'' ਚੁੱਪ ਤੋੜਨ ਲਈ ਆਖੇ ਭੁੱਲਰ ਦੇ ਇਨ੍ਹਾਂ ਸ਼ਬਦਾਂ ਵਿਚ ਵਿਅੰਗ ਸੀ ਜਾਂ ਬੇਵਸੀ, ਸਤੀਸ਼ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ।

'ਘੁੱਟ ਅੰਦਰ ਜਾ ਲੈਣ ਦੇ, ਫੇਰ ਦੇਖਾਂਗਾ ਤੇਰਾ ਬ੍ਰਹਮਚਾਰੀਪੁਣਾ।'' ਮੇਜ਼ 'ਤੇ ਗਲਾਸ ਅਤੇ ਪਲੇਟਾਂ ਸਜਾਉਂਦੇ ਵੇਟਰ ਨੂੰ ਦੇਖ ਕੇ ਸਤੀਸ਼ ਦੇ ਦਮ ਵਿਚ ਦਮ ਆਇਆ। ਉਹ ਭੁੱਲਰ ਨੂੰ ਬਹਿਲਾਉਣ ਦਾ ਯਤਨ ਕਰਨ ਲੱਗਾ।

''ਇਹ ਤਾਂ ਡਿਪਲੋਮੇਟ ਚੁੱਕੀ ਫਿਰਦੈ। ਤੈਨੂੰ ਮੇਰੇ ਬਰਾਂਡ ਦਾ ਪਤਾ ਤਾਂ ਹੈ, ਮੈਂ ਕਦੇ ਪੀਟਰ ਸਕਾਟ ਤੋਂ ਘੱਟ ਨਹੀਂ ਪੀਤੀ।'' ਵੇਟਰ ਦੇ ਬਾਹਰ ਜਾਂਦਿਆਂ ਹੀ ਭੁੱਲਰ ਅੰਦਰ ਦੱਬਿਆ ਗੁੱਸਾ ਲਾਵੇ ਵਾਂਗ ਵਹਿ ਤੁਰਿਆ।

''ਆਖਿਆ ਤਾਂ ਕੰਜਰ ਦੇ ਨੂੰ ਪੀਟਰ ਸਕਾਟ ਹੀ ਸੀ। ਨਹੀਂ ਮਿਲਦੀ ਹੋਣੀ। ਵੈਸੇ ਇਥੇ ਪੀਣ ਦਾ ਤਾਂ ਬਹਾਨਾ ਹੀ ਹੁੰਦਾ ਹੈ। ਆਪਣੀ ਵਾਰੀ ਉਡੀਕਣ ਦਾ..ਫੇਰ ਵੀ ਮੈਂ ਹੇਠਾਂ ਜਾ ਕੇ ਦੇਖਦਾਂ।''

ਵਾਰ-ਵਾਰ ਹੁੰਦੀ ਬੇਇੱਜ਼ਤੀ ਦਾ ਰਾਜ਼ ਜਾਨਣ ਲਈ ਭਰਿਆ ਪੀਤਾ ਸਤੀਸ਼ ਹੇਠਾਂ ਉਤਰ ਗਿਆ।

ਇਕ ਵਾਰ ਗਿਆ ਤਾਂ ਹੇਠ ਛਾਉਣੀ ਪਾ ਕੇ ਹੀ ਬੈਠ ਗਿਆ।

ਵਿਹਲੇ ਬੈਠੇ ਭੁੱਲਰ ਨੂੰ ਫੇਰ ਫ਼ਾਤਮਾ ਨੇ ਆ ਘੇਰਿਆ। ਜੇ ਉਹ ਗਰੀਬ ਹੋਈ ? ਪੰਜ ਸੌ ਕਿਥੋਂ ਲਿਆਏਗੀ ? ਹੋ ਸਕਦਾ ਹੈ, ਉਹ ਨਿਰਦੋਸ਼ ਹੀ ਹੋਵੇ ?

''ਚਲੋ ! ਪਏ ਠੱਠੇ ਖੂਹ 'ਚ, ਮੈਨੂੰ ਕੀ ? ਮੇਰਾ ਕੰਮ ਫ਼ੈਸਲਾ ਕਰਨਾ ਹੈ। ਜੁਰਮਾਨਾ ਭਰਨਾ ਨਹੀਂ।'' ਮਨ ਨੂੰ ਸਮਝਾਉਂਦਾ ਭੁੱਲਰ ਬੋਤਲ ਨਾਲ ਖੇਡਣ ਲੱਗਾ।

''ਚਲੋ ! ਅੱਗੇ ਕਿਹੜਾ ਇਹ ਬਰਾਂਡ ਪੀਤਾ ਨਹੀਂ। ਜਿੰਨਾ ਚਿਰ ਪੀਟਰ ਨਹੀਂ ਆਉਂਦੀ, ਇਹ ਸਹੀ।'' ਫ਼ਾਤਮਾ ਤੋਂ ਪਿੱਛਾ ਛੁਡਾਉਣ ਲਈ ਮਨ ਨਾਲ ਸਮਝੌਤਾ ਕਰਕੇ ਭੁੱਲਰ ਨੇ ਵੱਡਾ ਸਾਰਾ ਪੈੱਗ ਅੰਦਰ ਸੁੱਟਿਆ।

ਸਤੀਸ਼ ਪਤਾ ਨਹੀਂ ਕਿਥੇ ਮਰ ਗਿਆ ਸੀ। ਆਉਣ 'ਚ ਹੀ ਨਹੀਂ ਸੀ ਆ ਰਿਹਾ।

ਥੋੜ੍ਹਾ ਜਿਹਾ ਸਰੂਰ ਆਇਆ ਤਾਂ ਭੁੱਲਰ ਕਮਰਿਆਂ ਅੱਗੇ ਗੇੜੇ ਦੇਣ ਲੱਗਾ।

ਪਹਿਲੇ ਗਾਹਕ ਭੁਗਤਦੇ ਜਾ ਰਹੇ ਸਨ। ਨਵਾਂ ਕੋਈ ਨਹੀਂ ਸੀ ਆਇਆ। ਮੰਜੂ ਕਮਰਾ ਖ਼ਾਲੀ ਕਰਕੇ ਚਲੀ ਗਈ ਸੀ। ਤਿੰਨ ਨੰਬਰ ਅੱਗੇ ਖੜ੍ਹੇ ਸੇਠ ਵੀ ਦਿਖਾਈ ਨਹੀਂ ਸੀ ਦੇ ਰਹੇ। ਉਹ ਅੰਦਰ ਹੋਣਗੇ। ਉਸ ਤੋਂ ਪਿਛੋਂ ਉਹ ਵੀ ਫ਼ਾਰਗ ਹੋ ਜਾਣੀ ਸੀ। ਅੰਜੂ ਦੇ ਕਮਰੇ ਅੱਗੇ ਕੇਵਲ ਇਕੋ ਗਾਹਕ ਸੀ। ਸਤੀਸ਼ ਹੇਠਾਂ ਹੀ ਬੈਠਾ ਰਿਹਾ ਤਾਂ ਖ਼ਾਲੀ ਹੱਥ ਹੀ ਮੁੜਨਾ ਪਏਗਾ।

ਸਮਾਂ ਵੀ ਕਾਫੀ ਹੋ ਗਿਆ ਸੀ। ਚਹਿਲ ਪਹਿਲ ਘੱਟਦੀ ਜਾ ਰਹੀ ਸੀ। ਬੈੱਲ ਖੜਕਾ ਕੇ ਸਤੀਸ਼ ਨੂੰ ਉੱਪਰ ਬੁਲਾਉਣ ਲਈ ਭੁੱਲਰ ਕਮਰੇ 'ਚ ਮੁੜ ਆਇਆ। ਜਿਵੇਂ ਬੈੱਲ ਸੁਣਨ ਵਾਲਾ ਕੋਈ ਨਹੀਂ



ਸੀ। ਬਟਨ ਦਬਾ-ਦਬਾ ਉਹ ਹੰਭ ਗਿਆ।

ਘੰਟੇ ਬਾਅਦ ਜਦੋਂ ਸਤੀਸ਼ ਆਇਆ ਤਾਂ ਭੁੱਲਰ ਅੱਧੀ ਬੋਤਲ ਚੜ੍ਹਾ ਚੁੱਕਾ ਸੀ। ਸਟਰਾਂਗ ਵਿਸਕੀ ਨੇ ਦਿਮਾਗ ਦੇ ਜਾਮ ਹੋਏ ਦਰਵਾਜ਼ੇ ਖੋਲ੍ਹ ਦਿੱਤੇ ਸਨ। ਉਹ ਅੰਦਰਲਾ ਭੁੱਲਰ ਜਾਗ ਪਿਆ ਸੀ। ਬਾਹਰਲਾ ਜੱਜ ਛਾਂਈ-ਮਾਂਈਂ ਹੋ ਚੁੱਕਾ ਸੀ।

''ਚੱਲ ਯਾਰ ਪਹਿਲਾਂ ਅੱਖਾਂ ਤੱਤੀਆਂ ਕਰੀਏ। ਜਦੋਂ ਦੇ ਇਸ ਕੁੱਤੀ ਨੌਕਰੀ ਵਿਚ ਆਏ ਹਾਂ, ਕੈਦੀ ਬਣ ਕੇ ਰਹਿ ਗਏ ਹਾਂ।'' ਸਰੂਰ 'ਚ ਆਇਆ ਭੁੱਲਰ ਭੁੱਲ ਗਿਆ ਸੀ ਕਿ ਉਸ ਨੇ ਸਤੀਸ਼ ਨੂੰ ਪੀਟਰ ਸਕਾਟ ਲੈਣ ਲਈ ਭੇਜਿਆ ਸੀ। ਉਹ ਸਤੀਸ਼ ਨੂੰ ਕਾਰੀਡੋਰ ਵੱਲ ਧੂਹਣ ਲੱਗਾ।

''ਤੂੰ ਹੁਕਮ ਕਰ, ਤੈਨੂੰ ਕਿਹੜੀ ਚਾਹੀਦੀ ਹੈ ? ਇਥੇ ਹੀ ਹਾਜ਼ਰ ਹੋਏਗੀ।'' ਮੈਨੇਜਰ ਨਾਲ ਤੂੰ ਤੂੰ ਮੈਂ ਮੈਂ ਕਰਨ ਪਿਛੋਂ ਸਤੀਸ਼ ਹੌਸਲੇ ਵਿਚ ਸੀ। ਉਸ ਨੇ ਮਨਮਰਜ਼ੀ ਦਾ ਵੇਟਰ ਹੀ ਬੁਲਾ ਲਿਆ ਸੀ।

ਜਦੋਂ ਤੱਕ ਭੁੱਲਰ ਇਹ ਦੱਸੇ ਕਿ ਉਹਨੂੰ ਕਿਹੜੀ ਹੂਰ ਚਾਹੀਦੀ ਹੈ, ਸਤੀਸ਼ ਨੇ ਨਾਲ ਲਿਆਂਦੀ ਪੀਟਰ ਸਕਾਟ ਵਿਚੋਂ ਇਕ ਵੱਡਾ ਸਾਰਾ ਪੈੱਗ ਅੰਦਰ ਸੁੱਟਿਆ।

'ਲੈ ਬਈ ਤਿੰਨ ਨੰਬਰ ਵਾਲੀ ਲੈ ਆ।'' ਭੁੱਲਰ ਨੂੰ ਬਾਹਰ ਟਹਿਲਦੇ ਸੇਠ ਬਹੁਤ ਅਮੀਰ ਲੱਗੇ ਸਨ। ਉਨ੍ਹਾਂ ਦੀ ਪਸੰਦ ਘਟੀਆ ਨਹੀਂ ਹੋ ਸਕਦੀ। ਇਸੇ ਤਰਕ ਦੇ ਅਧਾਰ 'ਤੇ ਉਸ ਨੇ ਤਿੰਨ ਨੰਬਰ ਦੀ ਫ਼ਰਮਾਇਸ਼ ਕੀਤੀ।

''ਸਾਰੀ ਸਰ ! ਉਹ ਤਾਂ ਪਟਰੋਲ ਵਾਲੇ ਸਹਿਗਲ ਸਾਹਿਬ ਆਪਣੇ ਨਾਲ ਲਿਆਏ ਸਨ ਆਪਣੇ ਅਫ਼ਸਰਾਂ ਲਈ। ਉਹ ਤਾਂ ਕਦੋਂ ਦੇ ਚਲੇ ਗਏ।'' ਖਚਰਾ ਜਿਹਾ ਹਾਸਾ ਹੱਸ ਕੇ ਵੇਟਰ ਨੇ ਮਜਬੂਰੀ ਜ਼ਾਹਰ ਕੀਤੀ।

''ਸਭ ਬਕਵਾਸ। ਬਹਾਨੇਬਾਜ਼ੀ....।'' ਭੁੱਲਰ ਆਪੇ ਤੋਂ ਬਾਹਰ ਹੋ ਗਿਆ ਸੀ। ਮੇਜ਼ 'ਤੇ ਮੁੱਕਾ ਮਾਰਨ ਲੱਗਿਆਂ ਉਸ ਦੀ ਕੂਹਣੀ ਗਲਾਸਾਂ ਨਾਲ ਟਕਰਾਈ। ਟੁੱਟਦੇ ਗਲਾਸਾਂ ਦੇ ਖੜਕੇ ਨਾਲ ਸਾਰਾ ਹੋਟਲ ਗੂੰਜਣ ਲੱਗਾ।

ਸਤੀਸ਼ ਦਾ ਸਾਰਾ ਨਸ਼ਾ ਲਹਿ ਗਿਆ। ਉਹ ਧੁਰ ਅੰਦਰ ਤੱਕ ਕੰਬ ਗਿਆ। ਚੌੜੀਆਂ-ਚੌੜੀਆਂ ਛਾਤੀਆਂ ਵਾਲੇ ਵੇਟਰ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੇ। ਅਨੁਸ਼ਾਸ਼ਣ ਭੰਗ ਹੋਣ ਤੇ ਉਹ ਕਿਸੇ ਦਾ ਲਿਹਾਜ਼ ਨਹੀਂ ਕਰਦੇ। ਝੱਟ ਧੌਣ 'ਚ ਜੜ੍ਹ ਦਿੰਦੇ ਹਨ।

''ਚੱਲ ਇਕ ਨੰਬਰ ਵਾਲੀ ਅੰਜੂ ਨੂੰ ਹੀ ਬੁਲਾ।'' ਮੌਕਾ ਸੰਭਾਲਣ ਦੀ ਕੋਸ਼ਿਸ਼ ਕਰਦਿਆਂ ਸਤੀਸ਼ ਨੇ ਵੇਟਰ ਦੀ ਜੇਬ 'ਚ ਪੰਜਾਹ ਦਾ ਨੋਟ ਪਾ ਕੇ ਅੰਜੂ ਲਈ ਤਰਲਾ ਲਿਆ।

''ਉਹ ਵੀ ਚੰਡੀਗੜ੍ਹ ਵਾਲੀ ਬੱਸ ਚੜ੍ਹ ਗਈ ਹੈ। ਲਓ ਦੇਖ ਲਓ ਕਮਰਾ ਖਾਲੀ ਪਿਐ।'' ਵਿੰਡੋ ਦਾ ਪਰਦਾ ਇਕ ਪਾਸੇ ਹਟਾਉਂਦਾ ਵੇਟਰ ਪਹਿਲੇ ਹੀ ਅੰਦਾਜ਼ ਵਿਚ ਬੁੜਬੁੜਾਇਆ।

''ਕੋਈ ਹੈ ਵੀ ਜਾਂ ਸਭ ਮਰ ਗਈਆਂ।'' ਸਤੀਸ਼ ਤੋਂ ਵੀ ਹੋਰ ਬਰਦਾਸ਼ਤ ਨਹੀਂ ਸੀ ਹੋ ਰਿਹਾ। ਬਹਿਕਿਆ-ਬਹਿਕਿਆ ਉਹ ਚਿਲਾਇਆ। ਪੀਟਰ ਸਕਾਟ ਮੰਗਵਾਉਣ ਲਈ ਉਸ ਨੂੰ ਘੰਟਾ

ਕਾਊਂਟਰ 'ਤੇ ਬੈਠਣਾ ਪਿਆ ਸੀ। ਉਹ ਮੈਨੇਜਰ ਦੀ ਇਸ ਬੇਰੁਖੀ ਨੂੰ ਹਾਲੇ ਤੱਕ ਹਜ਼ਮ ਨਹੀਂ ਸੀ ਕਰ ਸਕਿਆ।

''ਇਸ ਵਕਤ ਤੁਹਾਡੇ ਸਟੈਂਡਰਡ ਦੀ ਕੋਈ ਨਹੀਂ, ਮੋਟੀ ਹੇਮਾ ਹੈ ਜਾਂ ਮੱਧਰੀ ਭੂਰੋ...ਰੇਖਾ ਲੱਗੀ ਹੋਈ ਹੈ...ਉਸ ਢਿੰਗ੍ਹੀ ਜਿਹੀ ਨੂੰ ਤੁਸੀਂ ਜਾਣਦੇ ਹੀ ਹੋ....ਉਹ ਸਾਹਿਬ ਦੇ ਪਸੰਦ ਨਹੀਂ ਆ ਸਕਦੀ।''

''ਤੈਨੂੰ ਕਿਸ ਨੇ ਆਖਿਐ ਕਿ ਸਾਡਾ ਸਟੈਂਡਰਡ ਹੈ ?'' ਸਤੀਸ਼ ਆਖਣਾ ਤਾਂ ਇਹ ਚਾਹੁੰਦਾ ਸੀ ਪਰ ਉਸ ਨੇ ਕੁਝ ਆਖਿਆ ਹੋਰ।

''ਜਿਹੜੀ ਵੀ ਵਿਹਲੀ ਹੈ ਉਸੇ ਨੂੰ ਬੁਲਾ...ਸਾਹਿਬ ਅੱਗੇ ਪੇਸ਼ ਕਰ !''

''ਨਹੀਂ ਸਾਰੀਆਂ ਨੂੰ ਪੇਸ਼ ਕਰੋ। ਜਿਹੜੀ ਪਸੰਦ ਆਏਗੀ ਰੱਖ ਲਵਾਂਗੇ।''

ਭੁੱਲਰ ਸਤੀਸ਼ ਨਾਲ ਸਹਿਮਤ ਨਹੀਂ ਸੀ। ਉਹ ਸਾਰੀਆਂ ਨੂੰ ਕਮਰੇ 'ਚ ਹਾਜ਼ਰ ਕਰਨਾ ਚਾਹੁੰਦਾ ਸੀ।

''ਨਹੀਂ ਨਹੀਂ। ਇਥੇ ਨਹੀਂ ਕਿਸੇ ਆਉਣਾ। ਸਾਨੂੰ ਹੀ ਹਾਲ 'ਚ ਜਾਣਾ ਪੈਣਾ ਹੈ।'' ਸਤੀਸ਼ ਨੂੰ ਹੋਟਲ ਦੇ ਕਾਇਦੇ ਕਾਨੂੰਨ ਦਾ ਪਤਾ ਸੀ। ਇਹ ਫ਼ਰਮਾਇਸ਼ ਪੂਰੀ ਹੋਣ ਵਾਲੀ ਨਹੀਂ ਸੀ। ਇਸ ਲਈ ਉਸ ਨੇ ਭੁੱਲਰ ਦੀ ਗੱਲ ਟੋਕੀ।

''ਚੱਲ ਫੇਰ ਉੱਠ ਜਲਦੀ ਕਰ....ਚੱਲ ਜਿਥੇ ਚੱਲਣੈ।'' ਖਿਸਕੀ ਪੈਂਟ ਨੂੰ ਉੱਪਰ ਚੁੱਕਦਾ ਅਤੇ ਟੇਢੀ ਹੋਈ ਪੱਗ ਨੂੰ ਠੀਕ ਕਰਦਾ ਭੁੱਲਰ ਹਾਲ ਵੱਲ ਤੁਰ ਪਿਆ।

ਹਾਲ ਭਾਂ-ਭਾਂ ਕਰ ਰਿਹਾ ਸੀ। ਡਿਮ ਲਾਈਟਾਂ ਬੁੱਝ ਗਈਆਂ ਸਨ। ਵੱਡੀ ਲਾਈਟ ਹਾਲ ਨੂੰ ਰੁਸ਼ਨਾ ਰਹੀ ਸੀ।

ਸਾਰੇ ਮੇਜ਼ ਖ਼ਾਲੀ ਸਨ। ਕੇਵਲ ਇਕੋ ਕੈਬਨ ਅੱਗੇ ਪਰਦਾ ਸੀ। ਸੁਰਿੰਦਰ, ਹੇਮਾ, ਭੂਰੋ ਜਾਂ ਰੇਖਾ, ਜਿਹੜੀ ਵੀ ਸੀ, ਉਸੇ ਕੈਬਨ ਵਿਚ ਬੈਠੀ ਸੀ।

ਕੈਬਨ ਕੋਲ ਜਾ ਕੇ ਵੇਟਰ ਨੇ ਅਚਾਨਕ ਹੀ ਪਰਦਾ ਹਟਾ ਦਿੱਤਾ।

ਇਕ ਅੱਧਖੜ ਉਮਰ ਦੀ ਔਰਤ ਕੰਧ ਨਾਲ ਢੋਅ ਲਾਈ ਬੈਠੀ ਸੀ। ਉਹ ਊਂਘ ਰਹੀ ਸੀ। ਅੱਖਾਂ 'ਤੇ ਅਚਾਨਕ ਪਈ ਰੋਸ਼ਨੀ ਕਾਰਨ ਉਹ ਤ੍ਰਬਕ ਗਈ। ਮੋਢਿਆਂ ਤੱਕ ਸਰਕ ਆਈ ਚੁੰਨੀ ਨੂੰ ਠੀਕ ਕਰਦੀ ਉਹ ਸੰਭਲੀ।

''ਆਓ ਜਨਾਬ...।'' ਖੜ੍ਹੀ ਹੋ ਕੇ, ਸਾਹਮਣੇ ਪਈ ਪਲੇਟ ਨੂੰ ਇਕ ਪਾਸੇ ਹਟਾਉਂਦੀ ਸੁਰਿੰਦਰ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਭੁੱਲਰ ਸ਼ਰਾਬੀ ਸੀ। ਪੈਰ ਥਿੜਕ ਰਹੇ ਸਨ। ਕਦੇ ਇਕ ਚੀਜ਼ ਦੇ ਦੋ ਅਕਸ ਵੀ ਦਿਖਾਈ ਦੇਣ ਲੱਗਦੇ। ਫੇਰ ਵੀ ਇਸ ਦਾ ਮਤਲਬ ਇਹ ਨਹੀਂ ਸੀ ਕਿ ਉਸ ਨੂੰ ਕੋਈ ਸੁੱਧ-ਬੁੱਧ ਨਹੀਂ ਸੀ।

ਅਦਾਲਤੀ ਭਾਸ਼ਾ ਸੁਣਦਿਆਂ ਹੀ ਭੁੱਲਰ ਦੇ ਕੰਨ ਖੜ੍ਹੇ ਹੋ ਗਏ। ਸਾਰਾ ਨਸ਼ਾ ਉਤਰ ਗਿਆ।





ਉਹਨੂੰ ਲੱਗਾ, ਉਹ ਕਿਸੇ ਸਾਜਿਸ਼ ਦਾ ਸ਼ਿਕਾਰ ਹੋ ਗਿਐ।

ਹਾਲੇ ਤਕ ਭੁੱਲਰ ਦੀ ਨਜ਼ਰ ਸੁਰਿੰਦਰ ਦੇ ਸ਼ਰਬਤੀ ਹੋਠਾਂ 'ਤੇ ਟਿਕੀ ਹੋਈ ਸੀ। ਸੁਰਿੰਦਰ ਦੀਆਂ ਫੜ ਫੜ ਵੱਜਦੀਆਂ ਅੱਧ ਨੰਗੀਆਂ-ਛਾਤੀਆਂ ਵੀ ਉਸ ਨੂੰ ਭਰਮਾ ਰਹੀਆਂ ਸਨ।

ਜਾਣੀ ਪਹਿਚਾਣੀ ਅਵਾਜ਼ ਸੁਣ ਕੇ ਭੁੱਲਰ ਨੇ ਸੁਰਿੰਦਰ ਦੇ ਅਗਲੇ ਦੰਦਾਂ ਵੱਲ ਤੱਕਿਆ। ਉਹੋ ਚਿੱਟੇ ਦੰਦ। ਦੰਦਾਂ 'ਚ ਲਿਸ਼ਕਾਂ ਮਾਰਦੀਆਂ ਸੋਨੇ ਦੀਆਂ ਮੇਖਾਂ। ਖੁਣੀ ਠੋਡੀ।

ਭੁੱਲਰ ਨਾਲ ਮਜ਼ਾਕ ਕੀਤਾ ਜਾ ਰਿਹਾ ਸੀ। ਕੌਣ ਆਖਦਾ ਸੀ ਇਹ ਸੁਰਿੰਦਰ ਹੈ। ਇਹ ਤਾਂ ਫ਼ਾਤਮਾ ਸੀ। ਉਹ ਖੱਬੇ ਮੱਥੇ 'ਤੇ ਖੁਣਿਆ ਚੰਦ ਤਾਰਾ ਤਾਂ ਪਾਊਡਰ ਦੀ ਤਹਿ ਥੱਲੇ ਛੁਪਾ ਸਕਦੀ ਸੀ ਪਰ ਗਰਦਨ ਉਪਰਲਾ ਚਾਰ ਉਂਗਲ ਜਿੱਡਾ ਨਿਸ਼ਾਨ ਨਹੀਂ ਸੀ ਛੁਪਾ ਸਕਦੀ। ਭੁੱਲਰ ਨੂੰ ਸਾਹਮਣੇ ਖੜ੍ਹਾ ਦੇਖ ਕੇ ਫ਼ਾਤਮਾ ਨੂੰ ਤ੍ਰੇਲੀ ਆ ਗਈ। ਉਹ ਰੰਗੇ ਹੱਥੀਂ ਫੜੀ ਗਈ ਸੀ। ਹੁਣ ਉਹ ਅਦਾਲਤ ਵਿਚ ਜਾ ਕੇ ਇਹ ਨਹੀਂ ਆਖ ਸਕੇਗੀ ਕਿ ਉਹ ਪਹਿਲਾਂ ਵੀ ਨਿਰਦੋਸ਼ ਸੀ ਅਤੇ ਅੱਜ ਵੀ।

ਅਗਲੇ ਹੀ ਪਲ ਉਹ ਸੰਭਲੀ। ਭੁੱਲਰ ਉਸ ਨੂੰ ਥਾਣੇਦਾਰ ਦਾ ਹੀ ਰੂਪ ਲੱਗਾ।

''ਬੱਸ ਪੰਜਾਹ ਹੀ ਲਾਵਾਂਗੀ। ਪੰਜ ਸੌ ਹੋਣ 'ਚ ਇੰਨੇ ਹੀ ਘੱਟ ਨੇ।'' ਹੌਸਲਾ ਕਰ ਕੇ ਉਹ ਅੱਗੇ ਵਧੀ ਅਤੇ ਭੁੱਲਰ ਦਾ ਹੱਥ ਫੜਨ ਲੱਗੀ।

ਭੁੱਲਰ ਦਾ ਸਿਰ ਚਕਰਾ ਗਿਆ। ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਉਹ ਕਿਹੜਾ ਮੂੰਹ ਲੈ ਕੇ ਕੱਲ੍ਹ ਨੂੰ ਇਨਸਾਫ ਦੀ ਕੁਰਸੀ 'ਤੇ ਬੈਠੇਗਾ। ਉਹ ਚਾਹੁਣ ਲੱਗਾ ਕਿ ਜ਼ਮੀਨ ਫਟ ਜਾਏ ਅਤੇ ਉਹ ਉਸ ਵਿਚ ਸਮਾ ਜਾਵੇ। ਇਸ ਕਲਯੁਗ ਵਿਚ ਇਹ ਸੰਭਵ ਨਹੀਂ ਸੀ।

ਇਕੋ ਝਟਕੇ ਨਾਲ ਉਸ ਨੇ ਹੱਥ ਛੁਡਾਇਆ ਅਤੇ ਬਾਹਰ ਨਿਕਲਣ ਵਾਲੇ ਦਰਵਾਜ਼ੇ ਵੱਲ ਦੌੜਿਆ।

ਫ਼ਾਤਮਾ ਅਤੇ ਵੇਟਰ ਹੱਸਣ ਲੱਗੇ। ਉਨ੍ਹਾਂ ਦੇ ਹਾਸੇ ਵਿਚ ਛੁਪੇ ਕਈ ਸਵਾਲ ਤੀਰਾਂ ਵਾਂਗ ਉਸ ਦਾ ਪਿੱਛਾ ਕਰਨ ਲੱਗੇ।

ਜੁਰਮਾਨਾ ਇਕੱਠਾ ਕਰਨ ਲਈ ਫ਼ਾਤਮਾ ਨੂੰ ਕਈਆਂ ਦੀ ਬਗਲ 'ਚ ਬੈਠਣਾ ਪਿਆ ਸੀ। ਇਨ੍ਹਾਂ ਬਲਾਤਕਾਰਾਂ ਦਾ ਦੋਸ਼ੀ ਕੌਣ ਸੀ ?

ਸੜਕਾਂ 'ਤੇ ਦੌੜ ਰਹੇ ਭੁੱਲਰ ਕੋਲ ਇਸ ਸਵਾਲ ਦਾ ਜਵਾਬ ਤਾਂ ਸੀ ਪਰ ਸੱਚ ਕਬੂਲਣ ਦੀ ਹਿੰਮਤ ਨਹੀਂ ਸੀ।

☆☆☆

# ਵਾ-ਵਰੋਲਾ

ਰਮੇਸ਼ ਦੇ ਸਾਹਮਣੇ ਵਾਲੀ ਟੈਕਸ ਕਲਰਕ ਦੀ ਕੁਰਸੀ ਇਕ ਹਫਤੇ ਤੋਂ ਖ਼ਾਲੀ ਪਈ ਸੀ। ਜਦੋਂ ਵੀ ਉਸ ਦੀ ਨਜ਼ਰ ਉਸ ਖ਼ਾਲੀ ਕੁਰਸੀ ਵੱਲ ਜਾਂਦੀ, ਉਹ ਦਾ ਤ੍ਰਾਹ ਨਿਕਲ ਜਾਂਦਾ।

ਜਿਸ ਦਿਨ ਤੋਂ ਇਸ ਬਾਦਸ਼ਾਹੀ ਕੁਰਸੀ ਦੇ ਮਾਲਕ ਸੁੰਦਰ ਨੂੰ ਵਿਜੀਲੈਂਸ ਵਾਲਿਆਂ ਨੇ ਫੜਿਆ ਸੀ, ਉਸੇ ਦਿਨ ਤੋਂ ਇਹ ਕੁਰਸੀ ਖ਼ਾਲੀ ਸੀ। ਮੁੜ ਇਸ ਸੀਟ 'ਤੇ ਕਿਸੇ ਦੀ ਆਰਡਰ ਕਰਾਉਣ ਦੀ ਹਿੰਮਤ ਨਹੀਂ ਸੀ ਪਈ। ਨਹੀਂ ਤਾਂ ਪਹਿਲਾਂ ਟੈਕਸ ਕਲਰਕ ਦੀ ਇਸ ਕੁਰਸੀ 'ਤੇ ਬੈਠਣ ਲਈ ਮਨਿਸਟਰ ਦੀ ਸਿਫਾਰਸ਼ ਤੋਂ ਘੱਟ ਨਹੀਂ ਸੀ ਸਰਦਾ। ਸੀਟ ਭਾਗਾਂ ਵਾਲੀ ਸੀ। ਸਾਰਾ ਦਿਨ ਕੰਮ ਵਾਲਿਆਂ ਦਾ ਇਥੇ ਮੇਲਾ ਲੱਗਦਾ ਸੀ ਤੇ ਨੋਟਾਂ ਦੀ ਬਾਰਸ਼ ਹੁੰਦੀ ਸੀ।

ਖ਼ਾਲੀ ਕੁਰਸੀ ਕੋਲ ਬੈਠੇ ਰਮੇਸ਼ ਨੂੰ ਲੱਗਦਾ, ਇਸ ਵੱਡੀ ਮਸ਼ੀਨਰੀ ਦਾ ਛੋਟਾ ਜਿਹਾ ਪੁਰਜ਼ਾ ਹੁੰਦੇ ਹੋਏ ਵੀ ਉਹ ਬਹੁਤ ਵੱਡਾ ਗੁਨਾਹਗਾਰ ਹੈ। ਫਾਇਲਾਂ ਤੋਂ ਵਿਹਲਾ ਹੋ ਜਦੋਂ ਵੀ ਉਹ ਉੱਪਰ ਤੱਕਦਾ, ਉਸ ਦੀ ਨਿਗਾਹ ਸਾਹਮਣੇ ਸੀਮਿੰਟ ਦੇ ਚਬੂਤਰੇ 'ਤੇ ਜਾ ਟਿਕਦੀ।

ਚਬੂਤਰਾ ਹਫਤੇ ਤੋਂ ਖ਼ਾਲੀ ਸੀ। ਫੇਰ ਵੀ ਰਮੇਸ਼ ਨੂੰ ਲੱਗਦਾ, ਬੁੱਢਾ ਹਾਲੇ ਵੀ ਪਰਨਾ ਵਿਛਾਈ ਪਾਸੇ ਪਰਤ ਰਿਹਾ ਹੈ। ਦਮੇ ਦੇ ਖਾਧੇ ਬੁੱਢੇ ਦੇ ਫੇਫੜਿਆਂ ਵਿਚੋਂ ਵਗਦੇ ਤੇਜ਼ ਸਾਹਾਂ ਦੀ ਆਵਾਜ਼ ਉਸ ਦੇ ਕੰਨਾਂ ਵਿਚ ਗੂੰਜਦੀ। ਬੁੱਢੇ ਦੀ ਅੰਦਰ ਧਸੀ ਇਕੋ-ਇਕ ਅੱਖ ਸ਼ਿਵਜੀ ਦਾ ਤੀਸਰਾ ਨੇਤਰ ਬਣ ਕੇ ਪਰਲੋ ਦਾ ਸੁਨੇਹਾ ਦੇਣੋਂ ਨਹੀਂ ਸੀ ਹਟ ਰਹੀ।

ਬੁੱਢਾ ਤਿੰਨ ਦਿਨ ਚਬੂਤਰੇ ਨਾਲ ਚਿਪਕਿਆ ਰਿਹਾ। ਸਾਰੇ ਦਫ਼ਤਰ ਵਿਚ ਉਸ ਦੇ ਚਰਚੇ ਛਿੜ ਪਏ। ਹਰ ਕੋਈ ਆਖਦਾ, ਬੁੱਢੇ ਦਾ ਕੀ ਕਸੂਰ ਹੈ ? ਪੰਜਾਹ ਰੁਪਏ ਉਹ ਖਿੜੇ ਮੱਥੇ ਦੇਣ ਨੂੰ ਤਿਆਰ ਏ। ਉਸ ਨੇ ਤਾਂ ਸਾਰੀ ਜੇਬ ਢੇਰੀ ਕਰ ਦਿੱਤੀ। ਜਦੋਂ ਹੋਰ ਉਸ ਕੋਲ ਕੁਝ ਹੈ ਹੀ ਨਹੀਂ ਤਾਂ ਦੇਵੇ ਕਿੱਥੋਂ ? ਫੇਰ ਉਹ ਤਾਂ ਰਾਜਸਥਾਨ ਜਾ ਕੇ ਮਨੀਆਰਡਰ ਭੇਜਣ ਨੂੰ ਵੀ ਤਿਆਰ ਹੈ। ਜ਼ਿੱਦੀ ਸੁੰਦਰ ਸੌ ਦੇ ਨੋਟ ਤੋਂ ਹੇਠਾਂ ਨਹੀਂ ਸੀ ਉਤਰਿਆ। ਉਸ ਨੂੰ ਪਤੈ, ਮੁੜ-ਮੁੜ ਪੰਜਾਬ ਆਉਣ ਖਾਲਾ ਜੀ ਦਾ ਬਾੜਾ ਨਹੀਂ। ਸੁੰਦਰ ਨੂੰ ਵੀਹ ਸਾਲਾ ਤਜਰਬੇ 'ਤੇ ਮਾਣ ਸੀ, ਇਕ ਅੱਧਾ ਦਿਨ ਧੱਕੇ ਖਾ ਕੇ ਆਪੇ ਬੁੱਢਾ ਪੈਸੇ ਤਿਆਰ ਕਰ ਲਏਗਾ। ਇਹੋ ਜਿਹੇ ਬੁੱਢੇ ਦੀਆਂ ਵੀਹ ਜੇਬਾਂ ਹੁੰਦੀਆਂ ਨੇ। ਕਿਸੇ ਨਾ ਕਿਸੇ ਵਿਚੋਂ ਕੱਢ ਲਏਗਾ। ਉਸ ਨੂੰ ਵਿਸ਼ਵਾਸ ਸੀ।

ਇਸੇ ਲਈ ਭੋਲਾ ਜਿਹਾ ਮੂੰਹ ਬਣਾ ਕੇ ਉਹ ਬੁੱਢੇ ਨੂੰ ਟਾਲਦਾ ਰਿਹਾ :

''ਤੂੰ ਉਸ ਬੈਂਚ 'ਤੇ ਬੈਠ ਬਾਬਾ....ਜਦੋਂ ਵੀ, ਸਾਹਿਬ ਦੇ ਦਸਖਤ ਹੋ ਗਏ, ਮੈਂ ਆਪੇ ਹਾਕ



ਮਾਰ ਲੂੰ।''

ਬੁੱਢਾ ਤਿੰਨ ਦਿਨ 'ਹਾਕ' ਉਡੀਕਦਾ ਰਿਹਾ। ਇਕ-ਇਕ ਕਰ ਕੇ ਪੰਜਾਹਾਂ ਵਿਚੋਂ ਵੀਹ ਨੋਟ ਖੁਰ ਗਏ।

ਕਲਯੁਗੀ ਬੁੱਢਾ ਬਹੁਤਾ ਸਬਰ ਨਾ ਕਰ ਸਕਿਆ। ਚੌਥੇ ਦਿਨ ਉਹ ਸੌ ਰੁਪਏ ਦਾ ਇੰਤਜ਼ਾਮ ਕਰ ਕੇ ਹੀ ਦਫ਼ਤਰ ਵੜਿਆ।

ਦਸ ਦਸ ਵਾਲੇ ਕੜ ਕੜ ਕਰਦੇ ਦਸ ਨੋਟ ਦੇਖ ਕੇ ਸੁੰਦਰ ਗਦਗਦ ਹੋ ਗਿਆ। ਪਾਨ ਨਾਲ ਸੂਹੇ ਹੋਏ ਬੁੱਲ੍ਹਾਂ 'ਤੇ ਇਕ ਜੇਤੂ ਮੁਸਕਰਾਹਟ ਫੈਲ ਗਈ। ਪਿਆਰ ਨਾਲ ਉਸ ਨੇ ਬੁੱਢੇ ਦੇ ਕੁੱਬੇ ਮੋਢਿਆਂ 'ਤੇ ਹੱਥ ਰੱਖਿਆ ਅਤੇ ਮਲਕੜੇ ਜਿਹੇ ਕਾਪੀ ਉਸ ਦੇ ਝੋਲੇ ਵਿਚ ਪਾ ਦਿੱਤੀ।

ਪੈਸੇ ਗਿਣ ਕੇ ਸੁੰਦਰ ਹਾਲੇ ਕੁਰਸੀ 'ਤੇ ਬੈਠਿਆ ਵੀ ਨਹੀਂ ਸੀ ਕਿ ਕਮਰਾ ਲਾਲ ਬੂਟਾਂ ਅਤੇ ਖਾਕੀ ਪੱਗਾਂ ਵਾਲਿਆਂ ਨਾਲ ਭਰ ਗਿਆ। ਇਕ ਮਿੰਟ ਲਈ ਸੁੰਦਰ ਬੌਂਦਲ ਜਿਹਾ ਗਿਆ। ਸਮਝ ਨਹੀਂ ਆਈ ਕੀ ਕਰੇ ?

''ਅਸੀਂ ਵਿਜੀਲੈਂਸ ਵਾਲੇ ਹਾਂ। ਚੁੱਪ ਕਰਕੇ ਬੈਠਾ ਰਹਿ। ਕਾਰਵਾਈ ਹੋਣ ਦੇ।'' ਆਖਦੇ ਇਕ ਨੌਜਵਾਨ ਨੇ, ਜਦੋਂ ਉਸ ਦੀ ਜੇਬ ਵਿਚੋਂ ਨੋਟ ਕੱਢੇ ਤਾਂ ਸੁੰਦਰ ਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਦੀ ਝੜੀ ਲੱਗ ਗਈ। ਉਸ ਦੀਆਂ ਲੱਤਾਂ ਕੰਬਣ ਲੱਗੀਆਂ ਅਤੇ ਦਿਲ ਦੀ ਧੜਕਣ ਤੇਜ਼ ਹੋ ਗਈ।

ਹੌਲੀ-ਹੌਲੀ ਸਾਰਾ ਦਫ਼ਤਰ ਹੀ ਕੰਬਣ ਲੱਗਾ। ਡੌਰ ਭੌਰ ਹੋਏ ਸਾਰੇ ਸੁੰਦਰ ਦੁਆਲੇ ਜੁੜ ਗਏ। ਉਹ ਕੀ ਕਰਨ ? ਕਿਧਰ ਜਾਣ ? ਕਿਸੇ ਨੂੰ ਕੁਝ ਨਾ ਸੁੱਝਿਆ। ਇਕ ਬਾਬੂ ਸਾਹਿਬ ਦੇ ਕਮਰੇ ਵੱਲ ਦੌੜਿਆ। ਉਹ ਤਾਂ ਪਹਿਲਾਂ ਹੀ ਦੌਰੇ ਦੇ ਬਹਾਨੇ ਟਲ ਗਏ ਸਨ। ਪਿਛੋਂ ਉਹਨਾਂ ਨੂੰ ਪਤਾ ਲੱਗਾ ਕਿ ਸਾਹਿਬ ਨੂੰ ਛਾਪੇ ਦੀ ਪਹਿਲਾਂ ਹੀ ਸੂਹ ਸੀ। ਉਸ ਨੇ ਜਾਣ ਬੁੱਝ ਕੇ ਦੜ ਵੱਟ ਲਈ ਸੀ।

ਪਾਣੀ ਦੇ ਛਿੱਟੇ ਪੈਂਦਿਆਂ ਹੀ ਸੁੰਦਰ ਦੇ ਹੱਥ ਸੂਹੇ ਹੋ ਗਏ। ਟਪ-ਟਪ ਗਿਰਦੇ ਪਾਣੀ ਵਿਚੋਂ ਕਈਆਂ ਦੇ ਖ਼ੂਨ ਦੀ ਮਹਿਕ ਆਈ। ਬੁੱਤ ਬਣਿਆ ਸੁੰਦਰ ਕਠਪੁਤਲੀ ਵਾਂਗ ਪੁਲਿਸ ਦੇ ਇਸ਼ਾਰਿਆਂ 'ਤੇ ਨੱਚਦਾ ਰਿਹਾ। ਸੁੰਨ ਹੋਏ ਸਾਰੇ ਪੁਲਿਸ ਦੀ ਲਿਖਾਪੜ੍ਹੀ ਦੇਖਦੇ ਰਹੇ। ਕੋਈ ਉਸ ਦੀ ਮਦਦ ਲਈ ਅੱਗੇ ਨਾ ਵਧਿਆ। ਕਿਸੇ ਨੇ ਉਸ ਦਾ ਪੱਖ ਨਾ ਪੂਰਿਆ। ਜਿਵੇਂ ਸਭ ਦੇ ਮੂੰਹਾਂ ਨੂੰ ਹੀ ਜਿੰਦਰੇ ਵੱਜ ਗਏ ਸਨ। ਸੁੰਦਰ ਦੇ ਕਮੀਜ਼ ਦਾ ਪਾਰਸਲ ਬਣ ਗਿਆ। ਕਿਸੇ ਦੀ ਹਿੰਮਤ ਨਾ ਪਈ, ਘਰ ਜਾ ਕੇ ਉਸ ਲਈ ਨਵਾਂ ਕਮੀਜ਼ ਫੜ ਲਿਆਵੇ ਜਾਂ ਆਪਣਾ ਹੀ ਉਤਾਰ ਦੇਵੇ। ਸੁੰਦਰ ਨੂੰ ਬਨੈਣ ਨਾਲ ਹੀ ਥਾਣੇ ਵੱਲ ਤੁਰਨਾ ਪਿਆ ਸੀ।

ਸਾਰਾ ਦਿਨ ਦਫ਼ਤਰ ਵਿਚ ਮਾਤਮ ਛਾਇਆ ਰਿਹਾ। ਸਭ ਡਰੇ ਸਹਿਮੇ ਆਪਣੀਆਂ ਆਪਣੀਆਂ ਕੁਰਸੀਆਂ ਵਿਚ ਦੁਬਕ ਗਏ।

ਸੁੰਦਰ ਦੀ ਗੋਗੜ ਅਤੇ ਧੱਕਾ ਸਾਰੇ ਦਫਤਰ ਵਿਚ ਮਸ਼ਹੂਰ ਸੀ। ਫੇਰ ਵੀ ਫਿਕਰ ਸਭਨਾਂ ਨੂੰ ਪੈ ਗਿਆ ਸੀ। ਹਰ ਇਕ ਬਾਬੂ ਨੇ ਮਨ ਹੀ ਮਨ ਸਹੁੰ ਖਾਧੀ, ਉਹ ਰਿਸ਼ਵਤ ਨਹੀਂ ਲਏਗਾ। ਸਭ ਦੇ

ਹੱਥ ਆਪਣੇ ਆਪ ਕੰਨਾਂ ਨੂੰ ਲੱਗ ਗਏ। ਇਹੋ ਜਿਹੀ ਬੁਰੀ ਤਾਂ ਰੱਬ ਵੈਰੀ ਨਾਲ ਵੀ ਨਾ ਕਰੇ।

''ਕਿੰਨਾ ਮਾੜਾ ਵਕਤ ਆ ਗਿਆ ? ਕਿਸੇ ਤੋਂ ਪੈਸੇ ਲੈਣ ਦਾ ਕੋਈ ਹੱਜ ਐ ? ਕੀ ਪਤਾ ਕਿਹੜਾ ਸੱਪ ਬਣ ਕੇ ਡੰਗ ਮਾਰ ਜੇ।''

ਲੰਚ ਲਈ ਜੁੜੇ ਬਾਬੂਆਂ ਦੀ ਇਕੋ ਰਾਏ ਸੀ।

''ਅੱਗੋਂ ਤੋਂ ਨਾ ਅਸੀਂ ਰਿਸ਼ਵਤ ਲਵਾਂਗੇ ਅਤੇ ਨਾ ਹੀ ਕਿਸੇ ਅਫਸਰ ਦੀ ਵਗਾਰ ਕਰਾਂਗੇ।'' ਅਗਾਂਹ-ਵਧੂ ਅਖਵਾਉਂਦੇ ਮਨੋਹਰ ਨੇ ਸਭ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਕੇ ਫ਼ੈਸਲਾ ਸੁਣਾਇਆ।

ਆਨੇ ਬਹਾਨੇ ਉਹਨਾਂ ਇਹ ਫ਼ੈਸਲਾ ਅਫ਼ਸਰ ਦੇ ਕੰਨੀਂ ਵੀ ਪਾ ਦਿੱਤਾ। ਉਹ ਤਾਂ ਮੁਫਤ ਦੀ ਬਦਨਾਮੀ ਝਲਦੇ ਹਨ। ਉਹਨਾਂ ਦੀ ਰਿਸ਼ਵਤ ਦਾ ਵੱਡਾ ਹਿੱਸਾ ਤਾਂ ਅਫ਼ਸਰਾਂ ਦੇ ਕੰਮ ਹੀ ਆਉਂਦਾ ਹੈ। ਕਿਸੇ ਜ਼ਿੰਮੇ ਕੰਨਟੀਨ ਦਾ ਬਿਲ ਹੈ, ਕਿਸੇ ਜ਼ਿੰਮੇ ਡੀ.ਸੀ. ਆਫਿਸ ਦਾ ਭੁਗਤਾਨ ਤੇ ਕਿਸੇ ਜ਼ਿੰਮੇ ਆਡਿਟ ਪਾਰਟੀ ਦੀ ਦੇਖਭਾਲ। ਨਿੱਤ ਦਿਹਾੜੇ ਨਵੀਂ ਤੋਂ ਨਵੀਂ ਵਗਾਰ ਅਲੱਗ।

ਰਮੇਸ਼ ਆਪਣੀ ਸੌਂਹ 'ਤੇ ਅੜਿਆ ਹੋਇਆ ਸੀ। ਇਕ ਹਫਤੇ ਤੋਂ ਉਸ ਨੇ ਪੈਸੇ ਦਾ ਮੂੰਹ ਨਹੀਂ ਸੀ ਦੇਖਿਆ। ਪਰ ਸਾਹਿਬ 'ਤੇ ਕੋਈ ਅਸਰ ਨਹੀਂ ਸੀ। ਜਿੰਨੀ ਵਾਰ ਵੀ ਉਸ ਦੇ ਮਹਿਮਾਨ ਆਏ, ਉਸ ਨੇ ਪਹਿਲਾਂ ਵਾਂਗ ਹੀ ਰਮੇਸ਼ ਨੂੰ ਮਹਿਮਾਨ-ਨਵਾਜ਼ੀ ਨਿਭਾਉਣ ਦਾ ਹੁਕਮ ਸੁਣਾਇਆ। ਰਮੇਸ਼ ਜਿਵੇਂ ਦਫ਼ਤਰ ਦਾ ਬਾਬੂ ਨਹੀਂ, ਕੰਨਟੀਨ ਦਾ ਠੇਕੇਦਾਰ ਸੀ। ਸਬਰ ਦਾ ਘੁੱਟ ਭਰੀ, ਉਹ ਆਰਡਰ ਸੁਣਦਾ ਰਿਹਾ ਅਤੇ ਖਿੜਿਆ-ਖਿੜਿਆ ਨਿਭਾਉਂਦਾ ਵੀ ਰਿਹਾ। ਅਫ਼ਸਰ ਨੂੰ ਨਿਰਾਸ ਕਿਵੇਂ ਕਰੇ ? ਕੋਈ ਹੋਰ ਪਹਿਲ ਕਰੇ ਤਾਂ ਉਹ ਵੀ ਸਿਰ ਮਾਰ ਦੇਵੇ।

ਰਮੇਸ਼ ਦਾ ਮਨ ਉਚਾਟ ਸੀ। ਕਿਧਰੇ ਦਿਲ ਨਹੀਂ ਸੀ ਲੱਗ ਰਿਹਾ। ਇਕ ਹਫਤੇ ਵਿਚ ਹੀ ਉਸ ਦਾ ਦੀਵਾਲਾ ਨਿਕਲਣ ਵਾਲਾ ਹੋ ਗਿਆ ਸੀ। ਜੇਬ ਵਿਚਲੇ ਇਕ ਸੌ ਰੁਪਏ ਤਾਂ ਹਵਾ ਵਾਂਗ ਉੱਡ ਗਏ। ਦਸਾਂ ਦੀ ਸਬਜ਼ੀ, ਪੰਝੀਆਂ ਦਾ ਪਟਰੌਲ ਅਤੇ ਬੱਚਿਆਂ ਦੀਆਂ ਕਿਤਾਬਾਂ ਖਰੀਦਦੇ ਦਾ, ਉਸ ਦਾ ਦਿਲ ਬੈਠਣ ਲੱਗਾ। ਪਹਿਲੀ ਵਾਰ ਉਸ ਨੂੰ ਮਹਿਸੂਸ ਹੋਇਆ ਕਿ ਚੀਜ਼ਾਂ ਦੇ ਭਾਅ ਤਾਂ ਅਸਮਾਨ ਛੂਹਣ ਲੱਗੇ ਹਨ। ਪਹਿਲਾਂ ਉਸ ਦੀ ਜੇਬ ਨੋਟਾਂ ਨਾਲ ਭਰੀ ਰਹਿੰਦੀ। ਸਕੂਟਰ 'ਤੇ ਬੈਠ ਕੇ, ਫਲਾਂ ਦਾ ਝੋਲਾ ਭਰ ਕੇ ਅਤੇ ਬੱਚਿਆਂ ਲਈ ਅੰਗਰੇਜ਼ੀ ਸਕੂਲ ਦੀਆਂ ਵਰਦੀਆਂ ਖਰੀਦ ਕੇ ਪਹਿਲਾਂ ਉਸ ਨੂੰ ਆਪਣਾ ਆਪ ਵੱਡਾ-ਵੱਡਾ ਲੱਗਦਾ ਸੀ।

ਬਦਲੇ ਹਾਲਾਤਾਂ ਮੁਤਾਬਿਕ ਉਸ ਨੇ ਘਰੇ ਕਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ। ਬਿਜਲੀ ਦਾ ਖਾਸ ਖ਼ਿਆਲ ਰੱਖਿਆ ਜਾਵੇ। ਕੋਈ ਵੀ ਬੱਤੀ ਵਾਧੂ ਨਾ ਜਲੇ। ਬੱਚਿਆਂ ਦੀ ਕਾਪੀ ਦਾ ਜਿੰਨਾ ਚਿਰ ਵਰਕਾ-ਵਰਕਾ ਨਾ ਭਰ ਜਾਏ, ਉਨ੍ਹਾਂ ਨੂੰ ਨਵੀਂ ਕਾਪੀ ਨਾ ਦਿੱਤੀ ਜਾਵੇ। ਬੱਚਿਆਂ ਦਾ ਰਿਕਸ਼ਾ ਬੰਦ। ਉਹ ਖ਼ੁਦ ਬੱਚਿਆਂ ਨੂੰ ਛੱਡ ਕੇ ਆਇਆ ਕਰੇਗਾ। ਟਿਊਸ਼ਨ ਵੀ ਬੰਦ। ਪੰਜ ਵਜੇ ਤੋਂ ਬਾਅਦ ਉਹ ਝੱਖ ਹੀ ਤਾਂ ਮਾਰਦਾ ਹੈ। ਖ਼ੁਦ ਪੜ੍ਹਾਇਆ ਕਰੇਗਾ।

ਕੁਝ ਕੁ ਬੰਦਸ਼ਾਂ ਉਸ ਨੇ ਆਪਣੇ 'ਤੇ ਵੀ ਲਾਈਆਂ : ਦਫ਼ਤਰ ਉਹ ਸਕੂਟਰ ਦੀ ਥਾਂ ਬੱਸ 'ਤੇ





ਜਾਏਗਾ। ਸਿੱਧੀ ਪੰਜ ਰੁਪਏ ਦੀ ਬੱਚਤ। ਚਾਰ ਸਿਗਰਟਾਂ ਘੱਟ ਪੀਏਗਾ। ਤਾਸ਼ ਦੀ ਬਾਜ਼ੀ ਬੰਦ। ਨਾਂਹ ਨਾਂਹ ਕਰਦੇ ਤੀਹ ਖੁੱਲ੍ਹ ਹੀ ਜਾਂਦੇ ਹਨ।

ਇੰਨਾ ਕੁਝ ਕਰਨ ਦੇ ਬਾਵਜੂਦ ਵੀ ਗੱਲ ਬਣ ਨਹੀਂ ਸੀ ਰਹੀ। ਗੱਲ ਬਣੇ ਵੀ ਕਿਵੇਂ ? ਪਿਛਲੇ ਪੰਜਾਂ ਸਾਲਾਂ 'ਚ ਉਸ ਨੇ ਕਈ ਗੁਣਾਂ ਖਰਚੇ ਵਧਾ ਲਏ ਸਨ। ਤਨਖਾਹ ਕੱਟ ਕਟਾ ਕੇ ਸਾਰੀ ਬਾਈ ਸੌ ਮਿਲਦੀ ਸੀ। ਖਰਚਾ ਤਿੰਨ ਹਜ਼ਾਰ ਤੋਂ ਉੱਪਰ। ਤਨਖਾਹ ਤਾਂ ਪਹਿਲੀ ਨੂੰ ਹੀ ਵੰਡੀ ਜਾਂਦੀ ਹੈ। ਬਾਕੀ ਦੇ ਤੀਹ ਦਿਨਾਂ ਲਈ ਤਾਂ ਉਪਰਲੀ ਕਮਾਈ ਹੀ ਚਾਹੀਦੀ ਹੈ। ਉਸ ਦਾ ਸੱਤਾਂ ਦਿਨਾਂ ਵਿਚ ਹੀ ਨੱਕ ਵਿਚ ਦਮ ਆ ਗਿਆ। ਬਾਕੀ ਕਿਵੇਂ ਗੁਜ਼ਰੇਗੀ, ਉਸ ਨੂੰ ਸਮਝ ਨਹੀਂ ਸੀ ਆ ਰਹੀ।

''ਕਿਉਂ ਬਈ ਕਾਕਾ ਕੀਤਾ ਮੇਰਾ ਕੰਮ ?'' ਬੁੱਢੇ ਹੱਥਾਂ ਦੀ ਛੋਹ ਨੇ ਕਲਪਨਾ ਦੇ ਅਕਾਸ਼ 'ਚ ਉਡਾਰੀਆਂ ਲਾਉਂਦੇ ਰਮੇਸ਼ ਨੂੰ ਧਰਤੀ 'ਤੇ ਧੂਹ ਲਿਆਂਦਾ। ਬੁੱਢੇ ਨੂੰ ਅਚਾਨਕ ਸਾਹਮਣੇ ਆਇਆ ਦੇਖ ਕੇ ਉਹ ਸਿਰ ਤੋਂ ਪੈਰਾਂ ਤਕ ਕੰਬ ਗਿਆ। ਰਮੇਸ਼ ਨੇ ਬੁੱਢੇ ਦੇ ਝੁਰੜੀਆਂ ਵਾਲੇ ਹੱਥ ਨੂੰ ਗਹੁ ਨਾਲ ਤੱਕਿਆ। ਉਹ ਖ਼ਾਲੀ ਸਨ। ਉਸ ਨੂੰ ਥੋੜ੍ਹੀ ਜਿੰਨੀ ਰਾਹਤ ਮਿਲੀ।

''ਆ ਜਾ। ਬਹਿ ਜਾ ਬਾਬਾ। ਕਾਪੀ ਤਾਂ ਪਰਸੋਂ ਦੀ ਤਿਆਰ ਪਈ ਆ। ਬੱਸ ਮੈਂ ਲੱਭ ਕੇ ਦਿੰਨਾਂ।'' ਪੂਰੀ ਹਲੀਮੀ ਨਾਲ ਰਮੇਸ਼ ਨੇ ਬੁੱਢੇ ਦਾ ਸਵਾਗਤ ਕੀਤਾ। ਸਹਾਰਾ ਦੇ ਕੇ ਉਸ ਨੂੰ ਕੋਲ ਪਏ ਸਟੂਲ 'ਤੇ ਬੈਠਣ ਵਿਚ ਮਦਦ ਕੀਤੀ।

ਦਰਾਜ਼ ਅਲਮਾਰੀਆਂ ਸਭ ਫਰੋਲ ਸੁੱਟੇ। ਕਾਪੀ ਲੱਭ ਹੀ ਨਹੀਂ ਸੀ ਰਹੀ। ਖਬਰੇ ਕਿੱਥੇ ਰੱਖ ਕੇ ਭੁੱਲ ਗਿਆ ਸੀ ਉਹ।

''ਧਿਆਨ ਨਾਲ ਲੱਭ ਲੈ ਕਾਕਾ, ਮੈਂ ਤੇਰਾ ਹੱਕ ਨਹੀਂ ਰੱਖਦਾ।''

ਖੰਘੂਰੇ ਮਾਰ ਕੇ ਆਖੇ ਬੁੱਢੇ ਦੇ ਇਹ ਸ਼ਬਦ ਉਸ ਦੇ ਸੀਨੇ ਵਿਚ ਛੁਰੀ ਵਾਂਗ ਉਤਰ ਗਏ। ਘਬਰਾਹਟ ਨਾਲ ਉਸ ਦੇ ਹੱਥ ਕੰਬਣ ਲੱਗੇ ਅਤੇ ਦਿਲ ਦੀ ਧੜਕਣ ਤੇਜ਼ ਹੋ ਗਈ। ਉਸ ਨੇ ਚੋਰ ਅੱਖਾਂ ਨਾਲ ਬੁੱਢੇ ਦੀਆਂ ਅੱਖਾਂ ਵਿਚ ਤੱਕਿਆ। ਉਹ ਸੂਹੀਆਂ ਹੋ ਚੱਲੀਆਂ ਸਨ।

ਪੰਜ ਚਾਰ ਕਰਾਰੀਆਂ-ਕਰਾਰੀਆਂ ਗਾਲ੍ਹਾਂ ਉਸ ਨੇ ਆਪਣੀ ਕਮਜ਼ੋਰ ਹੁੰਦੀ ਜਾ ਰਹੀ ਯਾਦਾਸ਼ਤ ਨੂੰ ਕੱਢੀਆਂ। ਕਾਪੀ ਪਤਾ ਨਹੀਂ ਕਿੱਥੇ ਧਰ ਬੈਠਾ। ਹੁਣ ਬੁੱਢਾ ਆਖੇਗਾ, ਉਹ ਫੀਸ ਲੈਣ ਦਾ ਮਾਰਾ ਜਾਣ ਬੁੱਝ ਕੇ ਨਹੀਂ ਲੱਭਦਾ। ਬੁੱਢਾ ਕੀ, ਜਿਹੜਾ ਵੀ ਸੁਣੂ ਉਹੋ ਕਹੂ।

''ਮੇਰੀ ਕਾਪੀ ਤਾਂ ਕਾਕਾ ਆਹ ਪਈ ਆ...।'' ਰਮੇਸ਼ ਨੇ ਸੁਖ ਦਾ ਸਾਹ ਲਿਆ, ਜਦੋਂ ਬੁੱਢੇ ਨੇ ਕਾਪੀਆਂ ਦੇ ਢੇਰ 'ਚੋਂ ਆਪਣੀ ਕਾਪੀ ਕੱਢ ਕੇ ਰਮੇਸ਼ ਅੱਗੇ ਰੱਖੀ।

''ਲਓ ਫੜੋ। ਲਾਓ ਇਥੇ ਅੰਗੂਠਾ।''

ਅੰਗੂਠਾ ਲਾ ਕੇ ਬੁੱਢੇ ਨੇ ਜੇਬ ਵਿਚ ਹੱਥ ਮਾਰਿਆ। ਅੱਗੇ ਹੋ ਕੇ ਰਮੇਸ਼ ਨੇ ਉਹਦੇ ਹੱਥ ਫੜ ਲਏ।

''ਇਹ ਕੀ ਪਾਪ ਚੜ੍ਹਾਉਣੈਂ ! ਤੂੰ ਮੇਰੇ ਬਾਪ ਵਰਗੈਂ। ਮੈਂ ਤਾਂ ਅੱਗੇ ਹੀ ਤੇਰਾ ਏਨਾ ਵਕਤ

ਜ਼ਾਇਆ ਕਰਤਾ।'' ਮਿੰਨਤਾਂ ਤਰਲੇ ਕਰਦਾ ਉਹ ਬੁੱਢੇ ਨੂੰ ਦਰਵਾਜ਼ੇ ਤੱਕ ਛੱਡਣ ਆਇਆ। ਉਸ ਦੀਆਂ ਪਾਰਖੂ ਨਿਗਾਹਾਂ ਨੇ ਦੂਰ-ਦੂਰ ਤੱਕ ਪੜਤਾਲ ਕੀਤੀ। ਗੈਰਜ ਪਿੱਛੇ ਬੋਹੜ ਹੇਠਾਂ ਅਤੇ ਮੈਟਾਡੋਰ ਵਿਚ। ਸ਼ੁਕਰ ਹੈ ਵਿਜੀਲੈਂਸ ਵਾਲੇ ਕਿਧਰੇ ਨਹੀਂ ਸਨ।

ਸੀਟ 'ਤੇ ਬੈਠਦਿਆਂ ਹੀ ਲਗਾਤਾਰ ਉਸ ਨੇ ਦੋ ਤਿੰਨ ਸਿਗਰਟਾਂ ਫੂਕੀਆਂ। ਉਹ ਇੰਨਾ ਕਿਉਂ ਡਰ ਗਿਐ ? ਸੁੰਦਰ ਨੇ ਤਾਂ ਅੱਤ ਚੁੱਕੀ ਹੋਈ ਸੀ। ਰਮੇਸ਼ ਤਾਂ ਕਦੇ ਕਿਸੇ ਨਾਲ ਨਹੀਂ ਅੜਿਆ। ਜਿੰਨੇ ਕੋਈ ਦੇ ਦੇਵੇ, ਲੈ ਲੈਂਦਾ ਹੈ। ਫੇਰ ਉਸ ਨੂੰ ਕਾਹਦਾ ਡਰ ?

ਉਸ ਦੇ ਮੂੰਹੋਂ ਆਪ-ਮੁਹਾਰੇ ਇਕ ਦੋ ਗਾਲ੍ਹਾਂ ਸੁੰਦਰ ਨੂੰ ਨਿਕਲ ਗਈਆਂ। ਜੇ ਸੌਹਰੇ ਨੇ ਇੰਨਾ ਧੱਕਾ ਨਾ ਕੀਤਾ ਹੁੰਦਾ ਤਾਂ ਉਸ ਦਾ ਪੰਜਾਹ ਦਾ ਨੋਟ ਖਰਾ ਹੋ ਜਾਣਾ ਸੀ।

ਰਮੇਸ਼ ਨੇ ਰਜਿਸਟਰ ਫਰੋਲਿਆ। ਘੱਟੋ-ਘੱਟ ਸੱਤ ਅੱਠ ਬੰਦਿਆਂ ਨੇ ਕਾਪੀਆਂ ਲੈਣ ਆਉਣਾ ਸੀ। ਕਿਧਰੇ ਪਹਿਲਾਂ ਵਾਲੀ ਨਮੋਸ਼ੀ ਹੀ ਨਾ ਹੋਵੇ, ਸੋਚਦਿਆਂ ਉਸ ਨੇ ਸਾਰੀਆਂ ਕਾਪੀਆਂ ਨੰਬਰਵਾਰ ਲਾਈਆਂ। ਜਦੋਂ ਵੀ ਕੋਈ ਕਾਪੀ ਲੈਣ ਆਇਆ, ਉਹ ਝੱਟ ਫੜਾ ਦੇਵੇਗਾ। ਕਿਸੇ ਨੂੰ ਗਿਲਾ ਕਰਨ ਦਾ ਮੌਕਾ ਨਹੀਂ ਦੇਵੇਗਾ।

ਸੁੰਦਰ ਸਸਪੈਂਡ ਹੋ ਗਿਆ। ਉਸ ਨੂੰ ਕੀ ਫਰਕ ਪੈਂਦੈ। ਧੀਆਂ ਪੁੱਤ ਵਿਆਹ ਦਿੱਤੇ ਹਨ। ਲੱਖਾਂ ਰੁਪਿਆ ਵੱਢ ਸੁੱਟਿਐ। ਦੋ ਸਾਲ ਨੂੰ ਉਂਝ ਹੀ ਰਿਟਾਇਰ ਹੋ ਜਾਣਾ ਸੀ। ਰਮੇਸ਼ ਸਸਪੈਨਸ਼ਨ ਨਹੀਂ ਸਹਾਰ ਸਕਦਾ। ਉਸ ਕੋਲ ਬਹੁਤਾ ਬੈਂਕ ਬੈਲੈਂਸ ਨਹੀਂ। ਸਾਰਾ ਸੱਤ ਅੱਠ ਹਜ਼ਾਰ ਐ। ਇੰਨੇ ਕੁ ਤਾਂ ਇਕੋ ਅਫ਼ਸਰ ਨੇ ਲੈ ਲੈਣੇ ਨੇ।

ਉਸ ਨੂੰ ਪਤਾ ਹੈ, ਸੁੰਦਰ ਦਾ ਦੋ ਦਿਨਾਂ ਵਿਚ ਹੀ ਪੰਜ ਹਜ਼ਾਰ ਲੱਗ ਗਿਆ ਸੀ। ਵਿਜੀਲੈਂਸ ਵਾਲਿਆਂ ਤੋਂ ਲੈ ਕੇ ਸ਼ੈਸ਼ਨ ਕੋਰਟ ਤੱਕ ਹਰ ਇਕ ਨੇ ਉਸ ਨੂੰ ਬੇਹੇ ਕੜਾਹ ਵਾਂਗ ਲਿਆ ਸੀ।

ਵਰਮੇ ਵਕੀਲ ਦਾ ਮੁਨਸ਼ੀ ਜਿਉਂ ਹੀ ਇਕ ਬਾਬੂ ਨੂੰ ਲੈ ਕੇ ਰਮੇਸ਼ ਦੀ ਕੁਰਸੀ ਕੋਲ ਰੁਕਿਆ, ਰਮੇਸ਼ ਦਾ ਦਿਲ ਕੀਤਾ, ਕੁਰਸੀ ਛੱਡ ਕੇ ਭੱਜ ਜਾਏ। ਕਿਸੇ ਨੂੰ ਨਹੀਂ ਸੀ ਪਤਾ, ਇਸ ਬਿੱਲੀਆਂ ਅੱਖਾਂ ਵਾਲੇ ਨੇ ਹੀ ਬੁੱਢੇ ਨੂੰ ਉਂਗਲ ਲਾ ਕੇ ਵਿਜੀਲੈਂਸ ਵਾਲਿਆਂ ਦਾ ਰਾਹ ਪਤਾ ਦੱਸਿਆ ਸੀ।

ਮੁਨਸ਼ੀ ਉਸ ਕੋਲ ਆ ਕੇ ਮਿੰਨਾ ਮਿੰਨਾ ਮੁਸਕਰਾਇਆ। ਰਮੇਸ਼ ਦੀ ਉਸ ਨਾਲ ਅੱਖ ਮਿਲਾਉਣ ਦੀ ਹਿੰਮਤ ਨਾ ਪਈ। ਨੀਵੀਂ ਪਾਈ ਉਸ ਨੇ ਰਜਿਸਟਰ ਬਾਬੂ ਦੇ ਅੱਗੇ ਰੱਖਿਆ, ਦਸਖਤ ਕਰਾਏ ਅਤੇ ਕਾਪੀ ਫੜਾ ਦਿੱਤੀ।

ਰਮੇਸ਼ ਨੂੰ ਲੱਗਾ, ਮੁਨਸ਼ੀ ਉਸ ਵੱਲ ਪੰਜਾਹ ਦਾ ਨੋਟ ਵਧਾਏਗਾ ਜਾਂ ਆਖੇਗਾ, ਤੇਰੀ ਫੀਸ ਆ ਗਈ। ਜਾਂਦਾ ਹੋਇਆ ਲੈ ਲਈਂ। ਜਿਵੇਂ ਉਹ ਅਕਸਰ ਆਖਿਆ ਕਰਦਾ ਸੀ। ਪਰ ਉਹ ਕੁਝ ਵੀ ਨਹੀਂ ਬੋਲਿਆ। ਕਾਪੀ ਚੁੱਕ ਕੇ ਤੁਰਦਾ ਬਣਿਆ।

''ਸਾਲਾ ਮੇਰੀ ਫੀਸ ਵੀ ਆਪ ਈ ਖਾ ਗਿਆ ਹੋਊ।'' ਰਮੇਸ਼ ਨੂੰ ਗੁੱਸਾ ਤਾਂ ਬਹੁਤ ਆਇਆ, ਪਰ ਉਹ ਸਬਰ ਦਾ ਘੁੱਟ ਭਰਨ ਤੋਂ ਬਿਨਾਂ ਕੀ ਕਰ ਸਕਦਾ ਸੀ ?





ਸਾਹਿਬ ਦੇ ਨਵੇਂ ਸੁਨੇਹੇ ਨੇ, ਬਲਦੀ ਉੱਪਰ ਹੋਰ ਫੂਸ ਪਾ ਦਿੱਤਾ। ਅਗਲੇ ਹਫਤੇ ਸ਼ੁਰੂ ਹੋਣ ਵਾਲੀ ਕਮਿਸ਼ਨਰ ਦੀ ਇਨਸਪੈਕਸ਼ਨ ਦੇ ਸੰਬੰਧ ਵਿਚ 'ਰੈਸਟ-ਹਾਊਸ' 'ਤੇ ਹੋਣ ਵਾਲਾ ਖਰਚਾ, ਉਸ ਦੇ ਜ਼ੁੰਮੇ ਲੱਗਿਆ ਸੀ।

ਕਮਿਸ਼ਨਰ ਦੀ ਇਨਸਪੈਕਸ਼ਨ ਕੋਈ ਖੇਡ ਨਹੀਂ। ਘੱਟੋ-ਘੱਟ ਪੰਦਰਾਂ ਵੀਹ ਬੰਦੇ ਉਸ ਨਾਲ ਆਉਣਗੇ। ਹਰ ਇਕ ਉਹਨਾਂ ਵੱਲ ਕੋਤਵਾਲ ਵਾਂਗ ਤੱਕਦਾ ਹੈ। ਉਹ ਬਾਬੂਆਂ ਦੇ ਡਾਕੇ ਫੜ੍ਹਨਗੇ ਅਤੇ ਇਕ-ਇਕ ਚੋਰੀ ਦਾ ਹਿਸਾਬ ਹੋਏਗਾ। ਜੇਬਾਂ ਤਾਂ ਸਾਰੇ ਬਾਬੂਆਂ ਦੀਆਂ ਖ਼ਾਲੀ ਸਨ, ਫੇਰ ਇਨਸਪੈਕਸ਼ਨ ਸਿਰੇ ਕਿਵੇਂ ਲੱਗੇਗੀ ?

''ਮੈਂ ਤਾਂ ਛੁੱਟੀ ਹੀ ਲੈ ਲਊਂ। ਜੋ ਹੋਏਗਾ, ਦੇਖੀ ਜਾਊ।'' ਨਵੀਂ ਸਿਗਰਟ ਸੁਲਘਾ ਕੇ, ਉਸ ਨੇ ਤਰਕੀਬ ਸੋਚੀ।

''ਤੇਰੀ ਗੈਰਹਾਜਰੀ 'ਚ ਉਹਨਾਂ ਤੇਰੇ ਕੰਮਾਂ 'ਚੋਂ ਨੁਕਸ ਕੱਢ-ਕੱਢ ਢੇਰ ਲਾ ਦੇਣੈ। ਫੇਰ ਤੈਨੂੰ ਕੌਣ ਬਖਸ਼ੂ।''

ਅਗਲੇ ਹੀ ਪਲ ਸਿਗਰਟ ਦੇ ਆਖਰੀ ਕਸ਼ ਨੇ, ਉਸ ਦੇ ਬੁੱਲ੍ਹ ਸਾੜੇ।

''ਬਾਬੂ ਜੀ ਉਸ ਸਰਦਾਰ ਦੀ ਕਾਪੀ ਤਾਂ ਦਿਉ। ਫੀਸ ਮੈਂ ਫੜ ਲਈ ਏ। ਆਪਾਂ ਸਮਝ ਲਵਾਂਗੇ।'' ਸੇਵਾਦਾਰ ਨੇ ਉਸ ਚਬੂਤਰੇ 'ਤੇ ਬੈਠੇ ਸਰਦਾਰ ਵੱਲ ਇਸ਼ਾਰਾ ਕੀਤਾ ਅਤੇ ਬਿਨਾਂ ਰਮੇਸ਼ ਦਾ ਜਵਾਬ ਉਡੀਕ ਕਾਪੀ ਚੁੱਕ ਲਈ।

''ਤੈਨੂੰ ਸ਼ਰਮ ਨਹੀਂ ਆਉਂਦੀ। ਹਾਲੇ ਕੱਲ੍ਹ ਕੀ ਹੋ ਕੇ ਹਟਿਐ—ਤੂੰ ਤਾਂ ਛੜੇ ਮਲੰਗ ਨੇ ਮਰਨਾ ਹੀ ਹੈ, ਸਾਨੂੰ ਵੀ ਕਬੀਲਦਾਰਾਂ ਨੂੰ ਮਰਵਾਏਂਗਾ।'' ਤ੍ਰੇਲੋ-ਤ੍ਰੇਲੀ ਹੋਏ ਰਮੇਸ਼ ਨੇ ਸੇਵਾਦਾਰ ਨੂੰ ਝਿੜਕਿਆ।

''ਕੁਛ ਨੀ ਹੁੰਦਾ। ਪੈਸੇ ਤਾਂ ਮੈਂ ਫੜੇ ਨੇ। ਫਸੂੰ ਤਾਂ ਮੈਂ ਫਸੂੰ। ਤੂੰ ਹਿੱਸਾ ਲੈਣਾ ਹੋਊ ਤਾਂ ਲੈ ਲਈਂ, ਨਹੀਂ ਤੇਰੀ ਮਰਜ਼ੀ।'' ਆਖਦਾ ਸੇਵਾਦਾਰ ਸਰਦਾਰ ਵੱਲ ਤੁਰ ਪਿਆ।

ਉਹ ਕਿਸ ਜਾਲ ਵਿਚ ਉਲਝ ਗਿਐ ? ਕਿਸੇ ਤੋਂ ਪੈਸੇ ਮੁਨਸ਼ੀ ਲੈ ਗਿਆ, ਕਿਸੇ ਤੋਂ ਸੇਵਾਦਰ ! ਇਹ ਕਿਸ ਤਰ੍ਹਾਂ ਦੀ ਇਮਾਨਦਾਰੀ ਹੈ ?

ਘਰ ਦਾ ਖਰਚ, ਕਮਿਸ਼ਨਰ ਦਾ ਦੌਰਾ ਅਤੇ ਕੰਟੀਨ ਦਾ ਬਿਲ, ਇਕ ਵਾਰ ਫੇਰ ਉਸ ਦੇ ਜ਼ਿਹਨ ਵਿਚ, ਹਥੌੜਿਆਂ ਵਾਂਗ ਵੱਜਣ ਲੱਗੇ। ਉਹ ਮੰਝਧਾਰ ਵਿਚ ਫਸ ਗਿਐ। ਪਿੱਛੇ ਹਟੇਗਾ ਤਾਂ ਭੁੱਖਾ ਮਰੇਗਾ। ਅੱਗੇ ਵਧੇਗਾ, ਜਲ ਜਾਏਗਾ।

ਰਮੇਸ਼ ਨੂੰ ਉਬਾਸੀਆਂ ਤੇ ਉਬਾਸੀਆਂ ਆਉਣ ਲੱਗੀਆਂ। ਇਹ ਚਾਹ ਦੀ ਤਲਬ ਸੀ ਜਾਂ ਦਿਮਾਗੀ ਪ੍ਰੇਸ਼ਾਨੀ ਦੀ ਨਿਸ਼ਾਨੀ, ਉਸ ਨੂੰ ਸਮਝ ਨਾ ਆਈ।

ਇਕ ਕਾਪੀ ਚੁੱਕ ਕੇ ਉਸ ਨੇ ਜੇਬ ਵਿਚ ਪਾ ਲਈ ਤੇ ਕੰਟੀਨ ਵੱਲ ਹੋ ਲਿਆ। ਨਾਲੇ ਠੇਕੇਦਾਰ ਦੀ ਕਾਪੀ ਮੋੜ ਆਏਗਾ, ਨਾਲੇ 'ਸਟਰਾਂਗ' ਜਿਹੀ ਚਾਹ ਪੀਏਗਾ। ਉਸ ਨੇ ਸੋਚਿਆ।

''ਵਾਹ ਰਮੇਸ਼ ਜੀ ! ਮੈਂ ਆਉਣ ਹੀ ਲੱਗਿਆ ਸੀ'', ਆਖਦਿਆਂ ਠੇਕੇਦਾਰ ਨੇ ਕਾਪੀ ਗੱਲੇ ਵਿਚ ਸੁੱਟ ਲਈ ਅਤੇ ਪੰਜਾਹ ਦਾ ਨੋਟ ਕੱਢ ਕੇ, ਉਸ ਵੱਲ ਵਧਾਇਆ।

''ਉਹ ਰਹਿਣ ਦੇ ਬਈ ਰਹਿਣ ਦੇ....ਦੇਖਿਆ ਨੀ ਕੀ ਭਾਣਾ ਵਰਤਿਐ...।'' ਇਕ ਵਾਰ ਫੇਰ ਰਮੇਸ਼ ਨੂੰ ਦਿਨੇ ਹੀ ਤਾਰੇ ਦਿਖਾਈ ਦੇਣ ਲੱਗੇ। ਉਸ ਨੂੰ ਲੱਗਾ, ਹੁਣੇ ਵਿਜੀਲੈਂਸ ਵਾਲੇ ਉਸ ਦੀ ਗਿੱਚੀ ਨੱਪਣ ਵਾਲੇ ਸਨ।

''ਸਾਰੇ ਇਕੋ ਜੇ ਨਹੀਂ ਹੁੰਦੇ। ਅਗਲੇ ਦੇ ਘਰੇ ਬੈਠੇ ਦਾ ਕੰਮ ਹੋ ਗਿਆ। ਹੋਰ ਉਸ ਨੂੰ ਕੀ ਚਾਹੀਦੈ ? ਮੈਂ ਤਾਂ ਭਾਈ ਫੜ ਲਿਆਇਆਂ। ਤੂੰ ਹੱਥ ਨਾਲ ਨਹੀਂ ਫੜ੍ਹਨੇ, ਮੈਂ ਤੇਰੇ ਬਿੱਲ ਵਿਚੋਂ ਕੱਟ ਦਿਊਂਗਾ। ਠੇਕੇਦਾਰ ਹੱਥੋਂ ਫੜ ਕੇ ਉਸ ਨੂੰ ਨੁੱਕਰ ਵਿਚ ਲੈ ਗਿਆ।

'ਲੋਕਾਂ ਦਾ ਵੀ ਨੱਕ 'ਚ ਦਮ ਆਇਆ ਪਿਐ। ਉਨ੍ਹਾਂ ਦੇ ਕੰਮ ਕਿਹੜੇ ਸਹੀ ਹੁੰਦੇ ਨੇ। ਕਾਗ਼ਜ਼ੀ ਕਾਰਵਾਈ ਪੂਰੀ ਕਰਨੀ ਪਵੇ ਤਾਂ ਵੀਹ ਸਾਲ ਕਾਪੀ ਨਾ ਬਣ ਸਕੇ। ਸਾਰੇ ਬੁੜ੍ਹੇ ਨੂੰ ਗਾਲ੍ਹਾਂ ਕੱਢਦੇ ਨੇ। ਦਫ਼ਤਰਾਂ ਦੇ ਚੱਕਰ ਕੱਢਣੇ ਕੋਈ ਸੌਖੇ ਨੇ।'

ਠੇਕੇਦਾਰ ਨਾਲੇ ਕੰਮ ਦੀਆਂ ਗੱਲਾਂ ਸਮਝਾਉਂਦਾ ਰਿਹਾ, ਨਾਲੇ ਗਰਮ ਚਾਹ ਦੀਆਂ ਚੁਸਕੀਆਂ ਲੈਂਦਾ ਰਿਹਾ।

ਇਸ ਵਾਰ ਰਮੇਸ਼ ਤੋਂ ਨਾਂਹ ਨਾ ਹੋ ਸਕੀ, ਹਿਸਾਬ ਕਿਤਾਬ ਲਾ ਕੇ ਦੇਖਿਆ, ਇੰਨਾ ਕੁ ਬਿੱਲ ਤਾਂ ਹੁਣ ਤੱਕ ਬਣ ਗਿਆ ਸੀ। ਪਹਾੜ ਜਿੱਡਾ ਦਿਨ ਹਾਲੇ ਬਾਕੀ ਸੀ। ਸਾਹਿਬ ਦੇ ਮਿਲਣ ਗਿਲਣ ਵਾਲਿਆਂ ਦੀ ਗਿਣਤੀ ਕਿਹੜਾ ਘੱਟ ਹੈ। ਡਾਰਾਂ ਦੀਆਂ ਡਾਰਾਂ ਆਉਂਦੀਆਂ ਨੇ। ਠੇਕੇਦਾਰ ਠੀਕ ਆਖਦੈ। ਰੰਗੀ ਹੱਥੀਂ ਫੜੇ ਜਾਣ ਤੋਂ ਬਚੋ। ਅਰਜ਼ੀ ਪਰਚਿਆਂ ਨਾਲ ਕੱਖ ਨਹੀਂ ਵਿਗੜਦਾ।

ਸੀਟ ਤੱਕ ਵਾਪਸ ਆਉਂਦਾ ਰਮੇਸ਼ ਕਾਫੀ ਰਾਹਤ ਮਹਿਸੂਸ ਕਰ ਰਿਹਾ ਸੀ। ਇਹ ਕਰਾਰੀ ਚਾਹ ਦਾ ਅਸਰ ਸੀ ਜਾਂ ਠੇਕੇਦਾਰ ਦੀਆਂ ਗੱਲਾਂ ਦਾ ਜਾਂ ਸਿਰੋਂ ਲੱਥੇ ਕਰਜ਼ੇ ਦਾ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ।

ਉਸ ਦਾ ਮਨ ਸਿਗਰਟ ਸੁਲਗਾਉਣ ਲਈ ਮਚਲਿਆ। ਪਰ ਡੱਬੀ ਖ਼ਾਲੀ ਸੀ। ਜੇਬ ਦੇਖੀ। ਬੱਸ ਦਾ ਕਿਰਾਇਆ ਹੀ ਬਚਿਆ ਸੀ।

ਜੇਬ ਖ਼ਾਲੀ ਦੇਖ ਕੇ ਉਸ ਦੇ ਚਿਹਰੇ 'ਤੇ ਪਿਲੱਤਣ ਛਾ ਗਈ। ਸਾਹਮਣੇ ਖੜ੍ਹ ਕੇ ਨੋਟ ਗਿਣਦਾ ਸੇਵਾਦਾਰ, ਉਸ ਨੂੰ ਵਿਹੁ ਵਰਗਾ ਲੱਗਿਆ।

''ਜਾ ਭੱਜ ਕੇ ਡੱਬੀਆਂ ਸਿਗਰਟਾਂ ਦੀਆਂ ਫੜ ਲਿਆ'' ਖਿਝੇ ਖਿਝਾਏ ਉਸ ਨੇ ਸੇਵਾਦਾਰ ਨੂੰ ਹੁਕਮ ਸੁਣਾਇਆ।

ਕੁਝ ਦੇਰ ਸੇਵਾਦਾਰ ਖੜ੍ਹਾ ਬਿਟਰ-ਬਿਟਰ ਤੱਕਦਾ ਰਿਹਾ। ਸਿਗਰਟਾਂ ਲਈ ਪੈਸੇ ਉਡੀਕਦਾ ਰਿਹਾ।

ਉਸ ਦੇ ਦਿਲ ਦੀ ਗੱਲ ਬੁੱਝ ਕੇ, ਰਮੇਸ਼ ਨੇ ਜਦੋਂ ਅੱਖਾਂ ਲਾਲ ਪੀਲੀਆਂ ਕੀਤੀਆਂ ਤਾਂ

(79)

LAAM



ਸੇਵਾਦਾਰ ਦੀ ਅਕਲ 'ਤੇ ਪਿਆ ਪਰਦਾ ਹਟਿਆ। ਉਹ ਤਾਂ ਭੁੱਲਿਆ ਫਿਰਦਾ ਸੀ, ਰਮੇਸ਼ ਦੇ ਹਿੱਸੇ ਦੀ ਅਮਾਨਤ ਹਾਲੇ ਉਸ ਕੋਲ ਹੀ ਸੀ। ਰਮੇਸ਼ ਨੂੰ ਵਿਹਲਾ ਬੈਠਾ ਦੇਖ ਕੇ, ਸੱਜੇ ਪਾਸੇ ਵਾਲਾ ਜਗਤਾਰ ਕੁਰਸੀ ਘੜੀਸ ਕੇ ਉਸ ਦੇ ਕੋਲ ਆ ਬੈਠਾ।

''ਤੂੰ ਸੁਣਿਐ ਬਈ ਬਠਿੰਡੇ ਵਾਲਾ ਬਹਾਦਰ ਸੁੰਦਰ ਵਾਲੀ ਸੀਟ 'ਤੇ ਆਰਡਰ ਕਰਾ ਲਿਆਇਐ। ਉਹ ਸਿੱਧੂ ਨੂੰ ਲੈ ਕੇ ਤਿੰਨ ਦਿਨ ਮੰਤਰੀ ਦੀ ਕੋਠੀ ਬੈਠਾ ਰਿਹਾ। ਕਹਿੰਦੇ ਪੂਰਾ ਦਸ ਹਜ਼ਾਰ ਖਰਚਿਐ।''

''ਉੱਡਦੀ-ਉੱਡਦੀ ਸੁਣੀ ਤਾਂ ਹੈ। ਏਨੇ ਪੈਸੇ ! ਪੂਰੇ ਕਿਥੋਂ ਕਰੂ ?''

''ਆਉਂਦਾ ਹੀ ਮਾਰ-ਧਾੜ ਸ਼ੁਰੂ ਕਰ ਦੂ। ਮਨਿਸਟਰ ਦਾ ਬੰਦੈ। ਕਿਹੜਾ ਭੜੂਆ ਰੋਕੂ। ਇਹੋ ਜਿਹੇ ਨੂੰ ਵਿਜੀਲੈਂਸ ਵਾਲੇ ਵੀ ਨੀ ਫੜਦੇ।'' ਜਗਤਾਰ ਨੇ ਇਉਂ ਹਉਕਾ ਭਰਿਆ, ਜਿਵੇਂ ਬਹਾਦਰ ਉਸ ਦਾ ਦੁਸ਼ਮਣ ਹੋਵੇ।

ਹੌਲੀ-ਹੌਲੀ ਜਗਤਾਰ ਨੇ ਹੋਰ ਵੀ ਰਾਜ਼ ਖੋਲ੍ਹੇ। ਮਨੋਹਰ ਦੇ ਪਿੱਛੇ ਲੱਗ ਕੇ ਸੁਰਿੰਦਰ ਨੇ ਵੀ ਸਾਹਿਬ ਦੀ ਰਸੋਈ ਦਾ ਬਿੱਲ ਦੇਣੋਂ ਨਾਂਹ ਕਰ ਦਿੱਤੀ ਹੈ। ਉਸ ਨੇ ਸਿੱਧਾ ਆਖਤਾ ''ਨਾ ਲਵਾਂ...ਨਾ ਦੇਵਾਂ। ਜੋ ਕਰਨੈ, ਕਰ ਲੈ।'' ਘੱਟ ਤਾਂ ਇਕੱਲਾ ਮਨੋਹਰ ਹੀ ਨਹੀਂ ਸੀ। ਹੁਣ ਉਹ ਦੋ ਹੋ ਗਏ। ਸ਼ਾਂਤ ਹੋ ਰਿਹਾ ਵਾਤਾਵਰਣ ਫੇਰ ਵਿਗੜ ਚੱਲਿਆ ਸੀ। ਮਨੋਹਰ ਤਾਂ ਭਲਾ ਯੂਨੀਅਨਇਸਟ ਹੋਇਆ। ਸੁਰਿੰਦਰ ਨੂੰ ਕੀ ਚੱਟੀ ਪਈ ਸੀ, ਵੱਡਾ ਇਨਕਲਾਬੀ ਬਣਨ ਦੀ।

ਸਾਹਿਬ ਨੇ ਮਨੋਹਰ ਦੀ ਏ.ਸੀ. ਆਰ. ਖਰਾਬ ਕਰ ਦਿੱਤੀ ਹੈ। ਕਮਿਸ਼ਨਰ ਸਾਹਿਬ ਉਸ ਦੀ ਬਦਲੀ ਲਈ ਰਾਜ਼ੀ ਹੋ ਗਏ ਸਨ। ਸਾਹਿਬ ਨੇ ਕਮਿਸ਼ਨਰ ਸਾਹਿਬ ਨੂੰ ਦਸਿਐ, ਇਸ ਇਕ ਗੰਦੀ ਮੱਛਲੀ ਨੇ ਸਾਰਾ ਤਲਾਬ ਗੰਦਾ ਕਰ ਦਿਤੈ। ਸੁਰਿੰਦਰ ਦੀਆਂ ਵੀ ਸਾਰੀਆਂ ਪੁਰਾਣੀਆਂ ਪੜਤਾਲਾਂ ਮੁੜ ਖੁੱਲ੍ਹ ਗਈਆਂ ਨੇ। ਉਸ ਨੂੰ ਸਸਪੈਂਡ ਕਰਨ ਦੇ ਬਹਾਨੇ ਲੱਭਣ ਲਈ ਮੁਰਦੇ ਉਖੇੜ ਲਏ ਗਏ ਨੇ।

ਚੁੱਪ ਕਰਿਆ ਰਮੇਸ਼ ਉਨ੍ਹਾਂ ਦੀ ਆਪਣੇ ਨਾਲ ਤੁਲਨਾ ਕਰਦਾ ਰਿਹਾ। ਉਸ ਨੇ ਤਾਂ ਸਾਹਿਬ ਵਿਰੁੱਧ ਕੋਈ ਗੁਸਤਾਖੀ ਨਹੀਂ ਕੀਤੀ। ਅੱਜ ਤਕ ਸਾਰੇ ਬਿੱਲ ਚੁਕਾਏ ਨੇ। ਮਨੋਹਰ ਤੇ ਸੁਰਿੰਦਰ ਕੁਝ ਵੀ ਕਰਨ, ਉਸ ਦਾ ਕੀ ਵਾਸਤਾ ?

''ਉਂਝ ਆਨੇ-ਬਹਾਨੇ ਸਾਹਿਬ ਨੇ ਮੈਨੂੰ ਵੀ ਤਾੜ ਦਿਤੈ ! ਕਹਿੰਦਾ ਜੇ ਕਮਾਈ ਵਾਲੀ ਸੀਟ 'ਤੇ ਕੰਮ ਨਹੀਂ ਹੁੰਦਾ ਤਾਂ ਸਟੋਰ ਕੀਪਰ ਲਾ ਦਿੰਨੈਂ। ਮੈਨੂੰ ਡਰਪੋਕ ਬੰਦਿਆਂ ਦੀ ਲੋੜ ਨਹੀਂ। ਸਟੈਨੋ ਨੂੰ ਸ਼ਾਇਦ ਆਰਡਰ ਡਿਕਟੇਟ ਵੀ ਹੋ ਗਿਆ ਹੋਵੇ...ਕੀ...ਕਰੀਏ...? ਕਿਧਰ ਜਾਈਏ...?''

ਜਗਤਾਰ ਲੇਲੜੀਆਂ ਕੱਢਦਾ ਰਿਹਾ। ਰਮੇਸ਼ ਚੁੱਪ-ਚਾਪ ਉਸ ਦੇ ਚਿਹਰੇ ਦੇ ਬਦਲਦੇ ਪੈਂਤੜੇ ਤੱਕਦਾ ਰਿਹਾ।

ਚਿਹਰੇ ਤੋਂ ਤਿਲਕੀ ਨਜ਼ਰ ਜਦੋਂ ਜਗਤਾਰ ਦੀ ਜੇਬ 'ਤੇ ਆ ਕੇ ਟਿਕੀ, ਰਮੇਸ਼ ਸੁੰਨ ਹੋ ਗਿਆ। ਤਰੋੜ ਮਰੋੜ ਕੇ ਪਾਇਆ ਸੌ ਦਾ ਨੋਟ ਬਾਹਰ ਨੂੰ ਝਾਕ ਰਿਹਾ ਸੀ।

''ਮੈਂ ਇਹ ਮੰਗੇ ਨਹੀਂ....ਕੋਈ ਗੱਲੋ-ਗੱਲੀ ਮੇਰੀ ਜੇਬ 'ਚ ਪਾ ਗਿਆ...ਮੈਂ ਸੋਚਿਆ ਇਨਸਪੈਕਸ਼ਨ ਦਾ ਖਰਚਾ ਨਿਕਲ ਜੂ...ਕੋਈ ਬਿੱਲ ਉਤਰ ਜੂ...''

ਜਗਤਾਰ ਇਉਂ ਤਤਲਾ ਉਠਿਆ ਜਿਵੇਂ ਚੋਰੀ ਕਰਦਾ ਫੜਿਆ ਗਿਆ ਹੋਵੇ। ਰਮੇਸ਼ ਦੀ ਜ਼ਬਾਨ ਵੀ ਤਾਲੂਏ ਨਾਲ ਚਿਪਕ ਗਈ। ਸਾਹਿਬ ਉਸ ਨੂੰ ਵੀ ਕਈ ਵਾਰ ਝਿੜਕ ਚੁੱਕਾ ਸੀ। ਗਲਤੀਆਂ ਕੱਢ ਕੱਢ ਉਸ ਦੀ ਨੋਟਿੰਗ ਲਾਲ ਕਰ ਦਿੰਦਾ ਹੈ।

ਮਨੋਹਰ ਖਾੜਕੂ ਹੈ। ਸਾਹਿਬ ਨੂੰ ਸਿੱਧਾ ਕਰ ਦੇਵੇਗਾ। ਸੁਰਿੰਦਰ ਵੀ...। ਪਰ ਉਹ ਕੀ ਕਰੇ ? ਬਦਲੀ ਕਰਾ ਕੇ ਕਿੱਥੇ ਜਾਏਗਾ ? ਉਹ ਸੜਿਆਂਦ ਹਰ ਥਾਂ ਉਸ ਦਾ ਸਵਾਗਤ ਕਰੇਗੀ। ਸ਼ਾਰਕਾਂ ਦੇ ਸਮੁੰਦਰ ਵਿਚ ਛੋਟੀ ਮੱਛੀ ਦਾ ਕੀ ਵੱਟੀ ਦਾ ਹੈ। ਉੱਪਰ ਉੱਠੇਗੀ, ਸ਼ਾਰਕ ਖਾਣਗੇ। ਨੀਚੇ ਜਾਏਗੀ, ਦਲਦਲ ਵਿਚ ਫਸੇਗੀ।

ਇਕ ਵਾਰ ਦਿਲ ਕੀਤਾ, ਮਨੋਹਰ ਹੋਰਾਂ ਦੀ ਢਾਣੀ ਵਿਚ ਹੀ ਰਲ ਜਾਏ। ਅੱਗੇ ਉਹ ਕਿਹੜਾ ਜਗੀਰਦਾਰਾਂ ਦੇ ਜੰਮਿਐ। ਔਖੇ ਸੌਖੇ ਹੋ ਕੇ ਬੀ.ਏ. ਕੀਤੀ ਤਾਂ ਇੱਥੇ ਅਟਕ ਸਕਿਆ।

ਸਟੈਨੋ ਡਿਕਟੇਸ਼ਨ ਲੈ ਕੇ ਆਪਣੇ ਕਮਰੇ ਵਿਚ ਆ ਗਿਆ ਸੀ। ਉਸ ਦੀਆਂ ਟਾਈਪ-ਰਾਈਟਰ 'ਤੇ ਨੱਚਦੀਆਂ ਉਂਗਲਾਂ ਦੀ ਅਵਾਜ਼ ਵਿਚੋਂ ਉਸ ਨੂੰ ਕਈ ਹੁਕਮ ਸੁਣਾਈ ਦੇਣ ਲੱਗੇ। ਕੋਈ ਝੂਠੀ ਸੋਚੀ ਇਨਕੁਆਇਰੀ, ਸਸਪੈਨਸ਼ਨ, ਬਰਖਾਸਤੀ। ਭੁੱਖ ਨੰਗ ਅਤੇ ਦਰ-ਦਰ ਦੀਆਂ ਠੋਹਕਰਾਂ...।

''ਲਓ ਸਾਹਿਬ। '' ਆਖਦੇ ਸੇਵਾਦਾਰ ਨੇ ਵੀਹ ਦੇ ਨੋਟ 'ਤੇ ਰੱਖੀਆਂ ਡੱਬੀਆਂ ਉਸ ਨੂੰ ਪੇਸ਼ ਕੀਤੀਆਂ।

ਰਮੇਸ਼ ਨੇ ਇਕ ਵਾਰ ਫੇਰ ਜਗਤਾਰ ਦੀ ਜੇਬ 'ਚ ਲਿਸ਼ਕਦੇ ਨੋਟ ਵੱਲ ਤੱਕਿਆ। ਕੰਨਟੀਨ ਦਾ ਬਿੱਲ ਇਨਸਪੈਕਸ਼ਨ ਦਾ ਖਰਚਾ, ਸਾਹਿਬ ਦੀ ਨਰਾਜ਼ਗੀ ਵਾਰੀ-ਵਾਰੀ ਸਭ ਦੀਆਂ ਅੱਖਾਂ ਅੱਗੋਂ ਲੰਘੇ। ਜਗਤਾਰ ਨੇ ਸਾਰੀ ਹਿੰਮਤ ਬਟੋਰ ਕੇ ਡੱਬੀ ਹੇਠੋਂ ਵੀਹ ਦਾ ਨੋਟ ਕੱਢਿਆ ਤੇ ਚੁਪਕੇ ਜਿਹੇ ਰਮੇਸ਼ ਦੀ ਜੇਬ 'ਚ ਪਾ ਦਿੱਤਾ।

''ਭੁੱਖੇ ਤਾਂ ਨੀ ਮਰਨਾ...ਜੋ ਹੋਊ ਦੇਖੀ ਜਾਊ।''

ਰਮੇਸ਼ ਬੁੱਤ ਬਣਿਆਂ ਰਿਹਾ। ਉਸ ਨੂੰ ਲੱਗਿਆ, ਹਫਤਾ ਪਹਿਲਾਂ ਉੱਠਿਆ ਵਾ-ਵਰੋਲਾ ਤਾਂ ਕਦੋਂ ਦਾ ਲੰਘ ਚੁੱਕਾ ਹੈ। ਸੁੱਕੇ ਪੱਤੇ ਝੜ ਕੇ ਉੱਡ ਗਏ ਹਨ। ਬਾਕੀ ਸਭ ਕੁਝ ਪਹਿਲਾਂ ਵਾਂਗ ਹੀ ਤਾਂ ਹੈ। ਸਮੁੰਦਰ 'ਚ ਰਹਿ ਕੇ ਮਗਰਮੱਛ ਨਾਲ ਵੈਰ ਲੈਣਾ ਫਜ਼ੂਲ ਹੈ।

ਦਿਲ ਕਰੜਾ ਕਰ ਕੇ ਬਾਕੀ ਬਚਦੀਆਂ ਕਾਪੀਆਂ ਉਸ ਨੇ ਦਰਾਜ਼ ਵਿਚ ਸੁੱਟ ਲਈਆਂ।

ਨਵੀਂ ਡੱਬੀ ਵਿਚੋਂ ਸਿਗਰਟ ਕੱਢ ਕੇ ਸੁਲਗਾਈ ਅਤੇ ਮੇਜ਼ 'ਤੇ ਲੱਤਾਂ ਰੱਖ ਕੇ ਉਹ ਵੀ ਨਵੀਂ ਅਸਾਮੀ ਦੀ ਉਡੀਕ ਕਰਨ ਲੱਗਾ।

☆☆☆

(80)

LAAM

# ਠੋਸ ਸਬੂਤ

ਜੰਗੀਰ ਸਿੰਘ ਵਰਗਾ ਹੀ ਸਿੱਧਾ ਸਾਧਾ ਸੀ, ਉਸ ਦਾ ਕੇਸ, ਨਾ ਗਵਾਹਾਂ ਦੇ ਬਿਆਨਾਂ 'ਚ ਕਈ ਵਿੰਗ ਵਲ, ਨਾ ਕੋਈ ਕਾਨੂੰਨੀ ਉਲਝਣ।

ਬਹਿਸ ਸੁਣਦਿਆਂ-ਸੁਣਦਿਆਂ ਹੀ ਮੀਤਪਾਲ ਨੂੰ ਮੁਲਜ਼ਮ ਨੂੰ ਸਜ਼ਾ ਸੁਣਾਉਣ ਦਾ ਮਨ ਬਣਾਉਣ ਵਿਚ ਕੋਈ ਦਿੱਕਤ ਮਹਿਸੂਸ ਨਹੀਂ ਸੀ ਹੋਈ। ਪਰ ਉਸ ਸੰਤ ਸੁਭਾਅ ਦਾ ਆਦਮੀ ਨੇ ਪਤਾ ਨਹੀਂ ਕੀ ਟੂਣਾ ਕਰਾਇਆ ਸੀ, ਜਦੋਂ ਵੀ ਉਸ ਦੇ ਫੈਸਲੇ ਦਾ ਵਕਤ ਆਉਂਦਾ, ਕੋਈ ਨਾ ਕੋਈ ਅਜੀਬ ਘਟਨਾ ਘਟ ਜਾਂਦੀ। ਜੱਜ ਹੁੰਦਿਆਂ ਵੀ ਮੀਤਪਾਲ ਆਪਣੇ ਆਪ ਨੂੰ ਮੁਲਜ਼ਮ ਸਮਝਣ ਲੱਗਦਾ ਅਤੇ ਉਸ ਦੀ ਜ਼ੁਬਾਨ ਜੰਗੀਰ ਨੂੰ ਮੁਲਜ਼ਮ ਕਹਿਣ ਤੋਂ ਥਥਲਾਉਣ ਲੱਗਦੀ।

ਫ਼ੈਸਲੇ ਲਈ ਰੱਖੀ ਇਹ ਚੌਥੀ ਤਾਰੀਖ ਸੀ। ਹੋਰ ਟਾਲ-ਮਟੋਲ ਮਜਿਸਟਰੇਟ ਦੀ ਸ਼ੋਹਰਤ ਨੂੰ ਧੱਬਾ ਲਾ ਸਕਦੀ ਸੀ। ਅਦਾਲਤ ਲੱਗਦਿਆਂ ਹੀ ਉਸ ਨੇ ਜੰਗੀਰ ਸਿੰਘ ਵਾਲੀ ਮਿਸਲ ਚੁੱਕੀ। ਫ਼ੈਸਲਾ ਸੁਣਾਉਣ ਲਈ ਉਸ ਨੂੰ ਹਾਕ ਮਰਵਾ ਕੇ ਮਿਸਲ ਦੇ ਵਰਕੇ ਇਧਰ-ਉਧਰ ਕਰਨ ਲੱਗਾ।

ਬੜੀ ਸਧਾਰਣ ਜਿਹੀ ਕਹਾਣੀ ਸੀ। ਚਾਰ ਜਵਾਕਾਂ ਦੇ ਬਾਪ ਕੋਲ ਕੇਵਲ ਤਿੰਨ ਏਕੜ ਜ਼ਮੀਨ ਸੀ। ਪਹਿਲਾਂ ਮਾਪਿਆਂ ਦੀ ਤੇ ਫਿਰ ਆਪਣੀ ਕਬੀਲਦਾਰੀ ਦਾ ਭਾਰ ਢੋਂਦਾ-ਢੋਂਦਾ, ਉਹ ਹੰਭ ਗਿਆ ਸੀ। ਕਦੇ ਛੋਟੀ ਭੈਣ ਦਾ ਵਿਆਹ, ਮਸਾਂ-ਮਸਾਂ ਜੰਮੇ ਦੀ ਛੁੱਟੀ ਅਤੇ ਕਦੇ ਵਿਚਕਾਰਲੀ ਭਾਣਜੀ ਦੀ ਛਕ। ਕਦੇ ਹੜ੍ਹ, ਕਦੇ ਬੀਜ, ਕਦੇ ਖਾਦਾਂ ਅਤੇ ਕਦੇ ਮਾਮਲੇ, ਮੁੰਡਾ ਛੋਟਾ ਸੀ ਤੇ ਜ਼ਮੀਨ ਥੋੜ੍ਹੀ। ਨਾ ਸੀਰੀ ਰੱਖ ਸਕਦੈ। ਨਾ ਮੋਟਰ ਲਗਵਾ ਸਕਦੈ, ਨਾ ਟਰੈਕਟਰ ਖਰੀਦ ਸਕਦੈ। ਕਦੇ ਇੰਜਣ ਲਈ ਤੇਲ, ਕਦੇ ਟਰੈਕਟਰ ਦਾ ਕਿਰਾਇਆ ਅਤੇ ਕੰਬਾਇਨ ਦੀ ਵਢਾਈ, ਹਰ ਵਾਰੀ ਆੜ੍ਹਤੀਆਂ ਦੀ ਬਹੀ ਦਾ ਨਵਾਂ ਵਰਕਾ ਕਾਲਾ ਹੁੰਦਾ। ਵੱਡੀ ਧੀ ਦੇ ਸਿਲੇ ਅਤੇ ਛੋਟੀ ਦੀ ਛੂਛਕ ਨੇ ਤਾਂ ਉਹਦਾ ਧੂੰਆਂ ਹੀ ਕੱਢ ਦਿੱਤਾ। ਬਿਨਾਂ ਜ਼ਮੀਨ ਗਹਿਣੇ ਕਰਾਏ ਆੜ੍ਹਤੀਆਂ ਨੇ ਧੇਲਾ ਨਾ ਦਿੱਤਾ।

ਡੁੱਬਦੇ ਜੰਗੀਰ ਨੂੰ ਬਦਲ ਕੇ ਆਏ ਨਵੇਂ ਪਟਵਾਰੀ ਨੇ ਤਿਣਕੇ ਦਾ ਸਹਾਰਾ ਬਣ ਕੇ ਬਚਾਅ ਲਿਆ। ਉਹ ਪਟਵਾਰੀ ਘੱਟ ਤੇ ਲੋਕਾਂ ਨੂੰ ਬਾਹਰਲੇ ਮੁਲਕ ਭੇਜਣ ਦਾ ਕੰਮ ਜ਼ਿਆਦਾ ਕਰਦਾ। ਜਿਹੜੇ ਪਿੰਡ ਵੀ ਜਾਂਦਾ, ਅੱਧਾ ਪਿੰਡ ਬਾਹਰ ਨੂੰ ਤੋਰ ਦਿੰਦਾ। ਕਿਸੇ ਨੂੰ ਅਮਰੀਕਾ, ਕਿਸੇ ਨੂੰ ਕਨੇਡਾ ਅਤੇ ਕਿਸੇ ਨੂੰ ਇਰਾਨ। ਕਈ ਕੱਖ ਤੋਂ ਲੱਖ ਹੋ ਗਏ। ਜੰਗੀਰ ਦੇ ਕਾਗ਼ਜ਼ ਪੱਤਰ ਫਰੋਲ ਕੇ ਭਰਨ ਗਏ ਜੰਗੀਰ ਨੂੰ ਉਸ ਨੇ ਇਕ ਦਿਨ ਸਮਝਾਇਆ।

''ਕਾਹਨੂੰ ਭੋਂ ਨਾਲ ਟੱਕਰਾਂ ਮਾਰਦੈਂ। ਦੋ ਸਾਲ ਵੀ ਬਾਹਰ ਲਾ ਲਏਂ ਤਾਂ ਬਾਰੇ ਨਿਆਰੇ ਹੋ

(81)
LAAM

ਜਾਣਗੇ। ਨਾਲੇ ਜ਼ਮੀਨਾਂ ਛੁੱਟ ਜਾਣਗੀਆਂ ਨਾਲੇ ਕਰਜ਼ਾ ਲਹਿ ਜਾਊ।''

ਜੰਗੀਰ ਦੇ ਖਾਨੇ ਪੈ ਗਈ। ਜ਼ਮੀਨ 'ਚੋਂ ਤਾਂ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਇਥੇ ਸ਼ਰੀਕਾਂ ਤੋਂ ਡਰਦਾ ਦਿਹਾੜੀ ਵੀ ਨਹੀਂ ਕਰ ਸਕਦਾ। ਬਾਹਰਲੇ ਮੁਲਕ ਵਿਚ ਚਾਹੇ ਕਿਸੇ ਦੀਆਂ ਟੱਟੀਆਂ ਚੁੱਕਦੇ ਰਹੋ, ਕਿਹੜਾ ਕਿਸੇ ਨੇ ਦੇਖਣ ਆਉਣੈ।

ਲੀਬੀਆ ਜਾਣ ਦਾ ਪੰਦਰਾਂ ਹਜ਼ਾਰ ਲੱਗਦਾ ਸੀ। ਕਰਜ਼ਾ ਲੈ ਕੇ ਵੀ ਦਸ ਹਜ਼ਾਰ ਤੋਂ ਵੱਧ ਦੇਣ ਨੂੰ ਤਿਆਰ ਨਹੀਂ ਸੀ। ਇਹ ਵੀ ਪੁਰਾਣਾ ਲਿਹਾਜ਼ ਕਰ ਕੇ, ਨਹੀਂ ਤਾਂ ਦਾਹੜੀ ਨਾਲੋਂ ਮੁੱਛਾਂ ਵੱਡੀਆਂ ਹੋਈਆਂ ਪਈਆਂ ਸਨ। ਬਾਕੀ ਦਾ ਜ਼ਿੰਮਾ ਪਟਵਾਰੀ ਨੇ ਲਿਆ ਤਾਂ ਕੰਮ ਬਣਿਆ। ਉਹਦਾ ਬੈਂਕ ਵਾਲਿਆਂ ਨਾਲ ਖਾਣ-ਪੀਣ ਸੀ। ਆਪੇ ਮੱਝਾਂ ਖਰੀਦਣ ਲਈ ਕਰਜ਼ਾ ਮਨਜ਼ੂਰ ਕਰਾ ਦੇਵੇਗਾ।

ਪੰਜ ਹਜ਼ਾਰ ਦੀ ਨੌਕਰੀ ਦੇ ਸੁਫਨੇ ਲੈਂਦਾ ਜੰਗੀਰ ਧੜਾਧੜ ਖ਼ਾਲੀ ਕਾਗ਼ਜ਼ਾਂ 'ਤੇ ਅੰਗੂਠੇ ਲਾਉਂਦਾ ਰਿਹਾ। ਪਟਵਾਰੀ ਕਿਸੇ ਨੂੰ ਪੰਜ ਦੇਵੇ ਜਾਂ ਪੰਜਾਹ, ਉਸ ਨੇ ਕਦੇ ਨਹੀਂ ਪੁੱਛਿਆ। ਸੱਤ ਦੀ ਥਾਂ ਪੰਜ ਹਜ਼ਾਰ ਘਰ ਲਿਆਇਆ, ਪਟਵਾਰੀ ਉਸ ਨੂੰ ਰੱਬ ਵਰਗਾ ਲੱਗਾ ਸੀ।

ਲੀਬੀਆ ਦੀ ਥਾਂ ਜਦੋਂ ਕਾਬਲ ਦੀਆਂ ਜੇਲ੍ਹਾਂ ਵਿਚ ਧੱਕੇ ਖਾ ਕੇ ਉਹ ਘਰ ਮੁੜਿਆ ਤਾਂ ਉਸ ਨੂੰ ਆਪਣੇ ਦੇਸ਼ ਦੀ ਪੁਲਿਸ ਨੇ ਘੇਰ ਲਿਆ। ਜੇ ਟਰੈਵਲ ਏਜੰਟਾਂ ਨੇ ਜੰਗੀਰ ਸਿੰਘ ਨਾਲ ਧੋਖਾ ਕੀਤਾ ਸੀ ਤਾਂ ਜੰਗੀਰ ਸਿੰਘ ਨੇ ਬੈਂਕ ਨਾਲ। ਕਰਜ਼ਾ ਲੈਣ ਸਮੇਂ ਜਿਹੜੀ ਜਮ੍ਹਾਂਬੰਦੀ ਕਾਗ਼ਜ਼ਾਂ ਨਾਲ ਲਾਈ ਗਈ ਸੀ, ਉਸ ਮੁਤਾਬਕ ਜੰਗੀਰ ਜ਼ਮੀਨ ਦਾ ਬੇਦਾਗ ਮਾਲਕ ਸੀ। ਅਸਲੀਅਤ ਇਹ ਸੀ ਕਿ ਉਸ ਦੀ ਜਮ੍ਹਾਂਬੰਦੀ ਰਹਿਣ ਦੇ ਇੰਤਕਾਲਾਂ ਨਾਲ ਸੂਹੀ ਹੋਈ ਪਈ ਸੀ। ਮੱਝਾਂ ਖਰੀਦਣ ਦੀਆਂ ਰਸੀਦਾਂ ਵੀ ਜਾਅਲੀ, ਇਸ ਤਰ੍ਹਾਂ ਉਸ ਨੇ ਬੈਂਕ ਨੂੰ ਠੱਗਿਆ ਸੀ।

ਕਿਸੇ ਵੀ ਢੰਗ ਨਾਲ ਪੈਸੇ ਮੁੜਦੇ ਨਜ਼ਰ ਆਉਂਦੇ ਤਾਂ ਸ਼ਾਇਦ ਬੈਂਕ ਵਾਲੇ ਪਰਚਾ ਦਰਜ ਕਰਾਂਦੇ। ਜਦੋਂ ਝੂਠੀਆਂ ਰਿਪੋਰਟਾਂ ਕਰਨ ਕਰਕੇ ਜੰਗੀਰ ਦੇ ਬਰਾਬਰ ਖਲੋਣ ਦਾ ਖਤਰਾ ਦਿੱਸਣ ਲੱਗਾ ਤਾਂ ਉਹਨਾਂ ਨੂੰ ਇਹ ਕਦਮ ਚੁੱਕਣਾ ਪਿਆ। ਆਪਣੇ ਪਾਲੇ ਤੋਂ ਡਰਦਿਆਂ ਨੇ ਗਵਾਹੀਆਂ ਵੀ ਵੱਧ ਚੜ੍ਹ ਕੇ ਦਿੱਤੀਆਂ।

ਆਪਣੀ ਸਫ਼ਾਈ ਲਈ ਜੰਗੀਰ ਸਿੰਘ ਕੋਲ ਇਕ ਰਟ ਸੀ। ਕਾਗ਼ਜ਼ਾਂ ਪੱਤਰਾਂ ਦਾ ਪਟਵਾਰੀ ਨੂੰ ਪਤਾ ਸੀ। ਉਹ ਤਾਂ ਉਸ ਦੇ ਵਿਸ਼ਵਾਸ ਵਿਚ ਅੰਨ੍ਹਾ ਹੋਇਆ ਅੰਗੂਠੇ 'ਤੇ ਅੰਗੂਠਾ ਲਾਉਂਦਾ ਰਿਹਾ। ਸਗੋਂ ਉਸ ਦਾ ਦੋ ਹਜ਼ਾਰ ਬੈਂਕ ਵਾਲਿਆਂ ਨੇ ਖਾਧਾ ਸੀ। ਕਾਗ਼ਜ਼ੀ ਸਬੂਤ ਉਸ ਕੋਲ ਇਕ ਵੀ ਨਹੀਂ ਸੀ। ਜ਼ਬਾਨੀ ਗੱਲਾਂ ਦੀ ਕਾਨੂੰਨ ਦੀ ਨਜ਼ਰ ਵਿਚ ਕੋਈ ਅਹਿਮੀਅਤ ਨਹੀਂ।

ਜੰਗੀਰ ਸਿੰਘ ਨੂੰ ਉਡੀਕਦਾ ਮੀਤਪਾਲ ਸੋਚ ਰਿਹਾ ਸੀ, ਚੰਗਾ ਹੁੰਦਾ ਜੇ ਉਹ ਪਹਿਲੇ ਦਿਨ ਹੀ ਫ਼ੈਸਲਾ ਸੁਣਾ ਦਿੰਦਾ। ਇੰਨੇ ਦਿਨ ਮਾਨਸਿਕ ਤਨਾਓ 'ਚ ਤਾਂ ਨਾ ਰਹਿਣ ਪੈਂਦਾ। ਉਸ ਦਿਨ ਉਸ ਨੇ ਕਿਸੇ ਹੋਰ ਫ਼ੈਸਲੇ ਨੂੰ ਤਰਜੀਹ ਦਿੱਤੀ ਸੀ। ਦੋਵੇਂ ਪਾਰਟੀਆਂ ਤਕੜੀਆਂ ਸਨ। ਉਸੇ ਦਿਨ ਫ਼ੈਸਲੇ ਨਾ ਸੁਣਾਉਂਦਾ ਤਾਂ ਕਿਸੇ ਪਾਸਿਉਂ ਦੀ ਦਬਾ ਪੈ ਸਕਦਾ ਸੀ।

ਅਗਲੇ ਦਿਨ ਦੇਸ਼ ਦੇ ਮੁਖੀ ਦੇ ਖਿਲਾਫ਼ ਪੜਤਾਲ ਕਰ ਰਹੀ ਪਾਰਲੀਮਾਨੀ ਕਮੇਟੀ ਦੀ



ਰਿਪੋਰਟ ਵੱਡੀਆਂ-ਵੱਡੀਆਂ ਸੁਰਖੀਆਂ ਵਿਚ ਛਪੀ ਸੀ। ਮੁਖੀ ਅਤੇ ਉਸ ਦੇ ਸਹਿਯੋਗੀਆਂ ਨੂੰ 64 ਕਰੋੜ ਡਕਾਰਨ ਦੇ ਦੋਸ਼ ਤੋਂ ਬਾਇੱਜ਼ਤ ਬਰੀ ਕਰ ਦਿੱਤਾ ਗਿਆ ਸੀ।

ਰਿਪੋਰਟ ਪੜ੍ਹਦਿਆਂ-ਪੜ੍ਹਦਿਆਂ ਅਖ਼ਬਾਰ ਤੇ ਛਪੇ ਕਾਲੇ ਅੱਖਰ ਛਾਈਂ-ਮਾਈਂ ਹੋ ਜਾਂਦੇ। ਉਹਨਾਂ ਦੀ ਥਾਂ ਦੋ ਅਕਸ ਅੱਖਾਂ ਅੱਗੇ ਆ ਖੜ੍ਹੋਂਦੇ। ਪਹਿਲਾ ਸੀ ਹੱਟੇ-ਕੱਟੇ ਚਿੱਟ ਕੱਪੜੀਏ ਦੇਸ਼ ਦੇ ਮੁੱਖੀ ਦਾ, ਜਿਹੜਾ ਪੰਤਾਲੀਆਂ ਦਾ ਹੋ ਕੇ ਵੀ ਪੈਂਤੀਆਂ ਦਾ ਲੱਗਦਾ ਸੀ। ਦੂਜਾ ਸੀ ਮਾੜਚੂ ਜਿਹੇ, ਅੰਦਰ ਧੱਸੀਆਂ ਅੱਖਾਂ ਵਾਲੇ ਜੰਗੀਰ ਦਾ, ਜਿਹੜਾ ਪੰਤਾਲੀਆਂ ਦਾ ਹੋ ਕੇ ਪੈਂਹਠਾਂ ਦਾ ਲੱਗਦਾ ਸੀ। ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ। ਇਕ ਨੂੰ ਵਿਰਾਸਤ ਵਿਚ ਹਕੂਮਤ ਮਿਲੀ ਸੀ ਅਤੇ ਦੂਜੇ ਨੂੰ ਭੁੱਖੇ ਨੰਗ। ਪਹਿਲੇ ਨੂੰ ਆਪਣੇ ਖਿਲਾਫ਼ ਪੜਤਾਲ ਕਰਨ ਵਾਲੇ ਜੱਜਾਂ ਦੀ ਚੋਣ ਕਰਨ ਦਾ ਸੰਵਿਧਾਨਕ ਹੱਕ ਹਾਸਲ ਸੀ ਅਤੇ ਦੂਜੇ ਨੂੰ ਇਹ ਵੀ ਨਹੀਂ ਪਤਾ ਕਿ ਜੱਜ ਦੀ ਕੋਠੀ ਨੂੰ ਕਿਹੜਾ ਰਾਹ ਜਾਂਦਾ ਹੈ। ਪਹਿਲੇ ਕੋਲ ਇਸ ਹੱਕ ਨੂੰ ਸੁਚੱਜੇ ਢੰਗ ਨਾਲ ਵਰਤਣ ਲਈ ਤੌਰ ਤਰੀਕੇ ਦੱਸਣ ਦੀ ਮਾਹਿਰਾਂ ਦੀ ਵੱਡੀ ਕਤਾਰ ਸੀ ਅਤੇ ਦੂਜੇ ਕੋਲ ਰੱਬ ਤੇ ਭਰੋਸਾ ਰੱਖਣ ਵਾਲੇ ਭਗਤਾਂ ਦੀ। ਪਹਿਲੇ ਨੇ ਮਾਹਿਰਾਂ ਦੀ ਸਲਾਹ 'ਤੇ ਆਪਣੇ ਨੁੰਮ੍ਹਣੇ ਦੇ ਸਹਾਰੇ ਖੜੇ ਚਹੇਤਿਆਂ ਨੂੰ ਚੁਣ ਚੁਣ ਜੱਜਾਂ ਦੀਆਂ ਕੁਰਸੀਆਂ 'ਤੇ ਬਿਠਾਇਆ। ਮੁੱਖੀ ਨੂੰ ਚਿੱਟਾ ਦੁੱਧ ਸਾਬਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਣਾ ਉਹਨਾਂ ਦਾ ਪਹਿਲਾ ਫ਼ਰਜ਼ ਸੀ। ਦੂਜੇ ਨੂੰ ਮਾਲਾ ਦੇ ਮਣਕੇ ਫੇਰਨ ਤੋਂ ਬਿਨਾਂ ਕੁਝ ਵੀ ਪਤਾ ਨਹੀਂ ਸੀ। ਮੁਖੀ ਦੇ ਗਵਾਹ ਮੁਖੀ ਦੇ ਘਪਲੇ ਵਿਚ ਸ਼ਾਮਲ ਸਨ ਅਤੇ ਜੰਗੀਰ ਸਿੰਘ ਦੇ ਗਵਾਹ ਜੰਗੀਰ ਸਿੰਘ ਦੇ ਘਪਲੇ ਵਿਚ। ਪਹਿਲਿਆਂ ਨੇ ਆਪਣੀਆਂ ਕੁਰਸੀਆਂ ਬਚਾਉਣ ਲਈ ਮੁਖੀ ਦੇ ਹੱਕ ਵਿਚ ਬੋਲਣਾ ਸੀ ਅਤੇ ਦੂਜਿਆਂ ਨੇ ਆਪਣੀਆਂ ਗਲਤੀਆਂ ਛੁਪਾਉਣ ਲਈ ਜੰਗੀਰ ਦੇ ਖਿਲਾਫ। ਦੂਜੇ ਦੇ ਖਿਲਾਫ ਬੋਲਣ ਵਾਲੀਆਂ ਮਿਸਲਾਂ ਦੇ ਢੱਡ ਭਰਨ ਲਈ ਥਾਣੇਦਾਰ ਨੇ ਡੰਡੇ ਦੀ ਸਹਾਇਤਾ ਨਾਲ ਜੰਗੀਰ ਤੋਂ ਮਨਮਰਜ਼ੀ ਦੇ ਕਾਗ਼ਜ਼ਾਂ 'ਤੇ ਅੰਗੂਠੇ ਲਗਵਾਏ ਸਨ। ਪਹਿਲੇ ਖਿਲਾਫ ਬੋਲਣ ਵਾਲੀਆਂ ਮਿਸਲਾਂ ਨੂੰ ਗੁੰਮ ਕਰਨ ਵਾਲਿਆਂ ਨੂੰ ਸਜ਼ਾ ਦੀ ਥਾਂ ਇਨਾਮ ਦੀ ਤਵੱਕੋ ਸੀ। ਪਹਿਲੇ ਕੋਲ ਆਪਣੇ ਖਿਲਾਫ ਬੋਲਣ ਵਾਲਿਆਂ ਨੂੰ ਚੁੱਪ ਕਰਾਉਣ ਲਈ ਬੁਰਕੀਆਂ ਦਾ ਢੇਰ ਸੀ। ਬੁਰਕੀਆਂ ਨੂੰ ਨੱਕ ਮਾਰਨ ਵਾਲਿਆਂ ਲਈ ਸ਼ਿਕਾਰੀ ਕੁੱਤੇ। ਕਿਸੇ ਪਿੱਛੇ ਰਾਅ, ਕਿਸੇ ਪਿੱਛੇ ਇਨਕਮ ਟੈਕਸ ਅਤੇ ਕਿਸੇ ਪਿੱਛੇ ਵਿਦੇਸ਼ੀ ਮੁਦਰਾ ਐਕਟ। ਦੇਸੀ ਵਿਦੇਸ਼ੀ ਮਿੱਤਰਾਂ ਦੀ ਸਹਾਇਤਾ ਨਾਲ ਅਗਨੀ ਪ੍ਰੀਖਿਆ ਵਿਚੋਂ ਕੁੰਦਨ ਬਣ ਕੇ ਨਿਕਲਣਾ ਪਹਿਲੇ ਲਈ ਮਾਮੂਲੀ ਗੱਲ ਸੀ।

ਜੰਗੀਰ ਸਿੰਘ ਨੇ ਸ਼ਾਇਦ ਪਹਿਲੀ ਵਾਰੀ ਕਚਹਿਰੀ ਦੇਖੀ ਸੀ। ਅਦਾਲਤ 'ਚ ਵੜਦਿਆਂ ਹੀ ਉਹ ਗਵਾਹੀ ਗਾਂ ਵਾਂਗ ਭਵੰਤਰ ਜਾਂਦਾ, ਜੁੱਤੀ ਬਾਹਰ ਹੀ ਲਾਹ ਆਉਂਦਾ। ਹੱਥ ਜੋੜ ਕੇ ਬੈਠਦਾ। ਮੂੰਹ 'ਚ ਕਿਸੇ ਮੰਤਰ ਦਾ ਪਾਠ ਕਰਦਾ। ਉਸ ਨੂੰ ਪੱਕਾ ਯਕੀਨ ਸੀ ਕਿ ਜੱਜ ਤਾਂ ਰੱਬ ਦਾ ਰੂਪ ਹੁੰਦਾ ਹੈ। ਦੁੱਧ ਨੂੰ ਦੁੱਧ ਅਤੇ ਪਾਣੀ ਨੂੰ ਪਾਣੀ ਨਿਤਾਰਦਾ ਹੈ। ਬੜੀਆਂ ਸੱਧਰਾਂ ਨਾਲ ਉਹ ਮੀਤਪਾਲ ਵੱਲ ਤੱਕਦਾ। ਉਸ ਦੀਆਂ ਅੱਖਾਂ ਜਿਵੇਂ ਤਰਲਾ ਲੈ ਕੇ ਆਖਦੀਆਂ, ''ਤੂੰ ਇਨਸਾਫ ਦੀ ਕੁਰਸੀ 'ਤੇ ਬੈਠਾ ਸਭ ਕੁਝ ਦੇਖ ਰਿਹੈਂ। ਮੈਂ ਬੇਕਸੂਰ ਹਾਂ।''

ਉਸ ਦਿਨ ਬੇਕਸੂਰ ਨੂੰ ਮੀਤਪਾਲ ਕਸੂਰਵਾਰ ਨਹੀਂ ਸੀ ਠਹਿਰਾ ਸਕਿਆ। ਸੋਚਦਾ ਰਿਹਾ ਜੇ

ਚੌਂਹਟ ਕਰੋੜ ਨਾਲ ਦੇਸ਼ ਦੇ ਖ਼ਜ਼ਾਨੇ ਨੂੰ ਕੋਈ ਘਾਟਾ ਨਹੀਂ ਪਿਆ ਤਾਂ ਇਸ ਗਰੀਬ ਦੇ ਚੌਂਹਟ ਸੌ ਨਾਲ ਕਿਹੜਾ ਦੀਵਾਲਾ ਨਿਕਲ ਜਾਣਾ ਹੈ। ਫ਼ੈਸਲੇ ਲਈ ਹੋਰ ਤਾਰੀਖ ਦੇਣ ਲਈ ਉਹ ਮਜਬੂਰ ਸੀ।

ਅਗਲੇ ਦਿਨਾਂ 'ਚ ਉਹ ਵਿਜੀਲੈਂਸ ਜੱਜ ਦੇ ਕੰਮਾਂ ਵਿਚ ਰੁੱਝਿਆ ਰਿਹਾ। ਉਹਨਾਂ ਦਾ ਫੋਨ ਆਇਆ ਸੀ। ਲੱਖ ਕੋਸ਼ਿਸ਼ ਕਰਨ 'ਤੇ ਵੀ ਉਹਨਾਂ ਦੀ ਲਾਡਲੀ ਧੀ ਨੂੰ ਕਿਸੇ ਵੀ ਮੈਡੀਕਲ ਕਾਲਜ ਵਿਚ ਦਾਖਲਾ ਨਹੀਂ ਸੀ ਮਿਲਿਆ। ਹੁਣ ਇਕੋ ਹੱਲ ਸੀ। ਮੀਤਪਾਲ ਉਹਨਾਂ ਦੀ ਸਹਾਇਤਾ ਕਰ ਸਕਦਾ ਸੀ। ਇਸ ਸ਼ਹਿਰ ਵਿਚ ਵੀ ਇਕ ਮੈਡੀਕਲ ਕਾਲਜ ਸੀ। ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਕੋਲ ਪੰਜ ਸੀਟਾਂ ਰਾਖਵੀਆਂ ਸਨ। ਉਹ ਜਿਸ ਨੂੰ ਮਰਜ਼ੀ ਦਾਖਲਾ ਦਿਵਾ ਦੇਵੇ।

ਮੀਤਪਾਲ ਦੇ ਪਹਿਲੇ ਸੁਨੇਹੇ ਹੀ ਪ੍ਰਧਾਨ ਭੱਜਾ ਆਇਆ। ਗੋਲੀ ਕਿਸਦੀ ਤੇ ਗਹਿਣੇ ਕਿਸਦੇ। ਇਹ ਤਾਂ ਕੀ, ਜੇ ਹੁਕਮ ਹੋਵੇ ਤਾਂ ਉਹ ਸਾਰਾ ਕਾਲਜ ਉਨ੍ਹਾਂ ਦੇ ਬੱਚਿਆਂ ਨਾਲ ਭਰ ਸਕਦੈ।

ਪ੍ਰਧਾਨ ਦੀ ਹਾਂ ਤੇ ਮੀਤਪਾਲ ਬੜਾ ਖ਼ੁਸ਼ ਹੋਇਆ। ਜੱਜ 'ਤੇ ਬੜਾ ਅਹਿਸਾਨ ਹੋਣ ਲੱਗਾ ਸੀ। ਸ਼ਰਮੋ-ਸ਼ਰਮੀ ਹੀ ਉਸ ਨੂੰ ਮੀਤਪਾਲ ਦੇ ਖਿਲਾਫ ਚਲਦੀ ਇਨਕੁਆਇਰੀ ਫਾਈਲ ਕਰਨੀ ਪੈਂਦੀ ਹੈ। ਠੀਕ ਹੈ, ਇਮਪਰੂਵਮੈਂਟ ਟਰੱਸਟ ਦੇ ਪਲਾਟਾਂ ਦੀ ਕੀਮਤ ਲੱਖਾਂ ਵਿਚ ਹੈ। ਪਰ ਉਸ ਨੇ ਪਲਾਟ ਸਾਰੀਆਂ ਕਾਨੂੰਨੀ ਫਾਰਮੈਲਟੀਆਂ ਪੂਰੀਆਂ ਕਰਕੇ ਲਿਆ ਹੈ। ਇਸ ਦਾ ਕਿਸੇ ਕੋਲ ਕੀ ਸਬੂਤ ਹੈ ਕਿ ਉਸ ਨੇ ਟਰੱਸਟ ਦੇ ਚੇਅਰਮੈਨ ਦੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਕੇਸ ਵਿਚ ਫਾਇਦਾ ਪਹੁੰਚਾਇਆ ਹੈ।

ਵਿਦਾ ਹੁੰਦੇ ਪ੍ਰਧਾਨ ਨੇ ਜਦੋਂ ਇਕ ਛੋਟੀ ਜਿਹੀ ਸਿਫਾਰਸ਼ ਕੀਤੀ ਤਾਂ ਇਕ ਵਾਰ ਤਾਂ ਮੀਤਪਾਲ ਦਾ ਸਿਰ ਚਕਰਾ ਗਿਆ। ਉਸ ਦੇ ਜਵਾਈ ਦਾ ਮੁਕੱਦਮਾ ਮੀਤਪਾਲ ਦੀ ਅਦਾਲਤ ਵਿਚ ਚਲਦਾ ਸੀ, ਦਸਾਂ ਸਾਲਾਂ ਤੋਂ ਲਟਕ ਰਿਹਾ ਸੀ। ਮੀਤਪਾਲ ਦੀ ਕਿਰਪਾ ਹੋ ਜਾਵੇ ਤਾਂ ਉਹ ਚੁਰਾਸੀ ਦੇ ਗੇੜ ਵਿਚੋਂ ਨਿਕਲ ਜਾਵੇ।

ਮੀਤਪਾਲ ਨੇ ਪ੍ਰਧਾਨ ਦੇ ਜਵਾਈ ਦੀ ਮਿਸਲ ਘੋਖੀ। ਜਦੋਂ ਕਾਕਾ ਜੀ ਨੇ ਕਰਜ਼ਾ ਲਿਆ, ਉਦੋਂ ਹੁਕਮਰਾਨ ਪਾਰਟੀ ਵਿਚ ਪ੍ਰਧਾਨ ਜੀ ਦੀ ਪੂਰੀ ਚੜ੍ਹਤ ਸੀ। ਉਸ ਦੇ ਮਿੱਤਰ ਮੰਤਰੀਆਂ ਨੇ ਕਰਜ਼ਿਆਂ ਦੇ ਖੁੱਲ੍ਹੇ ਗੱਫੇ ਵੰਡੇ। ਇਕ ਗੱਫਾ ਉਹਨਾਂ ਦੇ ਹੱਥ ਵੀ ਆਇਆ। ਪੂਰੇ ਪੰਜਾਹ ਲੱਖ ਦਾ। ਕੀੜੇ ਮਾਰ ਦਵਾਈਆਂ ਦੇ ਕਾਰਖਾਨੇ ਲਈ। ਕਾਰਖਾਨੇ ਨੇ ਖੇਤੀਬਾੜੀ ਨੂੰ ਫਾਇਦਾ ਪਹੁੰਚਾਣਾ ਸੀ, ਇਸ ਲਈ ਚੌਥਾ ਹਿੱਸਾ ਸਬਸਿਡੀ ਸੀ। ਸਰਦਾਰ ਜੀ ਨੇ ਕਾਰਖਾਨਾ ਉਸਾਰਿਆ, ਨਾ ਕੱਚਾ ਮਾਲ ਖਰੀਦਿਆ ਅਤੇ ਨਾ ਉਤਪਾਦਨ ਸ਼ੁਰੂ ਕੀਤਾ। ਕਾਗ਼ਜ਼ੀ ਕਾਰਵਾਈ ਕਰਕੇ ਘਾਟਾ ਦਿਖਾ ਦਿੱਤਾ। ਹਿਸਾਬ ਬਰਾਬਰ ਕਰ ਦਿੱਤਾ। ਆਪਣੀ ਸਰਕਾਰ ਰਹਿੰਦੀ ਤਾਂ ਕਰਜ਼ਾ ਮੁਆਫ ਕਰਾ ਲੈਂਦੇ। ਉਹ ਆਮ ਵਾਂਗ ਦੂਜੇ ਸਾਲ ਹੀ ਟੁੱਟ ਗਈ। ਵਿਰੋਧੀ ਕਦੋਂ ਛੱਡਦੇ ਨੇ ? ਉਹਨਾਂ ਪ੍ਰਧਾਨ ਨੂੰ ਜਲੀਲ ਕਰਨ ਲਈ ਜਵਾਈ ਨੂੰ ਕਚਹਿਰੀ ਲਿਆ। ਅੱਜ-ਕਲ੍ਹ ਪ੍ਰਧਾਨ ਜੀ ਦੀ ਨਵੀਂ ਸਰਕਾਰ ਨਾਲ ਵੀ ਠੀਕ ਹੈ। ਇਸੇ ਲਈ ਦਸਾਂ ਸਾਲਾਂ 'ਚ ਇਕ ਵੀ ਗਵਾਹ ਗਵਾਹੀ ਦੇਣ ਨਹੀਂ ਆਇਆ। ਉਂਝ ਵੀ ਕੁਝ ਗਵਾਹ ਰਿਟਾਇਰ ਹੋ ਕੇ ਘਰੋਂ-ਘਰੀ ਚਲੇ ਗਏ, ਬਾਕੀ ਤਰੱਕੀਆਂ ਕਰ-ਕਰ ਵੱਡੇ ਅਹੁਦਿਆਂ 'ਤੇ ਪੁੱਜ ਗਏ। ਮਜਿਸਟਰੇਟ ਦੀ ਕਚਹਿਰੀ 'ਚ ਖੜੋ ਕੇ ਵਕੀਲਾਂ ਦੇ ਊਟ-ਪਟਾਂਗ ਸਵਾਲਾਂ ਦਾ ਜਵਾਬ ਦੇਣਾ ਉਹਨਾਂ ਦੀ ਸ਼ਾਨ ਦੇ ਖਿਲਾਫ ਸੀ।



LAAM



ਇਹ ਕੰਮ ਮੀਤਪਾਲ ਲਈ ਔਖਾ ਨਹੀਂ ਸੀ। ਉਸ ਦੀ ਅਦਾਲਤ ਵਿਚ ਇਹ ਸਭ ਤੋਂ ਪੁਰਾਣਾ ਕੇਸ ਸੀ। ਹਾਈਕੋਰਟ ਤਾਂ ਆਖਦਾ ਹੈ ਕਿ ਜੇ ਕੋਈ ਕੇਸ ਤਿੰਨ ਸਾਲ ਵੀ ਪੁਰਾਣਾ ਹੋ ਜਾਵੇ ਤਾਂ ਵੀ ਗਵਾਹੀਆਂ ਬੰਦ ਕਰਕੇ ਕੇਸ ਦਾ ਫ਼ੈਸਲਾ ਕਰ ਦਿਓ। ਇਹ ਤਾਂ ਦਸ ਸਾਲ ਪੁਰਾਣਾ ਸੀ। ਜੇ ਪੰਜਾਹ ਲੱਖ ਦਾ ਮਾਮਲਾ ਨਾ ਹੁੰਦਾ ਤਾਂ ਕਾਕਾ ਜੀ ਕਦੋਂ ਦੇ ਬਰੀ ਹੋ ਗਏ ਹੁੰਦੇ। ਵੱਡੀ ਰਕਮ ਤੋਂ ਡਰਦਿਆਂ ਕਿਸੇ ਮਜਿਸਟਰੇਟ ਨੇ ਗਵਾਹੀਆਂ ਬੰਦ ਕਰਨ ਦੀ ਹਿੰਮਤ ਨਹੀਂ ਕੀਤੀ।

ਸਾਧਾਰਨ ਹਾਲਾਤ ਹੁੰਦੇ ਤਾਂ ਮੀਤਪਾਲ ਵੀ ਗਵਾਹੀਆਂ ਬੰਦ ਕਰਨ ਦਾ ਖ਼ਤਰਾ ਮੁੱਲ ਨਾ ਲੈਂਦਾ। ਇਸ ਸਮੇਂ ਕੋਈ ਖ਼ਤਰਾ ਨਹੀਂ ਸੀ। ਉਸ ਨੂੰ ਤਾਂ ਸਮਝ ਹੀ ਹੁਣ ਆਈ ਸੀ ਕਿ ਇਨਕੁਆਇਰੀ ਦੇ ਬਾਵਜੂਦ ਵੀ ਉਸ ਨੂੰ ਸੂਬੇ ਦੇ ਇਸ ਸਭ ਤੋਂ ਵਧੀਆ ਸਨਅਤੀ ਸ਼ਹਿਰ ਵਿਚ ਕਿਉਂ ਲਾਇਆ ਗਿਆ ਸੀ। ਉਹ ਇੰਨਾ ਬੁੱਧੂ ਨਹੀਂ ਸੀ ਕਿ ਜਸਟਿਸ ਦਾ ਇਸ਼ਾਰਾ ਨਾ ਸਮਝੇ। ਕਾਕਾ ਜੀ ਨੂੰ ਬਰੀ ਕਰਨ ਵਿਚ ਹੀ ਸਭ ਦਾ ਭਲਾ ਸੀ।

ਉਸ ਦਿਨ ਜਵਾਈ ਤਾਂ ਉਸ ਨੇ ਬਰੀ ਕਰ ਦਿੱਤਾ ਪਰ ਜੰਗੀਰ ਨੂੰ ਸਜ਼ਾ ਨਾ ਕਰ ਸਕਿਆ। ਜੇ ਜੰਗੀਰ ਗਵਾਹਾਂ ਨੂੰ ਨਹੀਂ ਖਰੀਦ ਸਕਿਆ ਤਾਂ ਉਸ ਦਾ ਕੀ ਕਸੂਰ ? ਜੋ ਉਸ ਦੇ ਗਵਾਹ ਦੀ ਪਹਿਲੀ ਪੇਸ਼ੀ ਹੀ ਉਸ ਦੇ ਖਿਲਾਫ ਭੁਗਤ ਗਈ ਤਾਂ ਉਹ ਕੀ ਕਰੇ ?

ਇਕ ਵਾਰ ਫੇਰ ਉਸ ਨੂੰ ਫੈਸਲਾ ਟਾਲਣਾ ਪਿਆ ਸੀ।

ਅਗਲੇ ਦਿਨ ਵੀ ਭੁੱਲੇ ਨਹੀਂ ਸਨ।

ਉਨ੍ਹਾਂ ਦਿਨਾਂ 'ਚ ਉਸ ਦਾ ਭਰਾ ਆਇਆ। ਨਾਲ ਇਕ ਸੇਠ ਨੂੰ ਲਿਆਇਆ। ਸੇਠ ਨੇ ਕਈ ਸਾਲ ਪਹਿਲਾਂ ਘਿਓ 'ਚ ਗਾਂ ਦੀ ਚਰਬੀ ਮਿਲਾ ਕੇ ਲੋਕਾਂ ਦਾ ਧਰਮ ਭਰਿਸ਼ਟ ਕੀਤਾ ਸੀ। ਜਦੋਂ ਇਹ ਗੱਲ ਲੋਕਾਂ ਨੂੰ ਪਤਾ ਲੱਗੀ ਤਾਂ ਸਾਰੇ ਦੇਸ਼ ਵਿਚ ਤਹਿਲਕਾ ਮੱਚ ਗਿਆ। ਜਲਸੇ ਹੋਏ, ਜਲੂਸ ਨਿਕਲੇ, ਪਾਰਲੀਮੈਂਟ ਅਤੇ ਅਸੈਂਬਲੀਆਂ ਵਿਚ ਜ਼ੋਰਦਾਰ ਭਾਸ਼ਣ ਹੋਏ। ਧੜਾਧੜ ਘਿਓ ਦੇ ਸੈਂਪਲ ਭਰੇ ਗਏ। ਸੇਠ ਨੂੰ ਦੇਸ਼ ਦੀ ਸੁਰੱਖਿਆ ਲਈ ਬਣੇ ਕਾਨੂੰਨ ਅਧੀਨ ਦੋ ਸਾਲ ਅੰਦਰ ਰੱਖਿਆ ਗਿਆ। ਇਹ ਗੱਲਾਂ ਮਿਸਲ ਦੱਸਦੀ ਸੀ। ਸੇਠ ਕੁਝ ਹੋਰ ਕਹਿੰਦਾ ਸੀ। ਇਹ ਸਾਰਾ ਹੱਲਾ-ਗੁੱਲਾ ਝੂਠਾ ਸੀ। ਚਰਬੀ ਬਰਾਮਦ ਕਰਨ ਦਾ ਉਸ ਕੋਲ ਲਾਈਸੈਂਸ ਸੀ। ਇਹ ਇਕ ਕੇਂਦਰੀ ਮੰਤਰੀ ਨੇ ਲੈ ਕੇ ਦਿੱਤਾ ਸੀ। ਛੋਟੇ ਹੁੰਦੇ ਉਹ ਅਤੇ ਮੰਤਰੀ ਇਕੋ ਕਾਰਖਾਨੇ ਵਿਚ ਕੰਮ ਕਰਦੇ ਰਹੇ ਸਨ। ਮੰਤਰੀ ਸਿਆਸਤ ਦੀਆਂ ਪੌੜੀਆਂ ਚੜ੍ਹਦਾ ਰਿਹਾ ਅਤੇ ਉਸ ਦੇ ਸਹਾਰੇ ਸੇਠ ਸਰਮਾਏਦਾਰੀ ਦੀਆਂ। ਕਾਗ਼ਜ਼ ਪੱਤਰੀਂ ਚਾਹੇ ਸੇਠ ਹੀ ਮਾਲਕ ਹੁੰਦਾ ਸੀ, ਅਸਲ ਵਿਚ ਉਹ ਅੱਧ ਦਾ ਹਿੱਸੇਦਾਰ ਹੁੰਦਾ ਸੀ। ਹਿਸਾਬ ਕਿਤਾਬ 'ਚ ਉਹਨੂੰ ਥੋੜ੍ਹਾ ਜਿਹਾ ਸ਼ੱਕ ਕਾਹਦਾ ਹੋਇਆ, ਉਸ ਨੇ ਸੇਠ ਦੇ ਪੁੱਠੇ ਦਿਨ ਲਿਆ ਦਿੱਤੇ। ਸਾਰੇ ਦੰਗੇ ਫਸਾਦ ਉਸ ਦੇ ਇਸ਼ਾਰੇ 'ਤੇ ਹੋਏ। ਸੇਠ ਦੀ ਚੰਗੀ ਕਿਸਮਤ ਨੂੰ ਹੁਣ ਵਾ-ਵਰੋਲਾ ਲੰਘ ਚੁੱਕਾ ਹੈ। ਮੰਤਰੀ ਵੀ ਗੱਦੀ ਗੁਆ ਕੇ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ। ਬਾਕੀ ਸਾਰੇ ਕੇਸਾਂ ਵਿਚੋਂ ਉਹ ਬਰੀ ਹੋ ਚੁੱਕਾ ਹੈ, ਬੱਸ ਇਹੋ ਬਾਕੀ ਹੈ।

ਭਰਾ ਨੇ ਅੰਦਰ ਵੜ ਕੇ ਸਮਝਾਇਆ। ਸੇਠ ਸੁਪਰੀਮ ਕੋਰਟ ਦੇ ਉੱਚ ਕੋਟੀ ਦੇ ਕਿਸੇ ਵੀ ਵਕੀਲ ਤੋਂ ਫ਼ੈਸਲਾ ਲਿਖਵਾ ਕੇ ਲਿਆਇਆ ਹੈ। ਸੇਠ ਬਰੀ ਕਰਨ ਲਈ ਸੈਂਕੜੇ ਨੁਕਤੇ ਜਿਸ ਵਿਚ ਦਰਜ ਸਨ, ਫ਼ੈਸਲੇ ਦੇ ਨਾਲ ਹੀ ਡੀਲਕਸ ਮਾਰੂਤੀ ਕਾਰ ਦੇ ਕਾਗ਼ਜ਼ ਵੀ ਹਨ।

ਮੀਤਪਾਲ ਤੋਂ ਭਰਾ ਦੀ ਮੋੜੀ ਨਾ ਗਈ। ਅੱਖਾਂ ਮੀਚ ਕੇ ਉਸ ਨੇ ਫੈਸਲੇ 'ਤੇ ਦਸਖਤ ਕਰ ਦਿੱਤੇ।

ਉਸ ਤਾਰੀਖ 'ਤੇ ਵੀ ਉਸ ਦੀ ਕਲਮ ਜੰਗੀਰ ਨੂੰ ਸਜ਼ਾ ਸੁਣਾਉਣ ਲਈ ਨਹੀਂ ਸੀ ਚੱਲ ਸਕੀ। ਜੇ ਜੰਗੀਰ ਗਰੀਬੀ ਦਾ ਮਾਰਿਆ ਵਧੀਆ ਵਕੀਲ ਨਹੀਂ ਕਰ ਸਕਿਆ, ਇਸੇ ਬਦਲੇ ਉਸ ਨੂੰ ਸਜ਼ਾ ਕਿਉਂ ? ਨਾਲੇ ਜੰਗੀਰ ਅਤੇ ਮੀਤਪਾਲ ਵਿਚ ਫਰਕ ਹੀ ਕੀ ਰਹਿ ਗਿਆ ਸੀ ਭਲਾ ?

ਅੱਜ ਸਭ ਠੀਕ-ਠਾਕ ਸੀ। ਹਾਲੇ ਤਕ ਕੁਝ ਵੀ ਅਜਿਹਾ ਨਹੀਂ ਸੀ ਵਾਪਰਿਆ, ਜਿਹੜਾ ਮੀਤਪਾਲ ਦੀ ਕਲਮ ਨੂੰ ਰੋਕ ਸਕੇ।

ਜੰਗੀਰ ਨੇ ਅੰਦਰ ਆਉਣ 'ਚ ਦੇਰ ਕਰ ਦਿੱਤੀ ਸੀ। ਸਮਾਂ ਲੰਘਾਉਣ ਲਈ ਉਸ ਨੇ ਉਨ੍ਹਾਂ ਫ਼ੈਸਲਿਆਂ 'ਤੇ ਨਿਗਾਹ ਮਾਰੀ, ਜਿਹੜੇ ਉਸ ਨੇ ਇਸ ਮਹੀਨੇ ਕੀਤੇ ਸਨ। ਸਾਰੇ ਦੇ ਸਾਰੇ ਮੁਲਜ਼ਮ ਬਰੀ ਹੋਏ ਸਨ। ਉਹ ਕੀ ਕਰਦਾ ? ਸਾਰੇ ਕੇਸ ਕਮਜ਼ੋਰ ਸਨ।

ਅਦਾਲਤ ਅੰਦਰ ਵੜਦੇ ਜੰਗੀਰ ਨੂੰ ਮੀਤਪਾਲ ਨੇ ਗਹੁ ਨਾਲ ਤੱਕਿਆ। ਜੰਗੀਰ ਦੀਆਂ ਨਿੱਕੀਆਂ-ਨਿੱਕੀਆਂ ਅੱਖਾਂ ਵਿਚ ਚਮਕ ਸੀ। ਡਰ ਭੈਅ ਦਾ ਨਿਸ਼ਾਨ ਨਹੀਂ ਸੀ, ਟਾਕੀਆਂ ਵਾਲੇ ਕਪੜੇ ਭਾਵੇਂ ਪਹਿਲਾਂ ਵਾਲੇ ਹੀ ਸਨ ਪਰ ਸਾਫ ਸੁਥਰੇ। ਇਸ ਵਾਰ ਜੇਬ ਵਿਚ ਬਟੂਆ ਵੀ ਸੀ। ਮੁਨਸ਼ੀ ਅਰਦਲੀਆਂ ਨੂੰ ਖ਼ੁਸ਼ ਕਰਨ ਦੀ ਤਿਆਰੀ ਕਰ ਕੇ ਆਇਆ ਲੱਗਦਾ ਸੀ। ਉਨ੍ਹਾਂ ਖ਼ੂਬ ਸਬਜ਼ ਬਾਗ ਦਿਖਾਏ ਹੋਏ ਨੇ। ਜਦੋਂ ਪੰਜਾਹ-ਪੰਜਾਹ ਲੱਖ ਦੇ ਗਬਨ ਬਰੀ ਹੋ ਗਏ, ਉਸ ਦੇ ਹਜ਼ਾਰਾਂ ਨੂੰ ਕਿਸ ਨੇ ਪੁੱਛਣਾ ਸੀ।

ਜੰਗੀਰ ਦੀਆਂ ਅੱਖਾਂ ਵਿਚ ਲਟਕੇ ਇਨਸਾਫ ਮਿਲਣ ਦੇ ਸੁਫਨੇ ਮੀਤਪਾਲ ਤੋਂ ਬਹੁਤੀ ਦੇਰ ਨਾ ਤੱਕੇ ਗਏ। ਚੋਰਾਂ ਵਾਂਗ ਨਿਗਾਹਾਂ ਚੁਰਾ ਕੇ ਉਸ ਨੇ ਵਕੀਲ ਵੱਲ ਤੱਕਿਆ।

''ਜੁਰਮਾਨੇ ਲਈ ਪੈਸੇ, ਜ਼ਮਾਨਤ ਲਈ ਬੰਦੇ ਲੈ ਕੇ ਆਇਐਂ ?'' ਉਹਨੇ ਵਕੀਲ ਨੂੰ ਪੁੱਛਿਆ, ਜਿਹੜਾ ਬਿਨਾਂ ਮਤਲਬ ਕਾਗਜ਼ਾਂ ਦੀ ਫੋਲਾ-ਫਰਾਲੀ ਕਰਕੇ ਆਪਣੇ ਆਪ ਨੂੰ ਮਸਰੂਫ ਦਿਖਾਉਣ ਦਾ ਯਤਨ ਕਰ ਰਿਹਾ ਸੀ।

ਜੰਗੀਰ ਨੂੰ ਤਾਂ ਕੁਝ ਸਮਝ ਨਾ ਆਈ ਪਰ ਫ਼ੈਸਲਾ ਸੁਣਦਿਆਂ ਹੀ ਵਕੀਲ ਦੇ ਚਿਹਰੇ 'ਤੇ ਪਲਿੱਤਣ ਛਾ ਗਈ।

''ਕੀ ਕਰੀਏ ਵਕੀਲ ਸਾਹਿਬ ? ਅਸੀਂ ਤਾਂ ਕਾਗ਼ਜ਼ ਦੇਖ ਕੇ ਫ਼ੈਸਲਾ ਕਰਨਾ ਹੁੰਦੈ। ਇਕ ਗੱਲ ਵੀ ਇਹਦੇ ਹੱਕ ਵਿਚ ਹੁੰਦੀ, ਤਾਂ ਮੈਂ ਇਸ ਨੂੰ ਜ਼ਰੂਰ ਬਰੀ ਕਰ ਦਿੰਦਾ, ਸੌਹਰੇ ਦੇ ਖਿਲਾਫ ਸਬੂਤ ਬੜੇ ਠੋਸ ਨੇ।

ਏਨੀ ਕੁ ਸਫਾਈ ਪੇਸ਼ ਕਰ ਉਸ ਨੇ ਨੀਵੀਂ ਪਾ ਲਈ। ਤਿੰਨ ਸਾਲ ਦੀ ਸਖ਼ਤ ਸਜ਼ਾ ਦਾ ਹੁਕਮ ਲਿਖ ਕੇ ਸਿਰਫ ਰੀਡਰ ਨੂੰ ਫੜਾ ਦਿੱਤਾ। ਅਗਲੀ ਕਾਰਵਾਈ ਉਹ ਕਰੇ।

ਆਪਣੇ ਮੂੰਹੋਂ ਜੰਗੀਰ ਨੂੰ ਸਜ਼ਾ ਸੁਣਾਉਣ ਦੀ ਉਸ ਵਿਚ ਹਿੰਮਤ ਨਹੀਂ ਸੀ।

☆☆☆

(83)

LAAM

# ਕੰਜਰਖ਼ਾਨਾ

ਘੁਸਮਸਾ ਹੋ ਚੁੱਕਾ ਸੀ। ਸਰਕਾਰੀ ਵਕੀਲ ਦਾ ਸਕੂਟਰ ਅੱਸੀ ਦੀ ਸਪੀਡ ਤੇ ਥਾਣੇ ਵੱਲ ਦੌੜ ਰਿਹਾ ਸੀ।

ਮੈਨੂੰ ਦਾਲ 'ਚ ਕਾਲਾ-ਕਾਲਾ ਲੱਗਾ।

''ਬੜੀ ਕਾਹਲ 'ਚ ਐਂ। ਸੁੱਖ ਤਾਂ ਹੈ ?'' ਨਾ ਚਾਹੁੰਦੇ ਹੋਏ ਵੀ ਮੈਂ ਉਸ ਨੂੰ ਰੋਕ ਕੇ ਪੁੱਛਿਆ।

''ਥਾਣੇ ਤਾਂ ਸਰਕਾਰੀ ਵਕੀਲ ਦਾ ਮੱਕਾ ਹੁੰਦੈ। ਘੁੱਟ ਪੀਣੀ ਐ ਤਾਂ ਬੈਠ ਪਿੱਛੇ !''

ਉਸ ਦੀਆਂ ਗੱਲਾਂ ਤੋਂ ਲੱਗਦਾ ਸੀ, ਉਹ ਡਾਢਾ ਖ਼ੁਸ਼ ਸੀ।

''ਕੋਈ ਪਾਰਟੀ-ਸ਼ਾਰਟੀ ਆ ?''

''ਆਹੋ ਥਾਣੇਦਾਰ ਦੇ ਮੁੰਡੇ ਦਾ ਜਨਮ ਦਿਨ ਆ।''

''ਤਕੜਾ ਹੀ ਸ਼ਗਨ ਦੇਣਾ ਹੋਊ। ਨੋਟਾਂ ਨਾਲ ਜੇਬ ਭਰ ਰੱਖੀ ਐ।''

''ਨਹੀਂ ਨਹੀਂ। ਅਜਿਹੀ ਕੋਈ ਫਾਰਮੈਲਟੀ ਨਹੀਂ।''

ਘੁੱਟ ਲੱਗੀ ਹੋਵੇ ਤਾਂ ਹੀ ਤਾਸ਼ ਖੇਡਣ ਦਾ ਮਜ਼ਾ ਆਉਂਦੈ। ਚਾਰ ਪੈਸੇ ਜਿੱਤਣੇ ਹੋਣੇ ਤਾਂ ਨੋਟਾਂ ਨਾਲ ਜੇਬ ਭਰੀ ਹੋਣੀ ਜ਼ਰੂਰੀ ਹੈ। ਭਵਿਖ ਦੀ ਕਲਪਨਾ ਕਰਦੇ ਸਰਕਾਰੀ ਵਕੀਲ ਦੀਆਂ ਅੱਖਾਂ ਚਮਕ ਉਠੀਆਂ।

''ਜੂਏ ਪਿੱਛੋਂ ?'' ਮੈਂ ਵਿਅੰਗ ਕੀਤਾ।

''ਫੇਰ ? ਮੌਜ ਮੇਲਾ ! ਥਾਣੇਦਾਰ ਨੇ ਲੁਧਿਆਣੇ ਵਾਲੀ ਸ਼ਬਨਮ ਬੁਲਾਈ ਐ। ਪੰਜ ਹਜ਼ਾਰ ਲੈਂਦੀ ਆ ਇਕ ਰਾਤ ਦਾ। ਗਲੋਟੇ ਅਰਗੀ ਆ। ਦੇਖਦੇ ਹੀ ਨਸ਼ਾ ਚੜ੍ਹ ਜਾਂਦੈ।''

ਸ਼ਬਨਮ ਦਾ ਨਾਂ ਹੋਠਾਂ 'ਤੇ ਆਉਂਦਿਆਂ ਹੀ ਉਸ ਅੰਦਰ ਧੁੜਧੁੜੀ ਛਿੜ ਪਈ।

ਉਹ ਭੁੱਲ-ਭੁਲਾ ਗਿਆ ਕਿ ਉਸ ਨੇ ਮੈਨੂੰ ਵੀ ਨਾਲ ਚੱਲਣ ਦੀ ਪੇਸ਼ਕਸ਼ ਕੀਤੀ ਸੀ।

ਉਸ ਦਾ ਸਕੂਟਰ ਮੁੜ ਹਵਾ ਨਾਲ ਗੱਲਾਂ ਕਰਨ ਲੱਗਾ।

ਮੈਨੂੰ ਬੁੱਤ ਬਣੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਥਾਣੇ ਜਾ ਰਿਹੈ ਜਾਂ ਕੰਜਰਖ਼ਾਨੇ !

☆☆☆

# ਸੱਚਾ ਸੌਦਾ

ਬੱਸ ਵਿਚ ਬੇਹੱਦ ਭੀੜ ਸੀ। ਇਕ ਵਾਰ ਮਨ ਕੀਤਾ, ਵਾਪਸ ਮੁੜ ਜਾਵਾਂ। ਅੱਗੇ ਵੀ ਸੈਂਕੜੇ ਵਾਰ ਇੰਟਰਵੀਊ 'ਤੇ ਗਿਆ ਹਾਂ। ਨਾ ਪਹਿਲਾਂ ਨੌਕਰੀ ਮਿਲੀ ਸੀ ਨਾ ਹੁਣ ਮਿਲਣੀ ਸੀ।

ਜਲਦੀ ਹੀ ਮੈਂ ਓਵਰਏਜ ਹੋਣ ਵਾਲਾ ਹਾਂ। ਇਹ ਸੋਚ ਕੇ ਬੱਸ ਚੜ੍ਹਨ ਦੀ ਹਿੰਮਤ ਬਟੋਰ ਹੀ ਲਈ।

ਨੌਕਰੀ ਮਿਲਣ ਦਾ ਇਹ ਆਖਰੀ ਮੌਕਾ ਸੀ। ਸਿਫਾਰਸ਼ੀ ਚਿੱਠੀਆਂ ਨਾਲ ਮੈਂ ਬਟੂਆ ਭਰ ਲਿਆ। ਸ਼ਾਇਦ ਕੋਈ ਕੰਮ ਹੀ ਆ ਜਾਏ।

ਮੇਰੇ ਬੱਸ 'ਚ ਚੜ੍ਹਦਿਆਂ ਹੀ ਚੀਕ-ਚਿਹਾੜਾ ਪੈ ਗਿਆ।

''ਜੇਬ ਕਤਰੀ ਕੁੱਟੋ....ਮਾਰੋ।''

ਭਮੱਤਰੇ ਲੋਕਾਂ ਨੇ ਆਪਣੀਆਂ-ਆਪਣੀਆਂ ਜੇਬਾਂ ਟਟੋਲੀਆਂ। ਮੈਂ ਬੇ-ਫਿਕਰ ਸੀ। ਮੇਰੀ ਜੇਬ 'ਚ ਤਾਂ ਸਾਰੇ ਵੀਹ ਰੁਪੈ ਸਨ। ਮੈਂ ਸੁਣ ਰੱਖਿਆ ਸੀ, ਜੇਬ ਕਤਰੇ ਤਾਂ ਦੂਰੋਂ ਹੀ ਨੋਟ ਸੁੰਘ ਲਿਆ ਕਰਦੇ ਹਨ। ਮੇਰੀ ਜੇਬ ਨੂੰ ਕਿਸ ਬੇਵਕੂਫ ਨੇ ਹੱਥ ਪਾਉਣਾ ਹੈ।

ਸਿਫਾਰਸ਼ੀ ਚਿੱਠੀਆਂ ਨੋਟਾਂ ਨਾਲੋਂ ਘੱਟ ਕੀਮਤੀ ਨਹੀਂ ਸਨ। ਸੁਭਾਵਕ ਹੀ ਮੇਰਾ ਹੱਥ ਵੀ ਜੇਬ 'ਤੇ ਚਲਾ ਗਿਆ। ਇਹ ਤਾਂ ਮੇਰਾ ਹੀ ਬਟੂਆ ਗਾਇਬ ਸੀ।

ਭੀੜ ਨੂੰ ਲਤਾੜਦਾ ਮੈਂ ਬੱਸ 'ਚੋਂ ਉਤਰ ਗਿਆ।

ਇਕ ਕਾਲੀ ਕਲੋਟੀ ਜਿਹੀ ਤਾਮਿਲ ਔਰਤ, ਜਿਹੜੀਆਂ ਹੱਡੀਆਂ ਦੇ ਪਿੰਜਰ ਤੋਂ ਵੱਧ ਕੁਝ ਵੀ ਨਹੀਂ ਸੀ, ਜ਼ਮੀਨ 'ਤੇ ਢੇਰ ਹੋਈ ਪਈ ਸੀ। ਸਾਰੀ ਭੀੜ ਉਸ 'ਤੇ ਛਿੱਤਰ ਪੌਲਾ ਕਰ ਰਹੀ ਸੀ। ਉਹ ਨੌਜੁਆਨ ਜਿਸ ਦੇ ਹੱਥ ਵਿਚ ਮੇਰਾ ਬਟੂਆ ਸੀ, ਠੁੱਡਿਆਂ ਦਾ ਮੀਂਹ ਵਰਸਾ ਰਿਹਾ ਸੀ।

ਜੇਬ ਕਤਰੀ ਹੌਂਕ ਰਹੀ ਸੀ। ਗੋਦ ਚੁੱਕਿਆ ਬੱਚਾ ਪਰ੍ਹਾਂ ਜਾ ਡਿੱਗਾ ਸੀ। ਉਹ ਲਗਾਤਾਰ ਚੀਕੀ ਜਾ ਰਿਹਾ ਸੀ।

''ਸਾਲੀ ਮਕਰ ਕਰਦੀ ਹੈ....।'' ਜਦੋਂ ਜੇਬ ਕਤਰੀ ਬੇਸੁੱਧ ਹੋ ਗਈ ਤਾਂ ਨੌਜੁਆਨ ਨੇ ਆਖਰੀ ਠੁੱਡਾ ਮਾਰਿਆ ਅਤੇ ਹਿੱਕ ਫੁਲਾ ਕੇ ਮੇਰੇ ਵੱਲ ਤੱਕਿਆ। ਸ਼ਾਇਦ ਕਿਸੇ ਇਨਾਮ ਦੀ ਤਵੱਕੋ ਹੋਵੇ।

ਜਦੋਂ ਮੈਂ ਬਟੂਆ ਖੋਲ੍ਹ ਕੇ ਦਿਖਾਇਆ ਤਾਂ ਨੌਜੁਆਨ ਦੇ ਸਿਰ ਸੌ ਘੜਾ ਪਾਣੀ ਪੈ ਗਿਆ। ਨਿਮੋਝੂਣਾ ਹੋ ਕੇ ਉਹ ਬੱਸ ਜਾ ਚੜ੍ਹਿਆ।

ਇਸ ਅਪਸ਼ਗਨ ਤੋਂ ਨੌਕਰੀ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਵੀਹ ਰੁਪਏ ਬਚਾਉਣ ਦੀ ਨੀਅਤ ਨਾਲ ਮੈਂ ਬੱਸ ਚੜ੍ਹਨ ਦਾ ਇਰਾਦਾ ਤਿਆਗ ਦਿੱਤਾ।



ਬੱਸ ਤੁਰ ਗਈ। ਭੀੜ ਖਿੰਡ ਗਈ। ਉਹ ਉਸੇ ਤਰ੍ਹਾਂ ਮੂਧੇ ਮੂੰਹ ਪਈ ਸੀ। ਬੱਚਾ ਰੋ ਰੋ ਹੰਭ ਚੁੱਕਾ ਸੀ। ਉਸ ਦੀ ਗਰਦਨ ਲੁੜਕਣ ਲੱਗੀ ਸੀ। ਪਰ ਜੇਬ ਕਤਰੀ ਨੂੰ ਉਸ ਦੀ ਕੋਈ ਫਿਕਰ ਨਹੀਂ ਸੀ।

ਪਹਿਲਾਂ ਮੈਨੂੰ ਲੱਗਾ, ਉਹ ਬਹਾਨੇ ਘੜਦੀ ਹੈ। ਮੇਰੇ ਤੁਰ ਜਾਣ ਨੂੰ ਉਡੀਕਦੀ ਹੈ।

ਪਰ ਉਸ ਦੇ ਸਫੈਦ ਹੁੰਦੇ ਜਾ ਰਹੇ ਚਿਹਰੇ ਵਿਚੋਂ ਮੈਨੂੰ ਕੋਈ ਬਨਾਵਟ ਨਜ਼ਰ ਨਾ ਆਈ।

ਹਿੰਮਤ ਬਟੋਰ ਕੇ ਮੈਂ ਉਸ ਨੂੰ ਖੜ੍ਹਾ ਕੀਤਾ। ਪਾਣੀ ਪਿਆ ਕੇ ਹੋਸ਼ 'ਚ ਲਿਆਂਦਾ।

ਹੋਸ਼ 'ਚ ਆਉਂਦਿਆਂ ਹੀ ਉਹ ਨਾਲੇ ਬਿਲਕਣ ਲੱਗੀ, ਨਾਲੇ ਮੇਰੇ ਪੈਰੀਂ ਪੈਣ ਲੱਗੀ। ਉਹ ਡਰ ਰਹੀ ਸੀ, ਕਿਧਰੇ ਮੈਂ ਉਸ ਨੂੰ ਥਾਣੇ ਨਾ ਫਸਾ ਦੇਵਾਂ। ਬੱਚੇ ਦੇ ਸਿਰ 'ਤੇ ਹੱਥ ਰੱਖ ਕੇ ਆਪਣੇ ਸੱਚੀ ਹੋਣ ਦਾ ਯਕੀਨ ਦਿਵਾ ਰਹੀ ਸੀ। ਆਪਣੀ ਦਰਦ-ਭਰੀ ਕਹਾਣੀ ਸੁਣਾ ਰਹੀ ਸੀ।

ਉਹ ਕਈਆਂ ਦਿਨਾਂ ਤੋਂ ਭੁੱਖੀ ਸੀ। ਨਾ ਕੰਮ ਮਿਲ ਰਿਹਾ ਸੀ ਨਾ ਭੀਖ। ਭੀਖ ਮੰਗਦੀ ਤਾਂ ਲੋਕ ਕੰਮ ਕਰ ਕੇ ਖਾਣ ਦਾ ਮਿਹਣਾ ਮਾਰਦੇ। ਕੰਮ ਮੰਗਦੀ ਤਾਂ ਉਸ ਦੀ ਇੱਜ਼ਤ ਦਾ ਮੁੱਲ ਪੁੱਛਿਆ ਜਾਂਦਾ। ਭੁੱਖੇ ਢਿੱਡ ਨੂੰ ਮੇਰੀ ਜੇਬ ਵਿਚ ਹੱਥ ਪਾਉਣ ਤੋਂ ਸਿਵਾ ਕੁਝ ਨਹੀਂ ਸੀ ਸੁੱਝਾ। ਮਾੜੀ ਕਿਸਮਤ, ਪਹਿਲੀ ਚੋਰੀ ਵਿਚ ਹੀ ਫਾਹਾ ਲੱਗਾ ਸੀ।

ਜੇ ਮੈਂ ਵੀ ਬੇਰੁਜ਼ਗਾਰ ਨਾ ਹੁੰਦਾ ਤਾਂ ਮੈਨੂੰ ਉਸ ਦੇ ਹੰਝੂ ਮਗਰਮੱਛ ਵਾਲੇ ਹੰਝੂ ਲੱਗਦੇ। ਮੇਰਾ ਅਤੀਤ ਮੇਰੇ ਸਾਹਮਣੇ ਸੀ। ਬੇਰੁਜ਼ਗਾਰੀ ਤੋਂ ਤੰਗ ਆਇਆ, ਕਈ ਵਾਰ ਮੈਂ ਇਸ ਤੋਂ ਵੀ ਅਗਾਂਹ ਦੀ ਸੋਚ ਜਾਂਦਾ ਹਾਂ। ਮੇਰਾ ਹਾਲੇ ਹੱਥ ਪੈਂਦਾ ਹੈ। ਜਦੋਂ ਮੈਨੂੰ ਵੀ ਸਭ ਪਾਸਿਉਂ ਜਵਾਬ ਮਿਲ ਗਿਆ ਤਾਂ....?

ਇਸ ਪ੍ਰਸ਼ਨ ਦੇ ਉੱਤਰ ਤੋਂ ਬਾਅਦ ਮੈਨੂੰ ਉਸ ਨਾਲ ਕੋਈ ਗਿਲਾ ਨਾ ਰਿਹਾ। ਮੈਂ ਸਹਾਰਾ ਦੇ ਕੇ ਉਸ ਨੂੰ ਢਾਬੇ 'ਤੇ ਲੈ ਗਿਆ।

ਰੱਜਵੀਂ ਰੋਟੀ ਖਵਾਉਣ ਦੇ ਪੈਸੇ ਦੇ ਕੇ ਵਾਪਸ ਮੁੜਦਿਆਂ ਮੈਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਮੈਂ ਬਾਬੇ ਨਾਨਕ ਵਾਲਾ ਸੱਚਾ ਸੌਦਾ ਕਰ ਕੇ ਮੁੜਿਆ ਹੋਵਾਂ।

☆☆☆